22-Feb-PAGE-1.qxd 2/21/2026 10:34 PM Page 1

ਐਤਵਾਰ, 22 ਫਰਵਰੀ, 2026
11 ਫੱਗਣ { ਨਾਨਕਸ਼ਾਹੀ 557 / ਬਿਕਰਮੀ 2082
ਜਿਲਦ/VOL. : 74
ਅੰਕ/NO. : 263

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • SUNDAY, 22 FEBRUARY, 2026 ਜਲੰਧਰ

nawan zamana TV

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪ੍ਰੂਫ਼-ਰੀਡਿੰਗ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫੇ : 8+6=14

# ਭਾਜਪਾ ਲੋਕਾਂ ਦਾ ਧਿਆਨ ਅਸਲ ਮੁੱਦਿਆਂ ਤੋਂ ਭਟਕਾਉਣ ਦੇ ਯਤਨ 'ਚ : ਕਾਂਗਰਸ

**ਮੁੰਬਈ** : ਕਾਂਗਰਸ ਆਗੂ ਸਚਿਨ ਸਾਵੰਤ ਨੇ ਕਿਹਾ ਕਿ ਭਾਜਪਾ ਅਸਲ ਮੁੱਦਿਆਂ, ਜਿਵੇਂ ਕਿ ਕਿਸਾਨਾਂ ਦੇ ਹਿੱਤਾਂ ਅਤੇ ਅਮਰੀਕਾ ਨਾਲ ਹੋਏ ਵਪਾਰਕ ਸਮਝੌਤਿਆਂ ਤੋਂ ਜਨਤਾ ਦਾ ਧਿਆਨ ਭਟਕਾਉਣ ਲਈ ਹੱਥਕੰਡੇ ਵਰਤ ਰਹੀ ਹੈ। ਸਾਵੰਤ ਭਾਜਪਾ ਵੱਲੋਂ ਰਾਹੁਲ ਗਾਂਧੀ ਨੂੰ ਕਾਲੀਆਂ ਝੰਡੀਆਂ ਵਿਖਾਉਣ 'ਤੇ ਪ੍ਰਤੀਕਰਮ ਪ੍ਰਗਟ ਕਰ ਰਹੇ ਸਨ। ਉਨ੍ਹਾ ਕਿਹਾ ਕਿ ਭਾਜਪਾ ਭਾਰਤ-ਅਮਰੀਕਾ ਵਪਾਰ ਸਮਝੌਤੇ ਦਾ ਸੱਚ ਸਾਹਮਣੇ ਨਹੀਂ ਆਉਣ ਦੇਣਾ ਚਹੁੰਦੀ ਤੇ ਉਸ ਨੂੰ ਕਿਸਾਨਾਂ ਦੇ ਹਿੱਤਾਂ ਦੀ ਕੋਈ ਪਰਵਾਹ ਨਹੀਂ।

ਐੱਨ ਸੀ ਪੀ (ਸ਼ਰਦ ਪਵਾਰ) ਨੇ ਵੀ ਭਾਜਪਾ ਦੇ ਪ੍ਰਦਰਸ਼ਨ ਦੀ ਨਿੰਦਾ ਕੀਤੀ ਹੈ। ਐੱਨ ਸੀ ਪੀ ਆਗੂ ਮਨੋਜ ਪ੍ਰਧਾਨ ਨੇ ਪ੍ਰਦਰਸ਼ਨ ਨੂੰ ਲੋਕਤੰਤਰੀ ਮਰਿਆਦਾਵਾਂ ਦੇ ਖ਼ਿਲਾਫ਼ ਦੱਸਦਿਆਂ ਕਿਹਾ ਕਿ ਦੇਸ਼ ਦੇ ਵਿਰੋਧੀ ਧਿਰ ਦੇ ਨੇਤਾ ਦਾ ਅਜਿਹਾ ਅਪਮਾਨ ਕਰਨਾ ਗਲਤ ਹੈ। ਇਸ ਤੋਂ ਪਹਿਲਾਂ ਮੁੰਬਈ ਵਿੱਚ ਸ਼ਨੀਵਾਰ ਨੂੰ ਉਸ ਸਮੇਂ ਹੰਗਾਮਾ ਹੋ ਗਿਆ, ਜਦੋਂ ਭਾਜਪਾ ਵਰਕਰਾਂ ਨੇ ਕਾਂਗਰਸ ਆਗੂ ਰਾਹੁਲ ਗਾਂਧੀ ਵਿਰੁੱਧ ਕਾਲੀਆਂ ਝੰਡੀਆਂ ਦਿਖਾ ਕੇ ਪ੍ਰਦਰਸ਼ਨ ਕੀਤਾ। ਰਾਹੁਲ ਗਾਂਧੀ ਭਿਵੰਡੀ ਅਦਾਲਤ ਵਿੱਚ ਇੱਕ ਮਾਣਹਾਨੀ ਦੇ ਕੇਸ ਵਿੱਚ ਪੇਸ਼ ਹੋਣ ਲਈ ਜਾ ਰਹੇ ਸਨ । ਭਾਜਪਾ ਦਾ ਕਹਿਣਾ ਹੈ ਕਿ ਇਹ ਪ੍ਰਦਰਸ਼ਨ ਯੂਥ ਕਾਂਗਰਸ ਵੱਲੋਂ 'ਏ ਆਈ ਸੰਮੇਲਨ' ਦੌਰਾਨ ਕੀਤੇ ਗਏ ਵਿਰੋਧ ਦਾ ਜਵਾਬ ਹੈ। ਪ੍ਰਦਰਸ਼ਨਕਾਰੀਆਂ ਨੇ ਦੋਸ਼ ਲਾਇਆ ਕਿ ਰਾਹੁਲ ਗਾਂਧੀ ਹਮੇਸ਼ਾ ਪ੍ਰਧਾਨ ਮੰਤਰੀ ਮੋਦੀ ਦੀਆਂ ਪਹਿਲਕਦਮੀਆਂ ਦਾ ਵਿਰੋਧ ਕਰਦੇ ਹਨ ਅਤੇ ਵਿਦੇਸ਼ੀ ਮੰਚਾਂ 'ਤੇ ਦੇਸ਼ ਦੇ ਅਕਸ ਨੂੰ ਖ਼ਰਾਬ ਕਰ ਰਹੇ ਹਨ।

ਬੀਤੀ ਦਿਨੀਂ ਯੂਥ ਕਾਂਗਰਸ ਨੇ 'ਏ ਆਈ ਸੰਮੇਲਨ' ਵਿੱਚ ਮੋਦੀ ਵਿਰੁੱਧ ਪ੍ਰਦਰਸ਼ਨ ਕੀਤਾ ਸੀ ਤੇ ਜੋਰਦਾਰ ਨਾਹਰੇਬਾਜੀ ਕੀਤੀ ਸੀ। ਯੂਥ ਕਾਂਗਰਸ ਆਗੂਆਂ ਦਾ ਕਹਿਣਾ ਹੈ ਕਿ ਪ੍ਰਧਾਨ ਮੰਤਰੀ ਅਮਰੀਕਾ ਦੇ ਦਬਾਅ ਹੇਠ ਕੰਮ ਕਰ ਰਹੇ ਹਨ।

## 5 ਪ੍ਰਦਰਸ਼ਨਕਾਰੀ ਰਿਮਾਂਡ 'ਤੇ ਭੇਜੇ

**ਨਵੀਂ ਦਿੱਲੀ** : ਭਾਰਤੀ ਯੁਵਾ ਕਾਂਗਰਸ ਵੱਲੋਂ ਏ ਆਈ ਸੰਮੇਲਨ ਵਿਚ ਕੀਤੇ ਗਏ ਪ੍ਰਦਰਸ਼ਨ ਦੇ ਮਾਮਲੇ 'ਚ ਗ੍ਰਿਫ਼ਤਾਰ ਪ੍ਰਦਰਸ਼ਨਕਾਰੀਆਂ ਨੂੰ ਅਦਾਲਤ ਨੇ ਪੁਲਸ ਹਿਰਾਸਤ ਵਿੱਚ ਭੇਜ ਦਿੱਤਾ ਹੈ। ਯੂਥ ਕਾਂਗਰਸ ਦੇ ਵਰਕਰਾਂ ਨੇ ਸ਼ੁੱਕਰਵਾਰ 'ਇੰਡੀਆ ਏ ਆਈ ਇੰਪੈਕਟ ਸਮਿਟ' ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਿਰੁੱਧ ਪ੍ਰਦਰਸ਼ਨ ਕੀਤਾ ਸੀ। ਪੁਲਸ ਨੇ ਇਸ ਮਾਮਲੇ ਵਿਚ ਚਾਰ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਸੀ, ਜਿਨ੍ਹਾਂ ਨੂੰ ਪਟਿਆਲਾ ਹਾਊਸ ਕੋਰਟ ਵਿਚ ਲਿਆਂਦਾ ਗਿਆ।

ਦਿੱਲੀ ਪੁਲਸ ਨੇ ਸਾਰੇ ਮੁਲਜ਼ਮਾਂ ਦੀ ਪੰਜ ਦਿਨਾਂ ਦੀ ਹਿਰਾਸਤ ਦੀ ਮੰਗ ਕੀਤੀ, ਜਦੋਂ ਕਿ ਬਚਾਅ ਪੱਖ ਨੇ ਇਸ ਦਾ ਸਖ਼ਤ ਵਿਰੋਧ ਕੀਤਾ ਅਤੇ ਜ਼ਮਾਨਤ ਪਟੀਸ਼ਨ ਦਾਇਰ ਕੀਤੀ। ਅਦਾਲਤ ਨੇ ਪੰਜ ਦਿਨਾਂ ਦੀ ਹਿਰਾਸਤ ਪੁਲਸ ਨੂੰ ਦੇ ਦਿੱਤੀ ਹੈ। ਗ੍ਰਿਫ਼ਤਾਰ ਕੀਤੇ ਗਏ ਲੋਕਾਂ ਦੀ ਪਛਾਣ ਕ੍ਰਿਸ਼ਨ ਹਰੀ, ਕੁੰਦਨ ਯਾਦਵ, ਅਜੈ ਕੁਮਾਰ ਅਤੇ ਨਰਸਿਮਹਾ ਯਾਦਵ ਵਜੋਂ ਹੋਈ ਹੈ।

## ਭਾਰਤ ਤੇ ਬ੍ਰਾਜ਼ੀਲ ਦੁਵੱਲਾ ਵਪਾਰ 20 ਅਰਬ ਡਾਲਰ ਤੱਕ ਲੈ ਕੇ ਜਾਣਗੇ



**ਨਵੀਂ ਦਿੱਲੀ** : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸ਼ਨੀਵਾਰ ਐਲਾਨ ਕੀਤਾ ਕਿ ਭਾਰਤ ਅਤੇ ਬ੍ਰਾਜ਼ੀਲ ਨੇ ਅਗਲੇ ਪੰਜ ਸਾਲਾਂ ਵਿੱਚ ਆਪਣੇ ਦੁਵੱਲੇ ਵਪਾਰ ਨੂੰ 20 ਅਰਬ ਡਾਲਰ ਤੋਂ ਪਾਰ ਲਿਜਾਣ ਦਾ ਟੀਚਾ ਮਿੱਥਿਆ ਹੈ। ਇਹ ਫੈਸਲਾ ਭਾਰਤ ਦੌਰੇ 'ਤੇ ਆਏ ਬ੍ਰਾਜ਼ੀਲ ਦੇ ਰਾਸ਼ਟਰਪਤੀ ਲੁਈਜ਼ ਇਨਾਸੀਓ ਲੂਲਾ ਡੀ ਸਿਲਵਾ ਨਾਲ ਹੋਈ ਇੱਕ ਉੱਚ ਪੱਧਰੀ ਮੀਟਿੰਗ ਦੌਰਾਨ ਲਿਆ ਗਿਆ। ਇਸ ਮੀਟਿੰਗ ਦਾ ਮੁੱਖ ਮਕਸਦ ਦੋਵਾਂ ਦੇਸ਼ਾਂ ਵਿਚਾਲੇ ਤਕਨਾਲੋਜੀ, ਊਰਜਾ, ਰੱਖਿਆ ਅਤੇ ਖੇਤੀਬਾੜੀ ਖੇਤਰਾਂ ਵਿੱਚ ਰਣਨੀਤਕ ਸਾਂਝੇਦਾਰੀ ਨੂੰ ਹੋਰ ਮਜ਼ਬੂਤ ਕਰਨਾ ਸੀ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ

• ਬਾਕੀ ਸਫਾ 2 'ਤੇ

# ਪੰਜਾਬ 'ਚ ਕੋਈ ਨਵਾਂ ਟੈਕਸ ਨਹੀਂ ਲਾਵਾਂਗੇ : ਭਗਵੰਤ ਮਾਨ

## 8 ਮਾਰਚ ਨੂੰ ਲੋਕ ਪੱਖੀ ਬਜਟ ਹੋਵੇਗਾ ਪੇਸ਼



**ਅਹਿਮਦਾਬਾਦ** : ਮੁੱਖ ਮੰਤਰੀ ਭਗਵੰਤ ਮਾਨ ਨੇ ਸ਼ਨੀਵਾਰ ਨੂੰ ਕਿਹਾ ਕਿ ਪੰਜਾਬ ਵਿਚ ਕਈ ਨਵਾਂ ਟੈਕਸ ਨਹੀਂ ਲਗਾਇਆ ਜਾਵੇਗਾ ਤੇ ਟੈਕਸ ਦਰਾਂ ਵਿਚ ਕੋਈ ਵਾਧਾ ਨਹੀਂ ਕੀਤਾ ਜਾਵੇਗਾ। ਪੰਜਾਬ ਸਰਕਾਰ ਦਾ ਬਜਟ 8 ਮਾਰਚ ਨੂੰ ਪੇਸ਼ ਹੋਵੇਗਾ। ਮੁੱਖ ਮੰਤਰੀ ਨੇ ਇਹ ਜਾਣਕਾਰੀ ਦਿੰਦਿਆਂ ਐਲਾਨ ਕੀਤਾ ਕਿ ਪੰਜਾਬ ਸਰਕਾਰ ਮਾਰਚ ਵਿੱਚ ਆਪਣਾ ਪੰਜਵਾਂ ਲੋਕ-ਪੱਖੀ ਬਜਟ ਪੇਸ਼ ਕਰੇਗੀ, ਜੋ ਪਹਿਲਾਂ ਵਾਂਗ ਸਮਾਜ ਦੇ ਹਰ ਵਰਗ ਦੀ ਭਲਾਈ 'ਤੇ ਕੇਂਦਰਿਤ ਹੋਵੇਗਾ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸਰਕਾਰ ਨੇ ਲਗਾਤਾਰ ਲੋਕ-ਪੱਖੀ ਅਤੇ ਨਾਗਰਿਕ-ਕੇਂਦਰਿਤ ਫੈਸਲੇ ਲਏ ਹਨ, ਜਿਨ੍ਹਾਂ ਨੇ ਸੂਬੇ ਦੀ ਦਿਸ਼ਾ ਬਦਲ ਦਿੱਤੀ ਹੈ।ਮੁੱਖ ਮੰਤਰੀ ਨੇ ਕਿਹਾ, ਪੰਜਾਬ ਸਰਕਾਰ ਮਾਰਚ ਮਹੀਨੇ ਵਿੱਚ ਆਪਣਾ ਪੰਜਵਾਂ ਬਜਟ ਪੇਸ਼ ਕਰੇਗੀ ਅਤੇ ਅਸੀਂ ਸਾਰਿਆਂ ਦੀ ਭਲਾਈ ਦੇ ਉਦੇਸ਼ ਨਾਲ ਲੋਕ-ਪੱਖੀ ਬਜਟ ਪੇਸ਼ ਕਰਨ ਦੀ ਆਪਣੀ ਰਵਾਇਤ ਨੂੰ ਜਾਰੀ ਰੱਖਾਂਗੇ। ਸਾਡਾ ਇੱਕੋ-ਇੱਕ ਉਦੇਸ਼ ਆਮ ਆਦਮੀ ਦੀ ਭਲਾਈ ਯਕੀਨੀ ਬਣਾਉਣਾ ਹੈ ਅਤੇ ਅਸੀਂ ਇਸ ਨੂੰ ਪ੍ਰਾਪਤ ਕਰਨ ਲਈ ਸਖ਼ਤ ਯਤਨ ਕਰ ਰਹੇ ਹਾਂ। ਕੇਂਦਰ ਸਰਕਾਰ 'ਤੇ ਨਿਸ਼ਾਨਾ ਸਾਧਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਲਗਾਤਾਰ ਕਈ ਸਾਲਾਂ ਤੋਂ ਭਾਜਪਾ ਦੀ ਅਗਵਾਈ ਵਾਲੀ ਐਨ ਡੀ ਏ ਸਰਕਾਰ ਦੁਆਰਾ ਪੇਸ਼ ਕੀਤਾ ਗਿਆ ਕੇਂਦਰੀ ਬਜਟ ਦਿਸ਼ਾਹੀਣ ਅਤੇ ਸਮਾਜ ਦੇ ਅਮੀਰ ਵਰਗਾਂ ਵੱਲ ਝੁਕਾਅ ਵਾਲਾ ਰਿਹਾ ਹੈ। ਉਨ੍ਹਾਂ ਕਿਹਾ, 'ਗੁਜਰਾਤ ਵਿੱਚ ਜਿੱਥੇ ਅਸਲ ਵਿੱਚ ਕੋਈ ਵਿਰੋਧੀ ਧਿਰ ਨਹੀਂ ਹੈ, ਆਮ ਆਦਮੀ ਦੀਆਂ ਤਕਲੀਫ਼ਾਂ ਵਧੀਆਂ ਹਨ ਅਤੇ ਲੋਕ ਦੁੱਖ ਝੱਲ ਰਹੇ ਹਨ। ਕਾਂਗਰਸ ਤੇ ਭਾਜਪਾ ਉੱਥੇ ਦੋਸਤਾਨਾ ਮੈਚ ਖੇਡ ਰਹੇ ਹਨ ਅਤੇ ਆਮ ਆਦਮੀ ਦੀ ਆਵਾਜ਼ ਨੂੰ ਦਬਾ ਦਿੱਤਾ ਗਿਆ ਹੈ" । ਸੂਬਿਆਂ ਦੇ ਵਿੱਤੀ ਅਧਿਕਾਰਾਂ ਦਾ ਮੁੱਦਾ ਉਠਾਉਂਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਕੇਂਦਰ ਨੇ ਪੇਂਡੂ ਵਿਕਾਸ ਫੰਡ ਵਿੱਚ ਪੰਜਾਬ ਦੇ ਜਾਇਜ਼ ਹਿੱਸੇ ਨੂੰ ਗੈਰ-ਜਮਹੂਰੀ ਢੰਗ ਨਾਲ ਰੋਕਿਆ ਹੈ, ਇਹੀ ਕੁੱਝ ਸਾਰੇ ਗੈਰ-ਭਾਜਪਾ ਸ਼ਾਸਿਤ ਸੂਬਿਆਂ ਨਾਲ ਹੋ ਰਿਹਾ ਹੈ। ਮਾਨ ਨੇ ਜ਼ੋਰ ਦੇ ਕੇ ਕਿਹਾ ਕਿ ਸਾਡੀ ਸਰਕਾਰ ਵਿਕਾਸ ਲਈ ਫੰਡ ਵੰਡਦੇ ਸਮੇਂ ਕਿਸੇ ਨਾਲ ਵਿਤਕਰਾ ਨਹੀਂ ਕਰਦੀ।ਸਿਹਤ ਸੰਭਾਲ ਸੁਧਾਰਾਂ ਬਾਰੇ ਮੁੱਖ ਮੰਤਰੀ ਨੇ ਕਿਹਾ ਕਿ ਸੂਬੇ ਨੇ ਮੁੱਖ ਮੰਤਰੀ ਸਿਹਤ ਯੋਜਨਾ ਸ਼ੁਰੂ ਕੀਤੀ ਹੈ, ਜੋ ਆਪਣੀ ਕਿਸਮ ਦੀ ਪਹਿਲੀ ਅਜਿਹੀ ਯੋਜਨਾ ਹੈ, ਜਿਸ ਤਹਿਤ ਪੰਜਾਬ 'ਚ ਵਸਦੇ ਹਰੇਕ

• ਬਾਕੀ ਸਫਾ 2 'ਤੇ

# ਸਰਕਾਰੀ ਸਕੂਲਾਂ ਦੇ 305 ਵਿਦਿਆਰਥੀਆਂ ਨੇ ਪਾਸ ਕੀਤੀ ਜੇ ਈ ਈ ਮੇਨ ਪ੍ਰੀਖਿਆ : ਬੈਂਸ

## ਮਜ਼ਦੂਰਾਂ, ਦਰਜ਼ੀਆਂ ਤੇ ਹੋਰ ਕਾਮਿਆਂ ਦੇ ਬੱਚੇ ਚਮਕੇ



**ਚੰਡੀਗੜ੍ਹ (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)** ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਸ਼ਨੀਵਾਰ ਨੂੰ ਪੰਜਾਬ ਭਵਨ ਵਿਖੇ ਹੋਈ ਪ੍ਰੈੱਸ ਕਾਨਫਰੰਸ ਦੌਰਾਨ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਵਿੱਦਿਆ ਦੇ ਖੇਤਰ ਵਿੱਚ ਕੀਤੇ ਜਾ ਰਹੇ ਨਿਰੰਤਰ ਸੁਧਾਰਾਂ ਸਦਕਾ ਸੂਬੇ ਦੇ ਸਰਕਾਰੀ ਸਕੂਲਾਂ ਦੇ 305 ਵਿਦਿਆਰਥੀਆਂ ਨੇ ਪਹਿਲੀ ਕੋਸ਼ਿਸ਼ ਵਿੱਚ ਹੀ ਜਾਇੰਟ ਐਂਟਰੈਂਸ ਪ੍ਰੀਖਿਆ (ਜੇ.ਈ.ਈ.) ਮੇਨਜ਼-2026 ਪਾਸ ਕਰਨ ਵਿੱਚ ਕਾਮਯਾਬੀ ਹਾਸਲ ਕੀਤੀ ਹੈ, ਜੋ ਕਿ ਪਿਛਲੇ ਸਾਲ ਦੇ 187 ਸਫਲ ਉਮੀਦਵਾਰਾਂ ਨਾਲੋਂ 63 ਫੀਸਦੀ ਦੇ ਸ਼ਾਨਦਾਰ ਵਾਧੇ ਨੂੰ ਦਰਸਾਉਂਦੀ ਹੈ। ਉਨ੍ਹਾ ਇਸ ਪ੍ਰਾਪਤੀ ਨੂੰ ਸੂਬੇ ਦੀ ਸਕੂਲ ਸਿੱਖਿਆ ਪ੍ਰਣਾਲੀ ਲਈ ਇੱਕ ਅਹਿਮ ਤੇ ਇਤਿਹਾਸਕ ਪਲ ਦੱਸਿਆ।ਸਿੱਖਿਆ ਮੰਤਰੀ ਨੇ ਦੱਸਿਆ ਕਿ ਉਨ੍ਹਾਂ ਦੇ ਹਲਕੇ ਸ੍ਰੀ ਆਨੰਦਪੁਰ ਸਾਹਿਬ ਦੇ ਪੰਜ ਵਿਦਿਆਰਥੀਆਂ ਨੇ ਵੀ ਇਹ ਵੱਕਾਰੀ ਪ੍ਰੀਖਿਆ ਪਾਸ ਕੀਤੀ ਹੈ। ਉਨ੍ਹਾ ਐਲਾਨ ਕੀਤਾ ਕਿ ਸਰਕਾਰ ਯੋਗ ਵਿਦਿਆਰਥੀਆਂ ਨੂੰ ਜੇ ਈ ਈ ਐਡਵਾਂਸ ਦੀ ਤਿਆਰੀ ਲਈ ਤਿੰਨ ਹਫ਼ਤਿਆਂ ਦਾ ਵਿਸ਼ੇਸ਼ ਰਿਹਾਇਸ਼ੀ ਸਿਖਲਾਈ ਕੈਂਪ ਲਾਵੇਗੀ, ਤਾਂ ਜੋ ਅਗਲੇ ਪੜਾਅ ਲਈ ਉਨ੍ਹਾਂ ਦਾ ਸਹੀ ਮਾਰਗ-ਦਰਸ਼ਨ ਯਕੀਨੀ ਬਣਾਇਆ ਜਾ ਸਕੇ।

ਉਨ੍ਹਾ ਕਿਹਾ ਕਿ ਇਹ ਪ੍ਰਾਪਤੀ ਸਾਡੇ ਪੂਰੇ ਸਕੂਲ ਸਿੱਖਿਆ ਵਿਭਾਗ ਲਈ ਬਹੁਤ ਮਾਣ ਵਾਲੀ ਗੱਲ ਹੈ। ਮੈਂ ਆਪਣੇ ਸਾਰੇ ਸਮਰਪਿਤ ਅਧਿਆਪਕਾਂ ਦਾ

• ਬਾਕੀ ਸਫਾ 2 'ਤੇ

## ਪੰਜਾਬ ਐੱਫ ਡੀ ਆਈ ਰੈਂਕਿੰਗ 'ਚ 11ਵੇਂ ਸਥਾਨ 'ਤੇ ਪਹੁੰਚਿਆ : ਬਲਤੇਜ ਪੰਨੂ



**ਚੰਡੀਗੜ੍ਹ** : ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਮੀਡੀਆ ਇੰਚਾਰਜ ਬਲਤੇਜ ਪੰਨੂ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ 'ਆਪ' ਸਰਕਾਰ ਦੀਆਂ ਬਿਹਤਰੀਨ ਵਪਾਰਕ ਨੀਤੀਆਂ ਸਦਕਾ ਪੰਜਾਬ ਨੇ ਨਿਵੇਸ਼ ਦੇ ਮਾਮਲੇ ਵਿੱਚ ਵੱਡੀ ਛਲਾਂਗ ਲਗਾਈ ਹੈ। ਇਹ ਪੰਜਾਬ ਅਤੇ ਪੰਜਾਬੀਆਂ ਲਈ ਬੜੇ ਮਾਣ ਵਾਲੀ ਗੱਲ ਹੈ ਕਿ ਸੂਬੇ ਵਿੱਚ 'ਫੌਰਨ ਡਾਇਰੈਕਟ ਇਨਵੈਸਟਮੈਂਟ' (ਐਫ ਡੀ ਆਈ) ਵਿੱਚ ਲਗਾਤਾਰ ਭਾਰੀ ਵਾਧਾ ਹੋ ਰਿਹਾ ਹੈ।ਪੰਨੂ ਨੇ ਕਿਹਾ ਕਿ ਇਹ ਸੁਰੱਖਿਅਤ ਉਦਯੋਗਿਕ ਮਾਹੌਲ ਦਾ ਹੀ ਨਤੀਜਾ ਹੈ ਕਿ ਪੰਜਾਬ ਨੇ ਨੈਸ਼ਨਲ ਰੈਂਕਿੰਗ ਵਿੱਚ 14ਵੇਂ ਸਥਾਨ ਤੋਂ 11ਵੇਂ ਸਥਾਨ 'ਤੇ ਆ ਕੇ ਇੱਕ ਵੱਡੀ ਪ੍ਰਾਪਤੀ ਹਾਸਲ ਕੀਤੀ ਹੈ। ਦੁਨੀਆ ਦੀਆਂ ਨਾਮੀ ਮਲਟੀਨੈਸ਼ਨਲ ਕੰਪਨੀਆਂ ਹੁਣ ਪੰਜਾਬ ਨੂੰ ਆਪਣੀ

• ਬਾਕੀ ਸਫਾ 2 'ਤੇ

## ਅਮਰੀਕੀ ਰਾਸ਼ਟਰਪਤੀ ਸ਼ਕਤੀਸ਼ਾਲੀ, ਪਰ ਸੰਵਿਧਾਨ ਤੋਂ ਉੱਪਰ ਨਹੀਂ

**ਨਿਊ ਯਾਰਕ** : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਵਿਆਪਕ ਗਲੋਬਲ ਟੈਰਿਫਾਂ ਨੂੰ ਰੱਦ ਕਰਨ ਵਾਲੇ ਅਮਰੀਕੀ ਸੁਪਰੀਮ ਕੋਰਟ ਦੇ ਇਤਿਹਾਸਕ ਫੈਸਲੇ ਦੇ ਕੇਂਦਰ ਵਿੱਚ ਭਾਰਤੀ ਮੂਲ ਦਾ ਇੱਕ ਵਕੀਲ ਹੈ, ਜਿਸ ਨੇ ਅਮਰੀਕਾ ਦੀ ਸਰਬਉਚ ਅਦਾਲਤ ਵਿੱਚ ਇਨ੍ਹਾਂ ਟੈਰਿਫਾਂ ਦੀ ਗੈਰ-ਕਾਨੂੰਨੀਤਾ ਬਾਰੇ ਦਲੀਲਾਂ ਦਿੱਤੀਆਂ। ਭਾਰਤੀ ਪਰਵਾਸੀਆਂ ਦੇ ਪੁੱਤਰ ਅਤੇ ਰਾਸ਼ਟਰਪਤੀ ਬਰਾਕ ਓਬਾਮਾ ਦੇ ਕਾਰਜਕਾਲ ਦੌਰਾਨ ਅਮਰੀਕਾ ਦੇ ਸਾਬਕਾ ਐਕਟਿੰਗ ਸੋਲੀਸਿਟਰ ਜਨਰਲ ਰਹੇ ਨੀਲ ਕਤਿਆਲ ਨੇ ਛੋਟੇ ਕਾਰੋਬਾਰਾਂ ਦੀ ਤਰਫੋਂ ਇਸ ਮਹੱਤਵਪੂਰਨ ਟੈਰਿਫ ਕੇਸ ਦੀ ਪੈਰਵੀ ਕੀਤੀ ਅਤੇ ਜਿੱਤ ਹਾਸਲ ਕੀਤੀ। ਸ਼ੁੱਕਰਵਾਰ ਸੁਪਰੀਮ ਕੋਰਟ ਦਾ ਫੈਸਲਾ ਆਉਣ ਤੋਂ ਤੁਰੰਤ ਬਾਅਦ ਕਤਿਆਲ ਨੇ ਐੱਕਸ 'ਤੇ 'ਜਿੱਤ' ਪੋਸਟ ਕੀਤੀ। ਇੱਕ ਇੰਟਰਵਿਊ ਵਿੱਚ ਕਤਿਆਲ ਨੇ ਕਿਹਾ, 'ਅਮਰੀਕੀ ਪ੍ਰਣਾਲੀ ਦੀਆਂ ਮਹਾਨ ਗੱਲਾਂ ਵਿੱਚੋਂ ਇੱਕ ਉਹ ਹੈ, ਜੋ ਅੱਜ ਵਾਪਰੀ ਹੈ। ਮੈਂ ਇੱਕ ਪਰਵਾਸੀ ਦਾ ਪੁੱਤਰ ਅਦਾਲਤ ਵਿੱਚ ਜਾਣ ਦੇ ਯੋਗ ਹੋਇਆ ਅਤੇ ਅਮਰੀਕੀ ਛੋਟੇ ਕਾਰੋਬਾਰਾਂ ਦੀ ਤਰਫੋਂ ਇਹ ਕਹਿ ਸਕਿਆ, 'ਦੇਖੋ, ਇਹ ਰਾਸ਼ਟਰਪਤੀ ਗੈਰ-ਕਾਨੂੰਨੀ ਢੰਗ ਨਾਲ ਕੰਮ ਕਰ ਰਹੇ ਹਨ।' ਉਨ੍ਹਾ ਕਿਹਾ—ਮੈਂ ਆਪਣਾ ਪੱਖ ਪੇਸ਼ ਕਰਨ ਦੇ ਯੋਗ ਹੋਇਆ, ਉਨ੍ਹਾਂ ਮੈਨੂੰ ਬਹੁਤ ਔਖੇ ਸਵਾਲ ਪੁੱਛੇ, ਇਹ ਇੱਕ ਬਹੁਤ ਹੀ ਤਿੱਖੀ ਜ਼ੁਬਾਨੀ ਬਹਿਸ ਸੀ ਅਤੇ ਅੰਤ ਵਿੱਚ, ਉਨ੍ਹਾਂ ਵੋਟ ਦਿੱਤੀ ਅਤੇ ਅਸੀਂ ਜਿੱਤ ਗਏ। ਜੋ ਸਾਬਿਤ ਕਰਦਾ ਹੈ ਕਿ ਸਾਡੇ ਕੋਲ ਇੱਕ ਅਜਿਹੀ ਪ੍ਰਣਾਲੀ ਹੈ, ਜੋ ਖੁਦ ਨੂੰ ਸੁਧਾਰਦੀ ਹੈ, ਜੋ ਸਾਨੂੰ ਇਹ ਕਹਿਣ ਦੀ ਇਜਾਜ਼ਤ ਦਿੰਦੀ ਹੈ ਕਿ ਤੁਸੀਂ ਦੁਨੀਆ ਦੇ ਸਭ ਤੋਂ ਸ਼ਕਤੀਸ਼ਾਲੀ ਵਿਅਕਤੀ ਹੋ ਸਕਦੇ ਹੋ, ਪਰ ਫਿਰ ਵੀ ਤੁਸੀਂ ਸੰਵਿਧਾਨ ਨਹੀਂ ਤੋੜ ਸਕਦੇ। ਫੈਸਲੇ ਤੋਂ ਬਾਅਦ ਇੱਕ ਬਿਆਨ ਵਿੱਚ ਉਨ੍ਹਾ ਨੇ

• ਬਾਕੀ ਸਫਾ 2 'ਤੇ

## ਲਾਲ ਕਿਲ੍ਹੇ ਤੇ ਚਾਂਦਨੀ ਚੌਕ ਨੇੜੇ ਸੁਰੱਖਿਆ ਸਖਤ

**ਨਵੀਂ ਦਿੱਲੀ** : ਕੇਂਦਰੀ ਖੁਫ਼ੀਆ ਏਜੰਸੀਆਂ ਵੱਲੋਂ ਦਿੱਲੀ ਵਿੱਚ ਅੱਤਵਾਦੀ ਹਮਲੇ ਦੇ ਖਦਸ਼ੇ ਦੇ ਮੱਦੇਨਜ਼ਰ ਲਾਲ ਕਿਲ੍ਹੇ ਅਤੇ ਚਾਂਦਨੀ ਚੌਕ ਸਮੇਤ ਕਈ ਇਤਿਹਾਸਕ ਤੇ ਧਾਰਮਕ ਸਥਾਨਾਂ 'ਤੇ ਸੁਰੱਖਿਆ ਵਧਾ ਦਿੱਤੀ ਗਈ ਹੈ। ਰਿਪੋਰਟਾਂ ਅਨੁਸਾਰ ਪਾਕਿਸਤਾਨ ਅਧਾਰਤ ਅੱਤਵਾਦੀ ਸੰਗਠਨ ਲਸ਼ਕਰ-ਏ-ਤੋਇਬਾ ਭਾਰਤ ਦੇ ਪ੍ਰਮੁੱਖ ਧਾਰਮਕ ਸਥਾਨਾਂ ਨੂੰ ਨਿਸ਼ਾਨਾ ਬਣਾਉਣ ਦੀ ਸਾਜ਼ਿਸ਼ ਰਚ ਰਿਹਾ ਹੈ। ਖਾਸ ਤੌਰ 'ਤੇ ਚਾਂਦਨੀ ਚੌਕ ਦੇ ਇੱਕ ਪ੍ਰਾਚੀਨ ਮੰਦਰ ਅਤੇ ਲਾਲ ਕਿਲ੍ਹੇ ਦੇ ਆਸ-ਪਾਸ ਧਮਾਕੇ ਦੀ ਚੇਤਾਵਨੀ ਦਿੱਤੀ ਗਈ ਹੈ। ਇਹ ਅਲਰਟ ਇਸ ਲਈ ਵੀ ਗੰਭੀਰ ਹੈ, ਕਿਉਂਕਿ ਪਿਛਲੇ ਸਾਲ 10 ਨਵੰਬਰ ਨੂੰ ਲਾਲ ਕਿਲ੍ਹੇ ਨੇੜੇ ਹੋਏ ਕਾਰ ਧਮਾਕੇ ਵਿੱਚ 13 ਲੋਕਾਂ ਦੀ ਜਾਨ ਚਲੀ ਗਈ ਸੀ, ਜਿਸ ਕਾਰਨ ਸੁਰੱਖਿਆ ਏਜੰਸੀਆਂ ਹੁਣ ਕੋਈ ਵੀ ਢਿੱਲ ਨਹੀਂ ਵਰਤਣਾ ਚਾਹੁੰਦੀਆਂ।

## ਭਾਰਤੀ ਮਹਿਲਾ ਟੀਮ ਨੇ ਆਸਟ੍ਰੇਲੀਆ ਨੂੰ 17 ਦੌੜਾਂ ਨਾਲ ਹਰਾਇਆ



**ਐਡੀਲੇਡ** : ਐਡੀਲੇਡ ਵਿਚ ਖੇਡੇ ਗਏ ਤੀਜੇ ਟੀ-20 ਮੈਚ ਵਿੱਚ ਭਾਰਤੀ ਮਹਿਲਾ ਕ੍ਰਿਕਟ ਟੀਮ ਨੇ ਆਸਟਰੇਲੀਆ ਨੂੰ 17 ਦੌੜਾਂ ਨਾਲ ਹਰਾ ਕੇ ਤਿੰਨ ਮੈਚਾਂ ਦੀ ਸੀਰੀਜ਼ 2-1 ਨਾਲ ਆਪਣੇ ਨਾਂਅ ਕਰ ਲਈ । ਇਸ ਮੁਕਾਬਲੇ ਵਿੱਚ ਸਮ੍ਰਿਤੀ ਮੰਧਾਨਾ ਦੀ ਤੂਫ਼ਾਨੀ ਪਾਰੀ ਅਤੇ ਭਾਰਤੀ ਗੇਂਦਬਾਜ਼ਾਂ ਦੇ ਸ਼ਾਨਦਾਰ ਪ੍ਰਦਰਸ਼ਨ ਨੇ ਜਿੱਤ ਵਿੱਚ ਅਹਿਮ ਭੂਮਿਕਾ ਨਿਭਾਈ। ਭਾਰਤ ਨੇ ਟਾਸ ਜਿੱਤ ਕੇ ਪਹਿਲਾਂ ਬੱਲੇਬਾਜ਼ੀ ਕਰਨ ਦਾ ਫੈਸਲਾ ਕੀਤਾ। ਉਪ-ਕਪਤਾਨ ਸਮ੍ਰਿਤੀ ਮੰਧਾਨਾ (82) ਅਤੇ ਜੇਮੀਮਾ ਰੌਡਰਿਗਜ਼ (59) ਨੇ ਸ਼ਾਨਦਾਰ ਅਰਧ-ਸੈਂਕੜੇ ਜੜੇ। ਇਨ੍ਹਾਂ ਦੋਵਾਂ ਨੇ ਮਿਲ ਕੇ 121 ਦੌੜਾਂ ਦੀ ਮਜ਼ਬੂਤ ਸਾਂਝੇਦਾਰੀ ਕੀਤੀ, ਜਿਸ ਦੀ ਬਦੌਲਤ ਭਾਰਤ ਨੇ 20 ਓਵਰਾਂ ਵਿੱਚ 6 ਵਿਕਟਾਂ ਦੇ ਨੁਕਸਾਨ 'ਤੇ 176 ਦੌੜਾਂ ਬਣਾਈਆਂ। ਇਸ ਦੇ ਜਵਾਬ ਵਿੱਚ ਆਸਟਰੇਲੀਆਈ ਟੀਮ 20 ਓਵਰਾਂ ਵਿੱਚ 9 ਵਿਕਟਾਂ ਗੁਆ ਕੇ ਸਿਰਫ਼ 159 ਦੌੜਾਂ ਹੀ ਬਣਾ ਸਕੀ।

## ਪ੍ਰਵਾਸੀ ਮਹਿਲਾ ਨੇ ਪੁੱਠੇ ਪੈਰੀਂ ਭਜਾਏ ਲੁਟੇਰੇ



**ਚੰਡੀਗੜ੍ਹ** : ਪੰਜਾਬ ਵਿੱਚ ਇੱਕ ਐੱਨ ਆਰ ਆਈ ਔਰਤ ਦੀ ਬਹਾਦਰੀ ਦਾ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਿਹਾ ਹੈ। ਦੱਸਿਆ ਜਾ ਰਿਹਾ ਹੈ ਕਿ ਇਹ ਵੀਡੀਓ ਲੁਧਿਆਣਾ ਦੇ ਡੇਹਲੋਂ ਦੀ ਹੈ। ਵੀਡੀਓ ਵਿੱਚ ਔਰਤ ਤਲਵਾਰ ਲੈ ਕੇ ਲੁਟੇਰਿਆਂ ਦਾ ਪਿੱਛਾ ਕਰਦੀ ਦਿਖਾਈ ਦੇ ਰਹੀ ਹੈ। ਜਾਣਕਾਰੀ ਮੁਤਾਬਕ ਉਹ ਐੱਨ ਆਰ ਆਈ ਹੈ ਅਤੇ ਆਸਟਰੇਲੀਆ ਤੋਂ ਆਈ ਹੈ। ਵੀਡੀਓ ਵਿੱਚ ਮੋਟਰਸਾਈਕਲ 'ਤੇ ਦੋ ਲੁਟੇਰੇ ਕਾਰ ਦੀ ਖਿੜਕੀ 'ਤੇ ਆਂਡੇ ਮਾਰ ਕੇ ਕਾਰ ਸਵਾਰ ਔਰਤਾਂ ਨੂੰ ਲੁੱਟਣ ਦੀ ਕੋਸ਼ਿਸ਼ ਕਰਦੇ ਹਨ। ਕਾਰ ਚਲਾ ਰਹੀ ਐੱਨ ਆਰ ਆਈ ਔਰਤ ਨੂੰ ਉਸ ਦੇ ਨਾਲ ਬੈਠੀ ਇੱਕ ਬਜ਼ੁਰਗ ਔਰਤ ਕਾਰ ਤੋਂ ਬਾਹਰ ਨਿਕਲਣ ਤੋਂ ਰੋਕਣ ਦੀ ਕੋਸ਼ਿਸ਼ ਕਰਦੀ ਹੈ, ਪਰੰਤੂ ਔਰਤ ਆਪਣੇ ਹੱਥ ਵਿੱਚ ਤਲਵਾਰ ਲੈ ਕੇ ਬਾਹਰ ਨਿਕਲਦੀ ਹੈ ਅਤੇ ਲੁਟੇਰਿਆਂ ਦੇ ਪਿੱਛੇ ਭੱਜਣ ਲੱਗ ਪੈਂਦੀ ਹੈ। ਉਹ ਉਨ੍ਹਾਂ ਨੂੰ ਲਲਕਾਰਦੀ ਹੈ। ਇਸ ਸਾਰੀ ਘਟਨਾ ਨੂੰ ਕਾਰ ਵਿੱਚ ਬੈਠੀ ਇਕ ਹੋਰ ਔਰਤ ਨੇ ਸ਼ੂਟ ਕੀਤਾ ਹੈ। ਵਾਇਰਲ ਵੀਡੀਓ 'ਤੇ ਟੈਕਸਟ ਵੀ ਲਿਖਿਆ ਗਿਆ ਹੈ। ਇਸ ਵਿੱਚ ਲਿਖਿਆ ਹੈ, 'ਇਹ ਘਟਨਾ ਕੁਝ ਮਿੰਟ ਪਹਿਲਾਂ ਵਾਪਰੀ ਸੀ। ਔਰਤ ਮੇਰੀ ਇੱਕ ਦੋਸਤ ਹੈ, ਜੋ ਆਸਟਰੇਲੀਆ ਤੋਂ ਆਈ ਹੈ। ਉਹ ਬਹੁਤ ਬ੍ਰੇਵ ਹੈ।' ਇਸ ਬਾਰੇ ਐੱਨ ਆਰ ਆਈ ਹਰਜਿੰਦ ਕੌਰ ਨੇ ਕਿਹਾ ਕਿ ਉਹ ਆਸਟਰੇਲੀਆ ਤੋਂ 10-12 ਦਿਨ ਪਹਿਲਾਂ ਲੁਧਿਆਣਾ ਆਈ ਸੀ। ਉਸ ਨੇ ਦੱਸਿਆ ਕਿ ਸ਼ੁੱਕਰਵਾਰ ਰਾਤ ਉਹ ਆਪਣੀ ਸੱਸ ਅਤੇ ਚਾਚੀ ਨਾਲ ਆਪਣੇ ਨਾਨਕੇ ਜਾ ਰਹੀ ਸੀ। ਉਹ ਡੇਹਲੋਂ ਨੇੜੇ ਨਹਿਰ ਵਾਲੀ ਸੜਕ 'ਤੇ ਜਾ ਰਹੇ ਸਨ, ਜਦੋਂ ਪਿੱਛੇ ਬਾਈਕ 'ਤੇ ਆਏ ਲੁਟਰਿਆਂ ਨੂੰ ਸਾਨੂੰ ਲੁੱਟਣ ਦੀ ਕੋਸ਼ਿਸ਼ ਕੀਤੀ।

## ਕਾਂਗਰਸ ਤੇ ਭਾਜਪਾ ਵਰਕਰਾਂ ਵਿਚਕਾਰ ਝੜਪ

**ਇੰਦੌਰ** : ਬੀਤੇ ਸ਼ੁੱਕਰਵਾਰ ਇੰਡੀਆ ਏ ਆਈ ਇੰਪੈਕਟ ਸਿਖ਼ਰ ਸੰਮੇਲਨ ਵਿਚ ਯੂਥ ਕਾਂਗਰਸ ਦੇ ਵਿਰੋਧ ਪ੍ਰਦਰਸ਼ਨ ਵਿਰੁੱਧ ਭਾਜਪਾ ਦੇ ਵਿਰੋਧ ਪ੍ਰਦਰਸ਼ਨ ਦੌਰਾਨ ਕਾਂਗਰਸ ਅਤੇ ਭਾਜਪਾ ਵਰਕਰਾਂ ਵਿਚਕਾਰ ਝੜਪ ਹੋ ਗਈ। ਪੱਥਰਬਾਜ਼ੀ ਵੀ ਹੋਈ। ਸਥਿਤੀ ਨੂੰ ਕਾਬੂ ਕਰਨ ਲਈ ਪੁਲਸ ਤਾਇਨਾਤ ਕੀਤੀ ਗਈ। ਡੀ ਸੀ ਪੀ ਕ੍ਰਿਸ਼ਨਾ ਲਾਲਚੰਦਾਨੀ ਨੇ ਕਿਹਾ, 'ਇਸ ਝੜਪ ਵਿਚ ਦੋ ਧਿਰਾਂ ਸ਼ਾਮਲ ਸਨ। ਇਕ ਧਿਰ ਵਿਰੋਧ ਕਰ ਰਹੀ ਸੀ। ਵਿਰੋਧ ਪ੍ਰਦਰਸ਼ਨ ਕਾਂਗਰਸ ਦਫ਼ਤਰ ਦੇ ਨੇੜੇ ਸੀ। ਇਲਾਕੇ ਨੂੰ ਬੈਰੀਕੇਡ ਕੀਤਾ ਗਿਆ ਸੀ ਅਤੇ ਪੁਲਸ ਦੇ ਢੁਕਵੇਂ ਪ੍ਰਬੰਧ ਯਕੀਨੀ ਬਣਾਏ ਗਏ ਸਨ। ਅਚਾਨਕ ਕੁਝ ਅਫਵਾਹਾਂ ਫੈਲਾਈਆਂ ਗਈਆਂ ਅਤੇ ਕੁਝ ਪੱਥਰ ਸੁੱਟੇ ਗਏ। ਫਿਰ ਦੂਜੇ ਪਾਸੇ ਨੇ ਵੀ ਪੱਥਰ ਸੁੱਟੇ। ਕੁਝ ਲੋਕ ਜ਼ਖਮੀ ਹੋ ਗਏ।'

## ਮਾਤ-ਭਾਸ਼ਾ ਦਿਵਸ ਮੌਕੇ ਪੰਜਾਬੀ ਮਾਤ-ਭਾਸ਼ਾ ਮੇਲਾ

### ਡਾ. ਲਖਵਿੰਦਰ ਸਿੰਘ ਜੌਹਲ ਨੂੰ ਫ਼ੈਲੋਸ਼ਿਪ ਪ੍ਰਦਾਨ



**ਲੁਧਿਆਣਾ** : ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਵੱਲੋਂ ਅੰਤਰ-ਰਾਸ਼ਟਰੀ ਮਾਤਾ ਭਾਸ਼ਾ ਦਿਵਸ ਮੌਕੇ ਪੰਜਾਬੀ ਮਾਤ-ਭਾਸ਼ਾ ਮੇਲ ਪੰਜਾਬੀ ਭਵਨ, ਲੁਧਿਆਣਾ ਵਿਖੇ ਮਨਾਇਆ ਗਿਆ। ਪੰਜਾਬੀ ਮਾਤ-ਭਾਸ਼ਾ ਮੇਲੇ ਦੀ ਪ੍ਰਧਾਨਗੀ ਲੁਧਿਆਣਾ ਦੇ ਮੇਅਰ ਇੰਦਰਜੀਤ ਕੌਰ ਨੇ ਕੀਤੀ। ਵਿਸ਼ੇਸ਼ ਮਹਿਮਾਨ ਵਜੋਂ ਉੱਘੇ ਸਮਾਜ ਸੇਵੀ ਅਮਰਜੀਤ ਸਿੰਘ ਟਿੱਕਾ ਸ਼ਾਮਲ ਹੋਏ। ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੇ ਪ੍ਰਧਾਨ ਡਾ. ਸਰਬਜੀਤ ਸਿੰਘ ਨੇ ਸਭ ਦਾ ਸੁਆਗਤ ਕਰਦਿਆਂ ਮਾਤ-ਭਾਸ਼ਾ ਦਿਵਸ ਦੀ ਵਧਾਈ ਦਿੱਤੀ। ਉਨ੍ਹਾ ਅੰਤਰਰਾਸ਼ਟਰੀ ਮਾਤ-ਭਾਸ਼ਾ ਦਿਵਸ ਦੇ ਪਿਛੋਕੜ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਕਿਹਾ ਕਿ ਸਾਨੂੰ ਪੱਛਮੀ ਬੰਗਾਲ ਦੇ ਲੋਕਾਂ ਵਾਂਗ ਆਪਣੀ ਮਾਤ ਭਾਸ਼ਾ ਦਾ ਸਨਮਾਨ ਕਰਨਾ ਚਾਹੀਦਾ ਹੈ। ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਵੱਲੋਂ ਪੰਜਾਬੀ ਮਾਤ ਭਾਸ਼ਾ ਮੇਲੇ ਮੌਕੇ ਕਾਲਜਾਂ ਦੇ ਵਿਦਿਆਰਥੀਆਂ ਦੇ ਸਾਹਿਤਕ ਮੁਕਾਬਲੇ ਕਰਵਾ ਕੇ ਮਾਤ-ਭਾਸ਼ਾ ਦਿਵਸ ਮਨਾਇਆ ਜਾਂਦਾ ਹੈ। ਡਾ. ਸਰਬਜੀਤ ਸਿੰਘ ਨੇ ਦੱਸਿਆ ਕਿ ਕੈਬਨਿਟ ਮੰਤਰੀ ਤਰੁਣਪ੍ਰੀਤ ਸਿੰਘ ਸੌਂਦ ਨੇ ਆਪਣੀ ਮਜਬੂਰੀ ਜ਼ਾਹਰ ਕਰਦਿਆਂ ਕਿਹਾ ਕਿ ਅਕਾਦਮੀ ਲਈ 10 ਲੱਖ ਦੀ ਗਰਾਂਟ ਮੈਂ ਜਲਦੀ ਭੇਜਾਂਗਾ। ਇੰਦਰਜੀਤ ਕੌਰ ਮੇਅਰ ਲੁਧਿਆਣਾ ਨੇ ਮਾਤ-ਭਾਸ਼ਾ ਦਿਵਸ ਦੀ ਵਧਾਈ ਦਿੰਦਿਆਂ ਕਿਹਾ ਕਿ ਪੰਜਾਬੀ ਭਵਨ ਮੈਂ ਭਾਵੇਂ ਬਾਰ-ਬਾਰ ਆਉਂਦੀ ਹਾਂ, ਜਦੋਂ ਵੀ ਆਉਂਦੀ ਹਾਂ, ਮੈਨੂੰ ਬੜੀ ਖੁਸ਼ੀ ਹੁੰਦੀ ਹੈ।

ਇਸ ਮੌਕੇ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੇ ਸਾਬਕਾ ਪ੍ਰਧਾਨ ਡਾ. ਲਖਵਿੰਦਰ ਸਿੰਘ ਜੌਹਲ ਨੂੰ ਅਕਾਦਮੀ ਦਾ ਸਰਵਉੱਚ ਸਨਮਾਨ ਫ਼ੈਲੋਸ਼ਿਪ ਪ੍ਰਦਾਨ ਕੀਤੀ ਗਈ। ਸਨਮਾਨ ਵਿਚ ਇੱਕੀ ਹਜ਼ਾਰ ਰੁਪਏ ਦੀ ਰਾਸ਼ੀ, ਫੁਲਕਾਰੀ, ਸ਼ੋਭਾ ਪੱਤਰ ਅਤੇ ਸਨਮਾਨ ਚਿੰਨ੍ਹ ਸ਼ਾਮਲ ਸੀ।

ਅਕਾਦਮੀ ਦੇ ਸੀਨੀਅਰ ਮੀਤ ਪ੍ਰਧਾਨ ਡਾ. ਪਾਲ ਕੌਰ ਨੇ ਕਿਹਾ ਕਿ ਪੰਜਾਬੀ ਮਾਂ ਬੋਲੀ ਦੀ ਹਰ ਮਾਂ ਬੋਲੀ ਦੀ ਤਰ੍ਹਾਂ ਮੁੱਢਲੀ ਮਹੱਤਤਾ ਹੈ। ਅਕਾਦਮੀ ਦੇ ਜਨਰਲ ਸਕੱਤਰ ਡਾ. ਗੁਲਜ਼ਾਰ ਸਿੰਘ ਪੰਧੇਰ ਨੇ ਦੱਸਿਆ ਕਿ ਮਾਤ-ਭਾਸ਼ਾ ਦਿਵਸ ਮੌਕੇ ਪੰਜਾਬ ਦੇ ਵੱਖ-ਵੱਖ ਕਾਲਜਾਂ ਦੀਆਂ ਟੀਮਾਂ ਨੇ ਪੰਜਾਬੀ ਕਹਾਣੀ ਸਿਰਜਣ, ਕਾਵਿ-ਸਿਰਜਣ, ਪੰਜਾਬੀ ਲੋਕ ਗੀਤ, ਸਭਿਆਚਾਰਕ ਪ੍ਰਸ਼ਨੋਤਰੀ, ਪੰਜਾਬੀ ਕਵਿਤਾ ਪੋਸਟਰ ਮੁਕਾਬਲਾ, ਪੰਜਾਬੀ ਕਾਵਿ-

• ਬਾਕੀ ਸਫਾ 2 'ਤੇ

## ਸੀ ਆਰ ਪੀ ਐੱਫ ਦੀ ਗੱਡੀ ਦਰਿਆ 'ਚ ਡਿੱਗੀ, 7 ਜਵਾਨ ਜ਼ਖ਼ਮੀ

**ਸ੍ਰੀਨਗਰ** : ਸ੍ਰੀਨਗਰ ਦੇ ਬਾਹਰੀ ਇਲਾਕੇ ਅਹਿਮਦਨਗਰ ਵਿੱਚ ਸ਼ਨੀਵਾਰ ਇੱਕ ਦਰਦਨਾਕ ਹਾਦਸੇ ਵਿੱਚ ਕੇਂਦਰੀ ਰਿਜ਼ਰਵ ਪੁਲਸ ਬਲ ਦੇ ਸੱਤ ਜਵਾਨ ਜ਼ਖ਼ਮੀ ਹੋ ਗਏ। ਅਧਿਕਾਰੀਆਂ ਮੁਤਾਬਕ ਇਹ ਹਾਦਸਾ ਉਸ ਸਮੇਂ ਵਾਪਰਿਆ, ਜਦੋਂ ਡੈਗਪੋਰਾ-ਉਮਰਹੇਰ ਰੋਡ 'ਤੇ ਜਵਾਨਾਂ ਦੀ ਗੱਡੀ ਅਚਾਨਕ ਬੇਕਾਬੂ ਹੋ ਕੇ ਸੜਕ ਕਿਨਾਰੇ ਦਰਿਆ ਵਿੱਚ ਜਾ ਡਿੱਗੀ। ਟੱਕਰ ਏਨੀ ਜ਼ਬਰਦਸਤ ਸੀ ਕਿ ਗੱਡੀ ਦਰਿਆ ਵਿੱਚ ਡਿੱਗਣ ਤੋਂ ਪਹਿਲਾਂ ਕਈ ਵਾਰ ਪਲਟੀ, ਜਿਸ ਕਾਰਨ ਅੰਦਰ ਸਵਾਰ ਜਵਾਨ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਏ। ਹਾਦਸੇ ਤੋਂ ਤੁਰੰਤ ਬਾਅਦ ਰਾਹਤ ਕਾਰਜ ਸ਼ੁਰੂ ਕੀਤੇ ਗਏ ਅਤੇ ਜ਼ਖ਼ਮੀ ਜਵਾਨਾਂ ਨੂੰ ਸੌਰਾ ਸਥਿਤ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ। ਡਾਕਟਰਾਂ ਅਨੁਸਾਰ ਫਿਲਹਾਲ ਸਾਰੇ ਜਵਾਨਾਂ ਦੀ ਹਾਲਤ ਸਥਿਰ ਦੱਸੀ ਜਾ ਰਹੀ ਹੈ ਅਤੇ ਉਨ੍ਹਾਂ ਦਾ ਇਲਾਜ ਜਾਰੀ ਹੈ। ਪੁਲਸ ਨੇ ਮਾਮਲਾ ਦਰਜ ਕਰ ਲਿਆ ਹੈ ਅਤੇ ਹਾਦਸੇ ਦੇ ਅਸਲ ਕਾਰਨਾਂ ਦੀ ਜਾਂਚ ਕੀਤੀ ਜਾ ਰਹੀ ਹੈ ਕਿ ਇਹ ਤਕਨੀਕੀ ਖ਼ਰਾਬੀ ਕਾਰਨ ਹੋਇਆ ਜਾਂ ਕੋਈ ਹੋਰ ਵਜ੍ਹਾ ਸੀ।

## ਮਹਾਰਾਸ਼ਟਰ 'ਚ ਕੈਮਿਸਟਰੀ ਦਾ ਪੇਪਰ ਪ੍ਰੀਖਿਆ ਤੋਂ ਪਹਿਲਾਂ ਸੋਸ਼ਲ ਮੀਡੀਆ 'ਤੇ ਵਾਇਰਲ

**ਨਾਗਪੁਰ** : ਮਹਾਰਾਸ਼ਟਰ ਬੋਰਡ ਦੁਆਰਾ ਲਈ ਜਾ ਰਹੀ ਪ੍ਰੀਖਿਆ ਤੋਂ ਪਹਿਲਾਂ ਨਾਗਪੁਰ ਵਿੱਚ 12ਵੀਂ ਜਮਾਤ ਦਾ ਕੈਮਿਸਟਰੀ (ਰਸਾਇਣ ਵਿਗਿਆਨ) ਦਾ ਪ੍ਰਸ਼ਨ ਪੱਤਰ ਸੋਸ਼ਲ ਮੀਡੀਆ 'ਤੇ ਵਾਇਰਲ ਹੋਣ ਤੋਂ ਬਾਅਦ ਪੁਲਸ ਪੇਪਰ ਲੀਕ ਹੋਣ ਦੇ ਖਦਸ਼ੇ ਦੀ ਜਾਂਚ ਕਰ ਰਹੀ ਹੈ। ਅਧਿਕਾਰੀਆਂ ਨੇ ਸਨਿੱਚਰਵਾਰ ਇਹ ਜਾਣਕਾਰੀ ਦਿੱਤੀ। ਪ੍ਰੀਖਿਆ ਵਿੱਚ ਧਾਂਦਲੀ ਦਾ ਇਹ ਮਾਮਲਾ ਬੁੱਧਵਾਰ ਇੱਕ ਹਾਈ ਸਕੂਲ ਪ੍ਰੀਖਿਆ ਕੇਂਦਰ ਵਿੱਚ ਉਸ ਸਮੇਂ ਸਾਹਮਣੇ ਆਇਆ, ਜਦੋਂ ਇੱਕ ਵਿਦਿਆਰਥਣ ਦੇ ਵਾਰ-ਵਾਰ ਵਾਸ਼ਰੂਮ ਜਾਣ ਨਾਲ ਸ਼ੱਕ ਪੈਦਾ ਹੋਇਆ। ਨਿਗਰਾਨਾਂ ਨੇ ਵਿਦਿਆਰਥਣ ਦਾ ਸਮਾਰਟ ਫੋਨ ਜ਼ਬਤ ਕਰ ਲਿਆ। ਅਧਿਕਾਰੀਆਂ ਨੇ ਦੱਸਿਆ ਕਿ ਇਸ ਦੇ ਵਿਸ਼ਲੇਸ਼ਣ ਤੋਂ ਪਤਾ ਲੱਗਾ ਹੈ ਕਿ ਪ੍ਰੀਖਿਆ ਸ਼ੁਰੂ ਹੋਣ ਤੋਂ ਪਹਿਲਾਂ ਇੱਕ ਵਟਸਐਪ ਗਰੁੱਪ ਵਿੱਚ ਪ੍ਰਸ਼ਨ ਪੱਤਰ ਸਾਂਝਾ ਕੀਤਾ ਗਿਆ ਸੀ। ਉਨ੍ਹਾ ਕਿਹਾ ਕਿ ਉਸੇ ਗਰੁੱਪ ਵਿੱਚ ਸੰਭਾਵਿਤ ਜਵਾਬਾਂ ਦਾ ਵੀ ਆਦਾਨ-ਪ੍ਰਦਾਨ ਕੀਤਾ ਗਿਆ ਸੀ। ਵਿਦਿਆਰਥਣ ਦੇ ਬਿਆਨ ਦੇ ਆਧਾਰ 'ਤੇ ਇਕ ਹੋਰ ਵਿਦਿਆਰਥੀ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ।




## ਅੱਜ-ਨਾਮਾ

ਲੱਗਦਾ ਏ ਕਦੇ ਟਰੰਪ ਕੁਝ ਝੁਕਣ ਲੱਗਾ,
ਮੁੜ-ਮੁੜ ਹੋਈ ਜਾਵੇ ਸਖਤ ਹੋਰ ਮੀਆਂ।
ਕਦੀ ਦਿੱਸੇ ਅਦਾਲਤ ਨੇ ਘੇਰ ਲਿਆ ਈ,
ਖੁੱਲ੍ਹਦੇ ਜਾਣ ਸਾਰੇ ਫਿਰ ਤੋਂ ਡੋਰ ਮੀਆਂ।
ਲੱਗਦਾ ਕਦੀ ਵਿਰੋਧ ਕੁਝ ਤੇਜ਼ ਹੋਇਆ,
ਸਮੁੱਚੇ ਮੀਡੀਏ ਵਿੱਚ ਪੈਂਦਾ ਸ਼ੋਰ ਮੀਆਂ।
ਦਿਨ ਇੱਕ-ਦੋ ਇੰਜ ਹੀ ਮਸਾਂ ਨਿਕਲਣ,
ਉਹਦੀ ਫੇਰ ਹੁੰਦੀ ਉਹ ਹੀ ਤੋਰ ਮੀਆਂ।
ਆਪਣੀ ਉਮਰ ਨਾ ਅਹੁਦੇ ਨੂੰ ਕਦੀ ਵੇਖੇ,
ਬੋਲੀ ਬੜ੍ਹਕ ਦੀ ਰਿਹਾ ਉਹ ਬੋਲ ਮੀਆਂ।
ਅੜਿੱਕਾ ਮੂਹਰੇ ਟਰੰਪ ਦੇ ਲਾਉਣ ਵਾਲਾ,
ਨੁਸਖਾ ਜਾਪਦਾ ਨਹੀਂ ਕਿਸੇ ਕੋਲ ਮੀਆਂ।

-ਤੀਸ ਮਾਰ ਖਾਂ

## ਸਮਾਜਕ ਤਬਦੀਲੀ ਤੇ ਮਾਨਵਤਾ ਨੂੰ ਸਮਰਪਤ ਸੀ ਹਰਜਿੰਦਰ ਸਿੰਘ ਕੱਲ੍ਹਾ : ਆਸਲ



**ਸ਼ਾਹਕੋਟ (ਗਿਆਨ ਸੈਦਪੁਰੀ)**

ਕੁਝ ਲੋਕ ਅਜਿਹੇ ਵੀ ਹੁੰਦੇ ਹਨ, ਜੋ ਨਿੱਜ ਤੋਂ ਉਪਰ ਉਠ ਕੇ ਸਮਾਜਕ ਤਬਦੀਲੀ ਅਤੇ ਮਾਨਵਤਾ ਦੀ ਰਾਖੀ ਲਈ ਆਪਣੇ ਆਪ ਨੂੰ ਸਮਰਪਿਤ ਕਰ ਦਿੰਦੇ ਹਨ। ਅਜਿਹਾ ਹੀ ਮਨੁੱਖ ਸੀ ਹਰਜਿੰਦਰ ਸਿੰਘ ਕੱਲ੍ਹਾ। ਉਕਤ ਵਿਚਾਰਾਂ ਦਾ ਪ੍ਰਗਟਾਵਾ ਸੂਬਾ ਸਕੱਤਰ ਏਟਕ ਅਮਰਜੀਤ ਸਿੰਘ ਆਸਲ ਨੇ ਕੀਤਾ। ਉਹ ਤਰਨ ਤਾਰਨ ਦੇ ਪਿੰਡ ਕੱਲ੍ਹਾ ਵਿਖੇ ਹਰਜਿੰਦਰ ਸਿੰਘ ਕੱਲ੍ਹਾ ਦੇ ਸ਼ਰਧਾਂਜਲੀ ਸਮਾਗਮ ਨੂੰ ਸੰਬੋਧਨ ਕਰ ਰਹੇ ਸਨ। ਹਰਜਿੰਦਰ ਸਿੰਘ ਬਾਵਾ ਸ਼ੂਅ ਫੈਕਟਰੀ ਦੇ ਮਜ਼ਦੂਰ ਯੂਨੀਅਨ ਦਾ ਨਿਧੜਕ ਆਗੂ ਸੀ। ਉਹ ਮਾਲਕਾਂ ਵੱਲੋਂ ਮਜ਼ਦੂਰਾਂ ਨਾਲ ਕੀਤੇ ਜਾਂਦੇ ਧੱਕੇ ਵਿਰੁੱਧ ਬੇਖੌਫ ਹੋ ਕੇ ਲੜਦਾ ਸੀ। 19-20 ਸਾਲ ਦੀ ਉਮਰ ਵਿੱਚ ਉਸ ਨੇ ਫੈਕਟਰੀ ਮਾਲਕਾਂ ਦੇ ਧੱਕੇ ਵਿਰੁੱਧ ਮਰਨ ਵਰਤ ਰੱਖਿਆ ਸੀ। ਮਰਨ ਵਰਤ ਦੇ 29 ਦਿਨਾਂ ਬਾਅਦ ਫੈਕਟਰੀ ਮਾਲਕਾਂ ਨੂੰ ਝੁਕਣਾ ਪਿਆ ਤੇ ਮਜ਼ਦੂਰਾਂ ਦੀਆਂ ਮੰਗਾਂ ਮੰਨਵਾ ਕੇ ਹਰਜਿੰਦਰ ਸਿੰਘ ਆਪਣੇ ਲੋਕਾਂ ਦਾ ਹੀਰੋ ਬਣ ਕੇ ਉਭਰਿਆ। ਪਿਛਲੇ ਦਿਨੀਂ ਉਸ ਦਾ ਦੇਹਾਂਤ ਹੋ ਗਿਆ ਸੀ।

ਹਰਜਿੰਦਰ ਸਿੰਘ ਕੱਲ੍ਹਾ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਪੰਜਾਬ ਖੇਤ ਮਜ਼ਦੂਰ ਸਭਾ ਦੇ ਜਨਰਲ ਸਕੱਤਰ ਦੇਵੀ ਕੁਮਾਰੀ ਸਰਹਾਲੀ ਕਲਾਂ ਨੇ ਮਜ਼ਦੂਰਾਂ ਦੇ ਹੱਕਾਂ ਦੇ ਸੰਘਰਸ਼ 'ਚ ਉਸ ਦੇ ਮੋਹਰੀ ਰੋਲ ਨੂੰ ਯਾਦ ਕੀਤਾ। ਉਹਨਾ ਕਿਹਾ ਕਿ ਹਰਜਿੰਦਰ ਸਿੰਘ ਕੱਲ੍ਹਾ ਦੇ ਸਿਦਕੀ ਤੇ ਸਿਰੜੀ ਸੁਭਾਅ ਨੂੰ ਯਾਦ ਕਰਕੇ ਉਸ ਦੇ ਸੰਗੀ ਫਖਰ ਮਹਿਸੂਸ ਕਰਦੇ ਹਨ।ਉਸ ਆਪਾ-ਵਾਰੂ ਮਨੁੱਖ ਦੇ ਤੁਰ ਜਾਣ ਦਾ ਮਜ਼ਦੂਰ ਵਰਗ ਨੂੰ ਬਹੁਤ ਘਾਟਾ ਪਿਆ ਹੈ। ਅੱਜ ਉਸ ਨੂੰ ਸੱਚੀ ਸ਼ਰਧਾਂਜਲੀ ਇਹੋ

• ਬਾਕੀ ਸਫਾ 2 'ਤੇ

# ਭਾਕਿਯੂ ਕਾਦੀਆਂ ਦੀ ਬਲਾਕ ਪੱਧਰੀ ਮੀਟਿੰਗ 'ਚ ਅਹਿਮ ਵਿਚਾਰਾਂ

**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ)**- ਭਾਰਤੀ ਕਿਸਾਨ ਯੂਨੀਅਨ ਕਾਦੀਆਂ ਬਲਾਕ ਮਹਿਲ ਕਲਾਂ ਦੀ ਅਹਿਮ ਮੀਟਿੰਗ ਇਤਿਹਾਸਿਕ ਗੁਰਦੁਆਰਾ ਸਾਹਿਬ ਛੇਵੀਂ



ਪਾਤਸ਼ਾਹੀ ਮਹਿਲ ਕਲਾਂ ਵਿਖੇ ਬਲਾਕ ਪ੍ਰਧਾਨ ਪਰਮਜੀਤ ਸਿੰਘ ਢੀਂਡਸਾ ਦੀ ਅਗਵਾਈ ਹੇਠ ਹੋਈ।ਇਸ ਮੌਕੇ ਜ਼ਿਲ੍ਹਾ ਮੀਤ ਪ੍ਰਧਾਨ ਬਲਜਿੰਦਰ ਸਿੰਘ ਸਰਾਂ, ਬਲਾਕ ਪ੍ਰਧਾਨ ਪਰਮਜੀਤ ਸਿੰਘ ਪੰਮਾ, ਮੀਤ ਪ੍ਰਧਾਨ ਰਣਜੀਤ ਸਿੰਘ ਕਲਾਲਾ, ਵਿੱਤ ਸਕੱਤਰ ਜਸਵਿੰਦਰ ਸਿੰਘ ਛੀਨੀਵਾਲ ਕਲਾਂ ਨੇ ਸਮੂਹ ਕਿਸਾਨਾਂ ਨੂੰ ਲਾਮਬੰਦ ਹੋ ਕੇ ਸਾਂਝੇ ਸੰਘਰਸ਼ਾਂ ਲਈ ਤਿਆਰ ਬਰ ਤਿਆਰ ਰਹਿਣ ਦੀ ਅਪੀਲ ਕਰਦਿਆਂ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਲਿਆਂਦੇ ਜਾ ਰਹੇ ਨਵੇਂ ਕਾਨੂੰਨ ਕਿਸਾਨਾਂ, ਮਜ਼ਦੂਰ ਤੇ ਮੁਲਾਜ਼ਮ ਵਰਗ ਲਈ ਘਾਤਕ ਸਾਬਿਤ ਹੋਣਗੇ।ਆਗੂਆਂ ਨੇ ਕਿਹਾ ਕਿ ਬਿਜਲੀ ਸੋਧ ਬਿੱਲ, ਮਨਰੇਗਾ ਯੋਜਨਾ 'ਚ ਤਬਦੀਲੀਆਂ, ਨਿੱਜੀਕਰਨ ਦੀਆਂ ਨੀਤੀਆਂ ਤੇ ਵੱਡੇ ਕਾਰਪੋਰੇਟ ਘਰਾਣਿਆਂ ਨੂੰ ਲਾਭ ਪਹੁੰਚਾਉਣ ਵਾਲੇ ਸਮਝੌਤੇ ਖੇਤੀ ਪ੍ਰਣਾਲੀ ਨੂੰ ਕਮਜ਼ੋਰ ਕਰ ਰਹੇ ਹਨ, ਜਿਸ ਨਾਲ ਛੋਟੇ ਤੇ ਦਰਮਿਆਨੇ ਕਿਸਾਨ ਸਭ ਤੋਂ ਵੱਧ ਪ੍ਰਭਾਵਿਤ ਹੋ ਰਹੇ ਹਨ।ਕਿਸਾਨ ਆਗੂਆਂ ਨੇ ਮੌਜੂਦਾ ਕਿਸਾਨੀ ਸੰਕਟ ਜਿਵੇਂ ਫ਼ਸਲਾਂ ਦੇ ਘੱਟ ਭਾਅ, ਕਰਜ਼ੇ ਦਾ ਵਧਦਾ ਬੋਝ, ਡੀਜ਼ਲ-ਖਾਦ-ਬੀਜ ਦੀਆਂ ਕੀਮਤਾਂ ਵਿੱਚ ਵਾਧਾ ਤੇ ਕੁਦਰਤੀ ਆਫ਼ਤਾਂ ਕਾਰਨ ਨੁਕਸਾਨ ਦਾ ਜ਼ਿਕਰ ਕਰਦਿਆਂ ਕਿਹਾ ਕਿ ਜੇਕਰ ਸਰਕਾਰਾਂ ਨੇ ਸਮੇਂ ਸਿਰ ਠੋਸ ਕਦਮ ਨਾ ਚੁੱਕੇ ਤਾਂ ਪੰਜਾਬ ਦੀ ਕਿਸਾਨੀ ਹੋਰ ਡੂੰਘੇ ਸੰਕਟ ਵਿੱਚ ਫਸ ਸਕਦੀ ਹੈ।ਉਨ੍ਹਾਂ ਦੱਸਿਆ ਕਿ ਭਖਦੀਆਂ ਮੰਗਾਂ ਨੂੰ ਲੈ ਕੇ ਜਥੇਬੰਦੀ ਵੱਲੋਂ ਜ਼ਿਲ੍ਹਾ ਪ੍ਰਧਾਨ ਜਗਸੀਰ ਸਿੰਘ ਛੀਨੀਵਾਲ ਦੀ ਅਗਵਾਈ ਹੇਠ ਜ਼ਿਲ੍ਹਾ ਪੱਧਰੀ ਵਿਸ਼ਾਲ ਰੈਲੀ ਬਰਨਾਲਾ ਵਿਖੇ ਛੇਤੀ ਕੀਤੀ ਜਾਵੇਗੀ। ਇਸ ਮੌਕੇ ਸਰਕਲ ਪ੍ਰਧਾਨ ਸਰਬਜੀਤ ਸਿੰਘ ਸਹੌਰ, ਹਰਪਾਲ ਸਿੰਘ ਦੀਵਾਨਾ, ਕੁਲਦੀਪ ਸਿੰਘ ਹਮੀਦੀ, ਕਾਬਲ ਸਿੰਘ ਵਜੀਦਕੇ, ਮਨਜੀਤ ਸਿੰਘ, ਬਲਵਿੰਦਰ ਸਿੰਘ ਛਾਪਾ ਸਮੇਤ ਕਈ ਹੋਰ ਵਰਕਰ ਹਾਜ਼ਰ ਸਨ।

# ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਤਹਿਤ ਜੱਲਾ 'ਚ ਲਗਾਇਆ ਕੈਂਪ

**ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**- ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਤਹਿਤ ਪਿੰਡਾਂ ਤੇ ਸ਼ਹਿਰਾਂ



ਵਿੱਚ ਕੈਂਪ ਲਗਾ ਕੇ ਲੋਕਾਂ ਦੇ ਕਾਰਡ ਬਣਾਏ ਜਾ ਰਹੇ ਹਨ।ਇਸੇ ਮੁਹਿੰਮ ਤਹਿਤ ਹਲਕਾ ਫਤਿਹਗੜ੍ਹ ਸਾਹਿਬ ਦੇ ਪਿੰਡ ਜੱਲਾ ਵਿਖੇ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਤਹਿਤ ਕੈਂਪ ਲਗਾਇਆ ਗਿਆ।ਕੈਂਪ ਦਾ ਜਾਇਜ਼ਾ ਲੈਣ ਲਈ ਪੰਜਾਬ ਸਰਕਾਰ ਦੇ ਡਿਵੈਲਪਮੈਂਟ ਕਮਿਸ਼ਨ ਦੇ ਮੈਂਬਰ ਸਤਿੰਦਰਪਾਲ ਸਿੰਘ ਤੇ ਨੋਡਲ ਅਫਸਰ ਕੇਵਲ ਸਿੰਘ ਵਿਸ਼ੇਸ਼ ਤੌਰ 'ਤੇ ਪਹੁੰਚੇ।ਇਸ ਸਬੰਧੀ ਜਾਣਕਾਰੀ ਦਿੰਦਿਆਂ ਨੋਡਲ ਅਫਸਰ ਕੇਵਲ ਸਿੰਘ ਨੇ ਦੱਸਿਆ ਕਿ ਪੰਜਾਬ ਸਰਕਾਰ ਸੂਬੇ ਦੇ ਲੋਕਾਂ ਨੂੰ 10 ਲੱਖ ਰੁਪਏ ਤੱਕ ਦੀ ਸਿਹਤ ਬੀਮਾ ਯੋਜਨਾ ਦਾ ਲਾਭ ਦੇਣ ਦੇ ਲਈ ਤੱਤਪਰ ਹੈ।ਇਸ ਲਈ ਪਿੰਡਾਂ ਤੇ ਸ਼ਹਿਰਾਂ ਵਿੱਚ ਵੱਖ-ਵੱਖ ਸਥਾਨਾਂ ਉੱਤੇ ਕੈਂਪ ਲਗਾ ਕੇ ਸਿਹਤ ਬੀਮਾ ਯੋਜਨਾ ਦੇ ਕਾਰਡ ਬਣਾਏ ਜਾ ਰਹੇ ਹਨ। ਆਪ ਆਗੂ ਗੁਰਬੀਰ ਸਿੰਘ ਵੱਲੋਂ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਤਹਿਤ ਬਣਨ ਵਾਲੇ ਕਾਰਡਾਂ ਵਿੱਚ ਆ ਰਹੀਆਂ ਸਮੱਸਿਆਵਾਂ ਬਾਰੇ ਜਾਣੂ ਕਰਵਾਇਆ ਗਿਆ ਤਾਂ ਪੰਜਾਬ ਡਿਵੈਲਪਮੈਂਟ ਕਮਿਸ਼ਨ ਦੇ ਮੈਂਬਰ ਸੁਰਿੰਦਰਪਾਲ ਸਿੰਘ ਵੱਲੋਂ ਭਰੋਸਾ ਦਿਵਾਇਆ ਗਿਆ ਕਿ ਉਨ੍ਹਾਂ ਨੂੰ ਆ ਰਹੀਆਂ ਮੁਸ਼ਕਲਾਂ ਦਾ ਸਰਕਾਰ ਪੱਧਰ 'ਤੇ ਜਲਦ ਹੱਲ ਕਰਵਾਉਣਗੇ।ਇਸ ਮੌਕੇ ਉਨ੍ਹਾਂ ਨਾਲ ਅਭਿਸ਼ੇਕ ਕੁਮਾਰ ਸੀਨੀਅਰ ਫੈਲੋ ਪੰਜਾਬ ਡਿਵੈਲਪਮੈਂਟ ਕਮਿਸ਼ਨ, ਭਵਨਜੀਤ ਸਿੰਘ, ਹਰਪ੍ਰੀਤ ਸਿੰਘ, ਮੁਕੇਸ਼ ਸ਼ੁਕਲਾ ਨਰੀਖਕ ਖੁਰਾਕ ਐਂਡ ਸਪਲਾਈ ਹਾਜ਼ਰ ਸਨ।

# ਭਾਰਤ-ਅਮਰੀਕਾ ਵਪਾਰ ਸਮਝੌਤੇ ਦਾ ਕਾਂਗਰਸ ਵੱਲੋਂ ਵਿਰੋਧ

## ਬੀਬੀ ਰੰਧਾਵਾ ਤੇ ਰਮੇਸ਼ ਦੁੱਗਲ ਦੀ ਅਗਵਾਈ ਹੇਠ ਡੀ ਸੀ ਨੂੰ ਦਿੱਤਾ ਮੰਗ ਪੱਤਰ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**- ਭਾਰਤ ਤੇ ਸੰਯੁਕਤ ਰਾਸ਼ਟਰ ਅਮਰੀਕਾ ਦਰਮਿਆਨ ਹੋਏ ਕਿਸਾਨ ਤੇ ਮਜ਼ਦੂਰ ਵਿਰੋਧੀ ਨਕਾਰਾਤਮਕ ਵਪਾਰ ਸਮਝੌਤੇ ਖਿਲਾਫ ਜ਼ਿਲ੍ਹਾ ਕਾਂਗਰਸ ਪਟਿਆਲਾ ਵੱਲੋਂ ਗੁਰਸ਼ਰਨ ਕੌਰ ਰੰਧਾਵਾ ਤੇ ਰਮੇਸ਼



ਦੁੱਗਲ ਦੀ ਅਗਵਾਈ ਹੇਠ ਡੀ ਸੀ ਦਫ਼ਤਰ ਸਾਹਮਣੇ ਰੋਸ ਪ੍ਰਦਰਸ਼ਨ ਕੀਤਾ ਗਿਆ, ਜਿਸ ਵਿੱਚ ਸੈਂਕੜੇ ਕਿਸਾਨਾਂ, ਮਜ਼ਦੂਰਾਂ ਤੇ ਕਾਂਗਰਸੀ ਵਰਕਰਾਂ ਨੇ ਹਿੱਸਾ ਲਿਆ। ਇਸ ਮੌਕੇ ਕਿਸਾਨਾਂ ਤੇ ਮਜ਼ਦੂਰਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਗੁਰਸ਼ਰਨ ਕੌਰ ਰੰਧਾਵਾ ਨੇ ਕਿਹਾ ਕਿ ਮੋਦੀ ਸਰਕਾਰ ਕਿਸੇ ਨਾ ਕਿਸੇ ਤਰੀਕੇ ਪੰਜਾਬ ਦੀ ਕਿਸਾਨੀ ਤੇ ਮਜ਼ਦੂਰਾਂ ਨੂੰ ਡੋਬਣਾ ਚਾਹੁੰਦੀ ਹੈ, ਜਿਸ ਨੂੰ ਮੁੱਖ ਰੱਖਦੇ ਹੋਏ ਉਹ ਸਮੇਂ ਸਮੇਂ 'ਤੇ ਕੁਝ ਅਜਿਹੇ ਕਾਲੇ ਕਾਨੂੰਨ ਲੈ ਕੇ ਆਉਂਦੇ ਨੇ, ਜੋ ਕਿਸਾਨਾਂ ਲਈ ਘਾਤਕ ਸਿੱਧ ਹੋ ਸਕਦੇ ਹਨ।ਪਹਿਲਾਂ 800 ਕਿਸਾਨਾਂ ਦੀ ਬਲੀ ਦੇ ਕੇ ਬੜੀ ਮੁਸ਼ਕਲ ਨਾਲ ਲੰਬਾ ਸੰਘਰਸ਼ ਕਰਕੇ ਕਿਸਾਨਾਂ ਨੇ ਤਿੰਨ ਕਾਲੇ ਕਾਨੂੰਨਾਂ ਨੂੰ ਵਾਪਸ ਕਰਵਾਇਆ ਸੀ।ਉਸ ਤੋਂ ਬਾਅਦ ਮਨਰੇਗਾ ਕਾਨੂੰਨਾਂ ਵਿੱਚ ਬਦਲਾਅ ਲਿਆਂਦਾ ਗਿਆ ਤੇ ਨਵੇਂ ਕਾਲੇ ਕਾਨੂੰਨ ਬਣਾਏ ਗਏ, ਜਿਸ ਨਾਲ ਮਨਰੇਗਾ ਸਕੀਮ ਬੰਦ ਹੋਣੀ ਯਕੀਨੀ ਹੈ ਤੇ ਹੁਣ ਇਨ੍ਹਾਂ ਨੇ ਸੰਯੁਕਤ ਰਾਸ਼ਟਰ ਅਮਰੀਕਾ ਨਾਲ ਨਵਾਂ ਵਪਾਰ ਸਮਝੌਤਾ ਕਰਕੇ ਕਿਸਾਨਾਂ ਦੀ ਹਿੱਕ 'ਤੇ ਇਕ ਹੋਰ ਕਿੱਲ ਗੱਡ ਦਿੱਤਾ ਹੈ। ਬੀਬੀ ਰੰਧਾਵਾ ਨੇ ਕਿਹਾ ਕਿ ਯਕੀਨੀ ਤੌਰ 'ਤੇ ਇਹ ਪੰਜਾਬ ਹਰਿਆਣਾ ਦੇ ਕਿਸਾਨਾਂ ਨੂੰ ਮਿਲ ਰਹੀ ਐੱਮ ਐੱਸ ਪੀ ਨੂੰ ਖ਼ਤਮ ਕਰਨ ਦੀ ਸਾਜ਼ਿਸ਼ ਹੋ ਸਕਦਾ ਹੈ।ਇਸ ਮੌਕੇ ਕਾਂਗਰਸ ਸ਼ਹਿਰੀ ਦੇ ਪ੍ਰਧਾਨ ਰਮੇਸ਼ ਦੁੱਗਲ ਨੇ ਕਿਹਾ ਕਿ ਜਦੋਂ ਤੱਕ ਮੋਦੀ ਸਰਕਾਰ ਇਹ ਕਾਨੂੰਨ ਵਾਪਸ ਨਹੀਂ ਲੈਂਦੀ, ਅਸੀਂ ਕਿਸਾਨਾਂ ਤੇ ਮਜ਼ਦੂਰਾਂ ਨਾਲ ਮਿਲ ਕੇ ਆਪਣਾ ਸੰਘਰਸ਼ ਜਾਰੀ ਰੱਖਾਂਗੇ।ਇਸੇ ਦੌਰਾਨ ਜ਼ਿਲ੍ਹਾ ਕਾਂਗਰਸ ਕਮੇਟੀ ਪਟਿਆਲਾ ਵੱਲੋਂ ਗੁਰਸ਼ਰਨ ਕੌਰ ਰੰਧਾਵਾ ਤੇ ਰਮੇਸ਼ ਦੁੱਗਲ ਦੀ ਅਗਵਾਈ ਹੇਠ ਡੀ ਸੀ ਰਾਹੀਂ ਭਾਰਤ ਸਰਕਾਰ ਨੂੰ ਮੰਗ ਪੱਤਰ ਵੀ ਭੇਜਿਆ ਗਿਆ।

# ਐਡਵੋਕੇਟ ਜਸਵਿੰਦਰ ਜੱਸ ਬਰਨਾਲਾ ਰੈਲੀ ਲਈ ਕੋਆਰਡੀਨੇਟਰ ਨਿਯੁਕਤ

**ਰਾਮਪੁਰਾ ਫੂਲ (ਦਰਸ਼ਨ ਜਿੰਦਲ)**- ਹਲਕਾ ਰਾਮਪੁਰਾ ਫੂਲ ਦੇ ਸੀਨੀਅਰ ਕਾਂਗਰਸੀ ਆਗੂ ਤੇ ਕਾਂਗਰਸ ਪਾਰਟੀ ਦੀ ਟਿਕਟ ਦੇ ਮਜ਼ਬੂਤ ਦਾਅਵੇਦਾਰ ਐਡਵੋਕੇਟ ਜਸਵਿੰਦਰ ਸਿੰਘ ਜੱਸ ਨੂੰ ਪਾਰਟੀ ਨੇ 28 ਫ਼ਰਵਰੀ ਨੂੰ ਰਾਹੁਲ ਗਾਂਧੀ ਦੀ ਬਰਨਾਲਾ ਵਿਖੇ ਹੋਣ ਵਾਲੀ



ਰੈਲੀ ਲਈ ਬੁਢਲਾਡਾ ਹਲਕੇ ਦਾ ਕੋਆਰਡੀਨੇਟਰ ਨਿਯੁਕਤ ਕੀਤਾ ਗਿਆ ਹੈ। ਆਪਣੀ ਇਸ ਨਿਯੁਕਤੀ 'ਤੇ ਉਨ੍ਹਾਂ ਪੰਜਾਬ ਕਾਂਗਰਸ ਦੇ ਇੰਚਾਰਜ ਭੁਪੇਸ਼ ਬਘੇਲ, ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਸੰਗਠਨ ਇੰਚਾਰਜ ਕੈਪਟਨ ਸੰਦੀਪ ਸੰਧੂ ਤੇ ਜ਼ਿਲ੍ਹਾ ਪ੍ਰਧਾਨ ਪ੍ਰੀਤਮ ਕੋਟਭਾਈ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਪਾਰਟੀ ਵੱਲੋਂ ਦਿੱਤੀ ਗਈ ਜ਼ਿੰਮੇਵਾਰੀ ਨੂੰ ਪੂਰੀ ਤਨਦੇਹੀ ਨਾਲ ਨਿਭਾਉਣਗੇ। ਜ਼ਿਕਰਯੋਗ ਹੈ ਕਿ ਐਡਵੋਕੇਟ ਜੱਸ ਬੱਜੋਆਣਾ ਨੂੰ ਪਹਿਲਾਂ ਵੀ ਪਾਰਟੀ ਵੱਖ ਵੱਖ ਹਲਕਿਆਂ ਦੇ ਕੋਆਰਡੀਨੇਟਰ ਨਿਯੁਕਤ ਕਰ ਚੁੱਕੀ ਹੈ ਤੇ ਉਹ ਆਪਣੀ ਡਿਊਟੀ ਨੂੰ ਪੂਰੀ ਤਨਦੇਹੀ ਨਾਲ ਨਿਭਾਉਂਦੇ ਹਨ। ਜੱਸ ਬੱਜੋਆਣਾ ਨੇ ਕਿਹਾ ਕਿ ਉਹ ਪਿਛਲੇ ਲੰਮੇ ਸਮੇਂ ਤੋਂ ਕਾਂਗਰਸ ਪਾਰਟੀ ਲਈ ਮਿਹਨਤ ਕਰ ਰਹੇ ਹਨ ਤੇ ਪਾਰਟੀ ਵੱਲੋਂ ਉਨ੍ਹਾਂ ਨੂੰ ਸਮੇਂ ਸਮੇਂ 'ਤੇ ਮਾਣ ਸਤਿਕਾਰ ਦਿੱਤਾ ਜਾਂਦਾ ਰਿਹਾ ਹੈ।

# ਗੁਰੂ ਨਾਨਕ ਲਾਅ ਕਾਲਜ ਵੱਲੋਂ ਕਾਨੂੰਨੀ ਜਾਗਰੂਕਤਾ ਕੈਂਪ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)** ਨੌਜਵਾਨਾਂ ਨੂੰ ਉੱਚ ਸਿੱਖਿਆ ਪ੍ਰਦਾਨ ਕਰ ਰਹੇ ਗੁਰੂ ਨਾਨਕ ਲਾਅ ਕਾਲਜ ਸਾਈਆਂਵਾਲਾ ਵੱਲੋਂ ਪਿੰਡ ਤੂਤ ਵਿੱਚ ਲੋਕਾਂ ਨੂੰ ਕਾਨੂੰਨੀ ਜਾਣਕਾਰੀ ਦੇਣ ਲਈ ਵਿਸ਼ੇਸ਼ ਜਾਗਰੂਕਤਾ ਕੈਂਪ ਲਗਾਇਆ ਗਿਆ, ਜਿਸ ਦੀ ਸ਼ੁਰੂਆਤ ਕਾਲਜ ਦੇ ਚੇਅਰਮੈਨ ਅਸੀਸਪ੍ਰੀਤ ਸਿੰਘ ਨੇ ਕੈਂਪ ਲਈ ਵਿਦਿਆਰਥੀਆਂ ਤੇ ਅਧਿਆਪਕਾਂ ਨੂੰ ਰਵਾਨਾ ਕਰਕੇ ਕੀਤੀ। ਇਸ ਮੌਕੇ ਸਾਰਿਆਂ ਨੂੰ ਸੰਬੋਧਨ ਕਰਦਿਆਂ ਚੇਅਰਮੈਨ ਅਸੀਸਪ੍ਰੀਤ ਸਿੰਘ ਨੇ ਕਿਹਾ ਕਿ ਵਿਦਿਆਰਥੀਆਂ ਨੂੰ ਸਿਰਫ਼ ਕਿਤਾਬੀ ਗਿਆਨ ਹੀ ਨਹੀਂ, ਸਗੋਂ ਸਮਾਜ ਨਾਲ ਜੁੜ ਕੇ ਲੋਕਾਂ ਨੂੰ ਕਾਨੂੰਨੀ ਜਾਣਕਾਰੀ ਦੇਣੀ ਵੀ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦੇ ਕੈਂਪ ਲੋਕਾਂ ਨੂੰ ਆਪਣੇ ਅਧਿਕਾਰਾਂ ਪ੍ਰਤੀ ਜਾਗਰੂਕ ਕਰਦੇ ਹਨ ਅਤੇ ਸਮਾਜ ਵਿੱਚ ਨਿਆਂ ਦੀ ਭਾਵਨਾ ਨੂੰ ਮਜ਼ਬੂਤੀ ਪ੍ਰਦਾਨ ਕਰਦੇ ਹਨ। ਇਸ ਦੌਰਾਨ ਕਾਲਜ ਪ੍ਰਿੰਸੀਪਲ ਡਾ. ਅਜਵਰ ਖਾਨ ਨੇ



ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅਜਿਹੇ ਕੈਂਪ ਸਮਾਜ ਵਿੱਚ ਕਾਨੂੰਨੀ ਸਹਾਇਤਾ ਲੈਣ ਲਈ ਲੋਕਾਂ ਨੂੰ ਜਾਗਰੂਕ ਕਰਨ ਵਿੱਚ ਅਹਿਮ ਸਾਬਿਤ ਹੁੰਦੇ ਹਨ। ਕੈਂਪ ਵਿੱਚ ਵਕੀਲ ਅਮੀਤੋਜਦੀਪ ਸਿੰਘ ਤੇ ਪੈਰਾ ਲੀਗਲ ਵਾਲੰਟੀਅਰ ਜਸਵਿੰਦਰ ਸਿੰਘ ਨੇ ਵਿਦਿਆਰਥੀਆਂ ਤੇ ਲੋਕਾਂ ਨਾਲ ਆਪਣੇ ਵਿਚਾਰ ਸਾਂਝੇ ਕੀਤੇ। ਕੈਂਪ ਵਿੱਚ ਮੰਚ ਸੰਚਾਲਨ ਕਾਲਜ ਦੀ ਸਹਾਇਕ ਪ੍ਰੋਫੈਸਰ ਰਾਧਿਕਾ ਨੇ ਕੀਤਾ ਤੇ ਕੈਂਪ ਵਿੱਚ ਪ੍ਰੋ. ਚੀਨਾ ਤੇ ਰਮਨਦੀਪ ਸਿੰਘ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ। ਕੈਂਪ ਵਿੱਚ ਕਾਲਜ ਦੇ ਵਿਦਿਆਰਥੀ ਕੁਨਾਲ, ਗੋਵਿੰਦ, ਗਗਨਦੀਪ ਕੌਰ ਤੇ ਸੁਪਨਪ੍ਰੀਤ ਕੌਰ ਤੋਂ ਇਲਾਵਾ ਗਗਨਦੀਪ ਸਿੰਘ, ਅਨੋਸ਼ ਪਾਲ, ਅਸ਼ਮੀਤ ਸਿੰਘ, ਅਮਰਦੀਪ ਸਿੰਘ, ਵੀਰਪਾਲ ਕੌਰ, ਰਮਨਪ੍ਰੀਤ ਕੌਰ, ਮੀਨੂ, ਰੋਹਿਤ ਤੇ ਸਿਮਰਨ ਨੇ ਚਾਈਲਡ ਪ੍ਰੋਟੈਕਸ਼ਨ, ਆਨਲਾਈਨ ਐੱਫ.ਆਈ.ਆਰ., ਸੀਨੀਅਰ ਸਿਟੀਜ਼ਨ ਦੇ ਅਧਿਕਾਰਾਂ ਤੇ ਮਹਿਲਾ ਅਧਿਕਾਰਾਂ ਬਾਰੇ ਵਿਚਾਰ ਸਾਂਝੇ ਕੀਤੇ। ਕੈਂਪ ਦੇ ਅੰਤ ਵਿੱਚ ਪਿੰਡ ਵਾਸੀਆਂ ਨੇ ਕਾਲਜ ਦੀ ਇਸ ਪਹਿਲ ਦੀ ਭਰਪੂਰ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹੇ ਪ੍ਰੋਗਰਾਮ ਪਿੰਡਾਂ ਵਿੱਚ ਕਾਨੂੰਨੀ ਜਾਗਰੂਕਤਾ ਫੈਲਾਉਣ ਵਿੱਚ ਬਹੁਤ ਲਾਹੇਵੰਦ ਸਾਬਿਤ ਹੁੰਦੇ ਹਨ।

# ਲੋਕ ਅਗਾਮੀ ਵੋਟਾਂ 'ਚ ਦੇਣਗੇ ਸਰਕਾਰ ਦੇ ਜ਼ੁਲਮ ਦਾ ਜਵਾਬ : ਸੰਗਤਪੁਰਾ

## ਕਿਸਾਨਾਂ ਨੇ ਫੂਕਿਆ ਮੁੱਖ ਮੰਤਰੀ ਦਾ ਪੁਤਲਾ

**ਲਹਿਰਾਗਾਗਾ (ਰੀਤਵਾਲ)**- ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਬਲਾਕ ਲਹਿਰਾ ਦੀ ਇਕਾਈ ਪਿੰਡ ਸੰਗਤਪੁਰਾ ਵਿਖੇ ਕਿਸਾਨਾਂ ਨੇ ਪੰਜਾਬ ਦੇ ਮੁੱਖ ਮੰਤਰੀ ਦੀ ਅਰਥੀ ਫੂਕੀ।ਇਸ ਮੌਕੇ ਇਕਾਈ ਪ੍ਰਧਾਨ ਦਰਸ਼ਨ ਸਿੰਘ ਸੰਗਤਪੁਰਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ 18 ਫ਼ਰਵਰੀ ਨੂੰ ਕਿਸਾਨ ਜਥੇਬੰਦੀ ਬਠਿੰਡਾ ਵਿਖੇ ਆਪਣੇ ਸਾਥੀਆਂ ਦੀ ਰਿਹਾਈ ਵਾਸਤੇ ਸ਼ਾਂਤੀਪੂਰਵਕ ਜਾ ਰਹੇ ਸਨ, ਪਰ ਪੰਜਾਬ ਸਰਕਾਰ ਨੇ ਕਿਸਾਨਾਂ ਨੂੰ ਰਸਤਿਆਂ ਵਿੱਚ ਘੇਰ ਕੇ ਲਾਠੀਚਾਰਜ ਕੀਤਾ।ਇੱਥੇ ਹੀ ਬਸ ਨਹੀਂ ਇੱਥੋਂ ਤੱਕ ਕਿ ਕਿਸਾਨ ਬੀਬੀਆਂ ਦੀਆਂ ਚੁੰਨੀਆਂ ਨੂੰ ਵੀ ਰੋਲਿਆ ਗਿਆ।ਕਿਸਾਨ ਆਗੂਆਂ ਨੇ ਕਿਹਾ ਕਿ ਸਰਕਾਰ ਨੇ ਲੋਕਾਂ ਦੇ ਹੱਕਾਂ ਦਾ ਘਾਣ ਕੀਤਾ ਹੈ।ਵੋਟਾਂ ਤੋਂ ਪਹਿਲਾਂ ਖੁਦ ਭਗਵੰਤ ਮਾਨ ਸਟੇਜਾਂ 'ਤੇ ਕਹਿੰਦਾ ਹੁੰਦਾ ਸੀ ਕਿ ਅਸੀਂ ਅਜਿਹੀ ਸਰਕਾਰ ਦੇਵਾਂਗੇ ਕਿ ਕਿਸੇ ਧੀ-ਭੈਣ ਦੀ ਚੁੰਨੀ ਨਹੀਂ ਰੁਲੇਗੀ, ਕਿਸੇ ਨੂੰ ਧਰਨੇ ਨਹੀਂ ਲਾਉਣੇ ਪੈਣਗੇ, ਕਿਸੇ ਨੂੰ ਵਾਟਰ ਵਰਕਸ ਦੀਆਂ ਟੈਂਕੀਆਂ 'ਤੇ ਨਹੀਂ ਚੜ੍ਹਨਾ ਪਵੇਗਾ, ਪ੍ਰੰਤੂ ਮੁੱਖ ਮੰਤਰੀ ਬਣਨ ਸਾਰ ਭਗਵੰਤ ਮਾਨ ਤੇ ਇਸ ਦੀ ਸਰਕਾਰ ਪਹਿਲਾਂ ਨਾਲੋਂ ਵੀ ਵੱਧ ਜ਼ੁਲਮ ਪਬਲਿਕ ਤੇ ਹੱਕ ਮੰਗਦੇ ਲੋਕਾਂ 'ਤੇ ਕਰ ਰਹੀ ਹੈ।ਇਸ ਦਾ ਜਵਾਬ ਲੋਕ ਸਰਕਾਰ ਨੂੰ ਆਉਣ ਵਾਲੀਆਂ ਚੋਣਾਂ ਵਿੱਚ ਦੇਣਗੇ।ਇਸ ਮੌਕੇ ਬਲਾਕ ਪ੍ਰਧਾਨ ਗੁਰਪ੍ਰੀਤ ਸਿੰਘ ਸੰਗਤਪੁਰਾ, ਗੁਰਚਰਨ ਸਿੰਘ, ਗੁਰਜੰਟ ਸਿੰਘ, ਅਮਰਜੀਤ ਸਿੰਘ ਗਿੱਦੜਿਆਣੀ ਤੇ ਹੋਰ ਬਹੁਤ ਸਾਰੇ ਕਿਸਾਨ ਹਾਜ਼ਰ ਸਨ।

# ਚੇਅਰਮੈਨ ਜੱਸੀ ਨੇ ਤੀਰਥ ਯਾਤਰਾ ਬੱਸ ਨੂੰ ਦਿੱਤੀ ਹਰੀ ਝੰਡੀ

**ਨਾਭਾ (ਵਰਿੰਦਰ ਵਰਮਾ)**- ਮੁੱਖ ਮੰਤਰੀ ਤੀਰਥ ਯਾਤਰਾ ਤਹਿਤ ਨਾਭਾ ਹਲਕੇ ਦੇ ਪਿੰਡ ਕਾਲਸਨਾ ਤੋਂ ਸੰਗਤਾਂ ਨੂੰ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ, ਦੁਰਗਿਆਣਾ ਮੰਦਿਰ ਤੇ ਰਾਮ ਤੀਰਥ ਦੇ ਦਰਸ਼ਨਾਂ ਲਈ ਚਲਾਈ ਗਈ ਤੀਰਥ ਯਾਤਰਾ ਬੱਸ ਨੂੰ ਆਮ ਆਦਮੀ ਪਾਰਟੀ ਸੇਵਾ ਸੰਗਠਨ ਦੇ ਸਟੇਟ ਸੈਕਟਰੀ ਤੇ ਇੰਪਰੂਵਮੈਂਟ ਟਰੱਸਟ ਨਾਭਾ ਦੇ ਚੇਅਰਮੈਨ ਜੱਸੀ ਸੋਹੀਆਂ



ਵਾਲਾ ਤੇ ਹਲਕਾ ਵਿਧਾਇਕ ਦੇਵ ਮਾਨ ਦੇ ਭਰਾ ਸੁਖਦੇਵ ਸਿੰਘ ਨੇ ਸਾਂਝੇ ਤੌਰ 'ਤੇ ਹਰੀ ਝੰਡੀ ਦੇ ਕੇ ਰਵਾਨਾ ਕੀਤਾ।ਇਸ ਮੌਕੇ ਗੱਲਬਾਤ ਕਰਦਿਆਂ ਚੇਅਰਮੈਨ ਜੱਸੀ ਸੋਹੀਆਂ ਵਾਲਾ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਬਜ਼ੁਰਗਾਂ ਨੂੰ ਤੀਰਥ ਅਸਥਾਨਾਂ ਦੇ ਦਰਸ਼ਨ ਕਰਵਾਉਣ ਲਈ ਮੁੱਖ ਮੰਤਰੀ ਤੀਰਥ ਯਾਤਰਾ ਸਕੀਮ ਬਜ਼ੁਰਗਾਂ ਲਈ ਵਰਦਾਨ ਸਾਬਿਤ ਹੋ ਰਹੀ ਹੈ, ਜਿਸ ਤਹਿਤ ਉਨ੍ਹਾਂ ਨੂੰ ਗੁਰੂ ਧਾਮਾਂ ਦੇ ਦਰਸ਼ਨ ਦੀਦਾਰ ਕਰਵਾਏ ਜਾ ਰਹੇ ਹਨ।ਇਸ ਮੌਕੇ ਹੋਰਨਾਂ ਤੋਂ ਇਲਾਵਾ ਬਲਾਕ ਸੰਮਤੀ ਮੈਂਬਰ ਭੁਪਿੰਦਰ ਸਿੰਘ ਕੱਲਰਮਾਜਰੀ, ਕੰਪਨੀ ਮੈਨੇਜਰ ਤੇਜਿੰਦਰ ਸਿੰਘ, ਸੁਖਜੀਤ ਸਿੰਘ ਹਾਂਸ, ਜਸਕਰਨਵੀਰ ਸਿੰਘ ਤੇਜੇ, ਬਲਕਾਰ ਸਿੰਘ ਗੋਨੀ ਤੇ ਪਿੰਡ ਦੇ ਹੋਰ ਮੋਹਤਬਰ ਮੌਜੂਦ ਸਨ।

# ਜਾਇਦਾਦ ਦੀ ਰਜਿਸਟ੍ਰੇਸ਼ਨ ਲਈ ਐੱਨ ਓ ਸੀ ਦੀ ਸ਼ਰਤ ਪੱਕੇ ਤੌਰ 'ਤੇ ਖ਼ਤਮ ਕਰਨ ਦੀ ਮੰਗ

**ਧੂਰੀ (ਮੋਹਿਤ ਗਰਗ, ਮਨੋਹਰ ਸੱਗੂ, ਬਿੰਨੀ ਗਰਗ)**- ਪੰਜਾਬ ਭਰ ਵਿੱਚ ਜਾਇਦਾਦਾਂ ਦੀ ਖਰੀਦ-ਵੇਚ 'ਚ ਐੱਨ.ਓ.ਸੀ. ਦੀ ਸ਼ਰਤ ਕਾਰਨ ਲੋਕਾਂ ਅੰਦਰ ਭਾਰੀ ਰੋਸ ਪਾਇਆ ਜਾ ਰਿਹਾ ਹੈ। ਪੰਜਾਬ ਸਰਕਾਰ ਨੇ ਪਹਿਲਾਂ ਇੱਕ ਵਿਸ਼ੇਸ਼ ਨੋਟੀਫਿਕੇਸ਼ਨ ਰਾਹੀਂ 500 ਗਜ਼ ਤੱਕ ਦੇ ਪਲਾਟਾਂ ਲਈ ਐੱਨ.ਓ.ਸੀ. ਦੀ ਸ਼ਰਤ ਤੋਂ ਛੋਟ ਦਿੱਤੀ ਸੀ, ਪਰ ਹੁਣ ਲੋਕਾਂ ਦੀ ਮੰਗ ਹੈ ਕਿ ਇਸ ਜਟਿਲ ਪ੍ਰਕਿਰਿਆ ਨੂੰ ਹਮੇਸ਼ਾ ਲਈ ਖ਼ਤਮ ਕਰ ਦਿੱਤਾ ਜਾਵੇ।ਲੋਕਾਂ ਦਾ ਕਹਿਣਾ ਹੈ ਕਿ ਐੱਨ.ਓ.ਸੀ. ਲੈਣ ਲਈ ਸਰਕਾਰੀ ਦਫ਼ਤਰਾਂ ਦੇ ਗੇੜੇ ਕੱਟਣੇ ਪੈਂਦੇ ਹਨ, ਜਿਸ ਨਾਲ ਸਮੇਂ ਤੇ ਪੈਸੇ ਦੀ ਬਰਬਾਦੀ ਹੁੰਦੀ ਹੈ। ਦੂਜੇ ਪਾਸੇ, ਵੱਖ-ਵੱਖ ਸਬ-ਰਜਿਸਟਰਾਰਾਂ ਵੱਲੋਂ ਬਣੇ ਹੋਏ ਮਕਾਨਾਂ ਦੀਆਂ ਰਜਿਸਟਰੀਆਂ ਕਰਨ ਵੇਲੇ ਪਾਸ ਹੋਏ ਨਕਸ਼ਿਆਂ ਦੀ ਲਾਜ਼ਮੀ ਮੰਗ ਕੀਤੀ ਜਾ ਰਹੀ ਹੈ।ਸ਼ਹਿਰਾਂ ਅੰਦਰ ਬਹੁਤ ਸਾਰੀਆਂ ਜਾਇਦਾਦਾਂ ਦਹਾਕਿਆਂ ਪੁਰਾਣੀਆਂ ਬਣੀਆਂ ਹੋਈਆਂ ਹਨ, ਜਿਨ੍ਹਾਂ ਦੇ ਨਕਸ਼ੇ ਮੌਜੂਦਾ ਮਾਲਕਾਂ ਕੋਲ ਉਪਲਬਧ ਨਹੀਂ ਹਨ।ਕਈ ਮਾਮਲਿਆਂ ਵਿੱਚ ਤਾਂ ਨਗਰ ਨਿਗਮਾਂ ਜਾਂ ਕੌਂਸਲਾਂ ਦੇ ਰਿਕਾਰਡ ਵਿੱਚ ਵੀ ਇਹ ਪੁਰਾਣੇ ਨਕਸ਼ੇ ਨਹੀਂ ਮਿਲ ਰਹੇ।ਇਸ ਕਾਰਨ ਪੁਰਾਣੇ ਮਕਾਨਾਂ ਦੀ ਰਜਿਸਟਰੀ ਕਰਵਾਉਣੀ ਲਗਭਗ ਅਸੰਭਵ ਹੋ ਗਈ ਹੈ, ਜਿਸ ਨਾਲ ਆਮ ਲੋਕ ਬੇਹੱਦ ਪ੍ਰੇਸ਼ਾਨ ਹਨ।ਜਨਤਾ ਨੇ ਮੰਗ ਕੀਤੀ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਇਸ ਮਾਮਲੇ ਵਿੱਚ ਦਖ਼ਲ ਦੇ ਕੇ ਐੱਨ.ਓ.ਸੀ. ਦੀ ਸ਼ਰਤ ਨੂੰ ਪੂਰੀ ਤਰ੍ਹਾਂ ਹਟਾਉਣ ਤੇ ਪੁਰਾਣੀਆਂ ਜਾਇਦਾਦਾਂ ਲਈ ਨਕਸ਼ਿਆਂ ਦੀ ਸ਼ਰਤ ਵਿੱਚ ਢਿੱਲ ਦੇਣ ਤਾਂ ਜੋ ਰਜਿਸਟ੍ਰੇਸ਼ਨ ਦੀ ਪ੍ਰਕਿਰਿਆ ਸੁਖਾਲੀ ਹੋ ਸਕੇ।

# ਨਵਰਾਹੀ ਘੁਗਿਆਣਵੀ ਦੇ ਦੇਹਾਂਤ 'ਤੇ ਅਫਸੋਸ ਪ੍ਰਗਟ

**ਜ਼ੀਰਾ (ਨਰਿੰਦਰ ਅਨੇਜਾ)**- ਸਾਹਿਤ ਸਭਾ ਜ਼ੀਰਾ ਦੀ ਵਿਸ਼ੇਸ਼ ਮੀਟਿੰਗ ਦਲਜੀਤ ਰਾਏ ਕਾਲੀਆ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਗੁਰਚਰਨ ਸਿੰਘ ਨੂਰਪੁਰ, ਅਮਰਜੀਤ ਸੁਨੇਰਵੀ, ਸੁਖਰਾਜ ਜੀਰਾ, ਜਰਨੈਲ ਸਿੰਘ ਭੁੱਲਰ, ਪ੍ਰਤਾਪ ਸਿੰਘ ਹੀਰਾ, ਐਡਵੋਕੇਟ ਹਰਦੀਪ ਸਿੰਘ ਸ਼ੇਰ ਗਿੱਲ, ਕਾਲਾ ਬੇਰੀ ਵਾਲਾ, ਦੀਪ ਜੀਰਵੀ, ਹਰੀਦਾਸ ਚੌਹਾਨ, ਹਰਚਰਨ ਸਿੰਘ ਚੋਹਲਾ ਸੁਖਰਾਜ ਜ਼ੀਰਾ, ਪਰਮਜੀਤ ਸਿੰਘ ਬਰਾੜ, ਮੁਖਤਿਆਰ ਸਿੰਘ ਵਿਦਿਆਰਥੀ, ਹਰਪ੍ਰੀਤ ਸਿੰਘ ਰੱਬੀ ਸ਼ਾਇਰ, ਮਨਦੀਪ ਸਿੰਘ, ਪ੍ਰਿਤਪਾਲ ਸਿੰਘ ਮਨਕੂ, ਜਸਵੰਤ ਸਿੰਘ ਭੱਟੀ, ਦਲਜੀਤ ਸਿੰਘ ਨੂਰਪੁਰ, ਬਲਜੀਤ ਬਾਦਸ਼ਾਹ, ਤਾਰਾ ਸਿੰਘ ਫੌਜੀ, ਗੁਰਦੇਵ ਸਿੰਘ ਮਰਖਾਈ, ਸੁਰਿੰਦਰ ਕੁਮਾਰ ਜ਼ੀਰਾ, ਮੇਜਰ ਸਿੰਘ ਸੰਧੂ, ਬਲਵੀਰ ਸਿੰਘ ਲੋਹਗੜ੍ਹ, ਪ੍ਰਦੀਪ ਅਲੀਪੁਰ ਸ਼ਾਮਲ ਹੋਏ।ਇਸ ਮੌਕੇ ਫ਼ਰੀਦਕੋਟ ਵਾਸੀ ਪ੍ਰਸਿੱਧ ਪੰਜਾਬੀ ਕਵੀ ਨਵਰਾਹੀ ਘੁਗਿਆਣਵੀ, ਜੋ ਬੀਤੇ ਦਿਨੀਂ ਅਕਾਲ ਚਲਾਣਾ ਕਰ ਗਏ ਹਨ, ਉਨ੍ਹਾਂ ਦੀ ਬੇਵਕਤੀ ਮੌਤ 'ਤੇ ਸਾਹਿਤ ਸਭਾ ਜ਼ੀਰਾ ਵੱਲੋਂ ਉਕਤ ਮੈਂਬਰਾਂ ਨੇ ਡੂੰਘਾ ਦੁੱਖ ਪ੍ਰਗਟ ਕਰਦੇ ਹੋਏ ਪਰਵਾਰ ਨਾਲ ਅਫਸੋਸ ਦਾ ਪ੍ਰਗਟਾਵਾ ਕੀਤਾ।

# ਯੂਨੀਵਰਸਲ ਤੇ ਹਿਊਮਨ ਵੈੱਲਫੇਅਰ ਕਲੱਬਾਂ ਵੱਲੋਂ ਖ਼ੂਨਦਾਨ ਕੈਂਪ




**ਪਟਿਆਲਾ (ਰਾਜਿੰਦਰ ਸਿੰਘ ਥਿੰਦ)** ਮਨੁੱਖਤਾ ਦੇ ਭਲੇ ਲਈ ਲੋੜਵੰਦ ਮਰੀਜ਼ਾਂ ਦੀ ਜਾਨ ਬਚਾਉਣ ਲਈ ਯੂਨੀਵਰਸਲ ਵੈੱਲਫੇਅਰ ਕਲੱਬ ਪੰਜਾਬ ਤੇ ਹਿਊਮਨ ਵੈੱਲਫੇਅਰ ਫਾਊਂਡੇਸ਼ਨ ਵੱਲੋਂ ਮਿਸ਼ਨ ਲਾਲੀ ਤੇ ਹਰਿਆਲੀ ਤਹਿਤ 340ਵਾਂ ਰੈਗੂਲਰ ਖ਼ੂਨਦਾਨ ਕੈਂਪ ਸਰਕਾਰੀ ਰਜਿੰਦਰਾ ਹਸਪਤਾਲ ਦੇ ਬਲੱਡ ਬੈਂਕ ਵਿਖੇ ਲਗਾਇਆ ਗਿਆ, ਜਿਸ ਦਾ ਰਸਮੀ ਉਦਘਾਟਨ ਅਰਮਾਨ ਸਿੰਘ ਚਾਹਲ ਬਸੰਤਪੁਰਾ ਨੇ 20 ਸਾਲ ਦੀ ਉਮਰ ਵਿੱਚ ਪਹਿਲੀ ਵਾਰ ਖ਼ੂਨ ਦਾਨ ਕਰਕੇ ਕੀਤਾ।ਇਸ ਮੌਕੇ ਗੁਰਚਰਨ ਸਿੰਘ ਸਹਿਜਪੁਰ ਕਲਾਂ ਨੇ 15ਵੀਂ ਵਾਰ, ਕੁਲਵਿੰਦਰ ਸਿੰਘ, ਹਰਮੀਤ ਸਿੰਘ ਸਨੌਰ, ਅਰੁਣ ਪਟਿਆਲਾ, ਹੈਪੀ ਮਵੀ ਸੱਪਾਂ, ਸੁਦਰਸ਼ਨ ਕੁਮਾਰ ਮੰਡੀ ਗੋਬਿੰਦਗੜ੍ਹ, ਹਰਮਨਪ੍ਰੀਤ ਸਿੰਘ ਖਾਲਸਪੁਰ, ਜਸਪ੍ਰੀਤ ਸਿੰਘ ਤੇ ਗਗਨਦੀਪ ਸਿੰਘ ਨੇ ਵੀ ਖ਼ੂਨਦਾਨ ਕੀਤਾ।ਖ਼ੂਨਦਾਨੀਆਂ ਨੂੰ ਆਸ਼ੀਰਵਾਦ ਦੇਣ ਲਈ ਪ੍ਰੋ. ਕਿਰਪਾਲ ਸਿੰਘ ਬਡੂੰਗਰ ਸਾਬਕਾ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਅੰਗਰੇਜ਼ ਸਿੰਘ ਰਾਮਗੜ੍ਹ ਡਾਇਰੈਕਟਰ ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਪਹੁੰਚੇ।ਖ਼ੂਨਦਾਨੀਆਂ ਨੂੰ ਸਰਟੀਫਿਕੇਟ ਤੇ ਮਫਲਰ ਦੇ ਕੇ ਸਨਮਾਨਤ ਕਰਦਿਆਂ ਪ੍ਰੋ. ਬਡੂੰਗਰ ਨੇ ਕਿਹਾ ਕਿ ਪਿਛਲੇ 14 ਸਾਲਾਂ ਤੋਂ ਲੜੀਵਾਰ ਖ਼ੂਨਦਾਨ ਕੈਂਪ ਲਗਾ ਕੇ ਹਰਦੀਪ ਸਿੰਘ ਸਨੌਰ ਤੇ ਸਾਥੀਆਂ ਨੇ ਮਿਸਾਲ ਕਾਇਮ ਕੀਤੀ ਹੈ, ਜਿਸ ਵਿੱਚ ਰੈਗੂਲਰ ਖ਼ੂਨਦਾਨੀਆਂ ਦਾ ਵੀ ਵੱਡਮੁੱਲਾ ਯੋਗਦਾਨ ਹੈ।ਅੰਗਰੇਜ਼ ਸਿੰਘ ਰਾਮਗੜ੍ਹ ਨੇ ਕਿਹਾ ਕਿ ਨੌਜਵਾਨਾਂ ਵੱਲੋਂ ਖ਼ੂਨ ਦਾਨ ਕਰਕੇ ਮਰੀਜ਼ਾਂ ਦੀ ਜਾਨ ਬਚਾਉਣ ਸ਼ਲਾਘਾਯੋਗ ਹੈ।ਇਸ ਲਈ ਮਿਸ਼ਨ ਲਾਲੀ ਤੇ ਹਰਿਆਲੀ ਦੀ ਸਮੁੱਚੀ ਟੀਮ ਵਧਾਈ ਦੀ ਪਾਤਰ ਹੈ।ਇਸ ਮੌਕੇ ਮਿਸ਼ਨ ਦੇ ਮੋਢੀ ਤੇ ਮਾਸਟਰ ਮੋਟੀਵੇਟਰ ਹਰਦੀਪ ਸਿੰਘ ਸਨੌਰ, ਗੋਲਡਨ ਸਟਾਰ ਬਲੱਡ ਡੋਨਰ ਸੁਖਦੀਪ ਸਿੰਘ ਸੋਹਲ, ਭਾਈ ਰਵਿੰਦਰ ਸਿੰਘ ਭਾਂਖਰ, ਜਗਸੀਰ ਸਿੰਘ ਧਾਲੀਵਾਲ ਬੌੜਾਂ ਕਲਾਂ, ਸੁਖਜੀਤ ਸਿੰਘ ਬਸੰਤਪੁਰਾ ਤੇ ਸੁਖਵਿੰਦਰ ਸਿੰਘ ਸਮਾਣਾ ਆਦਿ ਹਾਜ਼ਰ ਸਨ।

# ਨੈਸ਼ਨਲ ਲੋਕ ਅਦਾਲਤ 14 ਨੂੰ

**ਬਠਿੰਡਾ (ਪਰਵਿੰਦਰ ਜੀਤ ਸਿੰਘ)**- ਸੈਸ਼ਨਜ਼ ਡਵੀਜ਼ਨ ਬਠਿੰਡਾ ਅਧੀਨ ਸਮੂਹ ਨਿਆਇਕ ਅਦਾਲਤਾਂ, ਬਠਿੰਡਾ ਤੇ ਇਸ ਦੀਆਂ ਸਬ-ਡਵੀਜ਼ਨਾਂ ਤਲਵੰਡੀ ਸਾਬੋ ਤੇ ਫੂਲ ਵਿੱਚ ਨੈਸ਼ਨਲ ਲੋਕ ਅਦਾਲਤ ਦਾ 14 ਮਾਰਚ 2026 ਨੂੰ ਆਯੋਜਨ ਕੀਤਾ ਜਾਵੇਗਾ।ਜ਼ਿਲ੍ਹਾ ਤੇ ਸੈਸ਼ਨ ਜੱਜ-ਸਹਿਤ-ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਬਠਿੰਡਾ ਸ਼੍ਰੀ ਕਰੁਨੇਸ਼ ਕੁਮਾਰ ਨੇ ਜਾਣਕਾਰੀ ਦਿੰਦੇ ਦੱਸਿਆ ਕਿ ਇਸ ਨੈਸ਼ਨਲ ਲੋਕ ਅਦਾਲਤ ਵਿੱਚ ਫੌਜਦਾਰੀ ਕੇਸਾਂ, ਚੈੱਕ ਬਾਊਂਸ ਮਾਮਲਿਆਂ, ਬੈਂਕ ਕੇਸਾਂ, ਮੋਟਰ ਐਕਸੀਡੈਂਟ ਕਲੇਮ ਕੇਸਾਂ ਤੇ ਪਰਿਵਾਰਕ ਵਿਵਾਦਾਂ ਸਮੇਤ ਵੱਖ-ਵੱਖ ਕਿਸਮਾਂ ਦੇ ਮਾਮਲੇ ਸੁਣਵਾਈ ਲਈ ਰੱਖੇ ਜਾਣਗੇ।ਇਸ ਤੋਂ ਇਲਾਵਾ ਪ੍ਰੀ-ਲੀਟੀਗੇਟਿਵ ਮਾਮਲੇ ਜਿਵੇਂ ਕਿ ਬੈਂਕ ਰਿਕਵਰੀ, ਜਲ ਸਪਲਾਈ ਤੇ ਲੇਬਰ ਨਾਲ ਸੰਬੰਧਤ ਕੇਸ ਵੀ ਨਿਪਟਾਰੇ ਲਈ ਲਗਾਏ ਜਾਣਗੇ, ਤਾਂ ਜੋ ਵੱਧ ਤੋਂ ਵੱਧ ਲੋਕਾਂ ਨੂੰ ਇਸ ਮੰਚ ਰਾਹੀਂ ਤੁਰੰਤ ਇਨਸਾਫ ਮਿਲ ਸਕੇ।ਉਨ੍ਹਾ ਦੱਸਿਆ ਕਿ ਲੋਕ ਅਦਾਲਤ ਦਾ ਮੁੱਖ ਉਦੇਸ਼ ਦੋਵੇਂ ਧਿਰਾਂ ਦੀ ਆਪਸੀ ਰਜ਼ਾਮੰਦੀ ਨਾਲ ਝਗੜਿਆਂ ਦਾ ਨਿਪਟਾਰਾ ਕਰਵਾਉਣਾ ਹੈ।ਇਸ ਪ੍ਰਕਿਰਿਆ ਨਾਲ ਧਿਰਾਂ ਦੇ ਕੀਮਤੀ ਸਮੇਂ ਤੇ ਧਨ ਦੀ ਬਚਤ ਹੁੰਦੀ ਹੈ ਅਤੇ ਆਪਸੀ ਰੰਜਿਸ਼ ਨੂੰ ਘਟਾਉਣ ਵਿੱਚ ਵੀ ਮਦਦ ਮਿਲਦੀ ਹੈ।

# ਸ਼ਿਵਰਾਤਰੀ ਨੂੰ ਸਮਰਪਤ ਧਾਰਮਿਕ ਸਮਾਰੋਹ



**ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)**- ਬ੍ਰਹਮਾਕੁਮਾਰੀ ਆਸ਼ਰਮ ਗਿੱਦੜਬਾਹਾ ਦੇ ਸੇਵਾ ਕੇਂਦਰ ਦੀ ਸੰਚਾਲਿਕਾ ਬ੍ਰਹਮਾਕੁਮਾਰੀ ਸ਼ੀਲਾ ਦੀਦੀ ਦੇ ਦਿਸ਼ਾ-ਨਿਰਦੇਸ਼ਾਂ ਹੇਠ ਗਿੱਦੜਬਾਹਾ ਦੇ ਨੇੜਲੇ ਪਿੰਡ ਕੋਟਭਾਈ ਵਿਖੇ ਬ੍ਰਹਮਾਕੁਮਾਰੀ ਆਸ਼ਰਮ ਵਿੱਚ ਮਹਾਂ ਸ਼ਿਵਰਾਤਰੀ ਨੂੰ ਸਮਰਪਤ ਧਾਰਮਿਕ ਸਮਾਰੋਹ ਕੀਤਾ ਗਿਆ।ਇਸ ਪ੍ਰੋਗਰਾਮ 'ਚ ਰਾਜੇਸ਼ ਗਾਂਧੀ ਬਿੱਟੂ, ਮੁਕੇਸ਼ ਕੁਮਾਰ ਪਿੰਟੂ ਤੇ ਗੁਰਦਿਆਲ ਕੌਰ ਮੱਲਣ ਵਿਸ਼ੇਸ਼ ਤੌਰ 'ਤੇ ਪੁੱਜੇ।ਇਸ ਦੌਰਾਨ ਕੋਟਭਾਈ ਸੇਵਾ ਕੇਂਦਰ ਦੀ ਸੰਚਾਲਿਕਾ ਬ੍ਰਹਮਾਕੁਮਾਰੀ ਰਜਨੀ ਭੈਣ ਨੇ ਦੱਸਿਆ ਕਿ ਮਹਾਂ ਸ਼ਿਵਰਾਤਰੀ ਦਾ ਤਿਉਹਾਰ ਮਨਾਉਣ ਲਈ ਹਲਕੇ ਦੀ ਸੰਗਤ ਵਿੱਚ ਬੜਾ ਹੀ ਉਤਸ਼ਾਹ ਵੇਖਣ ਲਈ ਮਿਲੀਆ।ਉਨ੍ਹਾਂ ਦੱਸਿਆ ਕਿ ਮਹਾਂ ਸ਼ਿਵਰਾਤਰੀ 'ਤੇ ਨਗਰ ਕੋਟਭਾਈ ਵਿਖੇ ਸ਼ੋਭਾ ਯਾਤਰਾ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਨਗਰ ਨਿਵਾਸੀਆਂ ਨੇ ਹਿੱਸਾ ਲਿਆ।ਇਸ ਦੌਰਾਨ ਉਨ੍ਹਾਂ ਵੱਲੋਂ ਆਮ ਸੰਗਤ ਨੂੰ ਬੁਰਾਈਆਂ ਤੋਂ ਦੂਰ ਰਹਿਣ ਦਾ ਸੰਦੇਸ਼ ਦਿੱਤਾ ਗਿਆ।ਇਸ ਦੌਰਾਨ ਗੋਨਿਆਣਾ ਮੰਡੀ ਤੋਂ ਵਿਸ਼ੇਸ਼ ਤੌਰ 'ਤੇ ਪਹੁੰਚੇ ਸ਼ਸ਼ੀ ਭੈਣ ਨੇ ਕਿਹਾ ਕਿ ਕਿ ਸਾਨੂੰ ਪ੍ਰਮਾਤਮਾ ਦੇ ਨਾਂਅ ਦਾ ਨਸ਼ਾ ਕਰਨਾ ਚਾਹੀਦਾ ਹੈ, ਜਿਸ ਨਾਲ ਸਾਡੀ ਆਤਮਾ ਤੇ ਸਾਡਾ ਸਮਾਜ ਸੁਧਰੇਗਾ।ਸਮਾਗਮ ਦੇ ਅੰਤ ਵਿੱਚ ਝੰਡੇ ਦੀ ਰਸਮ ਵੀ ਨਿਭਾਈ ਗਈ।ਇਸ ਮੌਕੇ ਆਸ਼ਰਮ ਵਿਖੇ ਸ਼ਰਧਾਲੂਆਂ ਵੱਲੋਂ ਭਜਨ ਤੇ ਗੀਤ ਪੇਸ਼ ਕੀਤੇ ਗਏ।ਇਸ ਮੌਕੇ ਬ੍ਰਹਮਾਂ ਭੋਜਨ ਵਰਤਾਇਆ ਗਿਆ।

# ਵਕੀਲ ਦਿਲਜੋਤ ਸ਼ਰਮਾ ਦੀ ਮਾਂ ਵੱਲੋਂ ਪੁਲਸ ਕਮਿਸ਼ਨਰ ਦਫ਼ਤਰ ਅੱਗੇ ਪੱਕਾ ਧਰਨਾ 2 ਤੋਂ

**ਮਾਨਸਾ (ਆਤਮਾ ਸਿੰਘ ਪਮਾਰ)**- ਲਲਕਾਰ ਗਰੁੱਪ ਨਾਲ ਸੰਬੰਧਤ ਐਡਵੋਕੇਟ ਦਿਲਜੋਤ ਸ਼ਰਮਾ ਦੀ ਭੇਦ ਭਰੇ ਹਾਲਾਤਾਂ 'ਚ ਹੋਈ ਮੌਤ ਦੇ ਕਾਰਨਾਂ ਦੀ ਨਿਰਪੱਖ ਜਾਂਚ ਕਰਵਾਉਣ ਤੇ ਮੁਲਜ਼ਮਾਂ ਖ਼ਿਲਾਫ਼ ਕਾਰਵਾਈ ਦੀ ਮੰਗ ਨੂੰ ਲੈ ਕੇ ਗਠਿਤ ਐਕਸ਼ਨ ਕਮੇਟੀ ਵੱਲੋਂ ਪੁਲਸ 'ਤੇ ਮੁਲਜ਼ਮਾਂ ਦੀ ਪੁਸ਼ਤਪਨਾਹੀ ਦੇ ਦੋਸ਼ ਲਗਾਏ ਗਏ।ਦਿਲਜੋਤ ਦੀ ਮਾਤਾ ਵੀਰਪਾਲ ਕੌਰ ਤੇ ਐਕਸ਼ਨ ਕਮੇਟੀ ਵੱਲੋਂ ਪੁਲਸ ਦੀ ਕਾਰਗੁਜ਼ਾਰੀ ਖ਼ਿਲਾਫ਼ ਸ਼ਹਿਰ 'ਚ ਮਾਰਚ ਕਰਕੇ 2 ਮਾਰਚ ਨੂੰ ਪੁਲਸ ਕਮਿਸ਼ਨਰ ਦਫ਼ਤਰ ਦੇ ਬਾਹਰ ਪੱਕਾ ਧਰਨਾ ਲਗਾਉਣ ਦਾ ਐਲਾਨ ਕਰ ਦਿੱਤਾ ਗਿਆ ਹੈ। ਇਸ ਮੌਕੇ ਦਿਲਜੋਤ ਦੀ ਮਾਤਾ ਵੀਰਪਾਲ ਕੌਰ, ਐਕਸ਼ਨ ਕਮੇਟੀ ਦੇ ਆਗੂਆਂ ਸੀ ਪੀ ਆਈ ਐੱਮ ਐੱਲ ਲਿਬਰੇਸ਼ਨ ਦੇ ਸੁਖਦਰਸ਼ਨ ਨੱਤ, ਆਇਸਾ ਆਗੂ ਸੁਖਜੀਤ ਸਿੰਘ ਰਾਮਾਨੰਦੀ, ਸ਼ੋਸਲਿਸਟ ਪਾਰਟੀ ਆਫ ਇੰਡੀਆ ਦੇ ਸਰਬਜੀਤ ਕੌਸ਼ਲ, ਹਰਿੰਦਰ ਮਾਨਸ਼ਾਹੀਆ, ਮਜ਼ਦੂਰ ਮੁਕਤੀ ਮੋਰਚਾ ਦੇ ਬਲਵਿੰਦਰ ਘਰਾਂਗਣਾਂ, ਗੁਰਸੇਵਕ ਸਿੰਘ ਮਾਨ, ਸੀ ਪੀ ਆਈ ਦੇ ਰਤਨ ਭੋਲਾ, ਪੈਨਸ਼ਨਰਜ਼ ਐਸੋਸੀਏਸ਼ਨ ਦੇ ਮਨਿੰਦਰ ਸਿੰਘ ਜਵਾਹਰਕੇ, ਪੰਜਾਬ ਕਿਸਾਨ ਯੂਨੀਅਨ ਦੇ ਸੁਖਚਰਨ ਦਾਨੇਵਾਲੀਆ, ਬੀ ਕੇ ਯੂ ਕਾਦੀਆਂ ਦੇ ਕੁਲਦੀਪ ਚੱਕ ਭਾਈਕੇ, ਪਰਿਵਾਰਕ ਮੈਂਬਰ ਸ਼ਿਵ ਜੀ ਰਾਮ, ਅਭਿਸ਼ੇਕ ਸ਼ਰਮਾ, ਰਵਿੰਦਰ ਸ਼ਰਮਾ, ਸ਼ਹੀਦ ਲਾਭ ਸਿੰਘ ਯਾਦਗਾਰੀ ਕਮੇਟੀ ਦੇ ਹਰਗਿਆਨ ਢਿੱਲੋਂ, ਜਗਰਾਜ ਸਿੰਘ ਰੱਲਾ, ਪ੍ਰਗਤੀਸ਼ੀਲ ਇਸਤਰੀ ਸਭਾ ਦੇ ਬਲਵਿੰਦਰ ਕੌਰ ਬੈਰਾਗੀ, ਬੀ ਕੇ ਯੂ ਕ੍ਰਾਂਤੀਕਾਰੀ ਦੇ ਗੁਰਨਾਮ ਸਿੰਘ, ਬੀ ਕੇ ਯੂ



ਏਕਤਾ ਡਕੌਂਦਾ ਦੇ ਮਹਿੰਦਰ ਸਿੰਘ ਭੈਣੀਬਾਘਾ, ਦਸਮੇਸ਼ ਅਕੈਡਮੀ ਮਾਨਸਾ ਦੇ ਹਰਜੀਵਨ ਸਿੰਘ ਸਰਾਂ ਨੇ ਕਿਹਾ ਕਿ ਲੜਕੀ ਦੀ ਮੌਤ ਹੋਈ ਨੂੰ ਲੱਗਭੱਗ ਡੇਢ ਮਹੀਨਾ ਬੀਤ ਚੁੱਕਿਆ ਹੈ, ਪ੍ਰੰਤੂ ਪੁਲਸ ਵੱਲੋਂ ਨਾ ਤਾਂ ਹੱਥ ਲਿਖਤ ਦਾ ਮਿਲਾਨ ਕਰਵਾਇਆ ਗਿਆ ਤੇ ਨਾ ਹੀ ਮੌਤ ਵੇਲੇ ਪਾਏ ਕੱਪੜੇ ਹੀ ਜਾਂਚ ਲਈ ਭੇਜੇ ਗਏ ਹਨ।ਇਸ ਤੋਂ ਇਲਾਵਾ ਬਿਸਰਾ ਰਿਪੋਰਟ ਵੀ ਨਹੀਂ ਮੰਗਵਾਈ ਗਈ।ਆਗੂਆਂ ਨੇ ਦੋਸ਼ ਲਗਾਇਆ ਕਿ ਪੁਲਸ ਵੱਲੋਂ ਜਾਣਬੁੱਝ ਕੇ ਜਾਂਚ ਨੂੰ ਲਟਕਾ ਕੇ ਕੇਸ ਨੂੰ ਰਫ਼ਾ ਦਫ਼ਾ ਕਰਨਾ ਚਾਹੁੰਦੀ ਹੈ।ਆਗੂਆਂ ਨੇ ਸਪੱਸ਼ਟ ਕੀਤਾ ਮਾਮਲੇ ਦੀ ਨਿਰਪੱਖ ਜਾਂਚ ਤੇ ਮੁਲਜ਼ਮਾਂ ਦੀ ਗ੍ਰਿਫ਼ਤਾਰੀ ਤੱਕ ਸੰਘਰਸ਼ ਜਾਰੀ ਰੱਖਿਆ ਜਾਵੇਗਾ।ਇਸ ਤੋਂ ਇਲਾਵਾ ਜਲਦੀ ਹੀ ਮਾਨਸਾ ਜ਼ਿਲ੍ਹੇ ਦੀਆਂ ਜਨਤਕ ਜਥੇਬੰਦੀਆਂ ਦੀ ਇੱਕ ਵੱਡੀ ਮੀਟਿੰਗ ਵੀ ਕੀਤੀ ਜਾਵੇਗੀ।

# ਪੰਜਾਬ ਸਰਕਾਰ ਵੱਲੋਂ ਕੀਤੇ ਜਾ ਰਹੇ ਕੰਮ ਕਾਬਲੇ ਤਾਰੀਫ਼ : ਸਰਪੰਚ ਰਾਜਾ ਮੱਲ ਕੇ

**ਬਾਘਾ ਪੁਰਾਣਾ (ਮਨੀ ਸਿੰਗਲਾ)**- ਪਿੰਡ ਮੱਲ ਕੇ ਦੇ ਸਰਪੰਚ ਜਸਵਿੰਦਰ ਸਿੰਘ ਰਾਜਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਵੱਲੋਂ ਕੀਤੇ ਜਾ ਰਹੇ ਕੰਮ ਕਾਬਿਲ-ਏ-ਤਾਰੀਫ਼ ਹਨ।ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਲਏ ਜਾ ਰਹੇ ਫ਼ੈਸਲੇ ਸੂਬੇ ਦੇ ਲੋਕਾਂ ਦੇ ਹਿੱਤ ਵਿੱਚ ਹਨ ਅਤੇ ਉਨ੍ਹਾਂ ਦੀ ਚਫੇਰਿਓਂ ਸਰਾਹਣਾ ਹੋ ਰਹੀ ਹੈ।ਸਰਪੰਚ ਜਸਵਿੰਦਰ ਸਿੰਘ ਰਾਜਾ ਨੇ ਕਿਹਾ ਕਿ ਮੌਜੂਦਾ ਸਰਕਾਰ ਨੇ ਸਿੱਖਿਆ, ਸਿਹਤ ਤੇ ਬੁਨਿਆਦੀ ਢਾਂਚੇ ਦੇ ਖੇਤਰ ਵਿੱਚ ਕਈ ਮਹੱਤਵਪੂਰਨ ਕਦਮ ਚੁੱਕੇ ਹਨ।ਉਨ੍ਹਾਂ ਦੱਸਿਆ ਕਿ ਸਕੂਲਾਂ ਦੀ ਬਿਹਤਰੀ, ਹਸਪਤਾਲਾਂ ਵਿੱਚ ਸੁਵਿਧਾਵਾਂ ਦੇ ਵਾਧੇ ਤੇ ਭ੍ਰਿਸ਼ਟਾਚਾਰ ਵਿਰੁੱਧ ਸਖ਼ਤ ਨੀਤੀਆਂ ਨੇ ਲੋਕਾਂ ਵਿੱਚ ਭਰੋਸਾ ਪੈਦਾ ਕੀਤਾ ਹੈ।ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਪਾਰਦਰਸ਼ੀ ਪ੍ਰਸ਼ਾਸਨ ਦੇਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਜਿਸ ਦਾ ਲਾਭ ਆਮ ਜਨਤਾ ਤੱਕ ਪਹੁੰਚ ਰਿਹਾ ਹੈ।ਉਨ੍ਹਾਂ ਕਿਹਾ ਕਿ ਪਿੰਡ ਪੱਧਰ 'ਤੇ ਵੀ ਸਰਕਾਰ ਦੀਆਂ ਯੋਜਨਾਵਾਂ ਦਾ ਅਸਰ ਵੇਖਣ ਨੂੰ ਮਿਲ ਰਿਹਾ ਹੈ।ਗ੍ਰਾਮੀਣ ਵਿਕਾਸ ਕਾਰਜਾਂ ਨੂੰ ਤਰਜੀਹ ਦਿੱਤੀ ਜਾ ਰਹੀ ਹੈ ਤੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਤੁਰੰਤ ਸੁਣ ਕੇ ਹੱਲ ਕਰਨ ਦੀ ਕੋਸ਼ਿਸ਼ ਹੋ ਰਹੀ ਹੈ।ਸਰਪੰਚ ਨੇ ਕਿਹਾ ਕਿ ਮੁੱਖ ਮੰਤਰੀ ਵੱਲੋਂ ਲਏ ਗਏ ਕਈ ਫ਼ੈਸਲੇ ਸਿੱਧੇ ਤੌਰ 'ਤੇ ਆਮ ਲੋਕਾਂ ਨੂੰ ਰਾਹਤ ਦੇਣ ਵਾਲੇ ਸਾਬਿਤ ਹੋਏ ਹਨ। ਜਸਵਿੰਦਰ ਸਿੰਘ ਰਾਜਾ ਨੇ ਆਸ ਪ੍ਰਗਟਾਈ ਕਿ ਆਉਣ ਵਾਲੇ ਸਮੇਂ ਵਿੱਚ ਵੀ ਸਰਕਾਰ ਲੋਕ-ਹਿੱਤ ਨੀਤੀਆਂ ਨੂੰ ਜਾਰੀ ਰੱਖੇਗੀ ਤੇ ਪੰਜਾਬ ਨੂੰ ਤਰੱਕੀ ਦੀ ਨਵੀਂ ਦਿਸ਼ਾ ਦੇਵੇਗੀ।ਉਨ੍ਹਾਂ ਕਿਹਾ ਕਿ ਜੇਕਰ ਸਰਕਾਰ ਇਸੇ ਤਰ੍ਹਾਂ ਇਮਾਨਦਾਰੀ ਤੇ ਸਮਰਪਣ ਨਾਲ ਕੰਮ ਕਰਦੀ ਰਹੀ ਤਾਂ ਸੂਬਾ ਵਿਕਾਸ ਦੇ ਰਾਹ 'ਤੇ ਮਜ਼ਬੂਤੀ ਨਾਲ ਅੱਗੇ ਵਧੇਗਾ।ਅੰਤ ਵਿੱਚ ਉਨ੍ਹਾਂ ਕਿਹਾ ਕਿ ਲੋਕ ਸਰਕਾਰ ਦੀਆਂ ਭਲਾਈ ਯੋਜਨਾਵਾਂ ਦਾ ਲਾਭ ਲੈਣ ਤੇ ਵਿਕਾਸ ਕਾਰਜਾਂ ਵਿੱਚ ਆਪਣਾ ਸਹਿਯੋਗ ਦੇਣ ਤਾਂ ਜੋ ਪਿੰਡਾਂ ਤੇ ਸ਼ਹਿਰਾਂ ਦੀ ਤਰੱਕੀ ਨੂੰ ਹੋਰ ਗਤੀ ਮਿਲ ਸਕੇ।



# ਮੋਹੀ 'ਚ ਅੱਖਾਂ ਦਾ ਮੁਫਤ ਕੈਂਪ ਭਲਕੇ

**ਚੌਂਕੀਮਾਨ (ਇੰਜ. ਬਲਬੀਰ ਸਿੰਘ ਮਾਨ)**- ਸੰਤ ਬਾਬਾ ਨਿਹਾਲ ਸਿੰਘ ਜੀ ਯੂਥ ਵੈੱਲਫੇਅਰ ਕਲੱਬ, ਪ੍ਰਵਾਸੀ ਪੰਜਾਬੀ ਵੀਰਾਂ ਤੇ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਪਿੰਡ ਮੋਹੀ ਜ਼ਿਲ੍ਹਾ ਲੁਧਿਆਣਾ ਵਿਖੇ ਬਾਬਾ ਨਿਹਾਲ ਸਿੰਘ ਜੀ ਦੀ ਯਾਦ ਨੂੰ ਸਮਰਪਤ ਅੱਖਾਂ ਦਾ ਫ੍ਰੀ ਕੈਂਪ 23 ਫਰਵਰੀ ਨੂੰ ਗੁਰਦੁਆਰਾ ਪਾਤਸ਼ਾਹੀ ਦਸਵੀਂ ਸ੍ਰੀ ਛੱਲਾ ਸਾਹਿਬ ਵਿਖੇ ਸਵੇਰੇ 8 ਵਜੇ ਤੋਂ ਦੁਪਹਿਰ 1 ਵਜੇ ਤੱਕ ਲਗਾਇਆ ਜਾ ਰਿਹਾ ਹੈ। ਇਸ ਕੈਂਪ ਵਿੱਚ ਚਿੱਟੇ ਮੋਤੀਏ ਦਾ ਚੈੱਕਅਪ ਕਰਕੇ ਆਪ੍ਰੇਸ਼ਨ ਕੀਤੇ ਜਾਣਗੇ ਅਤੇ ਮੁਫਤ ਲੈਨਜ਼ ਪਾ ਕੇ ਮਰੀਜ਼ਾਂ ਦੀ ਸੇਵਾ ਸੰਭਾਲ ਕੀਤੀ ਜਾਵੇਗੀ।ਮਰੀਜ਼ ਆਪਣੇ ਨਾਲ ਆਧਾਰ ਕਾਰਡ ਦੀ ਫੋਟੋ ਜ਼ਰੂਰ ਲੈ ਕੇ ਆਉਣ।ਇਹ ਕੈਂਪ ਸ਼ੰਕਰਾ ਆਈ ਹਸਪਤਾਲ ਨੇੜੇ ਪਿੰਡ ਭਨੋਹੜ ਜ਼ਿਲ੍ਹਾ ਲੁਧਿਆਣਾ ਤੇ ਸਿਹਤ ਵਿਭਾਗ ਦੇ ਸਹਿਯੋਗ ਨਾਲ ਆਮ ਲੋਕਾਂ ਦੀ ਸਹੂਲਤ ਲਈ ਲਗਾਇਆ ਜਾ ਰਿਹਾ ਹੈ। ਇਸ ਮੌਕੇ ਦਾ ਲੋੜਵੰਦ ਮਰੀਜ਼ਾਂ ਨੂੰ ਵੱਧ ਤੋਂ ਵੱਧ ਲਾਭ ਉਠਾਉਣਾ ਚਾਹੀਦਾ ਹੈ।

# ਤਿੰਨ ਰੋਜ਼ਾ ਕੌਮਾਂਤਰੀ ਕਾਨਫਰੰਸ ਸਫ਼ਲਤਾਪੂਰਵਕ ਸਮਾਪਤ

**ਸ੍ਰੀ ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**- ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਵੱਲੋਂ ਸਿੱਖ ਐਜੂਕੇਸ਼ਨ ਕੌਂਸਲ ਯੂ. ਕੇ. ਦੇ ਸਹਿਯੋਗ ਨਾਲ ਕੌਮਾਂਤਰੀ ਮਾਂ-ਬੋਲੀ ਦਿਹਾੜੇ ਨੂੰ ਸਮਰਪਿਤ 'ਪੰਜਾਬ ਅਤੇ ਸਿੱਖੀ : ਅਵਾਸ ਅਤੇ ਪਰਵਾਸ ਦੇ ਸਰੋਕਾਰ' ਵਿਸ਼ੇ ਨਾਲ ਸੰਬੰਧਤ ਤਿੰਨ ਰੋਜ਼ਾ ਪੰਜਾਬੀ ਕਾਨਫਰੰਸ ਸਫ਼ਲ ਰਹੀ।ਆਖ਼ਰੀ ਦਿਨ ਦੋ ਇਜਲਾਸ ਹੋਏ।ਡਾ. ਸਿਕੰਦਰ ਸਿੰਘ (ਡੀਨ ਭਾਸ਼ਾਵਾਂ, ਮੁਖੀ ਪੰਜਾਬੀ ਵਿਭਾਗ) ਨੇ ਆਏ ਵਿਦਵਾਨਾਂ ਦਾ ਸਵਾਗਤ ਕੀਤਾ।ਪਹਿਲੇ ਇਜਲਾਸ ਵਿੱਚ ਪ੍ਰੋ. ਰਣਜੀਤ ਸਿੰਘ ਘੁੰਮਣ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਨੇ ਪਰਵਾਸ ਦੇ ਸਕਾਰਾਤਮਕ ਪੱਖ ਦੀ ਗੱਲ ਕੀਤੀ।ਉਨ੍ਹਾਂ ਨੇ ਪਰਵਾਸ ਦੇ ਪਿਛੋਕੜ 'ਤੇ ਚਾਨਣਾ ਪਾਉਂਦਿਆਂ ਕਿਹਾ ਕਿ ਪਰਵਾਸ ਦੇ ਹੱਲ ਵਿਅਕਤੀਗਤ ਤੌਰ 'ਤੇ ਨਹੀਂ, ਸਗੋਂ ਸਿਸਟਮ ਨੂੰ ਹੀ ਹੰਭਲਾ ਮਾਰਨਾ ਪਵੇਗਾ।ਨਾਲ ਹੀ ਉਨ੍ਹਾਂ ਕੰਮ ਦਾ ਸੱਭਿਆਚਾਰ, ਕਾਨੂੰਨੀ ਪਰਵਾਸ ਨੂੰ ਅਹਿਮ ਦੱਸਿਆ।ਡਾ. ਗੁਰਪ੍ਰੀਤ ਸਿੰਘ ਬਰਾੜ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਪਰਵਾਸ ਨੂੰ ਸੁਭਾਅ ਦਾ ਹਿੱਸਾ ਮੰਨਦਿਆਂ



ਬਾਜ਼ਾਰ ਦੇ ਪ੍ਰਭਾਵ, ਸਕੂਲੀ ਤੇ ਉੱਚ ਸਿੱਖਿਆ ਦੀ ਸਥਿਤੀ ਦੀ ਗੱਲ ਆਖੀ।ਡਾ. ਹਰਨੀਤ ਬਿਲਿੰਗ ਸਿੱਖਿਆ ਵਿਭਾਗ, ਡਾ. ਹਰਪ੍ਰੀਤ ਕੌਰ ਪੰਜਾਬੀ ਵਿਭਾਗ, ਡਾ. ਰਮਨਦੀਪ ਕੌਰ ਰਾਜਨੀਤੀ ਸ਼ਾਸਤਰ ਵਿਭਾਗ ਨੇ ਆਪਣੇ ਖੋਜ ਪੱਤਰ ਪੇਸ਼ ਕੀਤੇ।ਦੂਜੇ ਇਜਲਾਸ ਵਿੱਚ ਤਿੰਨ ਵਿਦਵਾਨਾਂ ਡਾ. ਖੁਸ਼ਵਿੰਦਰ ਕੁਮਾਰ ਖਾਲਸਾ ਯੂਨੀਵਰਸਿਟੀ ਅੰਮ੍ਰਿਤਸਰ, ਪ੍ਰੋ. ਗੁਰਮੁੱਖ ਸਿੰਘ ਪੰਜਾਬੀ ਯੂਨੀਵਰਸਿਟੀ ਪਟਿਆਲਾ, ਡਾ. ਸੇਵਕ ਸਿੰਘ ਸਿੱਖ ਚਿੰਤਕ ਸ੍ਰੀ ਅਨੰਦਪੁਰ ਸਾਹਿਬ ਨੇ ਉਪਰੋਕਤ ਵਿਸ਼ੇ ਦੇ ਪ੍ਰਸੰਗ ਵਿੱਚ ਆਪਣੀ ਗੱਲ ਰੱਖੀ।ਡਾ. ਸਿਕੰਦਰ ਸਿੰਘ ਨੇ ਆਏ ਵਿਦਵਾਨਾਂ, ਅਧਿਆਪਕਾਂ, ਵਿਦਿਆਰਥੀਆਂ ਦਾ ਧੰਨਵਾਦ ਕੀਤਾ। ਕਾਨਫਰੰਸ ਦਾ ਸੰਚਾਲਨ ਡਾ. ਚਰਨਜੀਤ ਕੌਰ ਤੇ ਡਾ. ਹਰਪ੍ਰੀਤ ਕੌਰ ਪੰਜਾਬੀ ਵਿਭਾਗ ਵੱਲੋਂ ਕ੍ਰਮਵਾਰ ਕੀਤਾ ਗਿਆ। ਪ੍ਰੋਗਰਾਮ ਦੌਰਾਨ ਡਾ. ਹਰਦੇਵ ਸਿੰਘ ਮੁਖੀ ਸ੍ਰੀ ਗੁਰੂ ਗ੍ਰੰਥ ਸਾਹਿਬ ਧਰਮ ਅਧਿਐਨ ਵਿਭਾਗ, ਡਾ. ਹਰਨੀਤ ਬਿਲਿੰਗ ਮੁਖੀ ਸਿੱਖਿਆ ਵਿਭਾਗ, ਡਾ. ਰਮਨਦੀਪ ਕੌਰ ਮੁਖੀ ਰਾਜਨੀਤੀ ਸ਼ਾਸਤਰ ਵਿਭਾਗ, ਡਾ. ਰੁਪਿੰਦਰ ਪਾਲ ਸਿੰਘ ਮੁਖੀ ਭੋਜਨ ਤਕਨੀਕ ਵਿਭਾਗ, ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ ਦੇ ਭਾਸ਼ਾ ਅਫ਼ਸਰ ਸ੍ਰ. ਸੰਦੀਪ ਬਿਬੇਕਗੜ੍ਹ ਤੇ ਰਣਜੀਤ ਸਿੰਘ ਅਤੇ ਹੋਰ ਵੱਖ-ਵੱਖ ਵਿਭਾਗਾਂ ਦੇ ਮੁਖੀ ਸਾਹਿਬਾਨ, ਅਧਿਆਪਕ ਸਾਹਿਬਾਨ ਤੇ ਵਿਦਿਆਰਥੀਆਂ ਨੇ ਹਿੱਸਾ ਲਿਆ।

...ਸਫ਼ਾ 1 ਦੇ ਬਾਕੀ

## ਮਾਤ-ਭਾਸ਼ਾ ਦਿਵਸ...

ਉਚਾਰਣ, ਅਖਾਣ ਅਤੇ ਮੁਹਾਵਰੇ ਭਰਪੂਰ ਵਾਰਤਾਲਾਪ ਅਤੇ ਕੈਲੀਗ੍ਰਾਫੀ (ਅੱਖ਼ਰਕਾਰੀ) ਮੁਕਾਬਲਿਆਂ ਵਿਚ ਹਿੱਸਾ ਲਿਆ। ਵੱਖ-ਵੱਖ ਮੁਕਾਬਲਿਆਂ ਲਈ ਜਤਿੰਦਰ ਹਾਂਸ, ਸੁਰਿੰਦਰ ਕੈਲੇ, ਇੰਦਰਜੀਤ ਪਾਲ ਕੌਰ, ਜਗਵਿੰਦਰ ਜੋਧਾ, ਡਾ. ਬਲਵਿੰਦਰ ਸਿੰਘ ਔਲਖ ਗਲੈਕਸੀ, ਡਾ. ਗੁਰਇਕਬਾਲ ਸਿੰਘ, ਕੁਲਵਿੰਦਰ ਕਿਰਨ, ਜਸਵਿੰਦਰ ਧਨਾਨਸੂ, ਡਾ. ਹਰੀ ਸਿੰਘ ਜਾਚਕ, ਰਣਧੀਰ ਕੰਵਲ, ਮਨਪ੍ਰੀਤ ਕੌਰ ਭੰਮਰਾ, ਜਸਵੀਰ ਝੱਜ, ਰਵਿੰਦਰ ਰਵੀ, ਪਾਲੀ ਖ਼ਾਦਿਮ, ਪ੍ਰਭਜੋਤ ਸੋਹੀ, ਡਾ. ਪਰਮਜੀਤ ਸਿੰਘ ਸੋਹਲ, ਸੁਰਿੰਦਰ ਰਾਮਪੁਰੀ, ਰਾਜਦੀਪ ਤੂਰ, ਕੇ. ਸਾਧੂ ਸਿੰਘ, ਅਮਰਜੀਤ ਸ਼ੇਰਪੁਰੀ ਨੇ ਨਿਰਣਾਇਕਾਂ ਵਜੋਂ ਭੂਮਿਕਾ ਨਿਭਾਈ। ਸਮੁੱਚੇ ਇਕੱਠ ਨੂੰ ਮਾਤ ਭਾਸ਼ਾ ਸਹੁੰ ਅਕਾਦਮੀ ਦੇ ਜਨਰਲ ਸਕੱਤਰ ਡਾ. ਗੁਲਜ਼ਾਰ ਸਿੰਘ ਪੰਧੇਰ ਨੇ ਚੁਕਾਈ।

## ਸਰਕਾਰੀ ਸਕੂਲਾਂ ਦੇ ...

ਦਿਲੋਂ ਧੰਨਵਾਦ ਕਰਦਾ ਹਾਂ। ਇਸ ਸਫ਼ਲਤਾ ਦਾ ਸਿਹਰਾ ਪੰਜਾਬ ਸਰਕਾਰ ਦੇ ਠੋਸ ਯਤਨਾਂ, ਖਾਸ ਕਰਕੇ ਪੀ ਏ ਸੀ ਈ ਕੋਚਿੰਗ ਪੋਰਟਲ ਵਰਗੀਆਂ ਪਹਿਲਕਦਮੀਆਂ, ਜੋ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਬਿਨਾਂ ਕੋਈ ਪੈਸਾ ਲਏ ਉੱਚ-ਗੁਣਵੱਤਾ ਦੇ ਨਾਲ ਪ੍ਰੀਖਿਆਵਾਂ ਲਈ ਤਿਆਰ ਕਰਦੀਆਂ ਹਨ, ਨੂੰ ਦਿੰਦਿਆਂ ਕੈਬਨਿਟ ਮੰਤਰੀ ਨੇ ਕਿਹਾ ਇਨਾਂ ਯਤਨ ਸਦਕਾ ਸਾਧਾਰਨ ਪਿਛੋਕੜ ਨਾਲ ਸੰਬੰਧਤ ਬੱਚੇ ਆਈ ਆਈ ਟੀ ਮਦਰਾਸ, ਆਈ ਆਈ ਟੀ ਬੰਬੇ, ਆਈ ਆਈ ਟੀ ਦਿੱਲੀ ਅਤੇ ਬਿਟਸ (ਬੀ ਆਈ ਟੀ ਐੱਸ) ਪਿਲਾਨੀ 'ਚ ਪੜ੍ਹਨ ਦਾ ਸੁਪਨਾ ਦੇਖ ਰਹੇ ਹਨ।ਇਨ੍ਹਾਂ ਵਿੱਚ ਮਜ਼ਦੂਰਾਂ, ਦਰਜ਼ੀਆਂ ਤੇ ਹੋਰ ਕਾਮਿਆਂ ਦੇ ਬੱਚੇ ਸ਼ਾਮਲ ਹਨ।

## ਭਾਰਤ ਤੇ ਬ੍ਰਾਜ਼ੀਲ...

ਕਿ ਲਾਤੀਨੀ ਅਮਰੀਕਾ ਵਿੱਚ ਬ੍ਰਾਜ਼ੀਲ ਭਾਰਤ ਦਾ ਸਭ ਤੋਂ ਵੱਡਾ ਵਪਾਰਕ ਭਾਈਵਾਲ ਹੈ। ਉਨ੍ਹਾ ਕਿਹਾ ਕਿ ਇਹ ਆਰਥਿਕ ਰਿਸ਼ਤਾ ਸਿਰਫ਼ ਇੱਕ ਅੰਕੜਾ ਨਹੀਂ, ਸਗੋਂ ਇਹ ਦੋਵਾਂ ਦੇਸ਼ਾਂ ਦੇ ਆਪਸੀ ਭਰੋਸੇ ਦਾ ਪ੍ਰਤੀਕ ਹੈ। ਬ੍ਰਾਜ਼ੀਲ ਦੇ ਰਾਸ਼ਟਰਪਤੀ 'ਏ ਆਈ ਇੰਪੈਕਟ ਸਮਿਟ' ਵਿੱਚ ਹਿੱਸਾ ਲੈਣ ਅਤੇ ਹੋਰ ਦੁਵੱਲੇ ਸਮਝੌਤਿਆਂ ਲਈ ਭਾਰਤ ਆਏ ਹੋਏ ਹਨ। ਦੋਵੇਂ ਦੇਸ਼ ਆਰਟੀਫੀਸ਼ੀਅਲ ਇੰਟੈਲੀਜੈਂਸ (ਆਈ ਏ), ਸੈਮੀਕੰਡਕਟਰ, ਸੁਪਰ ਕੰਪਿਊਟਿੰਗ ਅਤੇ ਬਲਾਕਚੇਨ ਤਕਨਾਲੋਜੀਆਂ ਵਿੱਚ ਵੀ ਸਹਿਯੋਗ ਵਧਾਉਣਗੇ।

## ਸਮਾਜਕ ਤਬਦੀਲੀ ਤੇ ਮਾਨਵਤਾ...

ਹੋਵੇਗੀ ਕਿ ਉਸ ਨੂੰ ਮਨਾਂ ਵਿੱਚ ਵਸਾ ਕੇ ਉਸ ਵਰਗਾ ਬਣੀਏ। ਪਿੰਡ ਦੇ ਸਰਪੰਚ ਬਲਦੇਵ ਸਿੰਘ ਨੇ ਹਰਜਿੰਦਰ ਸਿੰਘ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਉਹ ਮੇਰਾ ਵਿਦਿਆਰਥੀ ਵੀ ਰਿਹਾ ਹੈ ਤੇ ਗਵਾਂਢੀ ਵੀ। ਇੱਕ ਟਰਮ ਵਿੱਚ ਉਹ ਮੇਰੇ ਨਾਲ ਪਿੰਡ ਦਾ ਪੰਚ ਵੀ ਚੁਣਿਆ ਗਿਆ ਸੀ। ਸ਼ਰਧਾਂਜਲੀ ਸਮਾਗਮ ਵਿੱਚ ਸਟੇਜ ਸਕੱਤਰ ਦੇ ਫਰਜ਼ ਪੰਜਾਬ ਖੇਤ ਮਜਦੂਰ ਸਭਾ ਦੇ ਜ਼ਿਲ੍ਹਾ ਸਕੱਤਰ ਸੁਖਦੇਵ ਸਿੰਘ ਕੋਟ ਧਰਮ ਚੰਦ ਕਲਾਂ ਨੇ ਨਿਭਾਏ। ਇਸ ਮੌਕੇ ਹੋਰਨਾਂ ਤੋਂ ਇਲਾਵਾ ਹਰਪਾਲ ਸਿੰਘ ਵੈਰੋਵਾਲ ਤੇ ਸਤਨਾਮ ਸਿੰਘ ਕੱਲ੍ਹਾ ਨੇ ਵੀ ਸ਼ਰਧਾ ਦੇ ਫੁੱਲ ਭੇਂਟ ਕੀਤੇ। ਇਸ ਤੋਂ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ ਦੇ ਭੋਗ ਪਾਏ ਗਏ ਅਤੇ ਕੀਰਤਨੀ ਜਥੇ ਨੇ ਵੈਰਾਗਮਈ ਕੀਰਤਨ ਕੀਤਾ।

## ਪੰਜਾਬ 'ਚ ਕੋਈ ਨਵਾਂ ਟੈਕਸ...

ਪਰਿਵਾਰ ਨੂੰ 10 ਲੱਖ ਤੱਕ ਦਾ ਨਕਦੀ ਰਹਿਤ ਡਾਕਟਰੀ ਇਲਾਜ ਕੀਤਾ ਜਾਂਦਾ ਹੈ। ਸਿੱਖਿਆ ਖੇਤਰ ਬਾਰੇ ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਸਾਰੇ ਸਰਕਾਰੀ ਸਕੂਲਾਂ ਵਿੱਚ ਬੁਨਿਆਦੀ ਢਾਂਚੇ ਨੂੰ ਅਪਗ੍ਰੇਡ ਕਰਨ ਲਈ ਪੰਜਾਬ ਸਿੱਖਿਆ ਕ੍ਰਾਂਤੀ ਸ਼ੁਰੂ ਕੀਤੀ ਹੈ। ਉਨ੍ਹਾਂ ਕਿਹਾ, ਅਸੀਂ 118 ਸਰਕਾਰੀ ਸੀਨੀਅਰ ਸੈਕੰਡਰੀ ਸਕੂਲਾਂ ਨੂੰ ਸਮਾਰਟ ਕਲਾਸਰੂਮਾਂ, ਆਧੁਨਿਕ ਉਪਕਰਣਾਂ ਨਾਲ ਲੈਸ ਲੈਬਾਂ, ਖੇਡ ਮੈਦਾਨਾਂ ਨਾਲ ਸ਼ਾਨਦਾਰ ਸਕੂਲਾਂ ਵਿੱਚ ਬਦਲਣ ਲਈ ਵਚਨਬੱਧ ਹਾਂ। ਬੁਨਿਆਦੀ ਢਾਂਚੇ ਬਾਰੇ ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਨੇ ਆਪਣੇ ਇਤਿਹਾਸ ਵਿੱਚ ਸਭ ਤੋਂ ਵੱਡੀ ਸੜਕ ਨਿਰਮਾਣ ਮੁਹਿੰਮ ਚਲਾਈ ਹੈ, ਜਿਸ ਤਹਿਤ 16209 ਕਰੋੜ ਦੀ ਲਾਗਤ ਨਾਲ 44920 ਕਿਲੋਮੀਟਰ ਸੜਕਾਂ ਬਣਾਈਆਂ ਗਈਆਂ। ਉਨ੍ਹਾਂ ਕਿਹਾ, ਇਹ ਸਾਰੀਆਂ ਸੜਕਾਂ ਪੰਜ ਸਾਲਾਂ ਦੀ ਸਾਂਭ-ਸੰਭਾਲ ਦੀ ਸ਼ਰਤ ਨਾਲ ਬਣਾਈਆਂ ਜਾ ਰਹੀਆਂ ਹਨ, ਜੋ ਉੱਚਤਮ ਗੁਣਵੱਤਾ ਦੇ ਮਿਆਰਾਂ ਅਤੇ ਵਿਸ਼ਵ ਪੱਧਰੀ ਸੜਕ ਸੁਰੱਖਿਆ ਵਿਸ਼ੇਸ਼ਤਾਵਾਂ ਨੂੰ ਯਕੀਨੀ ਬਣਾਉਂਦੀਆਂ ਹਨ।

## ਪੰਜਾਬ ਐੱਫ ਡੀ ਆਈ ...

ਪਹਿਲੀ ਪਸੰਦ ਬਣਾ ਰਹੀਆਂ ਹਨ।ਨਿਵੇਸ਼ ਦੇ ਤੁਲਨਾਤਮਕ ਅੰਕੜੇ ਸਾਂਝੇ ਕਰਦਿਆਂ ਪੰਨੂ ਨੇ ਦੱਸਿਆ ਕਿ ਮਾਰਚ 2022 ਤੋਂ ਹੁਣ ਤੱਕ (ਫਰਵਰੀ 2026) ਦੇ ਸਮੇਂ ਦੌਰਾਨ ਪੰਜਾਬ ਨੇ ਵਿਕਾਸ ਦੀ ਨਵੀਂ ਇਬਾਰਤ ਲਿਖੀ ਹੈ। ਇਸ ਸਮੇਂ ਦੌਰਾਨ ਸੂਬੇ ਵਿੱਚ ਸਾਲਾਨਾ ਔਸਤਨ 40,000 ਕਰੋੜ ਰੁਪਏ ਦਾ ਨਿਵੇਸ਼ ਹੋਇਆ ਹੈ। ਮਾਨ ਸਰਕਾਰ ਦੇ ਹੁਣ ਤੱਕ ਦੇ ਕਾਰਜਕਾਲ ਵਿੱਚ ਕੁੱਲ 1 ਲੱਖ 34 ਹਜ਼ਾਰ ਕਰੋੜ ਰੁਪਏ ਦਾ ਨਿਵੇਸ਼ ਹੋਇਆ ਹੈ। ਪਿਛਲੀਆਂ ਸਰਕਾਰਾਂ ਦੀ ਨਾਕਾਮੀ 'ਤੇ ਨਿਸ਼ਾਨਾ ਸਾਧਦਿਆਂ ਬਲਤੇਜ ਪੰਨੂ ਨੇ ਕਿਹਾ ਕਿ ਕਾਂਗਰਸ ਦੀ ਕੈਪਟਨ ਅਤੇ ਚੰਨੀ ਸਰਕਾਰ ਦੇ ਸਮੇਂ ਸਾਲਾਨਾ ਨਿਵੇਸ਼ ਕੇਵਲ 23 ਹਜ਼ਾਰ ਕਰੋੜ ਰੁਪਏ ਤੱਕ ਸੀਮਤ ਸੀ ਅਤੇ ਉਨ੍ਹਾਂ ਦੇ ਪੂਰੇ 5 ਸਾਲਾਂ ਦੇ ਕਾਰਜਕਾਲ ਵਿੱਚ ਕੁੱਲ 1 ਲੱਖ 17 ਹਜ਼ਾਰ ਕਰੋੜ ਰੁਪਏ ਦਾ ਹੀ ਨਿਵੇਸ਼ ਹੋ ਸਕਿਆ ਸੀ। ਉੱਥੇ ਹੀ, ਅਕਾਲੀ-ਭਾਜਪਾ ਸਰਕਾਰ ਦੇ ਸਮੇਂ ਹਾਲਾਤ ਹੋਰ ਵੀ ਮਾੜੇ ਸਨ, ਜਿੱਥੇ ਸਾਲਾਨਾ ਨਿਵੇਸ਼ ਮਹਿਜ਼ 6,600 ਕਰੋੜ ਰੁਪਏ ਸੀ ਅਤੇ 5 ਸਾਲਾਂ ਵਿੱਚ ਕੁੱਲ 32,999 ਕਰੋੜ ਰੁਪਏ ਦਾ ਨਿਵੇਸ਼ ਹੋਇਆ ਸੀ।

## ਅਮਰੀਕੀ ਰਾਸ਼ਟਰਪਤੀ ...

ਕਿਹਾ ਕਿ ਸੁਪਰੀਮ ਕੋਰਟ ਦਾ ਸੰਦੇਸ਼ ਸਾਫ ਹੈ ਕਿ ਰਾਸ਼ਟਰਪਤੀ ਸ਼ਕਤੀਸ਼ਾਲੀ ਹਨ, ਪਰ ਸਾਡਾ ਸੰਵਿਧਾਨ ਅਜੇ ਵੀ ਵਧੇਰੇ ਸ਼ਕਤੀਸ਼ਾਲੀ ਹੈ। ਅਮਰੀਕਾ ਵਿੱਚ ਸਿਰਫ਼ ਕਾਂਗਰਸ ਹੀ ਅਮਰੀਕੀ ਲੋਕਾਂ 'ਤੇ ਟੈਕਸ ਲਗਾ ਸਕਦੀ ਹੈ। ਸੁਪਰੀਮ ਕੋਰਟ ਨੇ ਸਾਨੂੰ ਉਹ ਸਭ ਕੁਝ ਦਿੱਤਾ, ਜੋ ਅਸੀਂ ਆਪਣੇ ਕਾਨੂੰਨੀ ਕੇਸ ਵਿੱਚ ਮੰਗਿਆ ਸੀ।

ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by Printer, Publisher and Editor : **Chand Singh @ Chand Fatehpuri** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.

ਪ੍ਰਕਾਸ਼ਕ, ਛਾਪਕ ਤੇ ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ।

**ਫੋਨ ਨੰਬਰ ਪ੍ਰਬੰਧਕੀ ਵਿਭਾਗ** : 0181-5097300, **ਸਮਾਚਾਰ ਵਿਭਾਗ** : 0181-5097310, **ਈ-ਮੇਲ** : nawanzamana@gmail.com * Web : www.nawanzamana.in

22-Feb-PAGE-3.qxd 2/21/2026 10:36 PM Page 1



# ਅਨੁਸੂਚਿਤ ਜਾਤੀ ਵਰਗ ਦੇ ਲੋਕਾਂ ਦੀ ਭਲਾਈ ਤੇ ਨਿਆਂ ਲਈ ਕਮਿਸ਼ਨ ਵਚਨਬੱਧ : ਗੜ੍ਹੀ



ਬਟਾਲਾ, (ਤਰਲੋਕ ਬੱਗਾ)

ਅਨੁਸੂਚਿਤ ਜਾਤੀ ਵਰਗ ਦੇ ਲੋਕਾਂ ਦੀ ਭਲਾਈ ਅਤੇ ਉਨ੍ਹਾਂ ਨੂੰ ਨਿਆਂ ਦੇਣ ਲਈ, ਪੰਜਾਬ ਅਨੁਸੂਚਿਤ ਜਾਤੀ ਕਮਿਸ਼ਨ ਵਚਨਬੱਧ ਹੈ ਅਤੇ ਕਮਿਸ਼ਨ ਖੁਦ ਲੋਕਾਂ ਤੱਕ ਪਹੁੰਚ ਕਰਕੇ ਉਨ੍ਹਾਂ ਦੀਆਂ ਮੁਸ਼ਕਲਾਂ ਦਾ ਨਿਪਟਾਰਾ ਕਰ ਰਿਹਾ ਹੈ। ਇਹ ਪ੍ਰਗਟਾਵਾ ਪੰਜਾਬ ਅਨੁਸੂਚਿਤ ਜਾਤੀ ਕਮਿਸ਼ਨ ਦੇ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਨੇ ਸਥਾਨਕ ਸ਼ਿਵ ਕੁਮਾਰ ਬਟਾਲਵੀ ਆਡੀਟੋਰੀਅਮ ਵਿਖੇ ਲੋਕ ਦਰਬਾਰ ਵਿੱਚ ਐਸ.ਸੀ ਭਾਈਚਾਰੇ ਦੇ ਨਾਲ ਸਬੰਧਤ ਲੋਕਾਂ ਦੀਆਂ ਮੁਸ਼ਕਲਾਂ ਸੁਣਨ ਉਪਰੰਤ ਕੀਤਾ।ਇਸ ਮੌਕੇ ਆਦਿੱਤਿਆ ਉੱਪਲ, ਡਿਪਟੀ ਕਮਿਸ਼ਨਰ ਗੁਰਦਾਸਪੁਰ, ਗੁਰਸਿਮਰਨ ਸਿੰਘ ਢਿੱਲੋਂ, ਵਧੀਕ ਡਿਪਟੀ ਕਮਿਸ਼ਨਰ (ਜ), ਗੁਰਪ੍ਰੀਤ ਸਿੰਘ ਗਿੱਲ, ਵਧੀਕ ਡਿਪਟੀ ਕਮਿਸ਼ਨਰ (ਵਿਕਾਸ), ਸੰਦੀਪ ਖੜੈਂਗਾ, ਐਸ.ਪੀ.(ਡੀ), ਗੁਰਸੇਵਕ ਸਿੰਘ, ਐਸ.ਡੀ.ਐਮ. ਬਟਾਲਾ, ਭਾਈ ਰਵਿੰਦਰ ਸਿੰਘ, ਸੰਤ ਸਿਪਾਹੀ ਸੋਸਾਇਟੀ ਲੁਧਿਆਣਾ ਮੌਜੂਦ ਸਨ।ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਨੇ ਕਿਹਾ ਕਿ ਅੱਜ ਐਸ.ਸੀ ਕਮਿਸ਼ਨ ਕੋਲ ਵੱਖ-ਵੱਖ ਸ਼ਿਕਾਇਤਾਂ ਪਹੁੰਚੀਆਂ ਸਨ, ਉਨ੍ਹਾਂ ਵਿੱਚੋਂ ਕੁੱਝ ਸ਼ਿਕਾਇਤਾਂ ਸਬੰਧੀ ਅੱਜ ਸ਼ਿਕਾਇਤ ਕਰਤਾਵਾਂ ਅਤੇ ਸਬੰਧਤ ਵਿਭਾਗਾਂ ਨੂੰ ਮਿਲਾਇਆ ਗਿਆ ਅਤੇ ਸ਼ਿਕਾਇਤਾਂ ਦਾ ਹੱਲ ਕਰਵਾਇਆ ਗਈਆਂ।ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਅਨੁਸੂਚਿਤ ਜਾਤੀ ਕਮਿਸ਼ਨ ਵੱਲੋਂ ਲੋੜਵੰਦ ਲੋਕਾਂ ਦੇ ਹਿੱਤ ਨੂੰ ਮੁੱਖ ਰੱਖਦਿਆਂ ਪਾਇਲਟ ਪ੍ਰੋਜੈਕਟ ਸ਼ੁਰੂ ਕੀਤੇ ਗਏ ਹਨ। ਜਿਸ ਦੇ ਚੱਲਦਿਆਂ ਉਨ੍ਹਾਂ ਅੱਜ ਖੁੱਲਾ ਦਰਬਾਰ ਲਗਾ ਕੇ ਅਨੁਸੂਚਿਤ ਜਾਤੀ ਵਰਗ ਦੇ ਲੋਕਾਂ ਦੀਆਂ ਮੁਸ਼ਕਿਲਾਂ ਸੁਣੀਆਂ ਹਨ ਅਤੇ ਅਗਲੇ ਛੇ ਮਹੀਨਿਆਂ ਵਿੱਚ ਹਰ ਜ਼ਿਲ੍ਹੇ/ਤਹਿਸੀਲ ਵਿੱਚ ਲੋਕਾਂ ਤੱਕ ਪਹੁੰਚ ਕੀਤੀ ਜਾਵੇਗੀ।ਪੱਤਰਕਾਰਾਂ ਦੇ ਇੱਕ ਸਵਾਲ ਦੇ ਜਵਾਬ ਵਿੱਚ ਉਨ੍ਹਾਂ ਦੱਸਿਆ ਕਿ ਪੰਜਾਬ ਰਾਜ ਅਨੁਸੂਚਿਤ ਜਾਤੀ ਕਮਿਸ਼ਨ ਦੇ ਧਿਆਨ ਵਿੱਚ ਪਿੰਡ ਕੰਟਲੀ ਸੁਰਤ ਮੱਲ੍ਹੀ ਤੋਂ ਐਸ.ਸੀ ਪੀੜਤ ਵਿਅਕਤੀ ਵੱਲੋਂ ਗਲੀ ਦੇ ਰਸਤੇ ਨੂੰ ਲੈ ਕੇ ਇਕ ਸ਼ਿਕਾਇਤ ਕੀਤੀ ਗਈ ਸੀ, ਜਿਸ ਸਬੰਧੀ ਉਨ੍ਹਾਂ ਵਧੀਕ ਡਿਪਟੀ ਕਮਿਸ਼ਨਰ (ਜ) ਗੁਰਦਾਸਪੁਰ ਨੂੰ ਹਦਾਇਤ ਕੀਤੀ ਹੈ ਕਿ ਉਹ ਮਾਮਲੇ ਦੀ ਜਾਂਚ ਪੜਤਾਲ ਕਰਨ ਅਤੇ ਕੀਤੀ ਗਈ ਕਾਰਵਾਈ ਸਬੰਧੀ 25 ਫਰਵਰੀ ਨੂੰ ਨਿੱਜੀ ਤੌਰ 'ਤੇ ਕਮਿਸ਼ਨ ਨੂੰ ਰਿਪੋਰਟ ਕਰਨ। ਇਸ ਮੌਕੇ ਉਨ੍ਹਾਂ ਸਰਪੰਚ ਖਿਲਾਫ ਕਾਰਵਾਈ ਕਰਨ ਲਈ ਡੀ.ਡੀ.ਪੀ.ਓ ਗੁਰਦਾਸਪੁਰ ਨੂੰ ਹਦਾਇਤ ਕੀਤੀ।ਇਸ ਮੌਕੇ ਮੈਡਮ ਨਵਨੀਤ ਸ਼ਰਮਾ ਪੀ.ਏ.ਟੀ.ਏ., ਪੀ.ਸੀ.ਐਸ. ਅਧਿਕਾਰੀ ਕੁਲਦੀਪ ਚੰਦ, ਰੁਪਿੰਦਰਪਾਲ ਸਿੰਘ, ਅਰਜਨ ਸਿੰਘ ਗਰੇਵਾਲ ਤਹਿਸੀਲਦਾਰ ਬਟਾਲਾ, ਗੁਰਲਾਲ ਸ਼ੇਰਾ, ਰੁਪਿੰਦਰ ਸਿੰਘ ਸ਼ੈਲੀ, ਹਰਪ੍ਰੀਤ ਸਿੰਘ, ਕੈਪਟਨ ਮਹਿੰਦਰ ਸਿੰਘ, ਸ਼ਮਸ਼ੇਰ ਸਿੰਘ ਸਹੋਤਾ, ਸੂਬੇਦਾਰ ਚਰਨ ਸਿੰਘ, ਕੈਪਟਨ ਭੁਪਿੰਦਰ ਸਿੰਘ, ਜਸਵਿੰਦਰ ਸਿੰਘ, ਹਰਪ੍ਰੀਤ ਸਿੰਘ ਢੱਲੀ, ਪਰਮਜੀਤ ਸਿੰਘ ਸਹੋਤਾ, ਸੇਵਕ ਸਿੰਘ ਸਹੋਤਾ, ਡਾ. ਰਜਿੰਦਰ ਸਿੰਘ, ਡੀ.ਡੀ.ਪੀ.ਓ. ਹਰਪ੍ਰੀਤ ਸਿੰਘ ਸਮੇਤ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ।

# ਆਰ ਐਮ ਪੀ ਆਈ ਵੱਲੋਂ ਮੰਗਾਂ ਨੂੰ ਲੈ ਕੇ ਰੈਲੀ 26 ਨੂੰ



ਅਜਨਾਲਾ (ਸੁਖਤਿੰਦਰ ਸਿੰਘ)

ਪੰਜਾਬ ਦੀਆਂ ਲੰਮੇ ਸਮੇਂ ਤੋਂ ਲਟਕਦੀਆਂ ਆ ਰਹੀਆਂ ਜਾਇਜ਼ ਮੰਗਾਂ ਚੰਡੀਗੜ੍ਹ ਪੰਜਾਬ ਨੂੰ ਦੇਣ, ਦਰਿਆਈ ਪਾਣੀਆਂ ਦੀ ਨਿਆਂ ਤੱਕ ਸੰਗਤ ਰਾਇਪੇਰੀਅਨ ਸਿਧਾਂਤ ਅਨੁਸਾਰ ਕਰਵਾਉਣ, ਪੰਜਾਬੀ ਬੋਲਦੇ ਇਲਾਕੇ ਪੰਜਾਬ 'ਚ ਸ਼ਾਮਲ ਕਰਾਉਣ ਅਤੇ ਪੰਜਾਬ ਸਮੇਤ ਦੇਸ਼ ਭਰ ਦੇ ਜੇਲ੍ਹੀਂ ਡੱਕੇ ਬੁੱਧੀਜੀਵੀਆਂ ਅਤੇ ਹੋਰ ਲੋਕਾਂ ਨੂੰ ਤੁਰੰਤ ਰਿਹਾਅ ਕਰਵਾਉਣ ਲਈ ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ ਐਮ ਪੀ ਆਈ) ਵੱਲੋਂ ਪੰਜਾਬ ਤੇ ਕੇਂਦਰ ਸਰਕਾਰਾਂ ਕੋਲੋਂ ਉਕਤ ਲੋਕ ਪੱਖੀ ਮੰਗਾਂ ਨੂੰ ਮਨਵਾਉਣ ਲਈ 26 ਫਰਵਰੀ ਨੂੰ ਚੰਡੀਗੜ੍ਹ ਵਿਖੇ ਸੈਕਟਰ 25 ਵਿੱਚ ਵਿਸ਼ਾਲ ਰੈਲੀ ਕੀਤੀ ਜਾ ਰਹੀ ਹੈ। ਇਸ ਰੈਲੀ ਵਿੱਚ ਵੱਧ ਤੋਂ ਵੱਧ ਸ਼ਮੂਲੀਅਤ ਕਰਵਾਉਣ ਲਈ ਆਰ.ਐਮ.ਪੀ.ਆਈ. ਦੇ ਸੀਨੀਅਰ ਆਗੂ ਤੇ ਜਮਹੂਰੀ ਕਿਸਾਨ ਸਭਾ ਦੇ ਸੂਬਾ ਪ੍ਰਧਾਨ ਡਾ. ਸਤਨਾਮ ਸਿੰਘ ਅਜਨਾਲਾ ਨੇ ਮਟੀਆਂ, ਜੋਸ਼ - ਮੁਹਰ, ਨੇਪਾਲ, ਜਸਰਾਊਰ ਤੇ ਡਿਫੀ ਸੈਦਾਂ ਆਦਿ ਪਿੰਡਾਂ ਵਿਖੇ ਭਰਵੀਆਂ ਮੀਟਿੰਗਾਂ ਨੂੰ ਸੰਬੋਧਨ ਕੀਤਾ। ਰੈਲਨਾਂ ਤੋਂ ਇਲਾਵਾ ਇਹਨਾਂ ਮੀਟਿੰਗਾਂ 'ਚ ਪਿੰਡ ਮਟੀਆਂ ਦੇ ਮੁੱਖ ਆਗੂ ਜੰਗ ਬਹਾਦਰ ਸਿੰਘ, ਛੀਨੀ ਸਤਨਾਮ ਸਿੰਘ ਤੇ ਨੰਬਰਦਾਰ ਆਗੂ ਗੁਰਮੇਜ ਸਿੰਘ, ਜੋਸ਼ ਮੁਹਰ ਦੇ ਬਲਕਾਰ ਸਿੰਘ, ਸਾ. ਸਰਪੰਚ ਦੀਵਾਨ ਸਿੰਘ ਤੇ ਜਗਪ੍ਰੀਤ ਸਿੰਘ, ਹਰਨੇਕ ਸਿੰਘ, ਸਿਤਾਰਾ ਸਿੰਘ ਤੇ ਪਰਮ ਸਿੰਘ, ਸੁਖਦੇਵ ਸਿੰਘ ਤੇ ਸਤਪਾਲ ਸਿੰਘ, ਪ੍ਰਧਾਨ ਦੇਸਾ ਸਿੰਘ ਤੇ ਗੁਰਵੇਲ ਸਿੰਘ, ਜਰਨੈਲ ਸਿੰਘ, ਕਰਨੈਲ ਸਿੰਘ, ਕੁਲਵੰਤ ਸਿੰਘ ਤੇ ਮੋਹਣ ਸਿੰਘ ਆਦਿ ਨੇ ਵੀ ਮੀਟਿੰਗ ਵਿੱਚ ਹਿੱਸਾ ਲਿਆ।

# ਅਮਰੀਕਾ ਨਾਲ ਵਿਸ਼ਵ ਵਪਾਰ ਸਮਝੌਤਾ ਕਿਸਾਨਾਂ ਲਈ ਹਾਨੀਕਾਰਕ : ਡੈਨੀ



ਚੇਤਨਪੁਰਾ (ਸੁਖਵੰਤ ਚੇਤਨਪੁਰੀ) - ਪੰਜਾਬ ਪ੍ਰਦੇਸ਼ ਕਾਂਗਰਸ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਕਾਂਗਰਸ ਕਮੇਟੀ ਅੰਮ੍ਰਿਤਸਰ ਦਿਹਾਤੀ ਵੱਲੋਂ ਪ੍ਰਧਾਨ ਸੁਖਵਿੰਦਰ ਸਿੰਘ ਡੈਨੀ ਦੀ ਅਗਵਾਈ ਵਿੱਚ ਰਾਜਪਾਲ ਪੰਜਾਬ ਦੇ ਨਾਮ ਬੀਤੇ ਦਿਨੀ ਅਮਰੀਕਾ ਨਾਲ ਕੀਤੇ ਵਿਸ਼ਵ ਵਪਾਰ ਸਮਝੌਤੇ ਨੂੰ ਰੱਦ ਕਰਨ ਸਬੰਧੀ ਮੈਮੋਰੰਡਮ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਦੇ ਦਫ਼ਤਰ ਦੇ. ਡੀ. ਸੀ. ਸ੍ਰੀ ਕਰੇਸ਼ ਗੁਪਤਾ ਨੂੰ ਸੌਂਪਿਆ ਗਿਆ। ਇਸ ਸਬੰਧੀ ਕਾਂਗਰਸ ਜ਼ਿਲ੍ਹਾ ਦਿਹਾਤੀ ਅੰਮ੍ਰਿਤਸਰ ਦੇ ਪ੍ਰਧਾਨ ਸ੍ਰੀ ਸੁਖਵਿੰਦਰ ਸਿੰਘ ਡੈਨੀ ਨੇ ਕਿਹਾ ਕਿ ਇਹ ਟਰੇਡ ਡੀਲ ਨਾ ਸਿਰਫ਼ ਦੇਸ਼ ਦੇ ਕਿਸਾਨਾਂ ਦੇ ਹਿਤਾਂ ਲਈ ਹਾਨੀਕਾਰਕ ਸਾਬਤ ਹੋਵੇਗੀ, ਸਗੋਂ ਪੂਰੇ ਦੇਸ਼ ਦੀ ਖੇਤੀਬਾੜੀ ਅਰਥਵਿਵਸਥਾ ਨੂੰ ਨਸ਼ਟ ਕਰਨ ਦੀ ਸਮਰੱਥਾ ਵੀ ਰੱਖਦੀ ਹੈ। ਪੰਜਾਬ, ਜੋ ਮੁੱਖ ਤੌਰ 'ਤੇ ਖੇਤੀਬਾੜੀ ਰਾਜ ਹੈ, ਇਸ ਸਮਝੌਤੇ ਨਾਲ ਸਭ ਤੋਂ ਵੱਧ ਪ੍ਰਭਾਵਿਤ ਹੋਵੇਗਾ। ਇਹ ਸਿਰਫ਼ ਆਰਥਿਕ ਮਸਲਾ ਹੀ ਨਹੀਂ, ਸਗੋਂ ਸਰਹੱਦੀ ਰਾਜ ਹੋਣ ਕਰਕੇ ਇਸ ਦੇ ਸਮਾਜਿਕ ਅਤੇ ਰਣਨੀਤਿਕ ਪ੍ਰਭਾਵ ਵੀ ਹੋ ਸਕਦੇ ਹਨ। ਇਸ ਸਮੇਂ ਹਲਕਾ ਮਜੀਠਾ ਦੇ ਇੰਚਾਰਜ ਸ੍ਰੀ ਭਗਵੰਤ ਪਾਲ ਸਿੰਘ ਸੱਚਰ ਅਤੇ ਹਲਕਾ ਅਜਨਾਲਾ ਦੇ ਸਾਬਕਾ ਵਿਧਾਇਕ ਸ੍ਰੀ ਹਰ ਪ੍ਰਤਾਪ ਸਿੰਘ ਅਜਨਾਲਾ ਨੇ ਕਿਹਾ ਕਿ ਪੰਜਾਬ ਪਹਿਲਾਂ ਹੀ ਖ਼ਾਸ ਕਰਕੇ ਪਿੰਡਾਂ ਵਿੱਚ ਨਸ਼ਿਆਂ ਦੀ ਸਮੱਸਿਆ ਨਾਲ ਜੂਝ ਰਿਹਾ ਹੈ। ਜ਼ਮੀਨਾਂ ਦੇ ਟੁਕੜੇ ਹੋਣ ਅਤੇ ਖੇਤੀਬਾੜੀ ਵਿੱਚ ਰੋਜ਼ਗਾਰ ਘਟਣ ਕਾਰਨ ਬੇਰੁਜ਼ਗਾਰੀ ਵਧ ਰਹੀ ਹੈ। ਬੇਰੁਜ਼ਗਾਰ ਨੌਜਵਾਨ ਆਸਾਨੀ ਨਾਲ ਨਸ਼ਿਆਂ ਦਾ ਸ਼ਿਕਾਰ ਹੋ ਰਹੇ ਹਨ। ਉਹਨਾਂ ਕਿਹਾ ਕਿ ਜਦੋਂ ਇਹ ਟਰੇਡ ਡੀਲ ਲਾਗੂ ਹੋਵੇਗੀ, ਤਾਂ ਵਿਦੇਸ਼ ਤੋਂ ਆਉਣ ਵਾਲੇ ਸਸਤੇ ਖੇਤੀਬਾੜੀ ਉਤਪਾਦ ਦੇਸ਼ ਦੇ ਘਰੇਲੂ ਉਤਪਾਦਾਂ ਦੀ ਥਾਂ ਲੈ ਲੈਣਗੇ। ਸਾਡੇ ਕਿਸਾਨ, ਜਿਨ੍ਹਾਂ ਕੋਲ ਔਸਤ 2 ਏਕੜ ਜ਼ਮੀਨ ਹੈ, ਉਹ ਅਮਰੀਕੀ ਕਿਸਾਨਾਂ ਨਾਲ ਮੁਕਾਬਲਾ ਕਿਵੇਂ ਕਰ ਸਕਣ। ਇਸ ਮੌਕੇ ਸਾਬਕਾ ਵਿਧਾਇਕ ਹਰਪ੍ਰਤਾਪ ਸਿੰਘ ਅਜਨਾਲਾ, ਗੁਰਮੀਤ ਸਿੰਘ ਭੋਲੇਵਾਲ, ਨਵਦੀਪ ਸਿੰਘ ਮਜੀਠਾ, ਕਿਸਾਨ ਆਗੂ ਹਰਮਨ ਸਿੰਘ ਗਿੱਲ, ਨਵਤੇਜ ਸਿੰਘ ਸੋਹੀਆ, ਸੁਖਵਿੰਦਰ ਸਿੰਘ ਤੇ ਹੋਰ ਵੀ ਆਗੂ ਹਾਜ਼ਰ ਸਨ।

## ਲਾਇਬ੍ਰੇਰੀ ਰੋਡ 'ਤੇ ਲੱਗਦੀਆਂ ਰੇਹੜੀਆਂ ਕਾਰਨ ਲੋਕ ਪ੍ਰੇਸ਼ਾਨ

**ਗੁਰਦਾਸਪੁਰ (ਜਨਕ ਮਹਾਜਨ)**- ਗੁਰਦਾਸਪੁਰ ਸ਼ਹਿਰ ਅੰਦਰ ਟਰੈਫਿਕ ਦੀ ਸਮੱਸਿਆ ਦਿਨ-ਬ-ਦਿਨ ਵਧਦੀ ਜਾ ਰਹੀ ਹੈ ਜਿਸ ਨੂੰ ਲੈ ਕੇ ਅਕਸਰ ਜਾਮ ਲਗਦਾ ਰਹਿੰਦਾ ਹੈ। ਜਾਣਕਾਰੀ ਅਨੁਸਾਰ ਹਨੂੰਮਾਨ ਚੌਕ ਤੋਂ ਲਾਇਬ੍ਰੇਰੀ ਚੌਕ ਤੱਕ ਫਾਸਟ ਫੂਡ, ਨਡਲਸ, ਗੋਲਗੱਪੇ ਤੇ ਆਈਸਕ੍ਰੀਮ ਤੇ ਸਬਜ਼ੀ ਫਰੂਟ ਦੀਆਂ ਰੇਹੜੀਆਂ ਦੀ ਹਰ ਵੇਲੇ ਭਰਮਾਰ ਲੱਗੀ ਰਹਿੰਦੀ ਹੈ। ਲੋਕ ਇਨ੍ਹਾਂ ਰੇਹੜੀਆਂ 'ਤੇ ਖ਼ਾਣ ਪੀਣ ਅਤੇ ਸਬਜ਼ੀ ਖ਼ਰੀਦਣ ਵੇਲੇ ਆਪਣੇ ਵਾਹਨ ਜਿਵੇਂ ਸਕੂਟਰ, ਕਾਰਾਂ ਆਦਿ



ਸੜਕ 'ਤੇ ਹੀ ਖੜੇ ਕਰ ਦਿੰਦੇ ਹਨ ਜਿਸ ਨਾਲ ਅਕਸਰ ਹੀ ਜਾਮ ਲੱਗ ਜਾਂਦਾ ਹੈ ਅਤੇ ਰਾਹਗੀਰਾਂ ਨੂੰ ਕਾਫ਼ੀ ਮੁਸ਼ਕਿਲ ਪੇਸ਼ ਆਉਂਦੀ ਹੈ। ਫਾਸਟ ਫੂਡ ਖ਼ਾਣ ਵਾਲੇ ਉਸ ਵੇਲੇ ਬਿਲਕੁਲ ਭੁੱਲ ਜਾਂਦੇ ਹਨ ਕਿ ਉਨ੍ਹਾਂ ਦੇ ਵਾਹਨ ਸੜਕ 'ਤੇ ਖੜੇ ਹੋਣ ਕਾਰਨ ਹੋਰ ਲੋਕਾਂ ਨੂੰ ਇੱਥੋਂ ਲੰਘਣਾ ਔਖਾ ਹੋ ਜਾਂਦਾ ਹੈ। ਲਾਇਬ੍ਰੇਰੀ ਰੋਡ 'ਤੇ ਰਾਤ ਸਮੇਂ ਕੁਝ ਕੁਲਫ਼ੀਆਂ ਵੇਚਣ ਵਾਲੇ ਚਾਰ ਪਹੀਆ ਵਾਹਨ ਚਾਲਕ ਸੜਕ ਕੰਢੇ ਖੜੇ ਹੋ ਜਾਂਦੇ ਹਨ ਅਤੇ ਕੁਲਫੀਆਂ ਵੇਚਣੀਆਂ ਸ਼ੁਰੂ ਕਰ ਦਿੰਦੇ ਹਨ। ਜਿਸ ਕਾਰਨ ਟਰੈਫਿਕ ਕਿ ਇਨ੍ਹਾਂ ਕੁਲਫੀਆਂ ਦੀਆਂ ਗੱਡੀਆਂ ਤੋਂ ਆਈਸਕ੍ਰੀਮ, ਕੁਲਫੀ ਆਦਿ ਖ਼ਾਣ ਵਾਲੇ ਸਕੂਟਰ, ਕਾਰਾਂ ਵਾਲੇ ਸੜਕ 'ਤੇ ਆਪਣੀਆਂ ਗੱਡੀਆਂ ਰੋਕ ਕੇ ਕੁਲਫੀਆਂ ਖ਼ਾਣੀਆਂ ਸ਼ੁਰੂ ਕਰ ਦਿੰਦੇ ਹਨ ਜਿਸ ਨਾਲ ਕਈ ਵਾਰ ਜ਼ਾਮ ਲਗ ਜਾਂਦਾ ਹੈ ਅਤੇ ਟਰੈਫ਼ਿਕ ਵਿਚ ਰੁਕਾਵਟ ਪੈ ਜਾਂਦੀ ਹੈ। ਕਈ ਵਾਰ ਗਲਤ ਪਾਰਕਿੰਗ ਕਰਕੇ ਸੜਕ 'ਤੇ ਦੋ-ਦੋ ਲਾਈਨਾਂ ਲਗ ਜਾਂਦੀਆਂ ਹਨ। ਲੋਕਾਂ ਦੀ ਮੰਗ ਹੈ ਕਿ ਟਰੈਫ਼ਿਕ ਵਿਭਾਗ ਇਨ੍ਹਾਂ ਫਾਸਟ ਫੂਡ ਅਤੇ ਕੁਲਫੀਆਂ ਵੇਚਣ ਵਾਲੇ ਵਾਹਨ ਚਾਲਕਾਂ ਖ਼ਿਲਾਫ਼ ਕੋਈ ਠੋਸ ਕਦਮ ਚੁਕੇ ਤਾਂ ਜੋ ਦੁਕਾਨਦਾਰਾਂ ਅਤੇ ਰਾਹਗੀਰਾਂ ਨੂੰ ਇਸ ਮੁਸ਼ਕਿਲ ਤੋਂ ਰਾਹਤ ਮਿਲ ਸਕੇ।

# ਕੇਂਦਰ ਤੇ ਪੰਜਾਬ ਸਰਕਾਰ ਵਿਰੁੱਧ ਸੰਘਰਸ਼ ਜਾਰੀ ਰਹੇਗਾ : ਜਗਤਾਰ ਸਿੰਘ

**ਪੱਟੀ ( ਬਲਦੇਵ ਸਿੰਘ ਸੰਧੂ)**- ਸੀਨੀਅਰ ਸਿਟੀਜ਼ਨ ਵੈਲਫੇਅਰ ਐਸੋਸੀਏਸ਼ਨ ਦੀ ਹਫਤਾਵਾਰੀ ਮੀਟਿੰਗ ਹਰਜਿੰਦਰ ਸਿੰਘ ਜੰਡ ਦੀ ਪ੍ਰਧਾਨਗੀ ਹੇਠ ਹੋਈ ਪ੍ਰੈਸ ਦੇ ਨਾਂ ਬਿਆਨ ਜਾਰੀ ਕਰਦੇ ਹੋਏ ਜਨਰਲ ਸਕੱਤਰ ਜਗਤਾਰ ਸਿੰਘ ਆਸਲ ਨੇ ਕਿਹਾ ਕਿ ਪੰਜਾਬ ਸਰਕਾਰ ਅਤੇ ਕੇਂਦਰੀ ਸਰਕਾਰਾਂ ਦੀਆਂ ਸਾਮਰਾਜ ਅਤੇ ਕਾਰਪੋਰੇਟ ਦੀ ਘਰਾਣਿਆਂ ਪੱਖੀ ਨੀਤੀਆਂ ਹੋਣ ਕਾਰਨ ਪੰਜਾਬ ਅਤੇ ਦੇਸ਼ ਭਰ ਦੇ ਗਰੀਬ ਲੋਕ ਹੋਰ ਗਰੀਬ ਹੋ ਰਹੇ ਹਨ। ਲੋਕਾਂ ਦੇ ਟੈਕਸਾਂ ਦੇ ਧਨ ਦੀ ਦੁਰਵਰਤੋ ਕਰਕੇ ਸਿਆਸਤਦਾਨ ਅਤੇ ਕਾਰਪੋਰੇਟ ਘਰਾਣੇ ਅੰਤਾਂ ਦੇ ਅਮੀਰ ਹੋ ਰਹੇ ਹਨ , ਪੈਨਸ਼ਨਰ ਅਤੇ ਮੁਲਾਜ਼ਮ ਲੰਮੇ ਸਮੇਂ ਤੋਂ ਸਰਕਾਰ ਵਿਰੁੱਧ ਲੜ ਰਹੇ ਹਨ, ਪੈਨਸ਼ਨਰ ਸਰਕਾਰ ਤੋਂ ਮੰਗ ਕਰ ਰਹੇ ਹਨ ਕਿ 16% ਡੀ ਏ ਦਿੱਤਾ ਜਾਵੇ, ਮੈਡੀਕਲ ਭੱਤੇ ਵਿੱਚ ਵਾਧਾ ਕੀਤਾ ਜਾਵੇ ਪੇਕਮਿਸ਼ਨ ਦੀ ਰਿਪੋਰਟ ਪੂਰੀ ਤਰਾਂ ਲਾਗੂ ਕੀਤੀ ਜਾਵੇ , 2.59 ਦਾ ਫੈਕਟਰ ਲਾਗੂ ਕੀਤਾ ਜਾਵੇ , ਹਾਈ ਕੋਰਟ ਅਤੇ ਸੁਪਰੀਮ ਕੋਰਟ ਦੇ ਫੈਸਲੇ ਲਾਗੂ ਕੀਤੇ ਜਾਣ, ਅਮਰੀਕਾ ਨਾਲ ਕੀਤਾ ਵਪਾਰ ਸਮਝੌਤਾ ਲੋਕ ਮਾਰੂ ਹੈ ਉਹ ਮੋਦੀ ਸਰਕਾਰ ਰੱਦ ਕਰੇ , ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਪੁਰਾਣੀ ਪੈਨਸ਼ਨ ਬਹਾਲ ਕਰੇ, ਕੱਚੇ ਮੁਲਾਜ਼ਮ ਪੱਕੇ ਕੀਤੇ ਜਾਣ ਤੇ ਠੇਕਾ ਪ੍ਰਣਾਲੀ ਅਤੇ ਆਊਟ ਸੋਰਸ ਸਕੀਮਾਂ ਖਤਮ ਕੀਤੀਆਂ ਜਾਣ ਮੀਟਿੰਗ ਨੂੰ ਸਤਪਾਲ ਸ਼ਰਮਾ, ਨਰਿੰਦਰ ਕੱਕੜ ਹਰਭਜਨ ਸਿੰਘ ਮੋਹਨ ਸਿੰਘ ਸੁਪਰਡੈਂਟ ਅਤੇ ਹੋਰ ਕਈ ਪੈਨਸ਼ਨਰ ਸਾਥੀਆਂ ਨੇ ਕਿਹਾ ਕਿ ਸਰਕਾਰ ਪੱਖੀ ਜਥੇਬੰਦੀਆਂ ਤੋਂ ਸੁਚੇਤ ਰਹਿਣ ਦੀ ਲੋੜ ਹੈ ।



ਮੀਟਿੰਗ ਵਿੱਚ ਕੁਲਦੀਪ ਸਿੰਘ, ਸੁਖਵਿੰਦਰ ਸਿੰਘ, ਸੁਰਜੀਤ ਸਿੰਘ, ਚਾਨਣ ਸਿੰਘ, ਗੋਪਾਲ ਸਿੰਘ, ਨਿਰੰਜਨ ਸਿੰਘ, ਗਿਰਦਾਰੀ ਲਾਲ, ਰਾਜ ਸਿੰਘ, ਇੰਦਰਜੀਤ ਕੌਰ, ਗੁਰਮੀਤ ਸਿੰਘ ਮਾਨ,ਬਾਰਾ, ਬਿਕਰਮਜੀਤ ਸਿੰਘ, ਬੀਰ ਮਸੀਹ, ਕੁਲਵਿੰਦਰ ਸਿੰਘ, ਗੁਰਸੇਵਕ ਸਿੰਘ, ਗੁਰਦੀਪ ਸਿੰਘ, ਅਨੋਖ ਸਿੰਘ, ਪਰਗਟ ਸਿੰਘ ਸਰਹਾਲੀ, ਦੀਪ ਸਿੰਘ, ਦਰਸ਼ਨ ਆਦਿ ਹਾਜ਼ਰ ਸਨ।ਮੀਟਿੰਗ ਦੇ ਅੰਤ ਤੇ ਪ੍ਰਧਾਨ ਹਰਜਿੰਦਰ ਸਿੰਘ ਜੰਡ ਨੇ ਧੰਨਵਾਦ ਕੀਤਾ ਅਤੇ 26 ਫਰਵਰੀ ਨੂੰ ਲੋਕ ਘੋਲਾਂ ਵਿੱਚ ਸ਼ਾਮਿਲ ਹੋਣ ਦੀ ਅਪੀਲ ਕੀਤੀ।

# ਇੰਟਰਨੈਸ਼ਨਲ ਪੰਥਕ ਦਲ ਯੂ ਕੇ ਨੇ ਸ਼੍ਰੋਮਣੀ ਕਮੇਟੀ ਪ੍ਰਧਾਨ ਤੋਂ ਮੰਗੇ ਜਵਾਬ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**-ਇੰਟਰਨੈਸ਼ਨਲ ਪੰਥਕ ਦਲ ਯੂ ਕੇ ਨੇ ਸਿੱਖ ਪੰਥ ਦੀ ਮੌਜੂਦਾ ਸਥਿਤੀ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸ ਜੀ ਪੀ ਸੀ) ਦੀ ਕਾਰਗੁਜ਼ਾਰੀ 'ਤੇ ਗੰਭੀਰ ਸਵਾਲ ਉਠਾਉਂਦੇ ਹੋਏ ਇਸ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੂੰ ਸਿੱਧੀ ਚੁਣੌਤੀ ਦਿੱਤੀ ਹੈ। ਜਥੇਬੰਦੀ ਨੇ ਕਿਹਾ ਹੈ ਕਿ ਸੰਸਾਰ ਭਰ ਦੀ ਸੰਗਤ ਅੱਜ ਜਵਾਬ ਮੰਗ ਰਹੀ ਹੈ—ਐਲਾਨ ਬਹੁਤ ਹੋਏ, ਪਰ ਅਮਲ ਕਿੱਥੇ ਹੈ?



ਦਲ ਦੇ ਪ੍ਰਧਾਨ ਰਘਬੀਰ ਸਿੰਘ, ਅੰਤਰਰਾਸ਼ਟਰੀ ਚੀਫ਼ ਆਰਗੇਨਾਈਜ਼ਰ ਭਾਈ ਪਰਮਜੀਤ ਸਿੰਘ ਢਾਡੀ, ਜਨਰਲ ਸਕੱਤਰ ਅਤੇ ਮੁੱਖ ਬੁਲਾਰਾ ਭਾਈ ਕਪਤਾਨ ਸਿੰਘ, ਸੀਨੀਅਰ ਮੀਤ ਪ੍ਰਧਾਨ ਭਾਈ ਰਘਬੀਰ ਸਿੰਘ ਬੀਹਾ ਅਤੇ ਭਾਈ ਰਘਬੀਰ ਸਿੰਘ ਮਾਲੜੀ ਵੱਲੋਂ ਸਾਂਝੇ ਤੌਰ 'ਤੇ ਜਾਰੀ ਬਿਆਨ 'ਚ ਦਲ ਨੇ ਯਾਦ ਕਰਵਾਇਆ ਕਿ ਬੰਦੀ ਸਿੰਘਾਂ ਦੀ ਰਿਹਾਈ ਲਈ ਸ਼੍ਰੋਮਣੀ ਕਮੇਟੀ ਨੇ 11 ਮੈਂਬਰੀ ਕਮੇਟੀ ਬਣਾਉਣ ਦਾ ਐਲਾਨ ਕੀਤਾ ਗਿਆ ਸੀ, ਦਿੱਲੀ ਵਿਚ ਵੱਡ ਮੁਜ਼ਾਹਰ ਦੀ ਤਾਰੀਖ਼ ਵੀ ਰੱਖੀ ਗਈ ਸੀ। ਪਰ ਐਨ ਮੌਕੇ 'ਤੇ ਸਾਰਾ ਪ੍ਰੋਗਰਾਮ ਰੱਦ ਕਰ ਦਿੱਤਾ ਗਿਆ। ਜਥੇਬੰਦੀ ਨੇ ਪੁੱਛਿਆ—ਉਹ ਕਮੇਟੀ ਕਿੱਥੇ ਹੈ ? ਰਿਪੋਰਟ ਕਿਉਂ ਜਨਤਕ ਨਹੀਂ ਕੀਤੀ ਗਈ ? ਕੀ ਇਹ ਪੰਥ ਨਾਲ ਸਿੱਧੀ ਵਾਅਦਾ-ਖ਼ਿਲਾਫ਼ੀ ਨਹੀਂ ? 2 ਦਸੰਬਰ 2024 ਨੂੰ ਅਕਾਲ ਤਖ਼ਤ ਸਾਹਿਬ ਤੋਂ ਜਾਰੀ ਸੰਦੇਸ਼ ਦਾ ਹਵਾਲਾ ਦਿੰਦਿਆਂ ਦਲ ਨੇ ਕਿਹਾ ਕਿ ਪੰਜ ਸਿੰਘ ਸਾਹਿਬਾਨਾਂ ਦੇ ਆਦੇਸ਼ਾਂ ਨੂੰ ਲਾਗੂ ਕਰਵਾਉਣਾ ਐਸ ਜੀ ਪੀ ਸੀ ਅਤੇ ਇਸ ਦੇ ਪ੍ਰਧਾਨ ਦੀ ਨੈਤਿਕ ਜ਼ਿੰਮੇਵਾਰੀ ਸੀ। ਅਸਤੀਫ਼ਿਆਂ ਅਤੇ ਪਿੱਛੇ ਹਟਣ ਦੀ ਰਣਨੀਤੀ ਪੰਥਕ ਹੁਕਮਨਾਮਿਆਂ ਨੂੰ ਅਧੂਰਾ ਛੱਡਣ ਦੇ ਬਰਾਬਰ ਹੈ। ਕਮੇਟੀ ਵੱਲੋਂ ਜਥੇਦਾਰਾਂ ਦੀ ਨਿਯੁਕਤੀ ਅਤੇ ਸੇਵਾ ਮੁਕਤੀ ਲਈ ਨਵੀਂ ਪ੍ਰਣਾਲੀ ਲਿਆਉਣ ਦਾ ਐਲਾਨ ਕੀਤਾ ਗਿਆ ਸੀ। ਸਬ ਕਮੇਟੀ ਬਣੀ, ਪਰ ਅੱਜ ਤੱਕ ਕੋਈ ਢੰਗ ਦੀ ਕਾਰਵਾਈ ਸਾਹਮਣੇ ਨਹੀਂ ਆਈ। ਇਸ ਦੇ ਨਾਲ ਹੀ ਗਿਆਨੀ ਰਘਬੀਰ ਸਿੰਘ ਨੂੰ 72 ਘੰਟਿਆਂ ਦਾ ਅਲਟੀਮੇਟਮ ਦੇਣ ਦੇ ਮਾਮਲੇ 'ਤੇ ਵੀ ਦਲ ਨੇ ਸਪਸ਼ਟਤਾ ਮੰਗੀ ਹੈ ਤੇ ਕਿਹਾ ਹੈ ਕਿ ਜੇ ਅਲਟੀਮੇਟਮ ਦਿੱਤਾ ਗਿਆ ਸੀ ਤਾਂ 24 ਤਰੀਕ ਦੀ ਮੀਟਿੰਗ ਵਿੱਚ ਉਸ ਨੂੰ ਸੱਚ ਦੱਸਿਆ ਜਾਵੇ।ਦਲ ਨੇ ਇਹ ਵੀ ਸਵਾਲ ਉਠਾਇਆ ਕਿ ਪੰਜਾਬ ਸਰਕਾਰ ਅਤੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਸਕੱਤਰੇਤ ਵਿੱਚ ਦਿੱਤੇ ਗਏ ਸਬੂਤਾਂ ਦੇ ਕਾਲੇ ਬੈਗ ਕੀ ਸੱਚਮੁੱਚ ਖੋਲ੍ਹੇ ਗਏ ਹਨ ? ਜੇ ਖੋਲ੍ਹੇ ਗਏ ਹਨ ਤਾਂ ਉਹਨਾਂ ਵਿੱਚ ਕੀ ਸੀ ? ਪੰਥ ਅੱਗੇ ਇਹ ਸਬੂਤ ਕਦੋਂ ਰੱਖੇ ਜਾਣਗੇ ? ਸਾਬਕਾ ਜਥੇਦਾਰ ਗਿਆਨੀ ਰਣਜੀਤ ਸਿੰਘ ਵੱਲੋਂ ਲਗਾਏ ਗਏ ਇਲਜ਼ਾਮਾਂ ਦਾ ਹਵਾਲਾ ਦਿੰਦਿਆਂ ਦਲ ਨੇ ਕਿਹਾ ਕਿ ਐਸ ਜੀ ਪੀ ਸੀ ਦੀਆਂ ਜ਼ਮੀਨਾਂ ਬਾਦਲ ਪਰਿਵਾਰ ਅਤੇ ਅਕਾਲੀ ਆਗੂਆਂ ਦੇ ਰਿਸ਼ਤੇਦਾਰਾਂ ਨੂੰ ਕਥਿਤ ਤੌਰ 'ਤੇ ਘੱਟ ਦਰਾਂ 'ਤੇ ਦਿੱਤੀਆਂ ਗਈਆਂ ਹਨ।

# ਕੈਰੀਅਰ ਤੇ ਗਾਈਡੈਂਸ ਸੈਮੀਨਾਰ ਕਰਵਾਇਆ

**ਧਾਰੀਵਾਲ (ਮਨਦੀਪ ਵਿੱਕੀ)**- ਸਰਕਾਰੀ ਸਕੂਲ ਫੈਜਉਲਾਹ ਚੱਕ ਵਿੱਚ ਵਿਦਿਆਰਥੀਆਂ ਦੇ ਭਵਿੱਖ ਨੂੰ ਰੌਸ਼ਨ ਕਰਨ ਦੇ ਉਦੇਸ਼ ਨਾਲ ਕੈਰੀਅਰ ਅਤੇ ਗਾਈਡੈਂਸ ਸੈਮੀਨਾਰ ਕਰਵਾਇਆ ਗਿਆ। ਇਸ ਸੈਮੀਨਾਰ ਦੌਰਾਨ ਸਰਕਾਰੀ ਬਹੁਤ ਤਕਨੀਕੀ ਕਾਲਜ ਬਟਾਲਾ ਤੋਂ ਮਕੈਨੀਕਲ ਵਿਭਾਗ ਦੇ ਮੁਖੀ ਹਰਜਿੰਦਰ ਪਾਲ ਸਿੰਘ, ਸੀਨੀਅਰ ਲੈਕਚਰਾਰ ਅਤੀਸ਼ ਕੁਮਾਰ ਅਤੇ ਲੈਕਚਰਾਰ ਗੁਲਜਾਰ ਵੱਲੋਂ ਵਿਦਿਆਰਥੀਆਂ ਨੂੰ ਉੱਚ ਸਿੱਖਿਆ ਅਤੇ ਤਕਨੀਕੀ ਕੋਰਸਾਂ



ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ, ਅਤੇ ਪੋਲੀਟੈਕਨੀਕ ਕਾਲਜ ਵਿੱਚ ਦਾਖਲੇ ਸੰਬੰਧੀ ਪ੍ਰਕਿਰਿਆ, ਯੋਗਤਾ ਅਤੇ ਕੋਰਸਾਂ ਬਾਰੇ ਸਮਝਾਇਆ ਗਿਆ।

ਸੈਮੀਨਾਰ ਦੌਰਾਨ ਵਿਦਿਆਰਥੀਆਂ ਨੂੰ ਦੱਸਿਆ ਗਿਆ ਕਿ ਪੋਲਿਟੈਕਨਿਕ ਕਾਲਜਾਂ ਵਿੱਚ ਤਕਨੀਕੀ ਸਿੱਖਿਆ ਹਾਸਲ ਕਰਕੇ ਉਹ ਰੋਜ਼ਗਾਰ ਦੇ ਵਧੀਆ ਮੌਕੇ ਪ੍ਰਾਪਤ ਕਰ ਸਕਦੇ ਹਨ। ਵਿਦਿਆਰਥੀਆਂ ਨੂੰ ਦਾਖਲਾ ਪ੍ਰਕਿਰਿਆ, ਵੱਖ-ਵੱਖ ਡਿਪਲੋਮਾ ਕੋਰਸਾਂ, ਸਕਾਲਰਸ਼ਿਪ ਯੋਜਨਾਵਾਂ ਅਤੇ ਭਵਿੱਖੀ ਰੁਜ਼ਗਾਰ ਸੰਭਾਵਨਾਵਾਂ ਬਾਰੇ ਵੀ ਜਾਣਕਾਰੀ ਪ੍ਰਦਾਨ ਕੀਤੀ ਗਈ।ਇਸ ਮੌਕੇ ਹੈਡ ਮਿਸਟ੍ਰੈਸ ਮਨਜੀਤ ਕੌਰ ਨੇ ਕਿਹਾ ਕਿ ਅਜਿਹੇ ਸੈਮੀਨਾਰ ਵਿਦਿਆਰਥੀਆਂ ਨੂੰ ਸਹੀ ਦਿਸ਼ਾ ਦਿੰਦੇ ਹਨ ਅਤੇ ਉਨ੍ਹਾਂ ਦੇ ਸੁਪਨਿਆਂ ਨੂੰ ਸਾਕਾਰ ਕਰਨ ਵਿੱਚ ਮਦਦਗਾਰ ਸਾਬਤ ਹੁੰਦੇ ਹਨ। ਸੈਮੀਨਾਰ ਵਿੱਚ ਬਲਦੇਵ ਰਾਜ, ਸੁਖਵਿੰਦਰ ਸਿੰਘ, ਰਮਨ ਕੁਮਾਰ, ਜਸਬੀਰ ਕੌਰ, ਉਂਕਾਰ ਸਿੰਘ, ਚਨਪ੍ਰੀਤ ਕੌਰ, ਅਮਨਦੀਪ ਕੌਰ, ਹਰਜੀਤ ਕੌਰ, ਜਗਜੀਤ ਕੁਮਾਰ ਅਤੇ ਬਲਜੀਤ ਸਿੰਘ ਆਦਿ ਸਟਾਫ ਮੈਂਬਰ ਹਾਜ਼ਰ ਸਨ। ਵਿਦਿਆਰਥੀਆਂ ਵਿੱਚ ਗੁਰਲੀਨ ਕੌਰ, ਬਸੰਤ ਸਿੰਘ ਅਤੇ ਸੁਖਮਨਪ੍ਰੀਤ ਸਿੰਘ ਨੇ ਸੈਮੀਨਾਰ ਵਿੱਚ ਵਿਸ਼ੇਸ਼ ਰੁਚੀ ਦਿਖਾਈ ਅਤੇ ਭਵਿੱਖੀ ਯੋਜਨਾਵਾਂ ਬਾਰੇ ਪ੍ਰਸ਼ਨ ਪੁੱਛੇ। ਅੰਤ ਵਿੱਚ ਸਕੂਲ ਪ੍ਰਬੰਧਕਾਂ ਵੱਲੋਂ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ ਗਿਆ।

# ਲੋਕਪੱਖੀ ਕਾਨੂੰਨ ਮੋਦੀ ਸਰਕਾਰ ਖਤਮ ਕਰ ਰਹੀ : ਸੇਖੋਂ

ਪੱਟੀ (ਬਲਦੇਵ ਸਿੰਘ ਸੰਧੂ) - ਹਿੰਦ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਜ਼ਿਲ੍ਹਾ ਤਰਨ ਤਾਰਨ ਦੀ ਭਰਵੀਂ ਮੀਟਿੰਗ ਕਾਮਰੇਡ ਕਰਮ ਸਿੰਘ ਦਿਆਲਪੁਰਾ ਦੀ ਪ੍ਰਧਾਨਗੀ ਹੇਠ ਕਾਮਰੇਡ ਪ੍ਰੀਤਮ ਸਿੰਘ ਪੱਟੀ ਪ੍ਰਧਾਨ ਕੁਲ ਹਿੰਦ ਖੇਤ ਮਜਦੂਰ ਯੂਨੀਅਨ ਜ਼ਿਲ੍ਹਾ ਤਰਨ ਤਰਨ ਦੇ ਘਰ ਪੱਟੀ ਵਿਖੇ ਹੋਈ ਜਿਸ ਵਿੱਚ ਪੱਟੀ, ਭਿਖੀਵਿੰਡ ,ਤਰਨ ਤਾਰਨ, ਝੁਬਾਲ ਖਡੂੰਰ ਸਾਹਿਬ ਤਹਿਸੀਲਾਂ ਵਿੱਚੋਂ ਸਰਗਰਮ ਕਮਿਊਨਿਸਟ ਕਾਰਕੁੰਨਾਂ ਨੇ ਸ਼ਮੂਲੀਅਤ ਕੀਤੀ। ਇਸ ਮੀਟਿੰਗ ਵਿੱਚ ਵਿਸ਼ੇਸ਼ ਤੌਰ ਤੇ ਕਾਮਰੇਡ ਸੁਖਵਿੰਦਰ ਸਿੰਘ ਸੇਖੋਂ ਸੂਬਾ ਸਕੱਤਰ ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਵੱਲੋਂ ਸ਼ਮੂਲੀਅਤ ਕੀਤੀ ਗਈ।ਮੀਟਿੰਗ ਦੌਰਾਨ ਪਾਰਟੀ ਵੱਲੋਂ ਕੀਤੇ ਗਏ ਕੰਮਾਂ ਨੂੰ ਵਿਚਾਰਿਆ ਗਿਆ ਅਤੇ ਅੱਗੇ ਤੋਂ ਪਾਰਟੀ ਅਤੇ ਪੰਜਾਬ ਦੇ ਮੇਹਨਤਕਸ਼ ਜਨਤਾ ਦੀ ਬਿਹਤਰੀ ਵਾਸਤੇ ਅੱਗੇ ਵੱਧ ਕੇ ਕੰਮ ਕਰਨ ਦਾ ਸੱਦਾ ਦਿੱਤਾ ਗਿਆ।ਕਾਮਰੇਡ ਸੇਖੋਂ ਨੇ ਕੌਮੀ ਅਤੇ ਕਮਾਤਰੀ ਹਾਲਾਤ ਬਾਰੇ ਵਿਸਤਾਰ ਨਾਲ ਚਾਨਣਾ ਪਾਉਂਦਿਆਂ ਕਿਹਾ ਕਿ ਭਾਰਤ ਦੀ ਵਿਦੇਸ਼ ਨੀਤੀ ਅਮਰੀਕਾ ਦੇ ਜੂਨੀਅਰ ਹਿਸੇਦਾਰ ਵਜੋਂ ਆਪਣੀ ਭੂਮਿਕਾ ਨਿਭਾ ਰਹੀ ਹੈ। ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਚੁੱਪ ਇਸ ਗੱਲ ਦਾ ਸੰਕੇਤ ਹੈ ਕਿ ਟੈਕਸ ਮੁਕਤ ਵਪਾਰ ਸਮਝੌਤਾ ਜੋ ਅਮਰੀਕਾ ਨਾਲ ਹੋਇਆ ਹੈ ਉਸ ਦੀ ਜਾਣਕਾਰੀ ਭਾਰਤੀ ਸੰਸਦ ਵਿੱਚ ਮਿਲਣ ਦੀ ਬਜਾਏ ਵਾਈਟ ਹਾਊਸ ਵੱਲੋਂ ਜਾਰੀ ਕੀਤੀ ਗਈ ਹੈ। ਇਸ ਸਮਝੌਤੇ ਨਾ ਸਮੁੱਚੇ ਦੇਸ਼ ਦੇ ਕਿਰਤੀ ਅਤੇ ਆਮ ਵਰਗ ਦੇ ਲੋਕ ਪ੍ਰਭਾਵਿਤ ਹੋਣਗੇ।ਉਹਨਾਂ ਕਿਹਾ ਕਿ ਕੇਂਦਰ ਸਰਕਾਰ ਦੇ ਚਾਰ ਲੇਬਰ ਕਾਨੂੰਨ, ਵੀ ਬੀ -ਜੀ ਰਾਮ ਜੀ ਕਨੂੰਨ ,ਬਿਜਲੀ (ਸੋਧ) ਬਿੱਲ 2025 ਤੇ ਬੀਜ ਬਿੱਲ ਮਾਰੂ ਬਿੱਲ ਹਨ। ਉਹਨਾਂ ਕਿਹਾ ਕਿ ਲੰਮੇ ਸੰਘਰਸ਼ਾਂ ਨਾਲ ਬਣਾਏ ਗਏ ਲੋਕ ਪੱਖੀ ਕਾਨੂੰਨਾਂ ਨੂੰ ਤੋੜ ਮਰੋੜ ਕੇ ਮੋਦੀ ਸਰਕਾਰ ਕਾਰਪੋਰੇਟ ਘਰਾਨਿਆਂ ਪੱਖੀ ਕਾਨੂੰਨ ਬਣਾ ਕੇ ਉਨ੍ਹਾਂ ਦਾ ਪੱਖ ਪੂਰ ਰਹੀ ਹੈ।ਉਹਨਾਂ ਦੱਸਿਆ ਕਿ ਪਾਰਟੀ ਵੱਲੋਂ ਕੇਂਦਰੀ ਲੀਡਰ ਸ਼ਿਪ ਦੀ ਅਗਵਾਈ ਹੇਠ ਕੇਂਦਰ ਸਰਕਾਰ ਦੀਆਂ ਲੋਕ



ਵਿਰੋਧੀ ਨੀਤੀਆਂ ਖਿਲਾਫ 11 ਮਾਰਚ ਤੋਂ ਪਿੰਡ ਸੁਰ ਸਿੰਘ ਤੋਂ ਜਥਾ ਰਵਾਨਾ ਹੋਏਗਾ ਜਿਸ ਵਿੱਚ ਵੱਧ ਤੋਂ ਵੱਧ ਮੈਂਬਰਾਂ ਦੀ ਸ਼ਮੂਲੀਅਤ ਕਰਵਾਉਣ ਦਾ ਸੱਦਾ ਦਿੱਤਾ।

ਇਸ ਮੌਕੇ ਕਾਮਰੇਡ ਮੇਜਰ ਸਿੰਘ ਭਿੱਖੀਵਿੰਡ ਸੂਬਾ ਪ੍ਰਧਾਨ ਕੁਲ ਹਿੰਦ ਕਿਸਾਨ ਸਭਾ, ਡਾਕਟਰ ਇੰਦਰਜੀਤ ਸਿੰਘ ਮਰਹਾਣਾ ਜ਼ਿਲ੍ਹਾ ਸਕੱਤਰ ਸੀ.ਪੀ.ਆਈ (ਐਮ) ,ਕਾਮਰੇਡ ਬਚਿੱਤਰ ਸਿੰਘ ਜੋਣੇਕੇ ਤਹਿਸੀਲ ਸਕੱਤਰ ਸੀ ਪੀ ਆਈ (ਐਮ), ਜਥੇਦਾਰ ਬਲਦੇਵ ਸਿੰਘ ਤਲਵੰਡੀ ਜਿਲ੍ਹਾਂ ਪ੍ਰਧਾਨ ਕੁਲ ਹਿੰਦ ਕਿਸਾਨ ਸਭਾ, ਕਾਮਰੇਡ ਸੁਖਦੇਵ ਸਿੰਘ ਗੋਹਲਵੜ ਸੂਬਾ ਆਗੂ ਸੀਟੂ ,ਕਾਮਰੇਡ ਚਾਨਣ ਸਿੰਘ ਪਹਿਲਵਾਨ ਕੇ, ਕਾਮਰੇਡ ਹੀਰਾ ਸਿੰਘ ਦਰਾਜਕੇ, ਕਾਮਰੇਡ ਹੀਰਾ ਸਿੰਘ ਵਾਂ, ਕਾਮਰੇਡ ਸੁਰਜੀਤ ਸਿੰਘ ਗੰਡੀਵਿੰਡ , ਕਾਮਰੇਡ ਕੁਲਦੀਪ ਸਿੰਘ ਚੂਸਲੇਵੜ,ਕਾਮਰੇਡ ਨਿਸ਼ਾਨ ਸਿੰਘ ਵਾਂ, ਕਾਮਰੇਡ ਮਿਲਖਾ ਸਿੰਘ ਵਾਂ, ਕਾਮਰੇਡ ਹਰਦਿਆਲ ਸਿੰਘ ਗੰਡੀਵਿੰਡ , ਕਾਮਰੇਡ ਪ੍ਰਗਟ ਸਿੰਘ ਪੱਟੀ , ਕਾਮਰੇਡ ਕੁਲਵੰਤ ਸਿੰਘ ਛਾਪਾ ਆਦਿ ਆਗੂਆਂ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ।

# ਨਗਰ ਕੌਂਸਲ ਕਾਦੀਆਂ ਅਧੀਨ ਆਉਂਦੇ ਨਾਲਿਆਂ ਦੀ ਸਫਾਈ ਨਾ ਹੋਣ ਕਾਰਨ ਲੋਕ ਪਰੇਸ਼ਾਨ

ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)- ਨਗਰ ਕੌਂਸਲ ਕਾਦੀਆਂ ਅਧੀਨ ਆਉਂਦੇ ਠੀਕਰੀਵਾਲ ਰੋਡ ਸਥਿਤ ਸਿੱਖ ਨੈਸ਼ਨਲ ਕਾਲਜ ਦੇ ਕੋਲ ਅਤੇ ਹੋਰਨਾਂ ਥਾਵਾਂ 'ਤੇ ਨਾਲਿਆਂ ਦੀ ਸਫਾਈ ਨਾ ਹੋਣ ਕਾਰਨ ਪਾਣੀ ਸੜਕਾਂ ਦੇ ਉੱਪਰ ਜਮਾ ਹੋਣ ਦੇ ਤਹਿਤ ਸਥਾਨਕ ਲੋਕਾਂ ਅਤੇ ਰੋਜਾਨਾ ਹਜ਼ਾਰਾਂ ਦੀ ਗਿਣਤੀ ਵਿੱਚ ਗੁਜਰਨ ਵਾਲੇ ਸਕੂਲੀ ਵਿਦਿਆਰਥੀਆਂ ਨੂੰ ਭਾਰੀ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ । ਸਥਾਨਕ ਲੋਕਾਂ ਦੇ ਵੱਲੋਂ ਪ੍ਰਸ਼ਾਸਨ ਦੇ ਖਿਲਾਫ ਭਾਰੀ ਰੋਸ ਜਾਹਿਰ ਕਰਦੇ ਹੋਏ ਮੰਗ ਕੀਤੀ ਕਿ ਇਹਨਾਂ ਨਾਲਿਆਂ ਦੀ



ਸਫਾਈ ਕਰਵਾਈ ਜਾਵੇ। ਇਸ ਸਬੰਧੀ ਮਨਜੀਤ ਸਿੰਘ ,ਰਣਜੀਤ ਸਿੰਘ, ਸੁਰਿੰਦਰ ਸਿੰਘ ,ਇਕਬਾਲ ਸਿੰਘ, ਬਲਵਿੰਦਰ ਸਿੰਘ ਆਦੀ ਵਸਨੀਕਾਂ ਨੇ ਦੱਸਿਆ ਕਿ ਨਗਰ ਕੌਂਸਲ ਵੱਲੋਂ ਨਾਲਿਆਂ ਦੀ ਸਫ਼ਾਈ ਬੇਸ਼ੱਕ ਸਮਾਂ ਰਹਿੰਦਿਆਂ ਕਰਵਾਈ ਜਾਂਦੀ ਹੈ ਪਰ ਨਾਲਿਆਂ ਦੀ ਸਫਾਈ ਚੰਗੀ ਤਰ੍ਹਾਂ ਨਾ ਹੋਣ ਕਾਰਨ ਗੰਦਗੀ ਕਾਰਨ ਲੋਕਾਂ ਨੂੰ ਕਈ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸ਼ਹਿਰ ਦੇ ਨਾਲਿਆਂ ਦੀ ਨਿਯਮਤ ਸਫ਼ਾਈ ਨਾ ਹੋਣ ਕਾਰਨ ਉਨ੍ਹਾਂ ਵਿੱਚ ਗੰਦਗੀ ਜਮ੍ਹਾਂ ਹੋ ਗਈ ਹੈ ਜਿਸ ਕਰਕੇ ਗੰਦਗੀ ਕਾਰਨ ਆਮ ਲੋਕਾਂ ਨੂੰ ਡੇਂਗੂ ਅਤੇ ਮਲੇਰੀਆ ਵਰਗੀਆਂ ਗੰਭੀਰ ਬਿਮਾਰੀਆਂ ਦਾ ਵੀ ਸਾਹਮਣਾ ਕਰਨਾ ਪੈ ਰਿਹਾ ਹੈ। ਲੋਕਾਂ ਨੇ ਜ਼ਿਲਾ ਪ੍ਰਸ਼ਾਸਨ ਤੇ ਨਗਰ ਕੌਂਸਲ ਪਾਸੋਂ ਪੁਰਜ਼ੋਰ ਮੰਗ ਕੀਤੀ ਕਿ ਜਲਦੀ ਤੋਂ ਜਲਦੀ ਨਾਲੀਆਂ ਦੀ ਸਫਾਈ ਕੀਤੀ ਜਾਵੇ।

# ਗੋਹਤ ਖੁਰਦ 'ਚ ਮੁਫਤ ਮੈਡੀਕਲ ਕੈਂਪ ਲੱਗਾ

**ਧਾਰੀਵਾਲ/ਕਾਹਨੂੰਵਾਨ (ਮਨਦੀਪ ਵਿੱਕੀ)** - ਸਿਵਲ ਸਰਜਨ ਸ੍ਰੀ ਮਹੇਸ਼ ਪ੍ਰਭਾਕਰ ਦੇ ਦਿਸ਼ਾ ਨਿਰਦੇਸ਼ ਤਹਿਤ ਅਤੇ ਐਸ ਐਮ ਓ ਡਾਕਟਰ ਗੁਰਦੀਪ ਸਿੰਘ ਦੀ ਯੋਗ ਅਗਵਾਈ ਹੇਠ ਆਯੂਸ਼ਮਾਨ ਅਰੋਗਿਆ ਕੇਂਦਰ ਕੋਟ ਟੋਡਰ ਮਲ ਅਧੀਨ ਪੈਂਦੇ ਪਿੰਡ ਗੋਹਤ ਖੁਰਦ ਵਿਖੇ ਮੁਫਤ ਮੈਡੀਕਲ ਕੈਂਪ ਲਗਾਇਆ ਗਿਆ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਡਾਕਟਰ ਸੁਰਿੰਦਰ ਪਾਲ ਨੇ





ਦੱਸਿਆ ਕਿ ਇਸ ਕੈਂਪ ਵਿੱਚ ਬੀ ਪੀ ਅਤੇ ਸ਼ੂਗਰ ਦੇ ਮਰੀਜ਼ਾਂ ਦਾ ਚੈੱਕਅਪ ਕਰਕੇ ਮਰੀਜ਼ਾਂ ਨੂੰ ਮੁਫ਼ਤ ਦਵਾਈਆਂ ਦਿੱਤੀਆਂ ਗਈਆਂ। ਉਨ੍ਹਾਂ ਦੱਸਿਆ ਕਿ ਇਸ ਕੈਂਪ ਵਿੱਚ ਮੂੰਹ ਦਾ ਕੈਂਸਰ, ਛਾਤੀ ਦਾ ਕੈਂਸਰ, ਟੀ ਬੀ ਤੋਂ ਇਲਾਵਾ ਹੋਰ ਵੀ ਵੱਖ ਵੱਖ ਬਿਮਾਰੀਆਂ ਬਾਰੇ ਮਰੀਜ਼ਾਂ ਨੂੰ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ ਗਈ। ਇਸ ਕੈਂਪ ਵਿੱਚ ਡਾਕਟਰ ਸੁਰਿੰਦਰ ਪਾਲ , ਹੈਲਥ ਇੰਸਪੈਕਟਰ ਮਨਜੀਤ ਰਾਜ, ਸਰਪੰਚ ਅਜੇ ਕੁਮਾਰ, ਸਿਹਤ ਕਰਮਚਾਰੀ ਰਣਜੀਤ ਸਿੰਘ ,ਆਸ਼ਾ ਵਰਕਰ ਕੁਲਦੀਪ ਕੌਰ, ਬਲਜਿੰਦਰ ,ਗੀਤਾ ,ਮਨਜੀਤ ਕੌਰ, ਨਿਰਮਲ ਕੌਰ, ਮਨਦੀਪ ਕੌਰ ਆਦਿ ਹਾਜ਼ਰ ਸਨ।

# ਸ਼ੈਰੀ ਕਲਸੀ ਦੀ ਅਗਵਾਈ 'ਚ ਹੈੱਲਥ ਕਾਰਡ ਬਣਾਉਣ ਲਈ ਵਿਸ਼ੇਸ਼ ਕੈਂਪ

ਬਟਾਲਾ (ਡਾਕਟਰ ਮਲਵਿੰਦਰ ਸਿੰਘ)- ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਵਿਧਾਇਕ ਸ਼ੈਰੀ ਕਲਸੀ ਦੀ ਅਗਵਾਈ ਵਿੱਚ 'ਮੁੱਖ ਮੰਤਰੀ ਸਿਹਤ ਬੀਮਾ ਯੋਜਨਾ' ਹੈਲਥ ਕਾਰਡ ਬਣਾਉਣ ਲਈ ਲੋਕਾਂ ਦੀ ਸਹੂਲਤ ਲਈ ਬਟਾਲਾ ਵਿਖੇ ਵਿਸ਼ੇਸ਼ ਕੈਂਪ ਲਗਾਏ ਗਏ ਹਨ, ਜਿਥੇ ਲੋਕਾਂ ਵਲੋਂ ਕੈਂਪ ਵਿੱਚ ਪਹੁੰਚ ਕੇ ਆਪਣੇ ਹੈਲਥ ਕਾਰਡ ਬਣਾਉਣ ਦੀ ਰਜਿਸ਼ਟੇਸ਼ਨ ਕਰਵਾਈ ਜਾ ਰਹੀ ਹੈ।ਬਟਾਲਾ ਹਲਕੇ ਅੰਦਰ ਲੋਕਾਂ ਦੀ ਸਹੂਲਤ ਨੂੰ ਮੁੱਖ ਰੱਖਦਿਆਂ ਕਾਰਡ ਬਣਾਉਣ ਲਈ ਵੱਖ ਵੱਖ ਸਥਾਨਾਂ 'ਤੇ ਵਿਸ਼ੇਸ਼ ਕੈਂਪ ਲਗਾਏ ਗਏ ਹਨ। ਇਸ ਤੋਂ ਇਲਾਵਾ ਕਾਮਨ ਸਰਵਿਸ ਸੈਂਟਰਾਂ ਵਿੱਚ ਵੀ ਹੈਲਥ ਕਾਰਡ ਬਣ ਰਹੇ ਹਨ।ਇਸ ਮੌਕੇ ਵਿਧਾਇਕ ਨੇ ਦੱਸਿਆ ਕਿ



'ਮੁੱਖ ਮੰਤਰੀ ਸਿਹਤ ਯੋਜਨਾ ਤਹਿਤ' ਲੋਕਾਂ ਨੂੰ 10 ਲੱਖ ਰੁਪਏ ਤੱਕ ਕੈਸ਼ਲੈੱਸ ਇਲਾਜ ਦੀ ਰਾਹਤ ਪ੍ਰਦਾਨ ਕੀਤੀ ਗਈ ਹੈ।

# ਸਾਹਿਰ ਲੁਧਿਆਣਵੀ ਤੇ ਅੰਮ੍ਰਿਤਾ ਪ੍ਰੀਤਮ 'ਤੇ ਆਧਾਰਿਤ ਨਾਟਕ 'ਵੋ ਅਫਸਾਨਾ' ਦਾ ਮੰਚਨ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**—ਸਾਹਿਤ ਅਤੇ ਰੰਗਮੰਚ ਰਾਹੀਂ ਇਤਿਹਾਸਕ ਅਤੇ ਰੂਹਾਨੀ ਸਬੰਧਾਂ ਨੂੰ ਨਵੀਂ ਪੀੜ੍ਹੀ ਤੱਕ ਪ੍ਰਭਾਵਸ਼ਾਲੀ ਢੰਗ ਨਾਲ ਪਹੁੰਚਾਇਆ ਜਾ ਸਕਦਾ ਹੈ ਅਤੇ ਸ਼ੁੱਕਰਵਾਰ ਨੂੰ ਰਾਬਤਾ ਟੀਮ ਦੇ ਫਨਕਾਰਾਂ ਦੁਆਰਾ 'ਵੋ ਅਫਸਾਨਾ' ਦੇ ਸ਼ਾਨਦਾਰ ਮੰਚਨ ਨੇ ਇਹ ਸਾਬਤ ਕੀਤਾ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਖ਼ਾਲਸਾ ਯੂਨੀਵਰਸਿਟੀ ਦੇ ਪ੍ਰੋ-ਚਾਂਸਲਰ ਅਤੇ ਖ਼ਾਲਸਾ ਕਾਲਜ ਗਵਰਨਿੰਗ ਕੌਂਸਲ ਦੇ ਆਨਰੇਰੀ ਸਕੱਤਰ ਸ: ਰਜਿੰਦਰ ਮੋਹਨ ਸਿੰਘ ਛੀਨਾ ਨੇ ਪ੍ਰਸਿੱਧ ਕਵੀ ਅਤੇ ਸ਼ਾਇਰ ਸਾਹਿਰ ਲੁਧਿਆਣਵੀ ਅਤੇ ਮਹਾਨ ਲੇਖਿਕਾ ਅੰਮ੍ਰਿਤਾ ਪ੍ਰੀਤਮ ਦੇ ਰੂਹਾਨੀ ਅਤੇ ਸਾਹਿਤਕ ਸਬੰਧਾਂ 'ਤੇ ਆਧਾਰਿਤ ਉਕਤ ਵਿਸ਼ੇਸ਼ ਨਾਟਕ ਦੀ ਜੈਸ਼ਰੀ ਅਤੇ ਸ਼ਮੀਰ ਵੱਲੋਂ ਆਪਣੀ ਸ਼ਾਨਦਾਰ ਪ੍ਰਤਿਭਾ ਰਾਹੀਂ ਪੇਸ਼ ਕੀਤੇ ਮੰਚਨ ਉਪਰੰਤ ਕੀਤਾ।ਉਨ੍ਹਾਂ ਕਿਹਾ ਕਿ ਸਹੀ ਮਾਇਨੇ 'ਚ ਸਾਹਿਤ ਸਮਾਜ ਦਾ ਦਰਪਣ ਹੁੰਦਾ ਹੈ ਅਤੇ ਸਾਹਿਰ ਤੇ ਅਮ੍ਰਿਤਾ ਦਾ ਰਿਸ਼ਤਾ ਸਿਰਫ਼ ਨਿੱਜੀ ਪ੍ਰੇਮ ਕਹਾਣੀ ਨਹੀਂ, ਸਗੋਂ ਦੋ ਰੂਹਾਂ ਦਾ ਰਚਨਾਤਮਕ ਮਿਲਾਪ ਸੀ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦੇ ਸੰਸਕ੍ਰਿਤਿਕ ਯਤਨ ਵਿਦਿਆਰਥੀਆਂ 'ਚ ਸੰਵੇਦਨਸ਼ੀਲਤਾ ਅਤੇ ਸਿਰਜਨਾਤਮਕ ਸੋਚ ਨੂੰ ਉਤਸ਼ਾਹਿਤ ਕਰਦੇ ਹਨ।ਖ਼ਾਲਸਾ ਯੂਨੀਵਰਸਿਟੀ ਦੇ ਰਜਿਸਟਰਾਰ ਡਾ. ਖੁਸ਼ਵਿੰਦਰ ਕੁਮਾਰ ਦੇ ਯਤਨਾਂ ਸਦਕਾ ਖ਼ਾਲਸਾ ਕਾਲਜ ਫਾਰ ਵੂਮੈਨ ਦੇ ਆਡੀਟੋਰੀਅਮ ਵਿਖੇ ਕਰਵਾਏ ਗਏ ਉਕਤ ਨਾਟਕ ਦਾ ਉਦੇਸ਼ ਵਿਦਿਆਰਥੀਆਂ ਅਤੇ ਸਾਹਿਤ ਪ੍ਰੇਮੀਆਂ ਨੂੰ ਦੋ ਮਹਾਨ ਰਚਨਕਾਰਾਂ ਦੇ ਜੀਵਨ, ਉਨ੍ਹਾਂ ਦੀ ਸੋਚ ਅਤੇ ਉਨ੍ਹਾਂ ਦੇ ਅਨਕਹੇ ਪ੍ਰੇਮ ਅਫਸਾਨੇ ਨਾਲ ਰੂਬਰੂ ਕਰਵਾਉਣਾ ਸੀ। ਜਿਸ ਦੌਰਾਨ 'ਵਰਸਿਟੀ ਦੇ ਉੱਪ ਕੁਲਪਤੀ ਡਾ. ਮਹਿਲ ਸਿੰਘ, ਅਕਾਦਮਿਕ ਮਾਮਲੇ ਡੀਨ ਡਾ. ਸੁਰਿੰਦਰ ਕੌਰ, ਐਗਜੇਮੀਨੇਸ਼ਨ ਕੰਟਰੋਲਰ ਡੀਨ ਡਾ. ਕੰਵਲਜੀਤ ਸਿੰਘ ਵੀ ਮੌਜੂਦ ਸਨ।ਇਸ ਮੌਕੇ ਫਨਕਾਰਾਂ ਵੱਲੋਂ ਕੀਤੀ ਗਈ ਸ਼ਾਨਦਾਰ ਅਦਾਕਾਰੀ ਨੂੰ ਦਰਸ਼ਕਾਂ ਨੇ ਖੜ੍ਹੇ ਹੋ ਕੇ ਤਾਲੀਆਂ ਨਾਲ ਸਨਮਾਨਿਤ



ਕੀਤਾ। ਇਸ ਦੌਰਾਨ ਉਕਤ ਫਨਕਾਰਾਂ ਨੇ ਕਿਹਾ ਕਿ ਇਹ ਨਾਟਕ ਸਿਰਫ਼ ਇਕ ਪ੍ਰੇਮ ਕਹਾਣੀ ਨਹੀਂ, ਸਗੋਂ ਦੋ ਮਹਾਨ ਕਲਮਕਾਰਾਂ ਦੀ ਅੰਦਰੂਨੀ ਯਾਤਰਾ ਦਾ ਪ੍ਰਤੀਕ ਹੈ। ਇਸ ਮੌਕੇ ਡਾ. ਕੁਮਾਰ ਨੇ ਕਿਹਾ ਕਿ ਇਹ ਨਾਟਕ ਮਾਤ-ਭਾਸ਼ਾ ਪੰਜਾਬੀ ਨੂੰ ਸਮਰਪਿਤ ਸੀ ਅਤੇ ਯੂਨੀਵਰਸਿਟੀ ਵੱਲੋਂ ਅਜਿਹੇ ਪ੍ਰੋਗਰਾਮ ਭਵਿੱਖ 'ਚ ਵੀ ਇਵੇਂ ਹੀ ਜਾਰੀ ਰਹਿਣਗੇ । ਇਸ ਮੌਕੇ ਕੌਂਸਲ ਦੇ ਜੁਆਇੰਟ ਸਕੱਤਰ ਸ: ਸੰਤੋਖ ਸਿੰਘ ਸੇਠੀ, ਸ: ਪਰਮਜੀਤ ਸਿੰਘ ਬੱਲ, ਸ: ਲਖਵਿੰਦਰ ਸਿੰਘ ਢਿੱਲੋਂ, ਕੌਂਸਲ ਦੇ ਮੈਂਬਰ ਰਮਿੰਦਰ ਕੌਰ, ਖ਼ਾਲਸਾ ਕਾਲਜ ਪ੍ਰਿੰਸੀਪਲ ਡਾ. ਆਤਮ ਸਿੰਘ ਰੰਧਾਵਾ, ਖ਼ਾਲਸਾ ਕਾਲਜ ਇੰਜੀਨੀਅਰਿੰਗ ਐਂਡ ਟੈਕਨਾਲੋਜੀ, ਰਣਜੀਤ ਐਵੀਨਿਊ ਡਾਇਰੈਕਟਰ ਡਾ. ਮੰਜੂ ਬਾਲਾ, ਖ਼ਾਲਸਾ ਕਾਲਜ ਸੀਨੀਅਰ ਸੈਕੰਡਰੀ ਸਕੂਲ ਪ੍ਰਿੰਸੀਪਲ ਡਾ. ਇੰਦਰਜੀਤ ਸਿੰਘ ਗੋਗੋਆਣੀ, ਸ੍ਰੀਮਤੀ ਤੇਜਿੰਦਰ ਕੌਰ ਛੀਨਾ, ਸ: ਏ. ਐਸ. ਚਮਕ ਤੋਂ ਇਲਾਵਾ ਹੋਰ ਅਦਾਰਿਆਂ ਦਾ ਸਟਾਫ਼ ਤੇ ਵਿਦਿਆਰਥੀ ਹਾਜ਼ਰ ਸਨ

# ਵਿਦਾਇਗੀ ਪਾਰਟੀ ਹੋਈ

**ਧਾਰੀਵਾਲ (ਮਨਦੀਪ ਵਿੱਕੀ)**-ਸਾਹਿਬਜ਼ਾਦਾ ਜੋਰਾਵਰ ਸਿੰਘ ਫਤਿਹ ਸਿੰਘ ਖਾਲਸਾ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਧਾਰੀਵਾਲ ਵਿਖੇ ਪ੍ਰਿੰਸੀਪਲ ਡਾ: ਗਗਨਜੀਤ ਕੌਰ ਦੀ ਰਹਿਨੁਮਾਈ ਹੇਠ ਦਸਵੀਂ ਕਲਾਸ ਦੇ ਵਿਦਿਆਰਥੀਆਂ ਦੀ ਵਿਦਾਇਗੀ ਪਾਰਟੀ ਹੋਈ ਜਿਸ ਵਿੱਚ ਵਿਦਿਆਰਥੀਆਂ ਵੱਲੋਂ ਕਵਿਤਾਵਾਂ ਲੋਕ ਗੀਤ ਤੇ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤੇ ਗਏ ਤੇ ਵਿਦਿਆਰਥੀਆਂ ਨੂੰ ਵੱਖ ਵੱਖ ਤਰ੍ਹਾਂ ਦੀਆਂ ਖੇਡਾਂ



ਖਿਡਾਈਆਂ ਗਈਆਂ। ਇਸ ਮੌਕੇ ਜੱਜਾਂ ਦੀ ਭੂਮਿਕਾ ਮੈਡਮ ਰਜਿੰਦਰ ਕੌਰ ਮੈਡਮ ਨੀਲਮ ਸ਼ਰਮਾ ਮੈਡਮ ਕੁਲਵਿੰਦਰ ਕੌਰ ਨੇ ਨਿਭਾਈ । ਜਿਸ ਵਿੱਚ ਉਨ੍ਹਾਂ ਵੱਲੋਂ ਸਟੂਡੈਂਟ ਆਫ ਦਾ ਯੀਅਰ ਗੁਰਲੀਨ ਕੌਰ ਤੇ ਸਿਧਾਂਸ਼ੂ ਮਿਸ ਫੇਅਰ ਵੈਲ ਜਸ਼ਨਪ੍ਰੀਤ ਕੌਰ ਮਿਸਟਰ ਫੇਅਰ ਵੈਲ ਰੋਹਿਤਪ੍ਰੀਤ ਸਿੰਘ ਮਿਸ ਚਾਰਮਿੰਗ ਪਲਕ ਬਿਊਟੀਫੁਲ ਅਟਾਇਰ ਸਹਿਜਪ੍ਰੀਤ ਕੌਰ ਬੈਸਟ ਪਰਸਨੈਲਿਟੀ ਅੰਮ੍ਰਿਤਪਾਲ ਸਿੰਘ ਬਿਊਟੀਫੁਲ ਹੇਅਰ ਮਨਜੀਤ ਕੌਰ ਬੈਸਟ ਟਰਬਨ ਪ੍ਰਭਜੀਤ ਸਿੰਘ ਮੋਸਟ ਪੰਕਚੁਅਲ ਚਰਨਜੀਤ ਕੌਰ ਤੇ ਪੰਕਜ ਭਗਤ ਬੈਸਟ ਵਲੰਟੀਅਰ ਜੈਸਮੀਨ ਤੇ ਕੁੰਵਰਜੀਤ ਡਿਗਰਾ ਹੈਡਬੁਆਏ ਸਾਹਿਬਦੀਪ ਸਿੰਘ ਹੈਡਗਰਲ ਰੀਆ ਰਹੇ ਇਸ ਮੌਕੇ ਤੇ (ਪ੍ਰਿੰਸੀਪਲ) ਡਾ:ਗਗਨਜੀਤ ਕੌਰ ਵੱਲੋਂ ਬੱਚਿਆਂ ਨੂੰ ਆਉਣ ਵਾਲੇ ਇਮਤਿਹਾਨਾਂ ਦੇ ਉਜਵਲ ਭਵਿੱਖ ਲਈ ਸ਼ੁਭ ਇਛਾਵਾਂ ਦਿੱਤੀਆਂ ਗਈਆਂ। ਇਸ ਸਮੇਂ ਸਮੂਹ ਸਟਾਫ ਵੀ ਹਾਜਰ ਸੀ।

# ਨਕਲੀ ਚਾਂਦੀ ਵੇਚਣ ਵਾਲੀ ਔਰਤ ਕਾਬੂ

**ਗੁਰਦਾਸਪੁਰ, (ਜਨਕ ਮਹਾਜਨ)**-ਸ਼ਹਿਰ ਦੇ ਅੰਦਰੂਨੀ ਬਾਜ਼ਾਰ 'ਚ ਉਸ ਸਮੇਂ ਹੰਗਾਮਾ ਮੱਚ ਗਿਆ, ਜਦੋਂ ਸੁਨਿਆਰੇ ਦੀ ਦੁਕਾਨ 'ਤੇ ਨਕਲੀ ਚਾਂਦੀ ਵੇਚ ਰਹੀ ਇਕ ਔਰਤ ਨੂੰ ਲੋਕਾਂ ਵਲੋਂ ਫੜ ਕੇ ਪੁਲਸ ਹਵਾਲੇ ਕਰ ਦਿੱਤਾ ਗਿਆ। ਜਾਣਕਾਰੀ ਦਿੰਦੇ ਹੋਏ ਦੁਕਾਨਦਾਰ ਅਜੇ ਵਰਮਾ ਨੇ ਦੱਸਿਆ ਕਿ ਰਾਜਸਥਾਨ ਦੀ ਇਕ ਔਰਤ ਇਕ ਕੁੜੀ ਨਾਲ ਉਨ੍ਹਾਂ ਦੀ ਦੁਕਾਨ 'ਤੇ ਆਈ ਜੋ ਉਨ੍ਹਾਂ ਨੂੰ ਵਿਕਰੀ ਲਈ ਕੁਝ ਚਾਂਦੀ ਦੇ ਸਿੱਕੇ ਦੇ ਰਹੀ ਸੀ। ਪਰ ਜਦੋਂ ਉਸ ਨੇ ਇਨ੍ਹਾਂ ਦੀ ਜਾਂਚ ਕੀਤੀ ਤਾਂ ਉਨ੍ਹਾਂ ਨੂੰ ਪਤਾ ਲੱਗਾ ਕਿ ਚਾਂਦੀ ਨਕਲੀ ਹੈ। ਉਸ ਨੇ ਦੱਸਿਆ ਕਿ ਜਦੋਂ ਉਸ ਵਲੋਂ ਔਰਤ ਨੂੰ ਇਸ ਚਾਂਦੀ ਸਬੰਧੀ ਪੁੱਛਿਆ ਤਾਂ ਉਸ ਦੇ ਨਾਲ ਆਈ ਕੁੜੀ ਮੌਕੇ ਤੋਂ ਭੱਜ ਗਈ ਪਰ ਲੋਕਾਂ ਨੇ ਉਕਤ ਔਰਤ ਨੂੰ ਫੜ ਲਿਆ ਜਿਸ ਤੋਂ ਬਾਅਦ ਉਕਤ ਔਰਤ ਨੂੰ ਪੁਲਿਸ ਹਵਾਲੇ ਕਰ ਦਿੱਤਾ ਗਿਆ। ਉਸ ਨੇ ਦੱਸਿਆ ਕਿ ਇਹ ਔਰਤ ਪਹਿਲਾਂ ਵੀ ਕਈ ਸੁਨਿਆਰੇ ਦੀਆਂ ਦੁਕਾਨਾਂ 'ਤੇ ਜਾ ਚੁੱਕੀ ਹੈ ਤੇ ਨਕਲੀ ਚਾਂਦੀ ਦੇ ਸਿੱਕੇ ਵੇਚ ਕੇ ਉਨ੍ਹਾਂ ਨਾਲ ਧੋਖਾ ਕਰ ਚੁੱਕੀ ਹੈ। ਇਸ ਮਾਮਲੇ ਸਬੰਧੀ ਜਾਣਕਾਰੀ ਦਿੰਦੇ ਹੋਏ ਥਾਣਾ ਸਿਟੀ ਗੁਰਦਾਸਪੁਰ ਦੇ ਪੁਲਿਸ ਅਧਿਕਾਰੀ ਕੁਲਦੀਪ ਸਿੰਘ ਨੇ ਦੱਸਿਆ ਕਿ ਇਸ ਔਰਤ ਨੂੰ ਬਾਜ਼ਾਰ 'ਚੋਂ ਗ੍ਰਿਫ਼ਤਾਰ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਸੁਨਿਆਰੇ ਦੀ ਦੁਕਾਨ ਚਲਾਉਣ ਵਾਲੇ ਲੋਕਾਂ ਨੇ ਸ਼ਿਕਾਇਤ ਦਰਜ ਕਰਵਾਈ ਹੈ ਕਿ ਇਹ ਔਰਤ ਦੁਕਾਨਦਾਰਾਂ ਨੂੰ ਨਕਲੀ ਚਾਂਦੀ ਵੇਚਦੀ ਹੈ। ਉਨ੍ਹਾਂ ਦੱਸਿਆ ਕਿ ਇਸ ਔਰਤ ਦੀ ਪਹਿਚਾਣ ਮੰਜੂ ਵਜੋਂ ਹੋਈ ਹੈ ਜੋ ਕਿ ਲੁਧਿਆਣਾ ਦੇ ਰਹਿਣ ਵਾਲੇ ਜਮੀਤ ਕੁਮਾਰ ਦੀ ਪਤਨੀ ਹੈ ਤੇ ਪੁਲਿਸ ਵਲੋਂ ਹੋਰ ਜਾਂਚ ਜਾਰੀ ਹੈ।

# ਬਜਟ ਤੋਂ ਪਹਿਲਾਂ ਕੱਚੇ ਕਾਮਿਆਂ ਨੂੰ ਪੱਕਾ ਕਰਨ ਸਮੇਤ ਹੋਰ ਮੰਗਾਂ ਮੰਨੀਆਂ ਜਾਣ : ਆਗੂ

**ਪੱਟੀ (ਬਲਦੇਵ ਸਿੰਘ ਸੰਧੂ)**- ਪੰਜਾਬ ਸਰਕਾਰ ਵੱਲੋਂ ਵਿਧਾਨ ਸਭਾ ਚੋਣਾਂ ਦੌਰਾਨ ਮੁਲਾਜ਼ਮਾਂ, ਪੈਨਸ਼ਨਰਾਂ ਅਤੇ ਕੱਚੇ ਮੁਲਾਜ਼ਮਾਂ ਨਾਲ ਵੱਡੀਆਂ ਗਰੰਟੀਆਂ ਕੀਤੀਆਂ ਸਨ ਪ੍ਰੰਤੂ ਚਾਰ ਸਾਲ ਤੋਂ ਵੱਧ ਦਾ ਸਮਾਂ ਬੀਤ ਜਾਣ ਉਪਰੰਤ



ਇੱਕ ਵੀ ਗਾਰੰਟੀ ਪੂਰੀ ਨਹੀਂ ਕੀਤੀ ਗਈ। ਮੁਲਾਜ਼ਮ , ਪੈਨਸ਼ਨਰ , ਆਊਟ ਸੋਰਸਿੰਗ ਅਤੇ ਕੰਟਰੈਕਟ ਦੇ ਅਧਾਰ 'ਤੇ ਕੰਮ ਕਰਦੇ ਮੁਲਾਜ਼ਮ ਆਪਣੇ ਆਪ ਨੂੰ ਠੱਗਿਆ ਹੋਇਆ ਮਹਿਸੂਸ ਕਰਦੇ ਹਨ। 36 ਹਜਾਰ ਮੁਲਾਜ਼ਮ ਪੱਕੇ ਕਰਨ ਦਾ ਬਹੁਤ ਢੰਡੋਰਾ ਪਿੱਟਿਆ ਜਾਂ ਰਿਹਾ ਹੈ ਜਦ ਕਿ ਪੰਜਾਬ ਰੋਡਵੇਜ ਪਨਬੱਸ ,ਸੇਹਤ ਵਿਭਾਗ, ਸਿਖਿਆ ਵਿਭਾਗ ਅਤੇ ਆਂਗਣਵਾੜੀ ਆਦਿ ਵਿਭਾਗਾ ਅੰਦਰ ਵੱਖ-ਵੱਖ ਕੈਟਾਗਰੀਆਂ ਉੱਪਰ ਪਿਛਲੇ ਚੌਦਾ ਪੰਦਰਾਂ ਸਾਲਾਂ ਤੋਂ ਸੇਵਾਵਾਂ ਨਿਭਾ ਰਹੇ ਕਰਮਚਾਰੀ ਅੱਜ ਵੀ ਰੈਗੂਲਰ ਕਰਨ ਦੀ ਮੰਗ ਨੂੰ ਲੈ ਕੇ ਸੜਕਾਂ ਉਪਰ ਧੱਕੇ ਖਾ ਰਹੇ ਹਨ। ਉਪਰੋਕਤ ਸ਼ਬਦਾਂ ਦਾ ਪ੍ਰਗਟਾਵਾ ਪੈਨਸ਼ਨਰ ਐਸੋਸੀਏਸ਼ਨ ਪਾਵਰ ਕਾਰਪੋਰੇਸ਼ਨ ਸਰਕਲ ਤਰਨ ਤਰਨ ਦੇ ਪ੍ਰਧਾਨ ਗੁਰਪ੍ਰੀਤ ਸਿੰਘ ਮੰਨਣ, ਸਰਕਲ ਸਕੱਤਰ ਬਲਵਿੰਦਰ ਸਿੰਘ ਪਲਾਸੌਰ ਅਤੇ ਸਰਕਲ ਵਿੱਤ ਸਕੱਤਰ ਹਰਭਜਨ ਸਿੰਘ ਪੱਟੀ ਨੇ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ।ਆਗੂਆਂ ਨੇ ਕਿਹਾ ਕਿ ਇਹ ਪਹਿਲੀ ਸਰਕਾਰ ਹੈ ਜਿਸ ਨੇ ਚਾਰ ਸਾਲ ਤੋਂ ਵੱਧ ਦਾ ਸਮਾਂ ਬੀਤ ਜਾਣ 'ਤੇ ਇੱਕ ਵੀ ਮਹਿੰਗਾਈ ਭੱਤੇ ਦੀ ਕਿਸ਼ਤ ਜਾਰੀ ਨਹੀਂ ਕੀਤੀ।ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਦਾ ਅਖੀਰਲਾ ਬਜਟ ਆ ਰਿਹਾ ਹੈ ਉਸ ਤੋਂ ਪਹਿਲਾਂ 23 ਫਰਵਰੀ ਨੂੰ ਪੰਜਾਬ ਕੈਬਨਿਟ ਦੀ ਹੋ ਰਹੀ ਮੀਟਿੰਗ ਵਿੱਚ ਬਣਦਾ ਮਹਿੰਗਾਈ ਭੱਤਾ , ਪੁਰਾਣੀ ਪੈਨਸ਼ਨ ਬਹਾਲ, ਆਊਟ ਸੋਰਸਿੰਗ ਠੇਕਾ ਅਧਾਰਿਤ ਅਤੇ ਕੰਟਰੈਕਟ ਦੇ ਅਧੀਨ ਕੰਮ ਕਰਦੇ ਮੁਲਾਜ਼ਮਾਂ ਨੂੰ ਪੱਕਿਆਂ ਕਰਨ ਦਾ ਐਲਾਨ ਕੀਤਾ ਜਾਵੇ।

# ਮਦਰਾ ਬ੍ਰਾਹਮਣ ਭਾਈਚਾਰੇ ਦੇ ਜਠੇਰਿਆਂ ਦਾ ਸਾਲਾਨਾ ਮੇਲ ਅੱਜ

**ਧਾਰੀਵਾਲ, (ਮਨਦੀਪ ਵਿੱਕੀ)** - ਮਦਰਾ ਬ੍ਰਾਹਮਣ ਭਾਈਚਾਰੇ ਦੇ ਜਠੇਰਿਆਂ ਦੀ ਸਾਲਾਨਾ ਮੇਲਾ 22 ਫਰਵਰੀ ਦਿਨ ਐਤਵਾਰ ਨੂੰ ਇਥੋਂ ਨਜ਼ਦੀਕੀ ਪਿੰਡ ਕਲੇਰ ਕਲਾਂ (ਜ਼ਿਲ੍ਹਾ ਗੁਰਦਾਸਪੁਰ) ਵਿੱਚ ਬਹੁਤ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਇਸ ਸੰਬੰਧੀ ਵਿਕਰਮਜੀਤ ਸ਼ਰਮਾ ਨੇ ਦੱਸਿਆ ਕਿ ਇਸ ਪਵਿੱਤਰ ਇਕੱਠ ਵਿੱਚ ਹਵਨ, ਭਜਨ ਕੀਰਤਨ ਅਤੇ ਦਾਅਵਤ ਸ਼ਾਮਲ ਹੋਵੇਗੀ।

# ਮਾਂ ਬੋਲੀ ਬਚਾਉਣ ਲਈ ਵਿਸ਼ੇਸ਼ ਸੈਮੀਨਾਰ 24 ਨੂੰ

**ਧਾਰੀਵਾਲ, (ਮਨਦੀਪ ਵਿੱਕੀ)**- ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਇਸਤਰੀ ਵਿੰਗ ਦੇ ਸੀਨੀਅਰ ਮੀਤ ਪ੍ਰਧਾਨ ਬੀਬੀ ਕੁਲਵਿੰਦਰ ਕੌਰ ਖਾਲਸਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਅਤੇ ਕਾਰਜਕਾਰੀ ਪ੍ਰਧਾਨ ਇਮਾਨ ਸਿੰਘ ਮਾਨ ਦੀ ਅਗਵਾਈ ਹੇਠ 24 ਫਰਵਰੀ ਨੂੰ ਪੰਜਾਬੀ ਮਾਂ ਬੋਲੀ ਦਿਹਾੜੇ 'ਤੇ ਮਾਂ ਬੋਲੀ ਨੂੰ ਬਚਾਉਣ ਲਈ ਵਿਸ਼ੇਸ਼ ਸੈਮੀਨਾਰ ਗੁਰਦੁਆਰਾ ਸ੍ਰੀ ਮੱਲ ਸਾਹਿਬ ਅਖਾੜਾ, ਖਡੂਰ ਸਾਹਿਬ ਵਿਖੇ ਕਰਵਾਇਆ ਜਾਏਗਾ।ਬੀਬੀ ਕੁਲਵਿੰਦਰ ਕੌਰ ਖਾਲਸਾ ਨੇ ਕਿਹਾ ਕਿ ਗੁਰਮਖੀ ਪੰਜਾਬੀ ਬੋਲੀ ਨੂੰ ਪ੍ਰਚਾਰਨ ਅਤੇ ਇਸ ਦਾ ਸਤਿਕਾਰ ਬਹਾਲ ਕਰਵਾਉਣ ਲਈ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਵੱਲੋਂ ਪਹਿਲਾਂ ਵੀ ਕਈ ਸੈਮੀਨਾਰ ਕਰਵਾਏ ਗਏ ਹਨ। ਬੀਬੀ ਕੁਲਵਿੰਦਰ ਕੌਰ ਖਾਲਸਾ ਨੇ ਦੱਸਿਆ ਕਿ ਸੈਮੀਨਾਰ ਵਿੱਚ ਵੱਖ - ਵੱਖ ਬੁਲਾਰੇ ਪੰਜਾਬੀ ਬੋਲੀ ਪ੍ਰਤੀ ਸੰਗਤਾਂ ਨੂੰ ਜਾਗਰੂਕ ਕਰਨਗੇ ਅਤੇ ਸ੍ਰੀ ਗੁਰੂ ਅੰਗਦ ਦੇਵ ਜੀ ਮਹਾਰਾਜ ਵੱਲੋਂ ਪੰਜਾਬੀ ਗੁਰਮੁਖੀ ਬੋਲੀ ਵਿੱਚ ਪਾਏ ਯੋਗਦਾਨ ਬਾਰੇ ਵੀ ਵਿਚਾਰਾਂ ਹੋਣਗੀਆਂ।

# ਮਹਿਲਾਵਾਂ ਦੀ ਦੋ ਰੋਜ਼ਾ ਨਾਰਥ ਜ਼ੋਨ ਟਰੈਕ ਸਾਈਕਲਿੰਗ ਚੈਂਪੀਅਨਸ਼ਿਪ ਸੰਪੰਨ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)** - ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਾਈਕਲਿੰਗ ਵੈਲੋਡਰਮ ਵਿਖੇ ਭਾਰਤ ਸਰਕਾਰ ਦੀ ਖੇਲੋ ਇੰਡੀਆ ਸਕੀਮ ਤਹਿਤ 2 ਦਿਨਾਂ ਅਸ਼ਮਿਤਾ ਵਿਮੈਨ ਸਾਈਕਲਿੰਗ ਲੀਗ ਨੌਰਥ ਜ਼ੋਨ ਟਰੈਕ ਸਾਈਕਲਿੰਗ ਚੈਂਪੀਅਨਸ਼ਿਪ ਸੰਪੰਨ ਹੋ ਗਈ। ਇਸ ਦੌਰਾਨ ਉੱਤਰ ਭਾਰਤ ਦੇ ਅੱਠ ਰਾਜਾਂ ਦੀਆਂ 400 ਮਹਿਲਾ ਸਾਈਕਲ ਸਵਾਰਾਂ ਨੇ ਆਪਣੀ ਖੇਡ ਸ਼ੈਲੀ ਦਾ ਪ੍ਰਦਰਸ਼ਨ ਕੀਤਾ। ਸਾਈਕਲਿੰਗ ਫੈਡਰੇਸ਼ਨ ਆਫ ਇੰਡੀਆ ਦੇ ਉੱਤਰੀ ਜ਼ੋਨ ਦੇ ਇੰਚਾਰਜ ਅਤੇ ਸਹਾਇਕ ਸਕੱਤਰ ਸ਼੍ਰੀ ਨੀਰਜ ਤੰਵਰ ਦੀ ਨਿਗਰਾਨੀ ਹੇਠ ਇਹ ਵੱਕਾਰੀ ਮੁਕਾਬਲੇਬਾਜ਼ੀ ਖੇਡ ਮੰਤਰਾਲੇ, ਭਾਰਤ ਸਰਕਾਰ, ਭਾਰਤੀ ਖੇਡ ਅਥਾਰਟੀ (ਸਾਈ) ਅਤੇ ਸਾਈਕਲਿੰਗ ਫੈਡਰੇਸ਼ਨ ਆਫ ਇੰਡੀਆ ਦੇ ਸਹਿਯੋਗ ਨਾਲ ਆਯੋਜਿਤ ਕੀਤੀ ਗਈ। ਸ਼੍ਰੀ ਨੀਰਜ ਤੰਵਰ ਨੇ ਇਹ ਮੁਕਾਬਲੇ ਕਰਵਾਉਣ ਲਈ ਸਾਈਕਲਿੰਗ ਫੈਡਰੇਸ਼ਨ ਆਫ ਇੰਡੀਆ ਦੇ ਚੇਅਰਮੈਨ ਸ਼੍ਰੀ ਓਂਕਾਰ ਸਿੰਘ ਅਤੇ ਸਕੱਤਰ ਜਨਰਲ ਸ਼੍ਰੀ ਮਨਿੰਦਰਪਾਲ ਸਿੰਘ ਦਾ ਵਿਸ਼ੇਸ਼ ਤੌਰ ਉੱਤੇ ਧਨਵਾਦ ਕੀਤਾ। ਇਸ ਦੌਰਾਨ ਹਰਿਆਣਾ, ਪੰਜਾਬ, ਰਾਜਸਥਾਨ, ਉੱਤਰ ਪ੍ਰਦੇਸ਼, ਦਿੱਲੀ, ਹਿਮਾਚਲ ਪ੍ਰਦੇਸ਼, ਜੰਮੂ-ਕਸ਼ਮੀਰ ਅਤੇ ਚੰਡੀਗੜ੍ਹ ਦੀਆਂ ਵੱਖ ਵੱਖ ਵਰਗਾਂ ਦੀਆਂ ਜੇਤੂਆਂ ਨੂੰ ਮੈਡਲ ਅਤੇ ਨਕਦ 03,45,000 ਰੁਪਏ ਦੀਆਂ ਇਨਾਮੀ ਰਾਸ਼ੀਆਂ ਨਾਲ ਸਨਮਾਨਿਤ ਕੀਤਾ ਗਿਆ । ਸਬ ਜੂਨੀਅਰ ਸਕਰੈਚ ਰੇਸ ਤੇ ਕੇਰਨ ਰੇਸ ਦੇ ਵਿੱਚ ਪੰਜਾਬ ਦੀ ਅੰਜਲੀ ਜਾਖੜ, ਤਰੁਨ ਕੁਮਾਰੀ ਤੇ ਪਲਕਪ੍ਰੀਤ ਕੌਰ ਨੇ



ਕਰਮਵਾਰ ਪਹਿਲਾ,ਦੂਜਾ ਤੇ ਤੀਜਾ ਸਥਾਨ ਹਾਸਿਲ ਕੀਤਾ। ਵਿਮਨ ਜੂਨੀਅਰ ਦੀ 500 ਮੀਟਰ ਟਾਈਮ ਟਰਾਇਲ ਪ੍ਰਤੀਯੋਗਤਾ ਦੇ ਦੌਰਾਨ ਪੰਜਾਬ ਦੀ ਪਲਕਪ੍ਰੀਤ ਕੌਰ ਨੇ ਗੋਲਡ, ਜਪਨੀਤ ਕੌਰ ਨੇ ਸਿਲਵਰ ਤੇ ਅੰਜਲੀ ਨੇ ਕਾਂਸੀ ਦਾ ਮੈਡਲ ਹਾਸਲ ਕੀਤਾ। ਇਸੇ ਵਰਗ ਦੀ ਕੇਰਨ ਤੇ ਸਕਰੈਚ ਰੇਸ ਦੇ ਵਿੱਚ ਪੰਜਾਬ ਦੀ ਹਰਿਸਤਾ ਜਾਖੜ ਨੇ ਪਹਿਲਾ, ਸੁਹਾਨੀ ਨੇ ਦੂਜਾ ਤੇ ਹਰਿਆਣਾ ਦੀ ਭੂਮਿਕਾ ਨੇ ਤੀਜਾ ਸਥਾਨ ਹਾਸਿਲ ਕੀਤਾ। ਵਿਮੈਨ ਈਲੀਟ ਦੀ 10 ਕਿਲੋਮੀਟਰ ਸਕਰੈਚ ਰੇਸ ਦੇ ਦੌਰਾਨ ਪਟਿਆਲਾ ਦੀ ਰਜੀਆ ਦੇਵ, ਚੈਨਿਕਾ ਗੰਗੋਈ, ਸੀਆ ਲਾਲਵਾਨੀ ਨੇ ਕ੍ਰਮਵਾਰ ਪਹਿਲਾ,ਦੂਜਾ ਤੇ ਤੀਜਾ ਸਥਾਨ ਹਾਸਿਲ ਕੀਤਾ। ਇਸੇ ਵਰਗ ਦੀ ਕੇਰਨ ਰੇਸ ਵਿੱਚ ਪੰਜਾਬ ਦੀ ਰਜੀਆ ਦੇਵ ਨੇ ਗੋਲਡ, ਚੈਨਿਕਾ ਗੰਗੋਈ ਨੇ ਸਿਲਵਰ ਤੇ ਸੰਤੋਸ਼ੀ ਨੇ ਬਰਾਊਂਜ਼ ਮੈਡਲ ਹਾਸਲ ਕੀਤੇ। ਜੇਤੂਆਂ ਨੂੰ ਇਨਾਮ ਤਕਸੀਮ ਕਰਨ ਦੀ ਰਸਮ ਅਦਾ ਕਰਦਿਆਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਡਾਇਰੈਕਟਰ ਸਪੋਰਟਸ ਡਾਕਟਰ ਕੰਵਰ ਮਨਦੀਪ ਸਿੰਘ ਜਿੰਮੀ ਢਿੱਲੋਂ ਨੇ ਸਾਈਕਲਿੰਗ ਫੈਡਰੇਸ਼ਨ ਆਫ ਇੰਡੀਆ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਸ ਖੇਡ ਪ੍ਰਤੀਯੋਗਤਾ ਦੇ ਨਾਲ ਮਹਿਲਾ ਖੇਡ ਖੇਤਰ ਨੂੰ ਉਤਸ਼ਾਹ ਮਿਲਿਆ ਹੈ।

ਇਸ ਮੌਕੇ ਕੌਮਾਂਤਰੀ ਸਾਈਕਲਿੰਗ ਕੋਚ ਰਾਜੇਸ਼ ਕੌਸ਼ਿਕ, ਕੋਚ ਸਤਬੀਰ ਸਿੰਘ, ਕੋਚ ਭੁਪਿੰਦਰ ਕੁਮਾਰ, ਕੋਚ ਨਵਦੀਪ ਸਿੰਘ, ਕੋਚ ਗੌਰਵ,ਮੈਡਮ ਰਾਜਵਿੰਦਰ ਕੌਰ, ਖੇਡ ਪ੍ਰਮੋਟਰ ਬਲਜਿੰਦਰ ਸਿੰਘ ਮੱਟੂ, ਨਰਿੰਦਰ ਸਿੰਘ ਰੇਲਵੇ, ਜਸਪਾਲ ਸਿੰਘ, ਹਰਪ੍ਰੀਤ ਕੌਰ, ਬਲਦੇਵ ਸਿੰਘ, ਜੀ ਐਸ ਸੰਧੂ ਆਦਿ ਹਾਜਰ ਸਨ।

22 Feb Page 4.qxd 2/21/2026 9:16 PM Page 1



# 12 ਦੀ ਬਾਘਾ ਪੁਰਾਣਾ ਰੈਲੀ ਇਤਿਹਾਸਕ ਸਾਬਿਤ ਹੋਵੇਗੀ : ਅਕਾਲੀ ਆਗੂ

## ਜਥੇਦਾਰ ਮਾਹਲਾ ਤੇ ਯੂਥ ਟੀਮ ਦੀ ਅਗਵਾਈ ਹੇਠ ਤਿਆਰੀਆਂ ਜ਼ੋਰਾਂ 'ਤੇ

**ਬਾਘਾ ਪੁਰਾਣਾ (ਮਨੀ ਸਿੰਗਲਾ)**- 12 ਮਾਰਚ ਨੂੰ ਹੋਣ ਜਾ ਰਹੀ ਪਾਰਟੀ ਪ੍ਰਧਾਨ ਸ. ਸੁਖਬੀਰ ਸਿੰਘ ਬਾਦਲ ਦੀ ਰੈਲੀ ਨੂੰ ਲੈ ਕੇ ਹਲਕਾ ਬਾਘਾ ਪੁਰਾਣਾ ਵਿੱਚ ਤਿਆਰੀਆਂ ਜ਼ੋਰਾਂ 'ਤੇ ਹਨ। ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਜਤਿੰਦਰ ਸਿੰਘ ਬਿੱਟੂ ਚੇਅਰਮੈਨ ਚੰਨੂੰ ਵਾਲਾ, ਤਲਵਾਰ ਬਰਾੜ ਚੰਨੂੰ ਵਾਲਾ, ਚੇਰੀ ਭਾਟੀਆ, ਤਰਸੇਮ ਗੋਪੀ ਰਣੀਏਵਾਲਾ, ਤਰਸੇਮ ਸਿੰਘ ਗਿੱਲ ਤੇ ਲਖਵਿੰਦਰ ਸਿੰਘ ਸਿੱਧੂ ਨੇ ਸਾਂਝੇ ਬਿਆਨ ਰਾਹੀਂ ਦੱਸਿਆ ਕਿ ਇਹ ਰੈਲੀ ਇਤਿਹਾਸਕ ਸਾਬਿਤ ਹੋਵੇਗੀ।ਆਗੂਆਂ ਨੇ ਕਿਹਾ ਕਿ ਹਲਕਾ ਇੰਚਾਰਜ ਜਥੇਦਾਰ ਤੀਰਥ ਸਿੰਘ ਮਾਹਲਾ ਦੀ ਅਗਵਾਈ ਹੇਠ ਪੂਰੀ ਟੀਮ ਦਿਨ-ਰਾਤ ਮਿਹਨਤ ਕਰ ਰਹੀ ਹੈ ਤਾਂ ਜੋ ਰੈਲੀ ਨੂੰ ਕਾਮਯਾਬ ਬਣਾਇਆ ਜਾ ਸਕੇ।ਉਨ੍ਹਾਂ ਦੱਸਿਆ ਕਿ ਜਥੇਦਾਰ ਮਾਹਲਾ ਦੇ ਦੋਵੇਂ ਸਪੁੱਤਰ ਸੁਖਜੀਤ ਸਿੰਘ ਮਾਹਲਾ ਤੇ ਜਸਪ੍ਰੀਤ ਸਿੰਘ ਮਾਹਲਾ ਵੀ ਨੌਜਵਾਨ ਟੀਮਾਂ ਨਾਲ ਮਿਲ ਕੇ ਪਿੰਡਾਂ ਤੇ ਸ਼ਹਿਰੀ ਇਲਾਕਿਆਂ ਵਿੱਚ ਲਗਾਤਾਰ ਸੰਪਰਕ ਮੁਹਿੰਮ ਚਲਾ ਰਹੇ ਹਨ।ਉਨ੍ਹਾਂ ਕਿਹਾ ਕਿ 12 ਮਾਰਚ ਦਾ ਇਕੱਠ ਸਿਰਫ਼ ਇੱਕ ਰੈਲੀ ਨਹੀਂ, ਸਗੋਂ ਪੰਜਾਬ ਦੇ ਭਵਿੱਖ ਨੂੰ ਲੈ ਕੇ ਇੱਕ ਵੱਡਾ ਸੰਦੇਸ਼ ਹੋਵੇਗਾ।ਅਕਾਲੀ ਆਗੂਆਂ ਨੇ ਦਾਅਵਾ ਕੀਤਾ ਕਿ ਬਾਘਾ ਪੁਰਾਣਾ ਹਲਕੇ ਵਿੱਚ ਹੋਣ ਵਾਲਾ ਇਹ ਵਿਸ਼ਾਲ ਇਕੱਠ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਲਈ ਮਜ਼ਬੂਤ ਬੁਨਿਆਦ ਸਾਬਿਤ ਹੋਵੇਗਾ।ਉਨ੍ਹਾਂ ਕਿਹਾ ਕਿ ਲੋਕ ਮੌਜੂਦਾ ਹਾਲਾਤਾਂ ਤੋਂ ਨਿਰਾਸ਼ ਹਨ ਤੇ ਬਦਲਾਅ ਦੀ ਉਮੀਦ ਨਾਲ ਅਕਾਲੀ ਦਲ ਵੱਲ ਦੇਖ ਰਹੇ ਹਨ।ਅੰਤ ਵਿੱਚ ਆਗੂਆਂ ਨੇ ਹਲਕੇ ਦੇ ਵਰਕਰਾਂ, ਸਮਰਥਕਾਂ ਤੇ ਆਮ ਲੋਕਾਂ ਨੂੰ ਅਪੀਲ ਕੀਤੀ ਕਿ ਵੱਡੀ ਗਿਣਤੀ ਵਿੱਚ 12 ਮਾਰਚ ਦੀ ਰੈਲੀ ਵਿੱਚ ਸ਼ਾਮਲ ਹੋ ਕੇ ਇਸ ਨੂੰ ਕਾਮਯਾਬ ਬਣਾਇਆ ਜਾਵੇ ਅਤੇ ਪਾਰਟੀ ਦੀਆਂ ਨੀਤੀਆਂ ਨੂੰ ਮਜ਼ਬੂਤੀ ਦਿੱਤੀ ਜਾਵੇ।



# ਇਨਕਲਾਬੀ ਵਿਰਾਸਤ ਪ੍ਰਚਾਰ ਮੰਚ ਵੱਲੋਂ ਕਿਸਾਨਾਂ 'ਤੇ ਜਬਰ ਦੀ ਨਿੰਦਾ

**ਲੌਂਗੋਵਾਲ (ਪ੍ਰਦੀਪ ਸੱਲ)**- ਇਨਕਲਾਬੀ ਵਿਰਾਸਤ ਪ੍ਰਚਾਰ ਮੰਚ ਪੰਜਾਬ ਦੇ ਪ੍ਰਧਾਨ ਬਲਬੀਰ ਲੌਂਗੋਵਾਲ ਤੇ ਜਨਰਲ ਸਕੱਤਰ ਰਾਕੇਸ਼ ਕੁਮਾਰ ਨੇ ਪੰਜਾਬ ਸਰਕਾਰ ਦੇ ਦਿਸ਼ਾ-ਨਿਰਦੇਸ਼ 'ਤੇ ਪੰਜਾਬ ਪੁਲਸ ਵੱਲੋਂ ਬੀ.ਕੇ.ਯੂ. ਉਗਰਾਹਾਂ ਦੇ ਆਗੂਆਂ ਦੇ ਘਰਾਂ 'ਤੇ ਛਾਪੇਮਾਰੀ ਕਰਕੇ ਪਿੰਡਾਂ ਵਿੱਚ ਦਹਿਸ਼ਤ ਦਾ ਮਾਹੌਲ ਬਣਾਉਣ, ਆਗੂਆਂ/ਕਾਰਕੁਨਾਂ ਦੀਆਂ ਗ੍ਰਿਫਤਾਰੀਆਂ ਕੀਤੇ ਜਾਣ, ਜਿਉਂਦ ਵਿੱਚ ਪਿੰਡ ਦੀ ਘੇਰਾਬੰਦੀ ਕਰਕੇ ਅੱਥਰੂ ਗੈਸ ਦੇ ਗੋਲੇ ਵਰ੍ਹਾ ਕੇ ਜਲ੍ਹਿਆਂਵਾਲੇ ਬਾਗ ਦੀ ਯਾਦ ਦਿਵਾਉਣ, ਹੋਰ ਅਨੇਕਾਂ ਥਾਵਾਂ 'ਤੇ ਬੇਤਹਾਸ਼ਾ ਲਾਠੀਚਾਰਜ ਕਰਨ ਅਤੇ ਹੋਰ ਹਰ ਕਿਸਮ ਦਾ ਜਬਰ ਢਾਹੇ ਜਾਣ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ।ਮੰਚ ਦੇ ਪ੍ਰਧਾਨ ਬਲਬੀਰ ਲੌਂਗੋਵਾਲ, ਜਨਰਲ ਸਕੱਤਰ ਰਾਕੇਸ਼ ਕੁਮਾਰ, ਵਿੱਤ ਸਕੱਤਰ ਲਾਭ ਛਾਜਲਾ ਤੇ ਪ੍ਰੈੱਸ ਸਕੱਤਰ ਜਸਬੀਰ ਨਮੋਲ ਨੇ ਕਿਹਾ ਕਿ ਮੰਚ ਸਬੰਧਿਤ ਜਥੇਬੰਦੀ ਵੱਲੋਂ ਲੜੇ ਜਾ ਰਹੇ ਇਸ ਹੱਕੀ ਸੰਘਰਸ਼ ਦੀ ਹਮਾਇਤ ਕਰਦਿਆਂ ਮੰਗ ਕਰਦਾ ਹੈ ਕਿ ਗ੍ਰਿਫ਼ਤਾਰ ਆਗੂਆਂ ਤੇ ਕਿਸਾਨਾਂ ਨੂੰ ਤੁਰੰਤ ਰਿਹਾਅ ਕੀਤਾ ਜਾਵੇ।

# 28.55 ਕਿਲੋਮੀਟਰ ਸੜਕਾਂ ਲਈ 9.78 ਕਰੋੜ ਦੇ ਪ੍ਰੋਜੈਕਟਾਂ ਦੀ ਸ਼ੁਰੂਆਤ

**ਲੰਬੀ/ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)** ਆਵਾਜਾਈ ਪੱਖੋਂ ਲੋਕਾਂ ਨੂੰ ਸੁਖਾਵਾਂ ਮਾਹੌਲ ਮੁਹੱਈਆ ਕਰਾਉਣ ਪੰਜਾਬ ਸਰਕਾਰ ਦੀ ਮੁੱਖ ਤਰਜੀਹ ਹੈ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਪੰਜਾਬ ਦੇ ਕੈਬਨਿਟ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਵੱਲੋਂ ਹਲਕੇ ਦੇ ਪਿੰਡ



ਸਿੱਖਵਾਲਾ, ਘੁਮਿਆਰਾ, ਲੁਹਾਰਾ ਤੇ ਵੜਿੰਗ ਖੇੜਾ ਵਿਖੇ ਵੱਖ-ਵੱਖ ਸੜਕਾਂ ਦੀ ਨਵੀਂ ਉਸਾਰੀ ਅਤੇ ਨਵੀਨੀਕਰਨ ਮੌਕੇ ਕੀਤਾ। ਉਨ੍ਹਾਂ ਦੱਸਿਆ ਕਿ ਪਿੰਡ ਸਿੱਖਵਾਲਾ ਤੋਂ ਖੁੱਡੀਆਂ ਮਹਾਂ ਸਿੰਘ ਨੂੰ ਜਾਂਦੀ ਸੜਕ ਨੂੰ 10 ਫੁੱਟ ਤੋਂ 18 ਫੁੱਟ ਚੌੜਾ ਕੀਤਾ ਜਾਣਾ ਹੈ, ਜਿਸਦੀ ਲੰਬਾਈ 4.80 ਕਿਲੋਮੀਟਰ ਹੈ ਤੇ ਇਸ ਕੰਮ 'ਤੇ 2.73 ਕਰੋੜ ਦੀ ਲਾਗਤ ਨਾਲ ਖਰਚ ਕੀਤਾ ਜਾਵੇਗਾ।ਪਿੰਡ ਘੁਮਿਆਰਾ ਤੋਂ ਮਿੱਡੂ ਖੇੜਾ 2.80 ਕਿਲੋਮੀਟਰ ਸੜਕ ਦੀ ਨਵੀਂ ਉਸਾਰੀ ਕੀਤੀ ਜਾਵੇਗੀ, ਜਿਸਦੀ ਚੌੜਾਈ 12 ਫੁੱਟ ਹੋਵੇਗੀ ਤੇ ਜਿਸ 'ਤੇ ਉਸਾਰੀ ਲਈ 1.29 ਕਰੋੜ ਰੁਪਏ ਖਰਚ ਕੀਤੇ ਜਾਣਗੇ। ਇਸੇ ਤਰ੍ਹਾਂ ਪਿੰਡ ਲੁਹਾਰਾ ਵਿਖੇ ਸੜਕਾਂ ਦੀ ਮੁਰੰਮਤ ਕੀਤੀ ਜਾਣੀ ਹੈ, ਜਿਸ ਵਿੱਚ ਫਿਰਨੀ ਲੁਹਾਰਾ ਸੜਕ ਦੀ ਲੰਬਾਈ 0.90 ਕਿਲੋਮੀਟਰ, ਲਾਗਤ 18.26 ਲੱਖ, ਲੁਹਾਰਾ ਤੋਂ ਵੜਿੰਗ ਖੇੜਾ ਸੜਕ ਦੀ ਲੰਬਾਈ 3.90 ਕਿਲੋਮੀਟਰ, ਲਾਗਤ 70.76 ਲੱਖ, ਮਲੋਟ ਡਬਵਾਲੀ ਰੋਡ ਤੋਂ ਢਾਣੀ ਗੁਰਿੰਦਰ ਸਿੰਘ ਤੱਕ ਲੰਬਾਈ 2.15 ਕਿਲੋਮੀਟਰ, ਲਾਗਤ 35.40 ਲੱਖ, ਏ.ਐਸ.ਡੀ. ਰੋਡ ਤੋਂ ਕਿਲਿਆਂਵਾਲੀ ਤੱਕ ਸੜਕ ਦੀ ਲੰਬਾਈ 1.80 ਕਿਲੋਮੀਟਰ 24.48 ਲੱਖ ਤੇ ਮਲੋਟ ਡਬਵਾਲੀ ਰੋਡ ਤੋਂ ਸਿੰਘੇਵਾਲਾ ਘੁਮਿਆਰਾ ਰੋਡ ਦੀ ਲੰਬਾਈ 5.80 ਕਿਲੋਮੀਟਰ ਜਿਸ 'ਤੇ 83.97 ਲੱਖ ਰੁਪਏ ਦਾ ਖਰਚ ਆਵੇਗਾ। ਇਸ ਤਰ੍ਹਾਂ ਲੁਹਾਰਾ ਵਿਖੇ ਕੁੱਲ 14.55 ਕਿਲੋਮੀਟਰ ਸੜਕਾਂ ਦੀ ਲੰਬਾਈ ਲਈ 2.32 ਕਰੋੜ ਦੀ ਲਾਗਤ ਨਾਲ ਖਰਚ ਕੀਤਾ ਜਾਵੇਗਾ। ਪਿੰਡ ਵੜਿੰਗ ਖੇੜਾ ਤੋਂ ਭੰਡਾ ਕੇਰਾ ਤੱਕ 6.40 ਕਿਲੋਮੀਟਰ ਲੰਬੀ ਸੜਕ ਨੂੰ ਚੌੜਾ ਕਰਨ ਲਈ 3.44 ਕਰੋੜ ਰੁਪਏ ਖਰਚ ਕੀਤੇ ਜਾਣਗੇ ਤੇ ਇਨ੍ਹਾਂ ਸੜਕਾਂ ਦਾ ਨਿਰਮਾਣ ਪੰਜਾਬ ਮੰਡੀ ਬੋਰਡ ਵੱਲੋਂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਲੋਕਾਂ ਨੂੰ ਹਰ ਤਰ੍ਹਾਂ ਦੀਆਂ ਬੁਨਿਆਦੀ ਸਹੂਲਤਾਂ ਮੁਹੱਈਆ ਕਰਾਉਣ ਲਈ ਵਚਨਬੱਧ ਹੈ ਅਤੇ ਹਲਕੇ ਦੇ ਸਾਰੇ ਪਿੰਡਾਂ ਵਿੱਚ ਵਿਕਾਸ ਕਾਰਜਾਂ ਨੂੰ ਨੇਪਰੇ ਚਾੜ੍ਹਨਾ ਸਰਕਾਰ ਦਾ ਮੁੱਖ ਉਦੇਸ਼ ਹੈ।

# ਛਾਜਲਾ ਨੇੜੇ ਸੜਕ ਹਾਦਸਾ, ਇੱਕ ਦੀ ਮੌਤ



**ਦਿੜ੍ਹਬਾ (ਜਸਵੀਰ ਲਾਡੀ)** ਸੁਨਾਮ-ਲਹਿਰਾ ਰੋਡ 'ਤੇ ਪਿੰਡ ਛਾਜਲਾ ਨੇੜੇ ਇੱਕ ਕਾਰ ਦੇ ਸਕੂਲ ਵੈਨ ਨਾਲ ਟਕਰਾਉਣ ਨਾਲ ਇੱਕ ਵਿਅਕਤੀ ਦੀ ਦਰਦਨਾਕ ਮੌਤ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ । ਅੰਮ੍ਰਿਤਪਾਲ ਸਿੰਘ ਉਰਫ਼ ਲਾਡੀ ਪਿੰਡ ਖਡਿਆਲ ਕੋਠੇ ਜੋ ਇੱਕ ਵਿਆਹ ਸਮਾਗਮ ਪਿੰਡ ਲਦਾਲ ਤੋਂ ਵਾਪਸ ਆਪਣੇ ਪਿੰਡ ਨੂੰ ਰਾਤ ਦੇ ਲਗਭਗ ਦੋ ਵਜੇ ਆਪਣੀ ਸਵਿਫਟ ਕਾਰ ਵਿੱਚ ਜਾ ਰਿਹਾ।ਅੱਗੇ ਇੱਕ ਟਿਟਨ ਕਾਰ ਵਾਲੇ ਨੇ ਸਕੂਲ ਵੈਨ ਨੂੰ ਓਵਰਟੇਕ ਕੀਤਾ, ਜਿਸ ਨਾਲ ਦੋਹੇਂ ਕਾਰਾਂ ਆਪਸ ਵਿੱਚ ਟਕਰਾ ਗਈਆਂ ਤੇ ਜਿਸ ਨਾਲ ਸਵਿਫਟ ਕਾਰ ਦਾ ਟਾਇਰ ਫਟਣ ਕਰਕੇ ਆਪਣਾ ਸੰਤੁਲਨ ਵਿਗੜਨ ਨਾਲ ਅੱਗੋਂ ਆ ਰਹੀ ਪੈਰਾਮਾਊਂਟ ਪਬਲਿਕ ਸਕੂਲ ਲਹਿਰਾਗਾਗਾ ਦੀ ਵੈਨ ਨਾਲ ਜਾ ਟਕਰਾਈ, ਜਿਸ ਨਾਲ ਕਾਰ ਚਾਲਕ ਅੰਮ੍ਰਿਤਪਾਲ ਸਿੰਘ ਉਰਫ਼ ਲਾਡੀ ਵਾਸੀ ਖਡਿਆਲ ਕੋਠੇ ਦੀ ਮੌਕੇ ਤੇ ਹੀ ਮੌਤ ਹੋ ਗਈ।ਪੁਲਸ ਦੱਸਿਆ ਕਿ ਇਹ ਸਕੂਲ ਵੈਨ ਸੰਗਤਾਂ ਨੂੰ ਮਲੇਰਕੋਟਲਾ ਤੋਂ ਹੈਦਰਸ਼ੇਖ ਮੇਲਾ ਟੇਕ ਕੇ ਵਾਪਸ ਜਾ ਰਹੀ ਸੀ।

# ਸ੍ਰੀ ਸੁਖਮਨੀ ਸਾਹਿਬ ਦੇ ਪਾਠ ਨਾਲ ਨਵੇਂ ਸੈਸ਼ਨ ਦੀ ਸ਼ੁਰੂਆਤ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)** ਫਿਰੋਜ਼ਪੁਰ ਮੋਗਾ ਰੋਡ ਸਥਿਤ ਜੈਨੇਸਿਸ ਡੈਂਟਲ ਕਾਲਜ ਤੇ ਹਸਪਤਾਲ ਅਤੇ ਜੈਨੇਸਿਸ ਨਰਸਿੰਗ ਕਾਲਜ ਵਿੱਚ ਨਵੇਂ ਸਿੱਖਿਆ ਸੈਸ਼ਨ ਦੀ ਸ਼ੁਰੂਆਤ ਸ਼ਰਧਾ ਭਾਵਨਾ ਨਾਲ ਸ੍ਰੀ ਸੁਖਮਨੀ ਸਾਹਿਬ ਜੀ



ਦਾ ਪਾਠ ਕਰਵਾ ਕੇ ਕੀਤੀ ਗਈ। ਕਾਲਜ ਵਿੱਚ ਗੁਰਬਾਣੀ ਦੀ ਮਿੱਠੀ ਧੁੰਨ ਗੂੰਜਦੀ ਰਹੀ ਅਤੇ ਵਿਦਿਆਰਥੀਆਂ, ਅਧਿਆਪਕਾਂ ਤੇ ਕਰਮਚਾਰੀਆਂ ਨੇ ਇਕਾਗਰ ਮਨ ਨਾਲ ਅਰਦਾਸ ਕਰਦਿਆਂ ਸਫਲ ਤੇ ਚੜ੍ਹਦੀ ਕਲਾ ਵਾਲੇ ਸਾਲ ਦੀ ਕਾਮਨਾ ਕੀਤੀ। ਇਸ ਮੌਕੇ ਸੰਸਥਾ ਦੇ ਚੇਅਰਮੈਨ ਸੀਏ ਵਰਿੰਦਰ ਮੋਹਨ ਸਿੰਘਲ ਨੇ ਕਿਹਾ ਕਿ ਚਿਕਿਤਸਾ ਸਿੱਖਿਆ ਸਿਰਫ਼ ਪੇਸ਼ਾ ਨਹੀਂ, ਸਗੋਂ ਮਨੁੱਖਤਾ ਦੀ ਸੇਵਾ ਦਾ ਸੰਕਲਪ ਹੈ। ਉਨ੍ਹਾਂ ਵਿਦਿਆਰਥੀਆਂ ਨੂੰ ਗਿਆਨ ਦੇ ਨਾਲ ਨਿਮਰਤਾ, ਅਨੁਸ਼ਾਸਨ ਤੇ ਦਇਆ ਦੇ ਗੁਣ ਅਪਣਾਉਣ ਲਈ ਪ੍ਰੇਰਿਤ ਕੀਤਾ। ਸੰਸਥਾ ਦੀ ਚੇਅਰਪਰਸਨ ਮੀਨਾਕਸ਼ੀ ਸਿੰਘਲ ਨੇ ਨਵੇਂ ਦਾਖ਼ਲਾ ਲੈਣ ਵਾਲੇ ਵਿਦਿਆਰਥੀਆਂ ਦਾ ਸਵਾਗਤ ਕਰਦਿਆਂ ਕਿਹਾ ਕਿ ਇੱਥੇ ਉੱਚ ਸਿੱਖਿਆ ਦੇ ਨਾਲ ਸੰਸਕਾਰਾਂ ਨੂੰ ਵੀ ਬਰਾਬਰ ਮਹੱਤਵ ਦਿੱਤਾ ਜਾਂਦਾ ਹੈ। ਜੁਆਇੰਟ ਚੇਅਰਮੈਨ ਸੀਏ ਗਗਨਦੀਪ ਸਿੰਘਲ ਨੇ ਸਮੇਂ ਦੀ ਕਦਰ ਕਰਨ, ਅਨੁਸ਼ਾਸਨ ਬਣਾਈ ਰੱਖਣ ਤੇ ਸੇਵਾ ਭਾਵਨਾ ਨਾਲ ਕੰਮ ਕਰਨ ਦੀ ਅਪੀਲ ਕੀਤੀ, ਜਦਕਿ ਜੁਆਇੰਟ ਚੇਅਰਪਰਸਨ ਨਵਿਤਾ ਸਿੰਘਲ ਨੇ ਕਿਹਾ ਕਿ ਚਿਕਿਤਸਾ ਖੇਤਰ ਵਿੱਚ ਅਸਲੀ ਕਾਮਯਾਬੀ ਮਨੁੱਖਤਾ ਭਰੀ ਸੋਚ ਤੇ ਨਿਰੰਤਰ ਸਿੱਖਣ ਨਾਲ ਮਿਲਦੀ ਹੈ।ਅੰਤ ਵਿੱਚ ਅਰਦਾਸ ਉਪਰੰਤ ਪ੍ਰਸਾਦ ਵੰਡਿਆ ਗਿਆ ਤੇ ਲੰਗਰ ਛਕਾਇਆ ਗਿਆ।

# ਐੱਸ ਜੀ ਪੀ ਸੀ ਦੇ ਮੌਜੂਦਾ ਅਹੁਦੇਦਾਰਾਂ ਦਾ ਨਲਾਇਕੀਆਂ 'ਤੇ ਪਰਦਾ ਪਾਉਣਾ ਦੁਖਦਾਇਕ : ਮਾਨ

**ਫ਼ਤਹਿਗੜ੍ਹ ਸਾਹਿਬ, (ਪ੍ਰਮੋਦ ਭਾਰਦਵਾਜ)** ਬੀਤੇ ਦਹਾਕਿਆਂ ਤੋਂ ਸਿੱਖ ਕੌਮ ਦੀ ਧਾਰਮਿਕ ਸੰਸਥਾ ਐਸ.ਜੀ.ਪੀ.ਸੀ ਦੇ ਸਾਧਨਾਂ, ਗੋਲਕਾਂ, ਖ਼ਜ਼ਾਨਿਆਂ ਦੀ ਕਾਬਜ਼ ਲੋਕ ਤੇ ਉਨ੍ਹਾਂ ਦੇ ਆਕਾ ਬਹੁਤ ਹੀ ਬੇਰਹਿਮੀ ਨਾਲ ਦੁਰਵਰਤੋਂ ਕਰਦੇ ਆ ਰਹੇ ਹਨ, ਜੋ ਗੁਰੂ ਸਾਹਿਬਾਨ ਨੇ ਵੱਡੀਆਂ ਕੁਰਬਾਨੀਆਂ ਤੇ ਘਾਲਨਾਵਾਂ ਘਾਲ ਕੇ ਕੌਮੀ ਸਿਧਾਂਤ, ਨਿਯਮ, ਪ੍ਰੰਪਰਾਵਾਂ ਕਾਇਮ ਕੀਤੀਆਂ ਹਨ, ਸਗੋਂ ਉਨ੍ਹਾਂ ਦਾ ਵੀ ਮੌਜੂਦਾ ਅਧਿਕਾਰੀ ਘਾਣ ਕਰਦੇ ਆ ਰਹੇ ਹਨ।ਇਹੀ ਵਜ੍ਹਾ ਹੈ ਕਿ ਐਸ.ਜੀ.ਪੀ.ਸੀ ਦੇ ਬੀਤੇ ਸਮੇਂ ਦੇ ਤੇ ਮੌਜੂਦਾ ਅਧਿਕਾਰੀਆ ਦੀਆਂ ਗੈਰ ਇਖਲਾਕੀ ਕਾਰਵਾਈਆਂ ਵਿਰੁੱਧ ਸਿੱਖ ਕੌਮ 'ਚ ਰੋਹ ਦਿਨ-ਬ-ਦਿਨ ਹੋਰ ਪ੍ਰਚੰਡ ਹੋ ਰਿਹਾ ਹੈ ਤੇ ਮੌਜੂਦਾ ਕਾਬਜ਼ ਅਧਿਕਾਰੀ ਦਿਸ਼ਾਹੀਣ ਤਰੁੱਟੀਆਂ ਭਰੀ ਪ੍ਰਣਾਲੀ ਨੂੰ ਖਤਮ ਕਰਨ ਲਈ ਕੋਈ ਅਮਲ ਕਰਦੇ ਨਜ਼ਰ ਨਹੀਂ ਆ ਰਹੇ। ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ, ਗਿਆਨੀ ਰਘਵੀਰ ਸਿੰਘ ਦੇ ਨਾਲ-ਨਾਲ ਮੌਜੂਦਾ ਪੰਜਾਬ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਤੇ ਹੋਰ ਸ਼ਖ਼ਸੀਅਤਾਂ ਵੱਲੋਂ ਇਸ ਉਤੇ ਸੰਜੀਦਾ ਰੋਹ ਭਰੀ ਬਿਆਨਬਾਜ਼ੀ ਹੋ ਰਹੀ ਹੈ।ਇਸਦਾ ਮੁੱਖ ਕਾਰਨ ਇਹ ਵੀ ਹੈ ਕਿ ਬੀਤੇ 14 ਸਾਲਾਂ ਤੋਂ ਇਸ ਐਸ.ਜੀ.ਪੀ.ਸੀ ਦੀ ਧਾਰਮਿਕ ਸੰਸਥਾਂ ਦੀਆਂ ਜਨਰਲ ਚੋਣਾਂ ਹੀ ਨਹੀਂ ਕਰਵਾਈਆਂ ਜਾ ਰਹੀਆਂ, ਜਦੋਂਕਿ ਇਹ ਸੰਸਥਾ ਤੇ ਇਸਦੇ ਮੌਜੂਦਾ ਮੈਂਬਰ ਲੋਕਤੰਤਰ ਪ੍ਰਣਾਲੀ ਰਾਹੀਂ ਚੁਣੇ ਜਾਂਦੇ ਹਨ। ਇਹ ਵਿਚਾਰ ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਕੁੱਝ ਸਮੇਂ ਤੋਂ ਸਿੱਖ ਕੌਮ ਦੀ ਧਾਰਮਿਕ ਸੰਸਥਾ ਐਸ.ਜੀ.ਪੀ.ਸੀ ਦੀਆਂ ਗੈਰ ਸਿਧਾਂਤਕ, ਗੈਰ ਇਖਲਾਕੀ ਹੋ ਰਹੇ ਅਮਲਾਂ ਦੀ ਬਦੌਲਤ ਉਸ ਵਿਰੁੱਧ ਉੱਠ ਰਹੇ ਰੋਹ ਵੱਲ ਧਿਆਨ ਦਿਵਾਉਂਦੇ ਹੋਏ ਕਹੇ। ਉਨ੍ਹਾਂ ਕਿਹਾ ਕਿ ਮੌਜੂਦਾ ਪ੍ਰਧਾਨ ਤੇ ਅਧਿਕਾਰੀ ਇਸ ਨੂੰ ਹੱਲ ਕਰਨ ਲਈ ਤੁਰੰਤ ਐਸ.ਜੀ.ਪੀ.ਸੀ ਦੀਆਂ ਚੋਣਾਂ ਦਾ ਐਲਾਨ ਕਰਵਾਉਣ ਦੀ ਬਜਾਏ ਕਾਨੂੰਨੀ ਅੜਿੱਕੇ ਪਾ ਰਹੇ ਹਨ। ਉਨ੍ਹਾਂ ਕਿਹਾ ਕਿ ਮੌਜੂਦਾ ਕਮੇਟੀ ਪ੍ਰਬੰਧ ਪੰਥਕ ਰਵਾਇਤਾਂ ਦੀ ਥਾਂ ਸਿਆਸੀ ਆਕਾਵਾਂ ਦੇ ਹੁਕਮਾਂ ਅਨੁਸਾਰ ਚੱਲ ਰਿਹਾ ਹੈ। ਉਨ੍ਹਾਂ ਕਿਹਾ ਕਿ ਇਹ ਹੋਰ ਵੀ ਦੁਖਦਾਇਕ ਹੈ ਕਿ ਸਿਧਾਂਤਾਂ ਵਿਰੋਧੀ ਅਮਲ ਹੋ ਰਹੇ ਹਨ ਕਿ ਸ਼ਹੀਦ ਬਾਬਾ ਦੀਪ ਸਿੰਘ ਜੀ ਦੀ ਸੋਚ ਉਤੇ ਕਾਇਮ ਹੋਈ ਦਮਦਮੀ ਟਕਸਾਲ ਦੇ ਮੌਜੂਦਾ ਮੁਖੀ ਹਰਨਾਮ ਸਿੰਘ ਧੁੰਮਾ, ਸੈਂਟਰ ਦੇ ਬੀਜੇਪੀ-ਆਰ.ਐਸ.ਐਸ ਦੇ ਲੋਕਾਂ ਨੂੰ ਖੁਸ਼ ਕਰਨ ਲਈ ਸ਼ਿਵਲਿੰਗ ਦੀ ਪੂਜਾ ਵੀ ਕਰ ਰਹੇ ਹਨ ਤੇ ਬ੍ਰਾਹਮਣਵਾਦੀ ਕਰਮਕਾਡਾਂ ਵਿੱਚ ਜਾ ਕੇ ਨਾਰੀਅਲ ਤੋੜਨ ਦੇ ਸਿੱਖੀ ਸਿਧਾਤਾਂ ਵਿਰੋਧੀ ਕਾਰਵਾਈਆਂ ਕਰਦੇ ਨਜ਼ਰ ਆ ਰਹੇ ਹਨ, ਜਿਸ ਨਾਲ ਸਿੱਖ ਕੌਮ ਵਿਚ ਉਸ ਮਹਾਨ ਟਕਸਾਲ ਦੇ ਮੁਖੀ ਵਿਰੁੱਧ ਵੀ ਵੱਡਾ ਰੋਹ ਇਕੱਠਾ ਹੋ ਰਿਹਾ ਹੈ।

# ਦੋ ਪ੍ਰੋਜੈਕਟਾਂ ਲਈ 25 ਲੱਖ ਰੁਪਿਆ ਮਨਜ਼ੂਰ

**ਫ਼ਰੀਦਕੋਟ (ਬੇਦੀ, ਡਿਸੂਜਾ)** ਪੰਜਾਬ ਸਰਕਾਰ ਵੱਲੋਂ ਇਲਾਕੇ 'ਚ ਦੋ ਮਹੱਤਵਪੂਰਨ ਵਿਕਾਸੀ ਪ੍ਰੋਜੈਕਟਾਂ ਨੂੰ ਮਨਜ਼ੂਰੀ ਪ੍ਰਦਾਨ ਕੀਤੀ ਗਈ ਹੈ।ਇਹ ਜਾਣਕਾਰੀ ਵਿਧਾਇਕ ਗੁਰਦਿੱਤ ਸਿੰਘ ਸੇਖੋਂ ਨੇ ਦਿੱਤੀ। ਵਿਧਾਇਕ ਸੇਖੋਂ ਨੇ ਦੱਸਿਆ ਕਿ ਇਨ੍ਹਾਂ ਪ੍ਰੋਜੈਕਟਾਂ ਵਿੱਚ ਬੀ.ਆਰ. ਅੰਬੇਡਕਰ ਨਗਰ ਵਿਖੇ ਧਰਮਸ਼ਾਲਾ ਵਿੱਚ ਹਾਲ ਦੇ ਨਿਰਮਾਣ ਕਾਰਜ ਲਈ 12.14 ਲੱਖ ਰੁਪਏ ਦੀ ਲਾਗਤ ਮਨਜ਼ੂਰ ਕੀਤੀ ਗਈ ਹੈ, ਜਿਸ ਦਾ ਕਾਰਜ ਪੰਚਾਇਤੀ ਰਾਜ ਵਿਭਾਗ ਵੱਲੋਂ ਤਿਆਰ ਕਰਕੇ ਅਮਲ ਵਿੱਚ ਲਿਆਂਦਾ ਜਾਵੇਗਾ।ਇਸ ਦੇ ਨਾਲ ਹੀ ਪੰਜਾਬ ਸਰਕਾਰ ਵੱਲੋਂ ਫ਼ਰੀਦਕੋਟ ਵਿਖੇ ਬੀ.ਆਰ. ਅੰਬੇਡਕਰ ਭਵਨ ਦੇ ਬਾਹਰੀ ਹਿੱਸੇ ਦੀ ਮੁਰੰਮਤ ਲਈ ਟੈਂਡਰ ਜਾਰੀ ਕਰ ਦਿੱਤਾ ਗਿਆ ਹੈ।ਇਸ ਪ੍ਰੋਜੈਕਟ ਦੀ ਅਨੁਮਾਨਿਤ ਲਾਗਤ ਕਰੀਬ 12.51 ਲੱਖ ਰੁਪਏ ਨਿਰਧਾਰਤ ਕੀਤੀ ਗਈ ਹੈ ਤੇ ਇਹ ਕੰਮ ਤਿੰਨ ਮਹੀਨਿਆਂ ਦੇ ਅੰਦਰ ਅੰਦਰ ਪੂਰਾ ਕੀਤਾ ਜਾਣਾ ਹੈ। ਉਨ੍ਹਾਂ ਦੱਸਿਆ ਕਿ ਧਰਮਸ਼ਾਲਾ 'ਚ ਹਾਲ ਦੇ ਨਿਰਮਾਣ ਨਾਲ ਇਲਾਕੇ ਦੇ ਵਸਨੀਕਾਂ ਨੂੰ ਸਮਾਜਿਕ, ਧਾਰਮਿਕ ਤੇ ਹੋਰ ਸਮਾਗਮਾਂ ਲਈ ਇੱਕ ਸੁਵਿਧਾਜਨਕ ਅਤੇ ਆਧੁਨਿਕ ਸਥਾਨ ਉਪਲਬਧ ਹੋਵੇਗਾ। ਉਨ੍ਹਾਂ ਕਿਹਾ ਕਿ ਇਹ ਪ੍ਰੋਜੈਕਟ ਇਲਾਕੇ ਦੀ ਲੰਮੇ ਸਮੇਂ ਤੋਂ ਚੱਲ ਰਹੀ ਮੰਗ ਨੂੰ ਪੂਰਾ ਕਰੇਗਾ।ਉਨ੍ਹਾਂ ਦੱਸਿਆ ਕਿ ਬੀ.ਆਰ. ਅੰਬੇਡਕਰ ਭਵਨ ਦੀ ਬਾਹਰੀ ਮੁਰੰਮਤ ਨਾਲ ਇਮਾਰਤ ਨੂੰ ਮਜ਼ਬੂਤੀ ਤੇ ਸੁੰਦਰਤਾ ਮਿਲੇਗੀ, ਜਿਸ ਨਾਲ ਇਥੇ ਆਉਣ ਵਾਲੇ ਲੋਕਾਂ ਨੂੰ ਵਧੀਆ ਸਹੂਲਤਾਂ ਉਪਲਬਧ ਹੋਣਗੀਆਂ।ਇਹ ਦੋਵੇਂ ਵਿਕਾਸੀ ਕਾਰਜ ਹਲਕੇ ਦੇ ਸਰਬਪੱਖੀ ਵਿਕਾਸ ਵੱਲ ਇੱਕ ਹੋਰ ਮਹੱਤਵਪੂਰਨ ਕਦਮ ਸਾਬਤ ਹੋਣਗੇ।

# ਸਕੂਲ ਆਫ਼ ਐਮੀਨੈਂਸ ਦੇ ਪੰਜ ਵਿਦਿਆਰਥੀਆਂ ਨੇ ਅੰਤਰਰਾਜੀ ਵਿੱਦਿਅਕ ਟੂਰ ਲਾਇਆ

**ਜਗਰਾਉਂ (ਅਮਿਤ ਖੰਨਾ)**- ਰਾਜ ਵਿੱਦਿਅਕ ਖੋਜ ਤੇ ਸਿਖਲਾਈ ਸੰਸਥਾ ਵੱਲੋਂ ਰਾਸ਼ਟਰੀ ਆਵਿਸ਼ਕਾਰ ਅਭਿਆਨ ਦੇ ਤਹਿਤ ਜ਼ਿਲ੍ਹਾ ਲੁਧਿਆਣਾ ਦੇ ਬਲਾਕ ਜਗਰਾਉਂ ਦੇ ਪੰਜ ਵਿਦਿਆਰਥੀਆਂ ਨੂੰ 6 ਰੋਜ਼ਾ ਅੰਤਰਰਾਜੀ ਐਕਸਪੋਜ਼ਰ ਵਿਜ਼ਿਟ ਲਈ ਚੁਣਿਆ ਗਿਆ।ਸਕੂਲ ਆਫ਼ ਐਮੀਨੈਂਸ ਦੇ ਪੰਜ ਵਿਦਿਆਰਥੀ ਗੁਰਮਨ ਸਿੰਘ, ਲਵਜੋਤ ਸਿੰਘ, ਅਕਾਸ਼ਦੀਪ ਸਿੰਘ, ਪ੍ਰਵਣ ਚੌਹਾਨ, ਕਨਿਸ਼ਕ ਚੌਹਾਨ ਨੇ ਸਕੂਲ ਦਾ ਨਾਮ ਰੌਸ਼ਨ



ਕੀਤਾ।ਸਕੂਲ ਦੇ ਪ੍ਰਿੰਸੀਪਲ ਡਾ. ਗੁਰਵਿੰਦਰਜੀਤ ਸਿੰਘ ਨੇ ਕਿਹਾ ਕਿ ਇਹ ਸਕੂਲ ਲਈ ਬਹੁਤ ਹੀ ਮਾਣ ਵਾਲੀ ਗੱਲ ਹੈ।ਉਨ੍ਹਾਂ ਨੇ ਵਿਦਿਆਰਥੀਆਂ ਨੂੰ ਇਸ ਚੋਣ ਲਈ ਵਧਾਈ ਦਿੱਤੀ ਅਤੇ ਬਾਕੀ ਵਿਦਿਆਰਥੀਆਂ ਨੂੰ ਵੀ ਪ੍ਰੇਰਣਾ ਲੈਣ ਲਈ ਕਿਹਾ।ਇਹ ਐਕਸਪੋਜ਼ਰ ਵਿਜ਼ਿਟ ਲਈ ਵਿਦਿਆਰਥੀਆਂ ਨੂੰ ਜੈਪੁਰ ਲੈ ਜਾਇਆ ਗਿਆ, ਜਿੱਥੇ ਵਿਦਿਆਰਥੀਆਂ ਨੇ ਬਹੁਤ ਸਾਰੀਆਂ ਇਤਿਹਾਸਕ ਥਾਵਾਂ ਦੇਖੀਆਂ ਤੇ ਵਿੱਦਿਅਕ ਸਥਾਨਾਂ ਦੀ ਯਾਤਰਾ ਕੀਤੀ।ਵਿਭਾਗ ਦੇ ਇਸ ਉਪਰਾਲੇ ਤੋਂ ਵਿਦਿਆਰਥੀ ਬਹੁਤ ਉਤਸ਼ਾਹਤ ਹਨ।

# ਹੋਲੀ ਹਾਰਟ ਸਕੂਲ 'ਚ ਵੱਖ-ਵੱਖ ਗਤੀਵਿਧੀਆਂ

**ਅਜੀਤਵਾਲ (ਨਛੱਤਰ ਸੰਧੂ)**- ਇਲਾਕੇ ਦੀ ਪ੍ਰਸਿੱਧ ਵਿੱਦਿਅਕ ਸੰਸਥਾ ਹੋਲੀ ਹਾਰਟ ਸਕੂਲ ਅਜੀਤਵਾਲ ਵਿਖੇ ਨੰਨ੍ਹੇ-ਮੁੰਨੇ ਬੱਚਿਆਂ ਲਈ ਵਿਸ਼ੇਸ਼ ਰੰਗ-ਬਰੰਗੀਆਂ ਗਤੀਵਿਧੀਆਂ ਦਾ ਆਯੋਜਨ ਕੀਤਾ ਗਿਆ।ਇਸ ਕਾਰਜਕ੍ਰਮ ਦਾ ਮੁੱਖ ਉਦੇਸ਼ ਬੱਚਿਆਂ ਨੂੰ ਖੇਡ-ਖੇਡ ਵਿੱਚ ਸਿੱਖਣ ਤੇ ਮਨੋਰੰਜਨ ਨਾਲ ਜੋੜਨਾ ਸੀ।ਸਕੂਲ ਵਿੱਚ ਬੱਚਿਆਂ ਲਈ ਡ੍ਰਾਇੰਗ, ਕਲਰਿੰਗ, ਕ੍ਰਾਫਟ, ਖੇਡਾਂ ਤੇ ਮਨੋਰੰਜਕ ਸਰਗਰਮੀਆਂ ਕਰਵਾਈਆਂ ਗਈਆਂ। ਬੱਚਿਆਂ ਨੇ ਬੜੇ ਹੀ ਚਾਵਾਂ ਨਾਲ ਭਾਗ ਲਿਆ ਤੇ ਰੰਗਾਂ



ਨਾਲ ਖੇਡਦਿਆਂ ਆਪਣੀ ਕਲਾਤਮਕਤਾ ਦਾ ਪ੍ਰਦਰਸ਼ਨ ਕੀਤਾ।ਅਧਿਆਪਕਾਂ ਵੱਲੋਂ ਬੱਚਿਆਂ ਨੂੰ ਵੱਖ-ਵੱਖ ਗਤੀਵਿਧੀਆਂ ਵਿੱਚ ਸਹਿਯੋਗ ਦਿੱਤਾ ਗਿਆ ਤੇ ਉਨ੍ਹਾਂ ਨੂੰ ਨਵੀਆਂ ਚੀਜ਼ਾਂ ਸਿੱਖਣ ਲਈ ਉਤਸ਼ਾਹਤ ਕੀਤਾ ਗਿਆ।ਸਕੂਲ ਚੇਅਰਮੈਨ ਸੁਭਾਸ਼ ਪਲਤਾ, ਡਾਇਰੈਕਟਰ ਅਮਿਤ ਪਲਤਾ, ਸ੍ਰੀਆ ਪਲਤਾ ਤੇ ਪ੍ਰਿੰਸੀਪਲ ਸ਼ਾਕਸ਼ੀ ਗੁਲੇਰੀਆ ਨੇ ਇਸ ਮੌਕੇ ਕਿਹਾ ਕਿ ਅਜਿਹੀਆਂ ਰੰਗ-ਬਰੰਗੀਆਂ ਗਤੀਵਿਧੀਆਂ ਬੱਚਿਆਂ ਦੇ ਮਾਨਸਿਕ ਤੇ ਸਰੀਰਕ ਵਿਕਾਸ ਲਈ ਬਹੁਤ ਲਾਭਦਾਇਕ ਹਨ।ਇਸ ਤਰ੍ਹਾਂ ਦੇ ਪ੍ਰੋਗਰਾਮਾਂ ਨਾਲ ਬੱਚਿਆਂ ਵਿੱਚ ਆਤਮ-ਵਿਸ਼ਵਾਸ ਵਧਦਾ ਹੈ ਤੇ ਉਹ ਮਿਲਜੁਲ ਕੇ ਕੰਮ ਕਰਨਾ ਸਿੱਖਦੇ ਹਨ।ਅੰਤ ਵਿੱਚ ਬੱਚਿਆਂ ਨੂੰ ਸ਼ਾਬਾਸ਼ੀ ਦਿੱਤੀ ਗਈ ਤੇ ਸਭ ਨੇ ਇਸ ਪ੍ਰੋਗਰਾਮ ਦਾ ਆਨੰਦ ਮਾਣਿਆ।

# ਸੱਤ ਰੋਜ਼ਾ ਐੱਨ ਐੱਸ ਐੱਸ ਕੈਂਪ ਸ਼ੁਰੂ

**ਫ਼ਾਜ਼ਿਲਕਾ (ਨਿਸ਼ਾ ਸ਼ਰਮਾ)** ਡੀਏਵੀ ਐਜੂਕੇਸ਼ਨ ਕਾਲਜ, ਅਬੋਹਰ ਵੱਲੋਂ ਪਿੰਡ ਡੰਗਰ ਖੇੜਾ ਵਿੱਚ ਸੱਤ ਦਿਨਾਂ ਐਨਐਸਐਸ ਕੈਂਪ ਕਾਲਜ ਦੇ ਕਾਰਜਕਾਰੀ ਪ੍ਰਿੰਸੀਪਲ ਡਾ. ਵਿਜੇ ਗਰੋਵਰ ਦੀ ਸਰਪ੍ਰਸਤੀ ਹੇਠ ਤੇ ਕੈਂਪ ਇੰਚਾਰਜ ਪ੍ਰੋਫੈਸਰ ਸ਼ੀਬਾ ਅਤੇ ਪ੍ਰੋਫੈਸਰ ਅਨਿਲ ਬਿਸ਼ਨੋਈ ਦੀ ਅਗਵਾਈ ਹੇਠ ਪ੍ਰਾਰਥਨਾ ਅਤੇ ਲਕਸ਼ ਗਾਨ ਨਾਲ ਸ਼ੁਰੂ ਹੋਇਆ।ਕੈਂਪ ਵਿੱਚ ਕੁੱਲ 50 ਕਾਲਜ ਵਲੰਟੀਅਰਾਂ ਨੇ ਹਿੱਸਾ ਲਿਆ।ਪਿੰਡ ਦੀ ਮੁਖੀ ਸ਼੍ਰੀਮਤੀ ਸ਼ੈਫਾਲੀ ਟਾਕ ਮੁੱਖ ਮਹਿਮਾਨ ਸਨ ਤੇ ਮਾਤਾ ਬਸੰਤੀ ਦੇਵੀ ਮੰਦਰ ਦੇ ਮੁਖੀ ਸ਼੍ਰੀ ਬਲਰਾਜ ਕਾਰਗਵਾਲ ਵਿਸ਼ੇਸ਼ ਮਹਿਮਾਨ ਸਨ।ਕਾਲਜ ਪ੍ਰਿੰਸੀਪਲ ਤੇ ਐਨਐਸਐਸ ਵਿਭਾਗ ਨੇ ਮੁੱਖ ਮਹਿਮਾਨ ਅਤੇ ਵਿਸ਼ੇਸ਼ ਮਹਿਮਾਨ ਦਾ ਗੁਲਦਸਤੇ ਦੇ ਕੇ ਸਵਾਗਤ ਕੀਤਾ। ਖੇਤਰੀ ਪ੍ਰਤੀਨਿਧੀਆਂ ਤੇ ਸਿੱਖਿਆ ਸ਼ਾਸਤਰੀਆਂ ਨੇ ਕੈਂਪ ਦੀ ਮਹੱਤਤਾ ਤੇ ਚਾਨਣਾ ਪਾਇਆ ਅਤੇ ਵਲੰਟੀਅਰਾਂ ਨੂੰ ਸਮਾਜ ਸੇਵਾ ਪ੍ਰਤੀ ਆਪਣੀ ਜ਼ਿੰਮੇਵਾਰੀ ਦਾ ਅਹਿਸਾਸ ਕਰਨ ਲਈ ਉਤਸ਼ਾਹਤ ਕੀਤਾ।ਡਾ. ਵਿਜੇ ਗਰੋਵਰ ਨੇ ਸਾਰੇ ਮਹਿਮਾਨਾਂ ਅਤੇ ਪਿੰਡ ਵਾਸੀਆਂ ਦਾ ਰਸਮੀ ਤੌਰ 'ਤੇ ਸਵਾਗਤ ਕੀਤਾ।ਸ਼੍ਰੀ ਅਨਿਲ ਬਿਸ਼ਨੋਈ ਨੇ ਪੂਰੇ ਪ੍ਰੋਗਰਾਮ ਦੌਰਾਨ ਸਟੇਜ ਪ੍ਰਬੰਧਨ ਦਾ ਸੰਚਾਲਨ ਕੀਤਾ।ਕਾਲਜ ਦੇ ਐਨਐਸਐਸ ਵਿਭਾਗ ਦੇ ਮੈਂਬਰਾਂ ਤੇ ਇੰਚਾਰਜ, ਪ੍ਰੋਫੈਸਰ ਸ਼ੀਬਾ, ਪ੍ਰੋਫੈਸਰ ਅਨਿਲ ਬਿਸ਼ਨੋਈ ਤੇ ਮੈਡਮ ਰੇਣੂ ਬਿਸ਼ਨੋਈ, ਗੈਰ-ਅਧਿਆਪਨ ਸਟਾਫ਼ ਤੋਂ ਵਿਨੋਦ ਚਾਵਲਾ ਅਤੇ ਪੂਰਨ ਰਾਮ ਤੇ ਸਥਾਨਕ ਪੰਚਾਇਤ ਦੇ ਸਹਿਯੋਗ ਨਾਲ ਕੈਂਪ ਦੇ ਆਯੋਜਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ।ਕੈਂਪ ਅਗਲੇ ਹਫ਼ਤੇ ਜਾਰੀ ਰਹੇਗਾ ਤੇ ਇਸ ਵਿੱਚ ਵੱਖ-ਵੱਖ ਸਮਾਜਿਕ ਗਤੀਵਿਧੀਆਂ ਪੇਸ਼ ਕੀਤੀਆਂ ਜਾਣਗੀਆਂ।

# ਔਰਤਾਂ ਦੇ ਅਧਿਕਾਰਾਂ ਤੇ ਸੁਰੱਖਿਆ ਲਈ ਜਾਗਰੂਕਤਾ ਸੈਮੀਨਾਰ

**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)** ਔਰਤਾਂ ਦੀ ਸੁਰੱਖਿਆ, ਆਤਮ-ਸਮਰਥਨ ਤੇ ਨਿਆਂ ਤੱਕ ਪਹੁੰਚ ਨੂੰ ਯਕੀਨੀ ਬਣਾਉਣ ਲਈ ਇੱਕ ਮਹੱਤਵਪੂਰਨ ਭਾਗ ਲੈਂਦਿਆਂ ਸਖੀ ਵਨ ਸਟਾਪ ਸੈਂਟਰ ਵੱਲੋਂ ਦਫਤਰ ਬਲਾਕ ਵਿਕਾਸ ਤੇ ਪੰਚਾਇਤ ਅਫ਼ਸਰ, ਬੱਸੀ ਪਠਾਣਾ ਵਿੱਚ ਇੱਕ ਵਿਸ਼ੇਸ਼ ਜਾਗਰੂਕਤਾ ਸੈਮੀਨਾਰ ਕਰਾਇਆ। ਸਮਾਗਮ ਵਿੱਚ



ਬਲਾਕ ਬੱਸੀ ਪਠਾਣਾ ਦੇ ਪੰਚਾਇਤ ਮੈਂਬਰ, ਅਧਿਆਪਕ, ਆਗਣਵਾੜੀ ਵਰਕਰ, ਆਸ਼ਾ ਵਰਕਰ, ਸੈਲਫ ਹੈਲਪ ਗਰੁੱਪ ਦੇ ਮੈਂਬਰਾਂ ਨੂੰ ਕਾਨੂੰਨੀ ਅਧਿਕਾਰਾਂ ਅਤੇ ਸਖੀ ਵਨ ਸਟਾਪ ਸੈਂਟਰ ਵੱਲੋਂ ਦਿੱਤੀਆਂ ਜਾਣ ਵਾਲੀਆਂ ਸੇਵਾਵਾਂ ਜਾਣਕਾਰੀ ਦਿੱਤੀ।

ਜ਼ਿਲ੍ਹਾ ਪ੍ਰੋਗਰਾਮ ਅਫਸਰ ਸ਼੍ਰੀਮਤੀ ਅਨੂਰਤਨ ਕੌਰ ਨੇ ਦੱਸਿਆ ਕਿ ਸਖੀ ਵਨ ਸਟਾਪ ਸੈਂਟਰ, ਜੋ ਭਾਰਤ ਸਰਕਾਰ ਦੇ ਇਸਤਰੀ ਅਤੇ ਬਾਲ ਵਿਕਾਸ ਮੰਤਰਾਲੇ ਅਧੀਨ ਚੱਲ ਰਿਹਾ ਹੈ, ਹਿੰਸਾ ਪੀੜਤ ਔਰਤਾਂ ਲਈ ਇੱਕ ਅਜਿਹਾ ਕੇਂਦਰ ਹੈ, ਜਿੱਥੇ ਉਨ੍ਹਾਂ ਨੂੰ ਇੱਕ ਹੀ ਥਾਂ 'ਤੇ ਤੁਰੰਤ, ਮੁਫ਼ਤ ਤੇ ਜ਼ਰੂਰੀ ਸੇਵਾਵਾਂ ਉਪਲੱਬਧ ਕਰਾਈਆਂ ਜਾਂਦੀਆਂ ਹਨ। ਇਨ੍ਹਾਂ ਸੇਵਾਵਾਂ ਵਿੱਚ ਪੁਲਿਸ ਸਹਾਇਤਾ ਦੀ ਤਤਕਾਲ ਉਪਲੱਬਧਤਾ, ਡਾਕਟਰੀ ਜਾਂਚ ਤੇ ਉਚਿਤ ਇਲਾਜ, ਸਾਇਕੋ ਸ਼ੋਸ਼ਲ ਸਪੋਰਟ, ਕਾਨੂੰਨੀ ਸਲਾਹ ਤੇ ਮੁਫ਼ਤ ਕਾਨੂੰਨੀ ਸਹਾਇਤਾ, ਅਸਥਾਈ ਆਵਾਸ ਸਹੂਲਤ (ਵੱਧ ਤੋਂ ਵੱਧ 10 ਦਿਨ) ਮੁਹੱਈਆ ਕਰਾਈ ਜਾਂਦੀ ਹੈ।ਸੈਮੀਨਾਰ ਦੌਰਾਨ ਸਖੀ ਸੈਂਟਰ ਦੀ ਇੰਚਾਰਜ ਰਜਨੀ ਬਾਲਾ ਨੇ ਨਾ ਸਿਰਫ਼ ਕੇਂਦਰ ਦੀ ਭੂਮਿਕਾ ਬਾਰੇ ਦੱਸਿਆ, ਸਗੋਂ ਉਨ੍ਹਾਂ ਨਾਲ ਹਿੰਸਾ ਦੀਆਂ ਕਿਸਮਾਂ, ਰਿਪੋਰਟ ਕਰਨ ਦੇ ਤਰੀਕਿਆਂ ਅਤੇ ਕਾਨੂੰਨੀ ਹੱਕਾਂ ਬਾਰੇ ਵੀ ਚਰਚਾ ਕੀਤੀ।ਇਸ ਮੌਕੇ ਉੱਤੇ ਪੋਕਸੋ ਐਕਟ ਤੇ ਪੰਜਾਬ ਸਰਕਾਰ ਵੱਲੋਂ ਚਲਾਏ ਜਾ ਰਹੇ ਨਵੇਂ 'ਹਿਫਾਜ਼ਤ' ਪ੍ਰੋਜੈਕਟ ਬਾਰੇ ਵੀ ਜਾਣੂ ਕਰਾਇਆ ਗਿਆ।ਉਨ੍ਹਾਂ ਵਿਮਨ ਹੈਲਪਲਾਈਨ ਨੰਬਰ 181 ਅਤੇ ਐਮਰਜੈਂਸੀ ਨੰਬਰ 112 ਦੀ ਵਰਤੋਂ ਬਾਰੇ ਵੀ ਸਮਝਾਇਆ ਗਿਆ, ਜਿਸ ਰਾਹੀਂ ਔਰਤ ਕਿਸੇ ਵੀ ਸਮੇਂ ਆਪਣੀ ਸ਼ਿਕਾਇਤ ਦਰਜ ਕਰਾ ਸਕਦੀ ਹੈ।

# ਈ ਟੀ ਟੀ ਅਧਿਆਪਕ ਯੂਨੀਅਨ ਵੱਲੋਂ ਅਧਿਆਪਕਾਂ 'ਤੇ ਕਾਰਵਾਈ ਦੀ ਸਖ਼ਤ ਨਿੰਦਾ

**ਮਾਛੀਵਾੜਾ ਸਾਹਿਬ (ਜਗਦੀਸ਼ ਰਾਏ, ਸ਼ੈਕੀ ਸ਼ਰਮਾ)**- ਈ ਟੀ ਟੀ ਅਧਿਆਪਕ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਪਰਮਜੀਤ ਸਿੰਘ ਮਾਨ ਤੇ ਬਲਾਕ ਪ੍ਰਧਾਨ ਸੁਖਵਿੰਦਰ ਸਿੰਘ ਮਾਛੀਵਾੜਾ ਨੇ ਪ੍ਰੈੱਸ ਨੋਟ ਜਾਰੀ ਕਰਦਿਆਂ ਅਧਿਆਪਕਾਂ ਉੱਤੇ ਕਾਰਵਾਈ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ।ਉਨ੍ਹਾਂ ਦੱਸਿਆ ਕਿ ਸਿੱਖਿਆ ਮੰਤਰੀ ਵੱਲੋਂ ਮਾਛੀਵਾੜਾ ਸਾਹਿਬ ਦੇ 4 ਨੰਬਰ ਸਕੂਲ ਦੀ ਅਚਨਚੇਤ ਚੈਕਿੰਗ ਦੌਰਾਨ ਕਲਾਸ ਪਹਿਲੀ ਤੇ ਦੂਜੀ ਨੂੰ ਛੁੱਟੀ ਹੋ ਚੁੱਕੀ ਸੀ ਅਤੇ ਉਨ੍ਹਾਂ ਕਲਾਸਾਂ ਦੇ ਅਧਿਆਪਕ ਸਕੂਲ ਦਾ ਕੰਮ ਕਰਦੇ ਸਨ, ਜਦੋਂ ਕਿ ਸਿੱਖਿਆ ਮੰਤਰੀ ਵੱਲੋਂ ਉਨ੍ਹਾਂ ਨੂੰ ਵਿਹਲੇ ਕਿਹਾ ਗਿਆ।ਸਰਕਾਰ ਆਪਣੀ ਘਾਟ ਨੂੰ ਲੁਕਾਉਣ ਲਈ ਇਨ੍ਹਾਂ 'ਤੇ ਕਾਰਵਾਈ ਕਰ ਰਹੀ ਹੈ।ਇਸ ਸਕੂਲ ਵਿੱਚ 298 ਵਿਦਿਆਰਥੀ ਹਨ ਤੇ 5 ਅਧਿਆਪਕ ਕੰਮ ਕਰਦੇ ਹਨ।ਉਨ੍ਹਾਂ ਵਿੱਚੋਂ 4 ਅਧਿਆਪਕ ਬੀ ਐੱਲ ਓ ਹਨ ਤੇ ਇੱਕ ਅਧਿਆਪਕ ਹੈਂਡੀਕੈਪ ਹੈ।ਜਦੋਂ ਜ਼ਿਲ੍ਹਾ ਪ੍ਰਧਾਨ ਨੇ ਸਕੂਲ ਅਧਿਆਪਕਾਂ ਨਾਲ ਮੁਲਾਕਾਤ ਕੀਤੀ ਤਾਂ ਉਨ੍ਹਾਂ ਬੀ ਐੱਲ ਓ ਸਬੰਧੀ ਫੋਨ ਉੱਤੇ ਮੈਸੇਜ ਦਿਖਾਏ।ਮਾਛੀਵਾੜਾ ਸਾਹਿਬ ਦੇ 4 ਨੰਬਰ ਸਕੂਲ ਵਿੱਚ 4 ਏ ਸੀ ਦਾਨੀ ਸੱਜਣਾਂ ਵੱਲੋਂ ਅਤੇ ਇੱਕ ਏ ਸੀ ਅਧਿਆਪਕਾਂ ਵੱਲੋਂ ਲਗਾਇਆ ਗਿਆ ਹੈ।ਜ਼ਿਕਰਯੋਗ ਹੈ ਕਿ ਬਲਾਕ ਵਿੱਚ 38 ਸਕੂਲ ਸਿੰਗਲ ਅਧਿਆਪਕ ਤੇ 13 ਸਕੂਲ ਬਿਨਾਂ ਅਧਿਆਪਕਾਂ ਤੋਂ ਹਨ।ਇਹ ਅੰਕੜੇ ਸਰਕਾਰ ਦੀ ਸਿੱਖਿਆ ਕ੍ਰਾਂਤੀ ਦੀ ਫੂਕ ਕੱਢਦੇ ਹਨ।ਜ਼ਿਲ੍ਹਾ ਪ੍ਰਧਾਨ ਨੇ ਕਿਹਾ ਕਿ ਜੇਕਰ ਇਨ੍ਹਾਂ ਅਧਿਆਪਕਾਂ 'ਤੇ ਕੋਈ ਕਾਰਵਾਈ ਕੀਤੀ ਗਈ ਤਾਂ ਬਰਦਾਸ਼ਤ ਨਹੀਂ ਕੀਤੀ ਜਾਵੇਗੀ।ਇਸ ਮੌਕੇ ਕਮਲ ਕ੍ਰਿਸ਼ਨ, ਕਮਲ ਕੁਮਾਰ, ਹਰਪਾਲ ਸਿੰਘ, ਭਾਰਤ ਭੂਸ਼ਣ, ਜਸਵੀਰ ਸਿੰਘ, ਗੁਰਦੀਪ ਸਿੰਘ, ਹਰਪ੍ਰੀਤ ਮਾਂਗਟ, ਛਿੰਦਰਪਾਲ, ਇੰਦਰਜੀਤ ਸਿੰਘ, ਗੁਰਸੇਵਕ ਸਿੰਘ ਆਦਿ ਹਾਜ਼ਰ ਸਨ।

# ਆਰੀਅਨਜ਼ ਕਾਲਜ ਵੱਲੋਂ ਵਿਸ਼ਵ ਸਮਾਜਿਕ ਨਿਆਂ ਦਿਵਸ 'ਤੇ ਸੈਮੀਨਾਰ

**ਰਾਜਪੁਰਾ (ਰਮੇਸ਼ ਕਟਾਰੀਆ)**- ਆਰੀਅਨਜ਼ ਕਾਲਜ ਆਫ਼ ਲਾਅ ਰਾਜਪੁਰਾ ਨੇ ਜ਼ਿਲ੍ਹਾ ਅਦਾਲਤ ਕੰਪਲੈਕਸ ਚੰਡੀਗੜ੍ਹ ਵਿਖੇ ਵਿਸ਼ਵ ਸਮਾਜਿਕ ਨਿਆਂ ਦਿਵਸ ਮੌਕੇ 'ਸਾਈਬਰ ਸੁਰੱਖਿਆ ਤੇ ਆਰਟੀਫੀਸ਼ੀਅਲ ਇੰਟੈਲੀਜੈਂਸ : ਕਾਨੂੰਨ ਦੀਆਂ ਨਵੀਆਂ ਸਰਹੱਦਾਂ' 'ਤੇ ਇੱਕ ਸੈਮੀਨਾਰ ਕੀਤਾ।ਇਹ ਸੈਸ਼ਨ ਆਈਕੇਜੀ-ਪੀਟੀਯੂ ਜਲੰਧਰ (ਮੁਹਾਲੀ ਕੈਂਪਸ) ਦੇ ਸਾਈਬਰ ਮਾਹਿਰ ਡਾ. ਨੀਰਜ ਮੋਹਨ ਦੁਆਰਾ ਦਿੱਤਾ ਗਿਆ, ਜਿਨ੍ਹਾਂ ਸਾਈਬਰ ਅਪਰਾਧਾਂ ਦੀਆਂ ਉੱਭਰ ਰਹੀਆਂ ਚੁਣੌਤੀਆਂ, ਆਰਟੀਫੀਸ਼ੀਅਲ ਇੰਟੈਲੀਜੈਂਸ ਦੇ ਕਾਨੂੰਨੀ ਪ੍ਰਭਾਵ, ਡਿਜੀਟਲ



ਅਧਿਕਾਰਾਂ ਤੇ ਡਿਜੀਟਲ ਯੁੱਗ ਵਿੱਚ ਨਿਆਂ ਨੂੰ ਯਕੀਨੀ ਬਣਾਉਣ ਵਿੱਚ ਕਾਨੂੰਨ ਦੀ ਭੂਮਿਕਾ 'ਤੇ ਚਾਨਣਾ ਪਾਇਆ।ਵਕੀਲਾਂ ਨੇ ਸਾਈਬਰ ਜਾਗਰੂਕਤਾ, ਤਕਨਾਲੋਜੀ ਦੀ ਨੈਤਿਕ ਵਰਤੋਂ ਤੇ ਔਨਲਾਈਨ ਖਤਰਿਆਂ ਵਿਰੁੱਧ ਕਾਨੂੰਨੀ ਸੁਰੱਖਿਆ ਬਾਰੇ ਕੀਮਤੀ ਸਮਝ ਪ੍ਰਾਪਤ ਕੀਤੀ।ਇਸ ਮੌਕੇ ਜ਼ਿਲ੍ਹਾ ਬਾਰ ਐਸੋਸੀਏਸ਼ਨ ਚੰਡੀਗੜ੍ਹ ਦੇ ਮੈਂਬਰ ਵੀ ਮੌਜੂਦ ਸਨ, ਜਿਨ੍ਹਾਂ ਵਿੱਚ ਪ੍ਰਧਾਨ ਐਡਵੋਕੇਟ ਅਸ਼ੋਕ ਚੌਹਾਨ, ਉਪ ਪ੍ਰਧਾਨ ਐਡਵੋਕੇਟ ਸੰਦੀਪ ਗੁੱਜਰ, ਸਕੱਤਰ ਐਡਵੋਕੇਟ ਅਮਿਤ ਸ਼ਰਮਾ, ਖਜ਼ਾਨਚੀ ਐਡਵੋਕੇਟ ਉੱਜਵਲ ਭਸੀਨ, ਸੰਯੁਕਤ ਸਕੱਤਰ ਐਡਵੋਕੇਟ ਪੂਜਾ ਦੀਵਾਨ, ਤੇ ਸੰਚਾਲਕ ਐਡਵੋਕੇਟ ਸ਼ਾਲਿਨੀ ਸ਼ਾਮਲ ਸਨ।ਆਰੀਅਨਜ਼ ਕਾਲਜ ਆਫ਼ ਲਾਅ ਐੱਲ ਐੱਲ ਬੀ ਤੇ ਬੀ ਏ ਐੱਲ ਐੱਲ ਬੀ (ਹਰੇਕ ਵਿੱਚ 120 ਸੀਟਾਂ) ਦੀ ਪੇਸ਼ਕਸ਼ ਕਰਦਾ ਹੈ।ਇਹ ਕੋਰਸ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨਾਲ ਸੰਬੰਧਤ ਹਨ ਤੇ ਬਾਰ ਕੌਂਸਲ ਆਫ਼ ਇੰਡੀਆ ਦੁਆਰਾ ਪ੍ਰਵਾਨਿਤ ਹਨ।

# ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਦੇ ਕੋਹੜ ਤੋਂ ਬਚਾਉਣ ਲਈ ਖੇਡਾਂ ਦਾ ਅਹਿਮ ਰੋਲ : ਰਾਏ

**ਫ਼ਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)** ਪੰਜਾਬ ਸਰਕਾਰ ਵੱਲੋਂ ਖੇਡਾਂ ਵਤਨ ਪੰਜਾਬ ਦੀਆਂ ਮੁਹਿੰਮ ਦੇ ਤਹਿਤ ਪਿੰਡਾਂ ਦੇ ਵਿੱਚ ਖੇਡ ਮੈਦਾਨ ਉਸਾਰੇ ਜਾ ਰਹੇ ਹਨ ਤਾਂ ਜੁ ਨੌਜਵਾਨ ਪੀੜ੍ਹੀ ਨੂੰ ਨਸ਼ੇ ਵਰਗੀਆਂ



ਲਾਹਨਤਾਂ ਤੋਂ ਬਚਾਉਣ ਦੇ ਲਈ ਖੇਡ ਮੈਦਾਨਾਂ ਵੱਲ ਲਿਆਂਦਾ ਜਾ ਸਕੇ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਵਿਧਾਇਕ ਐਡਵੋਕੇਟ ਲਖਬੀਰ ਸਿੰਘ ਰਾਏ ਨੇ ਪਿੰਡ ਹਰਨਾ ਵਿਖੇ ਗ੍ਰਾਮ ਪੰਚਾਇਤ ਵੱਲੋਂ ਕਰਾਏ ਚੌਥੇ ਸਰਬ ਸਾਂਝਾ ਕਬੱਡੀ ਕੱਪ ਤੇ ਕੁਸ਼ਤੀ ਦੰਗਲ ਦਾ ਉਦਘਾਟਨ ਕਰਨ ਮੌਕੇ ਕੀਤਾ।ਵਿਧਾਇਕ ਰਾਏ ਨੇ ਕਿਹਾ ਕਿ ਬਹੁਤ ਸਾਰੇ ਪਿੰਡਾਂ ਦੇ ਵਿੱਚ ਖੇਡ ਮੈਦਾਨਾਂ ਦਾ ਕੰਮ ਜਾਰੀ ਹੈ, ਜੋ ਆਧੁਨਿਕ ਤਕਨੀਕ ਦੇ ਨਾਲ ਬਣ ਰਹੇ ਹਨ, ਜਿੱਥੇ ਮੈਦਾਨਾਂ ਵਿੱਚ ਖੇਡ ਟਰੈਕ ਬਣਾਇਆ ਜਾ ਰਿਹਾ ਹੈ, ਉੱਥੇ ਹੀ ਲਾਈਟਾਂ ਤੇ ਬਾਥਰੂਮਾਂ ਦਾ ਵੀ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਹੈ ਤਾਂ ਜੁ ਖੇਡ ਮੈਦਾਨ ਦੇ ਵਿੱਚ ਹਰ ਤਰ੍ਹਾਂ ਦੀ ਸਹੂਲਤ ਮੁਹੱਈਆ ਕਰਾਈ ਜਾ ਸਕੇ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨੇ ਨੌਜਵਾਨ ਪੀੜ੍ਹੀ ਨੂੰ ਖੇਡ ਮੈਦਾਨਾਂ ਦੇ ਵੱਲ ਲਿਆਉਣ ਦੇ ਲਈ ਖੇਡਾਂ ਵਤਨ ਪੰਜਾਬ ਦੀ ਮੁਹਿੰਮ ਸ਼ੁਰੂ ਕੀਤੀ ਗਈ ਸੀ, ਜਿਸ ਦਾ ਅਸਰ ਪਿੰਡਾਂ ਦੇ ਵਿੱਚ ਦੇਖਣ ਨੂੰ ਮਿਲ ਰਿਹਾ ਹੈ।ਜੇਕਰ ਅਸੀਂ ਸਾਰੇ ਇਕਜੁਟ ਹੋ ਕੇ ਇਸੇ ਤਰ੍ਹਾਂ ਲੱਗੇ ਰਹੇ ਤਾਂ ਆਉਣ ਵਾਲੇ ਸਮੇਂ ਦੇ ਵਿੱਚ ਨਸ਼ੇ ਨੂੰ ਜੜ੍ਹੋਂ ਖਤਮ ਕਰਕੇ ਨੌਜਵਾਨ ਪੀੜ੍ਹੀ ਨੂੰ ਖੇਡ ਮੈਦਾਨਾਂ ਵੱਲ ਲੈ ਆਵਾਂਗੇ।ਉਨ੍ਹਾਂ ਗ੍ਰਾਮ ਪੰਚਾਇਤ ਵੱਲੋਂ ਕੀਤੇ ਗਏ ਇਸ ਉਪਰਾਲੇ ਦੀ ਖੂਬ ਸ਼ਲਾਘਾ ਕੀਤੀ।ਗ੍ਰਾਮ ਪੰਚਾਇਤ ਵੱਲੋਂ ਵਿਧਾਇਕ ਲਖਬੀਰ ਸਿੰਘ ਰਾਏ ਨੂੰ ਵੀ ਸਨਮਾਨਤ ਕੀਤਾ ਗਿਆ।

# ਸਿਹਤ ਬੀਮਾ ਯੋਜਨਾ ਹਰ ਪਰਵਾਰ ਲਈ ਹੈ, ਤਾਂ ਵੱਖਰੇ ਕਾਰਡ ਕਿਉਂ : ਦਰਸ਼ਨ ਕਾਂਗੜਾ

**ਸੰਗਰੂਰ (ਪ੍ਰਵੀਨ ਸਿੰਘ)**- ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਮੈਂਬਰ ਸ਼੍ਰੀ ਦਰਸ਼ਨ ਸਿੰਘ ਕਾਂਗੜਾ ਨੇ ਸੂਬੇ ਦੀ 'ਆਪ' ਸਰਕਾਰ ਵੱਲੋਂ ਚਲਾਈ ਜਾ ਰਹੀ ਮੁੱਖ ਮੰਤਰੀ ਸਿਹਤ ਯੋਜਨਾ 'ਤੇ ਤਿੱਖੇ ਸਵਾਲ ਖੜੇ ਕਰਦਿਆਂ ਇਸ ਨੂੰ ਸਿਰਫ਼ ਇਸ਼ਤਿਹਾਰੀ ਕਦਮ ਕਰਾਰ ਦਿੱਤਾ ਹੈ।ਉਨ੍ਹਾਂ ਕਿਹਾ ਕਿ ਯੋਜਨਾ ਦੇ ਨਾਂਅ 'ਤੇ ਲੋਕਾਂ ਨੂੰ ਵੱਡੇ



ਵਾਅਦੇ ਕਰਕੇ ਗੁੰਮਰਾਹ ਕੀਤਾ ਜਾ ਰਿਹਾ ਹੈ। ਸ੍ਰੀ ਕਾਂਗੜਾ ਨੇ ਕਿਹਾ ਕਿ ਸਰਕਾਰ ਵੱਲੋਂ ਹਰ ਪਰਿਵਾਰ ਨੂੰ 10 ਲੱਖ ਰੁਪਏ ਤੱਕ ਮੁਫ਼ਤ ਇਲਾਜ ਦੇਣ ਦੀ ਗੱਲ ਕੀਤੀ ਜਾ ਰਹੀ ਹੈ, ਪਰ ਹਕੀਕਤ ਵਿੱਚ ਲੋਕਾਂ ਨੂੰ ਇਸ ਦਾ ਲਾਭ ਨਹੀਂ ਮਿਲ ਰਿਹਾ।ਉਨ੍ਹਾਂ ਦੋਸ਼ ਲਗਾਇਆ ਕਿ ਪਿਛਲੇ ਇੱਕ ਸਾਲ ਦੌਰਾਨ ਸਕੀਮ ਨੂੰ ਸਹੀ ਢੰਗ ਨਾਲ ਲਾਗੂ ਨਹੀਂ ਕੀਤਾ ਗਿਆ, ਜਿਸ ਕਾਰਨ ਕਈ ਨਿੱਜੀ ਹਸਪਤਾਲਾਂ ਨੇ ਮਰੀਜ਼ਾਂ ਦਾ ਇਲਾਜ ਕਰਨ ਤੋਂ ਸਾਫ਼ ਇਨਕਾਰ ਕਰ ਦਿੱਤਾ ਗਿਆ।ਇਸ ਨਾਲ ਆਮ ਪਰਿਵਾਰਾਂ ਨੂੰ ਆਰਥਿਕ ਤੇ ਮਾਨਸਿਕ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪਿਆ। ਉਨ੍ਹਾਂ ਕਿਹਾ ਕਿ ਪਿਛਲੀ ਕਾਂਗਰਸ ਸਰਕਾਰ ਵੱਲੋਂ ਸ਼ੁਰੂ ਕੀਤੀ ਸਿਹਤ ਯੋਜਨਾ ਨੂੰ ਹੀ ਮੌਜੂਦਾ ਸਰਕਾਰ ਨਵੇਂ ਨਾਮ ਅਤੇ ਢੰਗ ਨਾਲ ਪੇਸ਼ ਕਰ ਰਹੀ ਹੈ।ਜੇ ਯੋਜਨਾ ਸੱਚਮੁੱਚ ਨਵੀਂ ਤੇ ਵਿਆਪਕ ਹੈ ਤਾਂ ਫਿਰ ਇਸ ਦੀ ਕਾਰਗੁਜ਼ਾਰੀ ਜ਼ਮੀਨ 'ਤੇ ਕਿਉਂ ਨਹੀਂ ਦਿਖਾਈ ਦੇ ਰਹੀ? ਉਨ੍ਹਾਂ ਸਵਾਲ ਕੀਤਾ ਕਿ ਸ੍ਰੀ ਕਾਂਗੜਾ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਜੇਕਰ ਇਹ ਯੋਜਨਾ ਸੂਬੇ ਦੇ ਹਰ ਪਰਵਾਰ ਲਈ ਹੈ ਤਾਂ ਫਿਰ ਵੱਖਰੇ ਕਾਰਡ ਬਣਾਉਣ ਦੀ ਲੋੜ ਕਿਉਂ ਪਈ ਉਨ੍ਹਾਂ ਕਿਹਾ ਕਿ ਕਾਰਡ ਬਣਾਉਣ ਦੀ ਪ੍ਰਕਿਰਿਆ ਨਾਲ ਨਾ ਸਿਰਫ਼ ਸਰਕਾਰੀ ਖਜ਼ਾਨੇ 'ਤੇ ਬੋਝ ਪੈ ਰਿਹਾ ਹੈ, ਸਗੋਂ ਆਮ ਲੋਕਾਂ ਨੂੰ ਵੀ ਦਫ਼ਤਰਾਂ ਦੇ ਚੱਕਰ ਕੱਟਣੇ ਪੈ ਰਹੇ ਹਨ।

# ਮਾਨ ਸਰਕਾਰ ਵੱਲੋਂ ਚੁੱਕੇ ਜਾ ਰਹੇ ਲੋਕ-ਹਿਤੈਸ਼ੀ ਕਦਮਾਂ ਨਾਲ ਪੰਜਾਬ ਦਾ ਹਰ ਵਾਸੀ ਖੁਸ਼ : ਉੱਦਮ ਦੀਪ ਸਿੰਘ

**ਨਾਭਾ (ਵਰਿੰਦਰ ਵਰਮਾ)** ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਸਰਬਪੱਖੀ ਵਿਕਾਸ ਲਈ ਚੁੱਕੇ ਜਾ ਰਹੇ ਲੋਕ-ਹਿਤੈਸ਼ੀ ਕਦਮਾਂ ਨਾਲ ਪੰਜਾਬ ਦਾ ਹਰ ਵਾਸੀ ਖੁਸ਼ ਹੈ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਹਲਕਾ ਵਿਧਾਨ ਸਭਾ ਨਾਭਾ ਦੇ ਵਾਰਡ ਨੰਬਰ 18 ਦੇ ਮੁੱਖ ਸੇਵਾਦਾਰ ਤੇ ਆਮ ਆਦਮੀ ਪਾਰਟੀ ਦੇ ਯੂਥ ਆਗੂ ਉੱਦਮ ਦੀਪ ਸਿੰਘ ਨੇ ਕੀਤਾ।ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਆਪਣੇ ਕਾਰਜਕਾਲ ਦੌਰਾਨ ਜੋ ਫ਼ੈਸਲੇ ਲਏ ਹਨ, ਉਹ ਇਤਿਹਾਸਕ ਹੀ ਨਹੀਂ, ਸਗੋਂ ਆਮ ਲੋਕਾਂ ਦੀ ਜ਼ਿੰਦਗੀ ਨਾਲ ਸਿੱਧੇ ਤੌਰ 'ਤੇ ਜੁੜੇ ਹੋਏ ਹਨ। ਉਨ੍ਹਾਂ ਆਖਿਆ ਕਿ ਸਿੱਖਿਆ, ਸਿਹਤ, ਬਿਜਲੀ, ਰੁਜ਼ਗਾਰ ਤੇ ਕਿਸਾਨੀ ਖੇਤਰ ਵਿਚ ਕੀਤੇ ਗਏ ਸੁਧਾਰਾਂ ਨਾਲ ਲੋਕਾਂ ਨੂੰ ਵੱਡੀ ਰਾਹਤ ਮਿਲੀ ਹੈ ਤੇ ਸਰਕਾਰ ਪ੍ਰਤੀ ਲੋਕਾਂ ਦਾ ਭਰੋਸਾ ਹੋਰ ਮਜ਼ਬੂਤ ਹੋਇਆ ਹੈ।ਉਨ੍ਹਾਂ ਕਿਹਾ ਕਿ ਮਾਨ ਸਰਕਾਰ ਵੱਲੋਂ ਚਲਾਈ ਗਈ 10 ਲੱਖ ਰੁਪਏ ਤੱਕ ਦੀ ਸਿਹਤ ਬੀਮਾ ਯੋਜਨਾ ਗਰੀਬ ਤੇ ਮੱਧ



ਵਰਗ ਲਈ ਵਰਦਾਨ ਸਾਬਤ ਹੋ ਰਹੀ ਹੈ।ਇਸ ਯੋਜਨਾ ਨਾਲ ਹੁਣ ਮਹਿੰਗੇ ਇਲਾਜ ਦੀ ਚਿੰਤਾ ਖਤਮ ਹੋ ਗਈ ਹੈ ਤੇ ਹਰ ਪਰਵਾਰ ਨੂੰ ਇਜਾਜ਼ਤ ਨਾਲ ਇਲਾਜ ਕਰਾਉਣ ਦਾ ਹੱਕ ਮਿਲਿਆ ਹੈ।ਉੱਦਮ ਦੀਪ ਸਿੰਘ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਕਾਨੂੰਨ-ਵਿਵਸਥਾ ਨੂੰ ਮਜ਼ਬੂਤ ਕਰਨ ਤੇ ਭ੍ਰਿਸ਼ਟਾਚਾਰ ਖ਼ਿਲਾਫ਼ ਚਲਾਈ ਮੁਹਿੰਮ ਨਾਲ ਵਪਾਰੀ ਵਰਗ ਤੇ ਟਰਾਂਸਪੋਰਟ ਨਾਲ ਜੁੜੇ ਲੋਕਾਂ ਵਿਚ ਭਰੋਸਾ ਪੈਦਾ ਹੋਇਆ ਹੈ।ਉਨ੍ਹਾਂ ਆਖਿਆ ਕਿ ਸਾਫ਼-ਸੁਥਰੀ ਪ੍ਰਸ਼ਾਸਨਿਕ ਪ੍ਰਣਾਲੀ ਕਾਰਨ ਆਮ ਆਦਮੀ ਨੂੰ ਸਰਕਾਰੀ ਦਫ਼ਤਰਾਂ ਵਿਚ ਭਟਕਣਾ ਨਹੀਂ ਪੈਂਦੀ।ਉਨ੍ਹਾਂ ਕਿਹਾ ਕਿ ਨੌਜਵਾਨ ਵਰਗ ਲਈ ਸਿੱਖਿਆ ਅਤੇ ਰੁਜ਼ਗਾਰ ਦੇ ਖੇਤਰ ਵਿਚ ਮਾਨ ਸਰਕਾਰ ਵੱਲੋਂ ਕੀਤੇ ਜਾ ਰਹੇ ਉਪਰਾਲੇ ਕਾਬਲ-ਏ-ਤਾਰੀਫ਼ ਹਨ।

# ਸਾਹਿਤਕ ਸਮਾਗਮ ਤੇ ਕਵੀ ਦਰਬਾਰ ਅੱਜ



**ਧੂਰੀ, (ਮੋਹਿਤ ਗਰਗ, ਮਨੋਹਰ ਸੱਗੂ, ਬਿੰਨੀ ਗਰਗ)** ਅੰਤਰਰਾਸ਼ਟਰੀ ਮਾਂ-ਬੋਲੀ ਦਿਵਸ ਦੇ ਸਤਿਕਾਰ ਵਿੱਚ 'ਲੋਕ ਮਨ ਪੰਜਾਬ' ਸੰਸਥਾ ਵੱਲੋਂ ਬਿਕਰਮਜੀਤ ਸਿੰਘ ਅਤੇ ਰਜਿੰਦਰ ਰਾਜੂ ਦੀ ਅਗਵਾਈ ਹੇਠ ਇੱਕ ਵਿਸ਼ੇਸ਼ ਸਾਹਿਤਕ ਸਮਾਗਮ ਤੇ ਕਵੀ ਦਰਬਾਰ 22 ਫਰਵਰੀ ਨੂੰ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਵਿਖੇ ਸਵੇਰੇ 9:30 ਵਜੇ ਤੋਂ ਦੁਪਹਿਰ 2:00 ਵਜੇ ਤੱਕ ਹੋਵੇਗਾ।ਅਮਨਦੀਪ ਕੌਰ ਬਾਠ ਨੇ ਦੱਸਿਆ ਕਿ ਇਸ ਮੌਕੇ ਡਾ. ਗੁਰਸੇਵਕ ਲੰਬੀ (ਮੁਖੀ, ਪੰਜਾਬੀ ਭਾਸ਼ਾ ਵਿਕਾਸ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ) ਮੁੱਖ ਮਹਿਮਾਨ ਵਜੋਂ ਸ਼ਾਮਲ ਹੋਣਗੇ।ਉਨ੍ਹਾਂ ਦੇ ਨਾਲ ਕਮਾਡੈਂਟ ਰਛਪਾਲ ਸਿੰਘ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕਰਨਗੇ ਤੇ ਸਾਹਿਤਿਕ ਵਿਚਾਰਾਂ ਰਾਹੀਂ ਸਰੋਤਿਆਂ ਨਾਲ ਸਾਂਝ ਪਾਉਣਗੇ।ਸਮਾਗਮ ਦਾ ਮੁੱਖ ਖਿੱਚ ਦਾ ਕੇਂਦਰ ਪੁਸਤਕ ਵਿਚਾਰ-ਚਰਚਾ ਹੋਵੇਗੀ।ਪਹਿਲੇ ਸੈਸ਼ਨ ਵਿੱਚ ਲੇਖਕ ਬੂਟਾ ਸਿੰਘ ਚੌਹਾਨ ਦੀ ਪੁਸਤਕ 'ਮੇਰੀ ਮਾਂ' ਉੱਪਰ ਮੁੱਖ ਵਕਤਾ ਜਸਵੀਰ ਰਾਣਾ ਤੇ ਬਿੰਦਰ ਸਿੰਘ ਭੂਮਸੀ ਆਪਣੇ ਵਿਚਾਰ ਪੇਸ਼ ਕਰਨਗੇ।ਦੂਜੇ ਸੈਸ਼ਨ ਦੌਰਾਨ ਲੇਖਕ ਅਮਨ ਜੱਖਲਾਂ ਦੀ ਪੁਸਤਕ 'ਮੈਂ ਮਿੱਟੀ' ਉੱਪਰ ਡਾ. ਮਨੀਸ਼ਾ ਰਾਣੀ ਅਤੇ ਸੁਖਵਿੰਦਰ ਸਿੰਘ ਲੋਟੇ ਦੁਆਰਾ ਗੰਭੀਰ ਸੰਵਾਦ ਰਚਾਇਆ ਜਾਵੇਗਾ।

# ਜਮਹੂਰੀ ਅਧਿਕਾਰ ਸਭਾ ਵੱਲੋਂ ਕਿਸਾਨਾਂ 'ਤੇ ਗੈਰ-ਮਨੁੱਖੀ ਤਸ਼ੱਦਦ ਦੀ ਨਿਖੇਧੀ

**ਦਿੜ੍ਹਬਾ (ਜਸਵੀਰ ਲਾਡੀ)** ਜਮਹੂਰੀ ਅਧਿਕਾਰ ਸਭਾ ਇਕਾਈ ਸੰਗਰੂਰ ਵੱਲੋਂ ਲੋਕ ਵਿਰੋਧੀ ਜਾਬਰ ਪੰਜਾਬ ਸਰਕਾਰ ਦੇ ਦਿਸ਼ਾ-ਨਿਰਦੇਸ਼ 'ਤੇ ਪੰਜਾਬ ਪੁਲਸ ਵੱਲੋਂ ਬੀ ਕੇ ਯੂ ਉਗਰਾਹਾਂ ਦੇ ਆਗੂਆਂ ਦੇ ਘਰਾਂ 'ਤੇ ਛਾਪੇਮਾਰੀ ਕਰਕੇ ਪਿੰਡਾਂ ਵਿੱਚ ਦਹਿਸ਼ਤ ਦਾ ਮਾਹੌਲ ਬਨਾਉਣ, ਆਗੂਆਂ/ਕਾਰਕੁੰਨਾਂ ਦੀਆਂ ਗ੍ਰਿਫ਼ਤਾਰੀਆਂ ਕੀਤੇ ਜਾਣ, ਜਿਉਂਦ ਵਿੱਚ ਪਿੰਡ ਦੀ ਘੇਰਾਬੰਦੀ ਕਰਕੇ ਅੱਥਰੂ ਗੈਸ ਦੇ ਗੋਲੇ ਵਰ੍ਹਾ ਕੇ ਜਲਿਆਂਵਾਲੇ ਬਾਗ ਦੀ ਯਾਦ ਦਿਵਾਉਣ, ਹੋਰ ਅਨੇਕਾਂ ਥਾਂਵਾਂ 'ਤੇ ਬੇਤਹਾਸ਼ਾ ਲਾਠੀਚਾਰਜ ਕਰਨ ਤੇ ਹੋਰ ਹਰ ਕਿਸਮ ਦਾ ਜਬਰ ਢਾਹੇ ਜਾਣ ਦੀ ਸਖਤ ਸ਼ਬਦਾਂ ਵਿਚ ਨਿਖੇਧੀ ਕਰਦੀ ਹੈ।ਹੁਣ ਦੀਆਂ ਹਕੂਮਤਾਂ ਨੇ ਅੰਗਰੇਜ਼ੀ ਬਸਤੀਵਾਦੀ ਸਰਕਾਰ ਨੂੰ ਵੀ ਮਾਤ ਪਾ ਦਿੱਤੀ ਹੈ, ਜੋ ਅਵਾਮ ਨਾਲ ਧ੍ਰੋਹ ਹੈ।ਜਮਹੂਰੀ ਅਧਿਕਾਰ ਸਭਾ ਜਥੇਬੰਦੀ ਵੱਲੋਂ ਲੜੇ ਜਾ ਰਹੇ ਇਸ ਹੱਕੀ ਸੰਘਰਸ਼ ਦੀ ਹਮਾਇਤ ਕਰਦਿਆਂ ਗ੍ਰਿਫ਼ਤਾਰ ਆਗੂਆਂ, ਕਿਸਾਨਾਂ ਨੂੰ ਤੁਰੰਤ ਰਿਹਾਅ ਕਰਨ ਦੀ ਮੰਗ ਕਰਦੀ ਹੈ।ਸਭਾ ਦੇ ਪ੍ਰਧਾਨ ਜਗਜੀਤ ਭੁਟਾਲ, ਸਕੱਤਰ ਕੁਲਦੀਪ ਸਿੰਘ, ਮੀਤ ਪ੍ਰਧਾਨ ਬਸੇਸਰ ਰਾਮ, ਵਿੱਤ ਸਕੱਤਰ ਮਨਧੀਰ ਸਿੰਘ ਤੇ ਪ੍ਰੈਸ ਸਕੱਤਰ ਜੁਝਾਰ ਲੌਂਗੋਵਾਲ, ਸੂਬਾ ਆਗੂ ਵੈਸਾਖਾ ਸਿੰਘ ਤੇ ਸਵਰਨਜੀਤ ਸਿੰਘ ਨੇ ਇਸ ਨੂੰ ਲੋਕਤੰਤਰ ਦਾ ਸ਼ਰੇਆਮ ਹੋ ਰਿਹਾ ਘਾਣ ਕਿਹਾ ਹੈ।ਸਭਾ ਵੱਲੋਂ ਇਸ ਲਈ ਜ਼ਿੰਮੇਵਾਰ ਅਧਿਕਾਰੀਆਂ 'ਤੇ ਕਾਰਵਾਈ ਦੀ ਮੰਗ ਵੀ ਕੀਤੀ ਗਈ।

# ਦਾਸ ਐਂਡ ਬ੍ਰਾਊਨ ਵਰਲਡ ਨੂੰ ਜ਼ਿਲ੍ਹੇ ਦਾ ਸਰਵੋਤਮ ਸਕੂਲ ਐਲਾਨਿਆ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)** ਸਿੱਖਿਆ ਦੇ ਖੇਤਰ ਵਿੱਚ ਫਿਰੋਜ਼ਪੁਰ ਦੇ 'ਦਾਸ ਐਂਡ ਬ੍ਰਾਊਨ ਵਰਲਡ ਸਕੂਲ' ਨੇ ਇਕ ਹੋਰ ਵੱਡੀ ਪ੍ਰਾਪਤੀ ਹਾਸਲ ਕੀਤੀ ਹੈ। 'ਐਜੂਕੇਸ਼ਨ ਵਰਲਡ' ਵੱਲੋਂ ਜਾਰੀ ਇੰਡੀਆ ਸਕੂਲ ਰੈਂਕਿੰਗ 2025-26 ਦੇ ਸਰਵੇਖਣ ਵਿੱਚ ਇਸ ਸਕੂਲ ਨੂੰ ਸਰਹੱਦੀ ਜ਼ਿਲ੍ਹੇ ਫਿਰੋਜ਼ਪੁਰ



ਦਾ ਨੰਬਰ ਇੱਕ ਸਕੂਲ ਚੁਣਿਆ ਗਿਆ ਹੈ। ਸਕੂਲ ਨੂੰ 'ਕੋ-ਐਡ ਡੇ ਸਕੂਲ' ਸ਼੍ਰੇਣੀ ਵਿੱਚ ਇਹ ਮਾਨਮੱਤਾ ਖਿਤਾਬ ਦਿੱਤਾ ਗਿਆ ਹੈ। ਸਕੂਲ ਦੀ ਪ੍ਰਿੰਸੀਪਲ ਡਾ. ਰੁਚੀ ਪਾਂਡੇ ਨੇ ਖੁਸ਼ੀ ਸਾਂਝੀ ਕਰਦਿਆਂ ਦੱਸਿਆ ਕਿ ਇਹ ਰੈਂਕਿੰਗ ਵੱਖ-ਵੱਖ ਸਿੱਖਿਅਕ ਮਾਪਦੰਡਾਂ ਦੇ ਆਧਾਰ 'ਤੇ ਦਿੱਤੀ ਜਾਂਦੀ ਹੈ। ਉਨ੍ਹਾਂ ਦੱਸਿਆ ਕਿ ਸਕੂਲ ਨੇ ਆਪਣੇ ਛੋਟੇ ਜਿਹੇ ਸਫ਼ਰ ਵਿਚ ਰਾਸ਼ਟਰੀ ਤੇ ਅੰਤਰਰਾਸ਼ਟਰੀ ਪੱਧਰ 'ਤੇ ਕਈ ਐਵਾਰਡ ਜਿੱਤੇ ਹਨ। ਸਕੂਲ ਨੂੰ ਲਗਾਤਾਰ ਚਾਰ ਸਾਲਾਂ ਤੋਂ 'ਮਾਈਕਰੋਸਾਫਟ ਸ਼ੋਅਕੇਸ ਸਕੂਲ' ਦਾ ਖਿਤਾਬ ਮਿਲ ਰਿਹਾ ਹੈ। ਇਸ ਤੋਂ ਇਲਾਵਾ ਪਿਛਲੇ ਸਾਲਾਂ ਦੌਰਾਨ ਸਕੂਲ ਨੇ ਦਰਜਨਾਂ ਸਨਮਾਨ ਆਪਣੀ ਝੋਲੀ ਪਾਏ ਹਨ। ਦਾਸ ਐਂਡ ਬ੍ਰਾਊਨ ਸਕੂਲ ਅੱਜ ਭਾਰਤ ਦੇ 'ਟਾਪ 10 ਐਮਰਜਿੰਗ ਹਾਈ ਪੋਟੈਂਸ਼ੀਅਲ' ਸਕੂਲਾਂ ਵਿੱਚ ਸ਼ਾਮਲ ਹੈ। ਸਕੂਲ ਵਿੱਚ ਏ ਆਈ, ਵਰਚੁਅਲ ਰਿਐਲਿਟੀ, ਰੋਬੋਟਿਕਸ ਤੇ ਡਿਜ਼ਾਈਨ ਥਿੰਕਿੰਗ ਦਾ ਪ੍ਰਯੋਗ ਕੀਤਾ ਜਾ ਰਿਹਾ ਹੈ। ਵਿਦਿਆਰਥੀਆਂ ਲਈ 3ਡੀ ਲੈਬ, ਸਟੈਮ, ਅਟਲ ਟਿੰਕਰਿੰਗ ਲੈਬ ਤੇ ਬਾਈਜੂਸ ਲੈਬ ਵਰਗੀਆਂ ਸਹੂਲਤਾਂ ਉਪਲਬੱਧ ਹਨ। ਇਸ ਮੌਕੇ ਸੀਨੀਅਰ ਜੀ ਐੱਮ ਰਿਟਾਇਰਡ ਕਰਨਲ ਰਾਜੇਸ਼ ਆਨੰਦ, ਜਸਲ ਭੱਟਾਚਾਰਜੀ, ਬਿੰਦੂ ਗੁਪਤਾ, ਡਾ. ਸੰਗੀਤ ਭਾਰਦਵਾਜ ਤੇ ਹੋਰ ਸਟਾਫ ਮੈਂਬਰ ਮੌਜੂਦ ਸਨ। ਪ੍ਰਬੰਧਕਾਂ ਨੇ ਕਿਹਾ ਕਿ ਇਹ ਸਕੂਲ ਫਿਰੋਜ਼ਪੁਰ ਲਈ ਇੱਕ ਤੋਹਫ਼ੇ ਵਾਂਗ ਹੈ, ਜੋ ਇਲਾਕੇ ਦੇ ਬੱਚਿਆਂ ਨੂੰ ਵਿਸ਼ਵ ਪੱਧਰੀ ਸਿੱਖਿਆ ਪ੍ਰਦਾਨ ਕਰ ਰਿਹਾ ਹੈ।

# ਬ੍ਰਹਮ ਗਿਆਨੀ ਬਾਬਾ ਬੰਤ ਸਿੰਘ ਗਿਆਨੀ ਦੀ ਬਰਸੀ ਮਨਾਈ

**ਬਾਘਾ ਪੁਰਾਣਾ, (ਮਨੀ ਸਿੰਗਲਾ)** ਬ੍ਰਹਮ ਗਿਆਨੀ ਬਾਬਾ ਬੰਤ ਸਿੰਘ ਗਿਆਨੀ ਜੀ ਦੀ ਪਾਵਨ ਯਾਦ ਨੂੰ ਸਮਰਪਤ ਸਾਲਾਨਾ ਬਰਸੀ 'ਤੇ ਵਿਸ਼ਾਲ ਧਾਰਮਿਕ ਸਮਾਗਮ ਉਨ੍ਹਾਂ ਦੇ ਯਾਦਗਰ ਸਥਾਨ ਮੰਡੀਰਾਂ ਵਾਲਾ ਰੋਡ ਨੇੜੇ ਬਾਬਾ ਜੀਵਨ ਸਿੰਘ



ਸਟੇਡੀਅਮ ਵਿਖੇ ਐਨ.ਆਰ ਆਈ ਭਰਾਵਾਂ, ਨਗਰ ਦੀ ਸੰਗਤ ਤੇ ਸਮੂਹ ਭੱਟੀ ਪਰਵਾਰ ਵੱਲੋਂ ਸ਼ਰਧਾ ਸਹਿਤ ਕਰਾਇਆ ਗਿਆ। ਸਮਾਗਮ ਦੌਰਾਨ ਵੱਡੀ ਗਿਣਤੀ 'ਚ ਦੂਰ-ਦਰਾਜ਼ ਤੋਂ ਸੰਗਤਾਂ ਨੇ ਹਾਜ਼ਰੀ ਭਰੀ ਤੇ ਬਾਬਾ ਜੀ ਦੇ ਅਸਥਾਨ 'ਤੇ ਨਤਮਸਤਕ ਹੋ ਕੇ ਆਸ਼ੀਰਵਾਦ ਪ੍ਰਾਪਤ ਕੀਤਾ।ਅਸਥਾਨ ਦੇ ਮੁੱਖ ਸੇਵਾਦਾਰ ਪਰਮਜੀਤ ਸਿੰਘ ਭੱਟੀ ਨੇ ਦੱਸਿਆ ਕਿ ਬ੍ਰਹਮ ਗਿਆਨੀ ਬਾਬਾ ਬੰਤ ਸਿੰਘ ਗਿਆਨੀ ਜੀ ਦੀ ਯਾਦ ਨੂੰ ਸਮਰਪਤ ਇਹ ਬਰਸੀ ਸਮਾਗਮ ਹਰ ਸਾਲ ਕਰਾਇਆ ਜਾਂਦਾ ਹੈ, ਜਿਸ ਦਾ ਮੁੱਖ ਉਦੇਸ਼ ਸੰਗਤ ਨੂੰ ਗੁਰਬਾਣੀ ਨਾਲ ਜੋੜਨਾ ਅਤੇ ਮਹਾਂਪੁਰਸ਼ਾਂ ਦੀਆਂ ਸਿੱਖਿਆਵਾਂ ਨੂੰ ਅਪਣਾਉਣ ਲਈ ਪ੍ਰੇਰਿਤ ਕਰਨਾ ਹੈ।ਬੀਤੇ ਸਾਲਾਨਾ ਬਰਸੀ ਨੂੰ ਸਮਰਪਤ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਪਾਠ ਪ੍ਰਾਰੰਭ ਕਰਾਏ ਗਏ, ਜੋ ਲਗਾਤਾਰ ਤਿੰਨ ਦਿਨ ਚੱਲੇ।ਸਮਾਗਮ ਦੌਰਾਨ ਬਾਬਾ ਹਰਜਿੰਦਰ ਸਿੰਘ ਜੀ ਗੁਰੂ ਕੀ ਮਟੀਲੀ ਵਾਲਿਆਂ ਵੱਲੋਂ ਲਗਾਤਾਰ ਦੋ ਰਾਤ ਨੂੰ ਦੀਵਾਨ ਸਜਾਏ ਗਏ, ਜਿਨ੍ਹਾਂ ਵਿੱਚ ਉਨ੍ਹਾਂ ਨੇ ਕਥਾ, ਕੀਰਤਨ ਤੇ ਪ੍ਰਵਚਨਾਂ ਰਾਹੀਂ ਸੰਗਤ ਨੂੰ ਵਾਹਿਗੁਰੂ ਦੇ ਨਾਂਅ ਨਾਲ ਜੋੜਿਆ।ਉਨ੍ਹਾਂ ਨੇ ਗੁਰਬਾਣੀ ਦੇ ਉਪਦੇਸ਼ਾਂ ਰਾਹੀਂ ਸੱਚਾਈ, ਸੇਵਾ, ਨਿਮਰਤਾ ਅਤੇ ਮਨੁੱਖਤਾ ਦੇ ਰਸਤੇ 'ਤੇ ਚੱਲਣ ਦਾ ਸੰਦੇਸ਼ ਦਿੱਤਾ। ਸਮਾਗਮ ਦੌਰਾਨ ਜਥੇਦਾਰ ਤੀਰਥ ਸਿੰਘ ਮਾਹਲਾ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ 'ਚ ਬੈਠੀ ਸੰਗਤ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਮਹਾਂਪੁਰਸ਼ਾਂ ਦੀ ਯਾਦ ਵਿੱਚ ਅਜਿਹੇ ਸਮਾਗਮ ਕਰਾਉਣਾ ਸਾਡੀ ਵੱਡੀ ਜ਼ਿੰਮੇਵਾਰੀ ਹੈ।ਉਨ੍ਹਾਂ ਕਿਹਾ ਕਿ ਸਾਨੂੰ ਆਪਣੇ ਪੁਰਖਿਆਂ ਤੇ ਮਹਾਂਪੁਰਸ਼ਾਂ ਦੇ ਜੀਵਨ ਤੋਂ ਪ੍ਰੇਰਨਾ ਲੈ ਕੇ ਆਪਣੇ ਜੀਵਨ ਨੂੰ ਉੱਚਾ ਚੁੱਕਣਾ ਚਾਹੀਦਾ ਹੈ।ਉਨ੍ਹਾਂ ਨੇ ਬਾਬਾ ਬੰਤ ਸਿੰਘ ਗਿਆਨੀ ਜੀ ਦੇ ਕਲੱਬ, ਐਨ.ਆਰ.ਆਈ ਭਰਾਵਾਂ ਅਤੇ ਨਗਰ ਦੀ ਸੰਗਤ ਵਲੋਂ ਕੀਤੇ ਜਾ ਰਹੇ ਇਨ੍ਹਾਂ ਉਪਰਾਲਿਆਂ ਦੀ ਭਰਪੂਰ ਸ਼ਲਾਘਾ ਕੀਤੀ।

# ਸਰਕਾਰ ਕੋਲ ਲੋਕ ਭਲਾਈ ਦਾ ਕੋਈ ਠੋਸ ਏਜੰਡਾ ਨਹੀਂ : ਮਲੂਕਾ

**ਰਾਮਪੁਰਾ ਫੂਲ (ਦਰਸ਼ਨ ਜਿੰਦਲ)**- ਸੂਬਾ ਸਰਕਾਰ ਵੱਲੋਂ ਆਪਣੇ ਪੱਧਰ 'ਤੇ ਲੋਕਾਂ ਨੂੰ ਕੋਈ ਸਹੂਲਤ ਨਹੀਂ ਦਿੱਤੀ ਜਾ ਰਹੀ ਨਾ ਹੀ ਸਰਕਾਰ ਕੋਲ ਲੋਕ ਭਲਾਈ ਦਾ ਕੋਈ ਠੋਸ ਏਜੰਡਾ ਹੈ। ਆਪ ਆਗੂ ਕੇਂਦਰੀ ਯੋਜਨਾਵਾਂ ਨੂੰ ਆਪਣੀ ਉਪਲੱਬਧੀ ਦੱਸ ਕੇ ਪ੍ਰਚਾਰ ਰਹੇ ਹਨ।



ਇਹ ਦੋਸ਼ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਬਠਿੰਡਾ ਦਿਹਾਤੀ ਗੁਰਪ੍ਰੀਤ ਸਿੰਘ ਮਲੂਕਾ ਨੇ ਹਲਕਾ ਵਿਧਾਇਕ ਬਲਕਾਰ ਸਿੱਧੂ ਵੱਲੋਂ ਲੋੜਮੰਦ ਲੋਕਾਂ ਨੂੰ ਮਕਾਨ ਬਣਾਉਣ ਲਈ ਪੱਤਰ ਦਿੱਤੇ ਜਾਣ 'ਤੇ ਸਵਾਲ ਖੜੇ ਕਰਦਿਆਂ ਲਾਏ। ਮਲੂਕਾ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ 'ਚ ਲੋੜਮੰਦ ਲੋਕਾਂ ਨੂੰ ਨਵੇਂ ਮਕਾਨ ਬਣਾ ਕੇ ਦੇਣ ਲਈ ਪ੍ਰਧਾਨ ਮੰਤਰੀ ਅਵਾਸ ਯੋਜਨਾ ਅਧੀਨ ਲੋਕਾਂ ਨੂੰ ਮਕਾਨ ਉਸਾਰੀ ਲਈ ਗਰਾਂਟ ਦਿੱਤੀ ਜਾ ਰਹੀ ਹੈ। ਇਸ ਤੋਂ ਇਲਾਵਾ ਕੇਂਦਰ ਸਰਕਾਰ ਅਨੇਕਾਂ ਲੋਕ ਭਲਾਈ ਯੋਜਨਾਵਾਂ ਰਾਹੀਂ ਲੋਕਾਂ ਨੂੰ ਮੁਢਲੀਆਂ ਸਹੂਲਤਾਂ ਮਿਲ ਰਹੀਆਂ ਹਨ।ਇਸ ਮੌਕੇ ਕਿਸਾਨ ਵਿੰਗ ਪ੍ਰਧਾਨ ਬੂਟਾ ਭਾਈਰੂਪਾ, ਯੁਵਾ ਮੋਰਚਾ ਪ੍ਰਧਾਨ ਜਸਪ੍ਰੀਤ ਸਿੰਘ ਜੱਸਾ, ਮਨਦੀਪ ਸ਼ਰਮਾ ਮਲੂਕਾ, ਸਵਰਨ ਸਿੰਘ ਪ੍ਰਧਾਨ ਐੱਸ ਸੀ ਮੋਰਚਾ, ਮੇਜਰ ਸਿੰਘ ਬਰਾੜ ਜ਼ਿਲ੍ਹਾ ਜਨਰਲ ਸਕੱਤਰ, ਕਮਲ ਕਾਂਤ ਜ਼ਿਲ੍ਹਾ ਜਨਰਲ ਸਕੱਤਰ, ਗੁਰਜੀਤ ਸਿੰਘ ਗੋਰਾ ਦਿਉਣ ਤੇ ਮੀਡੀਆ ਕਨਵੀਨਰ ਰਤਨ ਸ਼ਰਮਾ ਮਲੂਕਾ ਆਦਿ ਹਾਜ਼ਰ ਸਨ।

# ਅੰਤਰ-ਜ਼ਿਲ੍ਹਾ ਸ਼ਾਤਿਰ ਚੋਰ ਗਰੋਹ ਦਾ ਪਰਦਾ ਫਾਸ਼, 3 ਮਹਿਲਾਵਾਂ ਸਮੇਤ 6 ਕਾਬੂ

**ਕੋਟਕਪੂਰਾ (ਸ਼ਾਮ ਲਾਲ ਚਾਵਲਾ)**-ਸ੍ਰੀ ਗੌਰਵ ਯਾਦਵ ਡੀ.ਜੀ.ਪੀ. ਪੰਜਾਬ ਦੇ ਨਿਰਦੇਸ਼ਾ ਤਹਿਤ ਮਾੜੇ ਅਨਸਰਾਂ ਖਿਲਾਫ ਜ਼ੀਰੋ ਟਾਲਰੈਂਸ ਨੀਤੀ ਤਹਿਤ ਕਾਰਵਾਈ ਕਰਦੇ ਹੋਏ ਫਰੀਦਕੋਟ ਪੁਲਸ ਵੱਲੋਂ ਸ਼੍ਰੀਮਤੀ ਨਿਲਾਬਰੀ ਜਗਦਲੇ ਆਈ ਜੀ ਫਰੀਦਕੋਟ ਰੇਂਜ ਦੀ ਰਹਿਨੁਮਾਈ ਹੇਠ ਇੱਕ ਵੱਡੀ ਕਾਮਯਾਬੀ ਹਾਸਲ ਕਰਦਿਆਂ ਚੋਰੀ ਦੀਆਂ ਵਾਰਦਾਤਾਂ ਨੂੰ ਅੰਜਾਮ ਦੇਣ ਵਾਲੇ ਇੱਕ

**● ਚੋਰੀ ਕੀਤੀ ਨਕਦੀ ਤੇ ਅਸਲਾ ਵੀ ਬਰਾਮਦ**



ਵੱਡੇ ਅੰਤਰ-ਜ਼ਿਲ੍ਹਾ ਸ਼ਾਤਿਰ ਚੋਰ ਗਰੋਹ ਦਾ ਪਰਦਾਫਾਸ਼ ਕੀਤਾ ਹੈ ਅਤੇ ਉਨ੍ਹਾਂ ਦੇ ਕਬਜ਼ੇ ਵਿੱਚੋਂ ਚੋਰੀ ਕੀਤੀ ਨਕਦੀ ਤੇ ਅਸਲਾ ਵੀ ਬਰਾਮਦ ਕੀਤਾ ਗਿਆ ਹੈ।ਇਹ ਜਾਣਕਾਰੀ ਡਾ. ਪ੍ਰਗਿਆ ਜੈਨ ਐਸ.ਐਸ.ਪੀ ਫਰੀਦਕੋਟ ਵੱਲੋਂ ਸ਼ਨੀਵਾਰ ਪ੍ਰੈੱਸ ਕਾਨਫਰੰਸ ਦੌਰਾਨ ਦਿੱਤੀ। ਗ੍ਰਿਫਤਾਰ ਕੀਤੇ ਦੋਸ਼ੀਆ ਦੀ ਪਹਿਚਾਣ ਮੰਗਲ ਸਿੰਘ ਉਰਫ ਅਕਾਸ਼ (ਵਾਸੀ ਫਿਰੋਜ਼ਪੁਰ), ਨਿਰਮਲਾ ਦੇਵੀ (ਵਾਸੀ ਫਿਰੋਜ਼ਪੁਰ), ਗੀਟਾ ਰਾਣੀ (ਵਾਸੀ ਫਾਜ਼ਿਲਕਾ), ਪੱਪੂ ਸਿੰਘ ਉਰਫ ਤੋਤੀ (ਵਾਸੀ ਫਾਜ਼ਿਲਕਾ), ਸੀਤਾ ਰਾਣੀ (ਜ਼ਿਲ੍ਹਾ ਫਿਰੋਜ਼ਪੁਰ) ਤੇ ਵੀਰ ਸਿੰਘ ਉਰਫ ਵੀਰੂ (ਵਾਸੀ ਫਿਰੋਜ਼ਪੁਰ) ਵਜੋਂ ਹੋਈ ਹੈ।ਪੁਲਸ ਪਾਰਟੀ ਵੱਲੋਂ ਮੁਲਜ਼ਮਾਂ ਪਾਸੋਂ ਚੋਰੀ ਕੀਤੇ 2 ਲੱਖ 20 ਹਜ਼ਾਰ ਰੁਪਏ ਤੇ ਚੋਰੀ ਕੀਤਾ .32 ਬੋਰ ਰਿਵਾਲਵਰ ਵੀ ਬਰਾਮਦ ਕੀਤਾ ਗਿਆ ਹੈ। ਜਾਣਕਾਰੀ ਮੁਤਾਬਿਕ ਬੀਤੀ 7 ਫਰਵਰੀ ਨੂੰ ਜੈਤੋ ਵਿਖੇ ਮੌਜੂਦ ਤੇਲ ਦੀ ਫੈਕਟਰੀ ਵਿੱਚੋਂ 15 ਲੱਖ 50 ਹਜ਼ਾਰ ਰੁਪਏ ਨਕਦ ਤੇ ਇੱਕ ਰਿਵਾਲਵਰ .32 ਬੋਰ ਤੇ ਕੁੱਝ ਜ਼ਰੂਰੀ ਦਸਤਾਵੇਜ਼ ਚੋਰੀ ਹੋਣ ਘਟਨਾ ਬਾਰੇ ਜਾਣਕਾਰੀ ਹਾਸਲ ਹੋਈ ਸੀ, ਜਿਸ ਸਬੰਧੀ ਥਾਣਾ ਜੈਤੋ ਵਿਖੇ ਮੁਕੱਦਮਾ ਨੰਬਰ 29 ਮਿਤੀ 07.02.2026 ਅ/ਧ 331(4), 305 ਬੀ.ਐਨ.ਐਸ ਦਰਜ ਰਜਿਸਟਰ ਕਰਕੇ ਕਾਰਵਾਈ ਸ਼ੁਰੂ ਕੀਤੀ ਗਈ। ਇਸ ਦੌਰਾਨ ਜੋਗੇਸ਼ਵਰ ਸਿੰਘ ਗੋਰਾਇਆ ਐੱਸ ਪੀ (ਇੰਨਵੈਸਟੀਗੇਸ਼ਨ) ਫਰੀਦਕੋਟ ਦੀ ਰਹਿਨੁਮਾਈ ਤੇ ਇਕਬਾਲ ਸਿੰਘ ਡੀ ਐੱਸ ਪੀ ਜੈਤੋ ਤੇ ਅਵਤਾਰ ਸਿੰਘ ਡੀ ਐੱਸ ਪੀ (ਇੰਨਵੈਸਟੀਗੇਸ਼ਨ) ਫਰੀਦਕੋਟ ਦੀ ਨਿਗਰਾਨੀ ਹੇਠ ਥਾਣਾ ਜੈਤੋ ਤੇ ਸੀ.ਆਈ.ਏ ਸਟਾਫ ਦੀਆਂ ਵਿਸ਼ੇਸ਼ ਟੀਮਾਂ ਦਾ ਗਠਨ ਕਰਕੇ ਮੁਲਜ਼ਮਾਂ ਦਾ ਭਾਲ ਸ਼ੁਰੂ ਕੀਤੀ ਗਈ।ਇਸ ਦੌਰਾਨ ਟੈਕਨੀਕਲ ਇੰਨਪੁੱਟ ਤੇ ਹਿਊਮਨ ਇੰਟੈਲੀਜੈਂਸ ਦੇ ਅਧਾਰ 'ਤੇ ਕਾਰਵਾਈ ਕਰਦੇ ਹੋਏ ਇਸ ਵਿੱਚ ਸ਼ਾਮਲ ਮੰਗਲ ਸਿੰਘ ਉਰਫ ਅਕਾਸ਼ (ਵਾਸੀ ਫਿਰੋਜ਼ਪੁਰ), ਨਿਰਮਲਾ ਦੇਵੀ (ਵਾਸੀ ਫਿਰੋਜ਼ਪੁਰ), ਗੀਟਾ ਰਾਣੀ (ਵਾਸੀ ਫਾਜ਼ਿਲਕਾ) ਨੂੰ 20 ਫਰਵਰੀ ਨੂੰ ਗ੍ਰਿਫਤਾਰ ਕੀਤਾ ਗਿਆ। ਉਪਰੰਤ ਇਸ ਵਿੱਚ ਸ਼ਾਮਲ 3 ਹੋਰ ਦੋਸ਼ੀਆਂ ਪੱਪੂ ਸਿੰਘ ਉਰਫ ਤੋਤੀ (ਵਾਸੀ ਫਾਜ਼ਿਲਕਾ), ਸੀਤਾ ਰਾਣੀ (ਜ਼ਿਲ੍ਹਾ ਫਿਰੋਜ਼ਪੁਰ) ਤੇ ਵੀਰ ਸਿੰਘ ਉਰਫ ਵੀਰੂ (ਵਾਸੀ ਫਿਰੋਜ਼ਪੁਰ) ਨੂੰ ਵੀ 21 ਫਰਵਰੀ ਨੂੰ ਗ੍ਰਿਫਤਾਰ ਕੀਤਾ ਗਿਆ ਹੈ।ਇਸ ਦੌਰਾਨ ਦੋਸ਼ੀਆਂ ਪਾਸੋਂ ਜੈਤੋ ਦੀ ਫੈਕਟਰੀ ਵਿੱਚੋਂ ਚੋਰੀ ਕੀਤੇ 2 ਲੱਖ 20 ਹਜ਼ਾਰ ਰੁਪਏ ਤੇ ਚੋਰੀ ਕੀਤਾ .32 ਬੋਰ ਰਿਵਾਲਵਰ ਵੀ ਬਰਾਮਦ ਕੀਤਾ ਗਿਆ। ਇਸ ਮਾਮਲੇ ਦੀ ਰੋਚਿਕ ਗੱਲ ਇਹ ਸੀ ਕਿ ਇਹ ਗਰੋਹ ਇੰਨਾ ਸ਼ਾਤਿਰ ਸੀ ਕਿ ਇਨ੍ਹਾਂ ਵੱਲੋਂ ਤਫਤੀਸ਼ ਨੂੰ ਗੁੰਮਰਾਹ ਕਰਨ ਲਈ ਚੋਰੀ ਦੌਰਾਨ ਕੈਮਰਿਆਂ ਵਿੱਚ ਜਾਣ ਬੁੱਝ ਕੇ ਆਪਣੇ ਮੋਬਾਇਲ ਫੋਨਾਂ ਦੀ ਵਰਤੋਂ ਕਰਨ ਦਾ ਦਿਖਾਵਾ ਕੀਤਾ ਗਿਆ, ਜੋ ਕਿ ਅਸਲ ਵਿੱਚ ਏਅਰਪਲੇਨ ਮੋਡ ਪਰ ਰੱਖੇ ਹੋਏ ਸਨ।

**ਮਾਮਲਾ ਸਪਨਾ ਬਿਟੀਆ ਤੇ ਉਸ ਦੇ ਅਣਜੰਮੇ ਬੱਚੇ ਦੀ ਮੌਤ ਦਾ**

# ਇਨਸਾਫ਼ ਦੀ ਮੰਗ ਕਰਦੇ ਹੋਏ ਸਮਾਜ ਸੇਵੀ ਸੰਗਠਨਾਂ ਵੱਲੋਂ ਕੈਂਡਲ ਮਾਰਚ

**ਫਰੀਦਕੋਟ (ਅਲੈਗਜ਼ੈਂਡਰ ਡਿਸੂਜ਼ਾ)** : ਫਰੀਦਕੋਟ ਜ਼ਿਲ੍ਹੇ ਵਿੱਚ ਗਰਭਵਤੀ ਔਰਤ ਸਪਨਾ ਬਿਟੀਆ ਤੇ ਉਸ ਦੇ ਅਣਜੰਮੇ ਬੱਚੇ ਦੀ ਦੁਖਦਾਈ ਮੌਤ ਹੁਣ ਇੱਕ ਵਿਸ਼ਾਲ ਜਨਤਕ



ਅੰਦੋਲਨ ਦਾ ਰੂਪ ਧਾਰਨ ਕਰ ਚੁੱਕੀ ਹੈ।ਇਸ ਮੰਦਭਾਗੀ ਘਟਨਾ ਦਾ ਵਿਰੋਧ ਕਰਨ ਤੇ ਪੀੜਤ ਪਰਿਵਾਰ ਲਈ ਇਨਸਾਫ਼ ਦੀ ਮੰਗ ਕਰਨ ਲਈ ਸ਼ਹਿਰ ਦੀਆਂ ਸਾਰੀਆਂ ਸਮਾਜ ਸੇਵੀ ਸੰਸਥਾਵਾਂ, ਧਾਰਮਿਕ ਕਮੇਟੀਆਂ ਤੇ ਪਰਉਪਕਾਰੀ ਸੰਗਠਨਾਂ ਨੇ ਇੱਕਜੁੱਟ ਹੋ ਕੇ ਕੈਂਡਲ ਮਾਰਚ ਕੀਤਾ।ਮਾਰਚ ਦੌਰਾਨ ਪੂਰਾ ਸ਼ਹਿਰ 'ਸਾਨੂੰ ਇਨਸਾਫ਼ ਚਾਹੀਦਾ ਹੈ' ਦੇ ਨਾਅਰਿਆਂ ਨਾਲ ਗੂੰਜ ਉੱਠਿਆ ਤੇ ਪ੍ਰਦਰਸ਼ਨਕਾਰੀਆਂ ਨੇ ਸ਼ਾਮਲ ਨਿੱਜੀ ਹਸਪਤਾਲ ਦੀ ਕਥਿਤ ਲਾਪ੍ਰਵਾਹੀ ਵਿਰੁੱਧ ਨਾਅਰੇਬਾਜ਼ੀ ਕੀਤੀ। ਭਾਰਤੀ ਵਾਲਮੀਕਿ ਧਰਮ ਸਮਾਜ (ਭਾਵਾਧਾਸ) ਦੇ ਆਗੂ ਓਮ ਪ੍ਰਕਾਸ਼ ਬੋਹਤ ਤੇ ਜਤਿੰਦਰ ਕੁਮਾਰ ਹੰਸ ਨੇ ਹੋਰ ਸੰਗਠਨਾਂ ਦੇ ਮੁਖੀਆਂ ਨਾਲ ਮਿਲ ਕੇ ਹਸਪਤਾਲ ਪ੍ਰਬੰਧਨ 'ਤੇ ਤਿੱਖਾ ਹਮਲਾ ਕੀਤਾ।ਉਨ੍ਹਾਂ ਦੱਸਿਆ ਕਿ ਮ੍ਰਿਤਕ ਸਪਨਾ, ਭਾਵਧਾਸ ਜ਼ਿਲ੍ਹਾ ਪ੍ਰਧਾਨ ਕਿਸ਼ੋਰ ਨਾਗਵੰਸ਼ ਦੀ ਧੀ ਦਾ ਇਲਾਜ ਪ੍ਰੀਤ ਹਸਪਤਾਲ ਵਿੱਚ ਡਾ. ਮਨਪ੍ਰੀਤ ਕੌਂਡਲ ਕਰ ਰਹੇ ਸਨ।ਪਰਿਵਾਰ ਨੇ ਦੋਸ਼ ਲਗਾਇਆ ਕਿ ਸਪਨਾ ਨੇ ਖੁਦ ਨਰਸਿੰਗ ਵਿੱਚ ਬੀ.ਐੱਸ.ਸੀ. ਕੀਤੀ ਹੋਈ ਸੀ ਤੇ ਆਪਣੀ ਸਿਹਤ ਬਾਰੇ ਪੂਰੀ ਤਰ੍ਹਾਂ ਜਾਣੂ ਸੀ।ਉਹ ਪੂਰੀ ਤਰ੍ਹਾਂ ਤੰਦਰੁਸਤ ਹਸਪਤਾਲ ਪਹੁੰਚੀ, ਪਰ ਡਾਕਟਰ ਦੀ ਕਥਿਤ ਲਾਪ੍ਰਵਾਹੀ ਕਾਰਨ ਇੱਕ ਪੜ੍ਹੀ-ਲਿਖੀ ਧੀ ਤੇ ਉਸ ਦੇ ਅਣਜੰਮੇ ਬੱਚੇ ਦੀ ਜਾਨ ਚਲੀ ਗਈ।ਇਸ ਘਟਨਾ ਨੇ ਦੋਵਾਂ ਪਰਿਵਾਰਾਂ ਦੀ ਖ਼ੁਸ਼ੀ ਨੂੰ ਸਦੀਵੀ ਸੋਗ ਵਿੱਚ ਬਦਲ ਦਿੱਤਾ ਹੈ।ਸ਼ਹਿਰ ਦੀਆਂ ਜਾਣੀਆਂ-ਪਛਾਣੀਆਂ ਸ਼ਖ਼ਸੀਅਤਾਂ ਨੇ ਇਸ ਰੋਸ ਮਾਰਚ ਵਿੱਚ ਹਿੱਸਾ ਲਿਆ ਤੇ ਦੁਖੀ ਪਰਿਵਾਰ ਨਾਲ ਆਪਣੀ ਹਮਦਰਦੀ ਪ੍ਰਗਟ ਕੀਤੀ। ਇਸ ਮਾਰਚ ਵਿੱਚ ਅਸ਼ੋਕ ਕੁਮਾਰ ਸਰਵਣ (ਪੰਜਾਬ ਪ੍ਰਧਾਨ, ਸਫਾਈ ਸੇਵਕ ਯੂਨੀਅਨ), ਸੰਤ ਰਾਮ ਤੇ ਜਤਿੰਦਰ ਕੁਮਾਰ (ਨਗਰ ਪ੍ਰੀਸ਼ਦ, ਫਰੀਦਕੋਟ), ਵੀਰ ਪ੍ਰਦੀਪ ਕੁਮਾਰ ਕੌਂ (ਪ੍ਰਧਾਨ, ਭਗਵਾਨ ਵਾਲਮੀਕਿ ਮੰਦਰ), ਮਨਜੀਤ ਸਿੰਘ (ਪ੍ਰਧਾਨ, ਸ੍ਰੀ ਗੁਰੂ ਰਵਿਦਾਸ ਮੰਦਰ), ਤਿਲਕ ਰਾਜ (ਪ੍ਰਧਾਨ, ਕਾਲੀ ਮਾਤਾ ਮੰਦਰ), ਪ੍ਰਿੰਸੀਪਲ ਗੁਰਮੀਤ ਸਿੰਘ ਤੇ ਐਕਸੀਅਨ ਜਸਵੰਤ ਸਿੰਘ, ਤਾਰਾ ਭੱਟੀ ਐੱਮ ਸੀ, ਅਸ਼ੋਕ ਐੱਮ ਸੀ, ਪ੍ਰਿੰਸੀਪਲ ਕ੍ਰਿਸ਼ਨ ਲਾਲ ਅਤੇ ਵੱਡੀ ਗਿਣਤੀ ਵਿੱਚ ਔਰਤਾਂ ਤੇ ਪਤਵੰਤੇ ਮੌਜੂਦ ਸਨ।

# ਨਸ਼ੀਲੀਆਂ ਗੋਲੀਆਂ ਸਮੇਤ ਨੌਜਵਾਨ ਕਾਬੂ

**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**- ਯੁੱਧ ਨਸ਼ਿਆਂ ਵਿਰੁੱਧ ਅਪ੍ਰੇਸ਼ਨ ਪ੍ਰਹਾਰ ਤਹਿਤ ਥਾਣਾ ਠੁੱਲੀਵਾਲ ਪੁਲਸ ਵੱਲੋਂ ਇੱਕ ਨੌਜਵਾਨ ਨੂੰ ਨਸ਼ੀਲੀਆਂ ਗੋਲੀਆਂ ਸਮੇਤ ਕਾਬੂ ਕਰਨ ਦੀ ਖ਼ਬਰ ਮਿਲੀ ਹੈ।ਡੀ ਐੱਸ ਪੀ ਮਹਿਲ ਕਲਾਂ ਜਸਪਾਲ ਸਿੰਘ ਧਾਲੀਵਾਲ, ਥਾਣਾ ਮੁੱਖ ਅਫ਼ਸਰ ਗੁਰਪਾਲ ਸਿੰਘ ਨੇ ਦੱਸਿਆ ਕਿ ਏ.ਐੱਸ.ਆਈ. ਜਸਵਿੰਦਰ ਸਿੰਘ ਸਮੇਤ ਪੁਲਸ ਪਾਰਟੀ ਗਸ਼ਤ ਦੌਰਾਨ ਪਿੰਡ ਕੁਰੜ ਤੋਂ ਪਿੰਡ ਛਾਪਾ ਨੂੰ ਜਾਣ ਵਾਲੀ ਲਿੰਕ ਰੋਡ 'ਤੇ ਸ਼ਰਾਬ ਦੇ ਠੇਕੇ ਨੇੜੇ ਡਰੇਨ ਕੋਲ ਸ਼ੱਕ ਦੇ ਆਧਾਰ 'ਤੇ ਇੱਕ ਨੌਜਵਾਨ ਦੀ ਕੀਤੀ ਗਈ ਤਲਾਸ਼ੀ ਦੌਰਾਨ ਉਸ ਦੇ ਕਬਜ਼ੇ ਵਿੱਚੋਂ 60 ਖੁੱਲ੍ਹੀਆਂ ਨਸ਼ੀਲੀਆਂ ਗੋਲੀਆਂ ਬਰਾਮਦ ਹੋਈਆਂ, ਜਿਸ ਪਹਿਚਾਣ ਜਗਦੇਵ ਸਿੰਘ ਜੋਗਾ ਵਾਸੀ ਛਾਪਾ ਵਜੋਂ ਹੋਈ। ਪੁਲਸ ਵੱਲੋਂ ਥਾਣਾ ਠੁੱਲੀਵਾਲ 'ਚ ਪਰਚਾ ਦਰਜ ਕਰਕੇ ਅਗਲੇਰੀ ਕਾਰਵਾਈ ਅਮਲ 'ਚ ਲਿਆਂਦੀ ਜਾ ਰਹੀ ਹੈ।

# ਮੁੱਖ ਮੰਤਰੀ ਨੇ ਸੰਦੀਪ ਗਿਲਹੋਤਰਾ ਦੇ ਦੇਹਾਂਤ 'ਤੇ ਅਮਨ ਅਰੋੜਾ ਤੇ ਗਿਲਹੋਤਰਾ ਪਰਵਾਰ ਨਾਲ ਕੀਤਾ ਦੁੱਖ ਸਾਂਝਾ

**ਫਾਜ਼ਿਲਕਾ (ਨਿਸ਼ਾ ਸ਼ਰਮਾ)**- ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਉੱਘੇ ਸਮਾਜ ਸੇਵਕ ਸੰਦੀਪ ਗਿਲਹੋਤਰਾ ਦੇ ਦੇਹਾਂਤ 'ਤੇ ਕੈਬਨਿਟ ਮੰਤਰੀ ਅਮਨ ਅਰੋੜਾ ਤੇ ਗਿਲਹੋਤਰਾ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਪਹੁੰਚੇ, ਜਿਨ੍ਹਾਂ ਦਾ ਕੁਝ ਦਿਨ ਪਹਿਲਾਂ ਦੇਹਾਂਤ ਹੋ ਗਿਆ ਸੀ।ਸੰਦੀਪ ਗਿਲਹੋਤਰਾ ਕੈਬਨਿਟ ਮੰਤਰੀ ਅਮਨ ਅਰੋੜਾ ਦੇ ਸਹੁਰਾ ਸਾਹਿਬ ਸਨ। ਇਸ ਔਖੀ ਘੜੀ



ਵਿੱਚ ਪੀੜਤ ਪਰਿਵਾਰ ਨਾਲ ਦੁੱਖ ਪ੍ਰਗਟ ਕਰਦੇ ਹੋਏ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸਵਰਗੀ ਸੰਦੀਪ ਗਿਲਹੋਤਰਾ ਨਿਰਸਵਾਰਥ ਸੇਵਾ ਦੇ ਚਾਨਣ ਮੁਨਾਰੇ ਤੇ ਸਮਰਪਤ ਸਮਾਜ ਸੇਵਕ ਸਨ, ਜਿਨ੍ਹਾਂ ਨੇ ਆਪਣਾ ਪੂਰਾ ਜੀਵਨ ਲੋਕਾਂ ਦੀ ਭਲਾਈ ਲਈ ਸਮਰਪਤ ਕਰ ਦਿੱਤਾ। ਉਨ੍ਹਾਂ ਨੇ ਸਮਾਜ ਦੇ ਸਾਰੇ ਵਰਗਾਂ, ਖਾਸ ਕਰ ਕੇ ਹਾਸ਼ੀਏ 'ਤੇ ਧੱਕੇ ਭਾਈਚਾਰਿਆਂ ਦੀ ਬਿਹਤਰੀ ਲਈ ਅਣਥੱਕ ਕੰਮ ਕੀਤਾ।ਉਹ ਦੱਬੇ-ਕੁਚਲੇ ਤੇ ਲੋੜਵੰਦ ਲੋਕਾਂ ਦੀ ਮਦਦ ਲਈ ਹਮੇਸ਼ਾ ਤਿਆਰ ਰਹਿੰਦੇ ਸਨ। ਮੁੱਖ ਮੰਤਰੀ ਨੇ ਕਿਹਾ ਕਿ ਸੰਦੀਪ ਗਿਲਹੋਤਰਾ ਦੇ ਚੰਗੇ ਕੰਮ ਹਮੇਸ਼ਾ ਲੋਕਾਂ ਦੇ ਦਿਲਾਂ ਵਿੱਚ ਉੱਕਰੇ ਰਹਿਣਗੇ ਤੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਨਿਰਸਵਾਰਥ ਸੇਵਾ ਲਈ ਪ੍ਰੇਰਿਤ ਕਰਦੇ ਰਹਿਣਗੇ। ਪਰਿਵਾਰ ਦੀ ਲੋਕ ਸੇਵਾ ਪ੍ਰਤੀ ਵਚਨਬੱਧਤਾ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਕਿਹਾ ਕਿ ਇਸ ਮਹਾਨ ਆਤਮਾ ਦੇ ਨਕਸ਼ੇ-ਕਦਮਾਂ 'ਤੇ ਚੱਲਦਿਆਂ ਉਨ੍ਹਾਂ ਦਾ ਜਵਾਈ ਤੇ ਪੰਜਾਬ ਦੇ ਕੈਬਨਿਟ ਮੰਤਰੀ ਸ਼ਿੱਦਤੀ ਉਤਸ਼ਾਹ ਨਾਲ ਸੂਬੇ ਦੇ ਲੋਕਾਂ ਦੀ ਸੇਵਾ ਕਰ ਰਹੇ ਹਨ।ਮੁੱਖ ਮੰਤਰੀ ਨੇ ਪ੍ਰਮਾਤਮਾ ਅੱਗੇ ਅਰਦਾਸ ਕੀਤੀ ਕਿ ਉਹ ਪੀੜਤ ਪਰਵਾਰਕ ਮੈਂਬਰਾਂ, ਰਿਸ਼ਤੇਦਾਰਾਂ ਤੇ ਸਨੇਹੀਆਂ ਨੂੰ ਇਸ ਨਾ ਪੂਰਾ ਹੋਣ ਵਾਲੇ ਘਾਟੇ ਨੂੰ ਸਹਿਣ ਕਰਨ ਦੀ ਤਾਕਤ ਦੇਣ ਤੇ ਵਿੱਛੜੀ ਰੂਹ ਨੂੰ ਸਦੀਵੀ ਸ਼ਾਂਤੀ ਬਖ਼ਸ਼ਣ।ਇਸ ਮੌਕੇ ਵਿਧਾਇਕ ਨਰਿੰਦਰਪਾਲ ਸਿੰਘ ਸਵਨਾ, ਅਮਨਦੀਪ ਸਿੰਘ ਗੋਲਡੀ ਮੁਸਾਫਿਰ, ਜਗਦੀਪ ਕੰਬੋਜ ਗੋਲਡੀ ਤੇ ਹੋਰ ਵੀ ਮੌਜੂਦ ਸਨ।

# ਸੀਨੀਅਰ ਜਰਨਲਿਸਟ ਜਗਸੀਰ ਸ਼ਰਮਾ ਦਾ ਵਿਸ਼ੇਸ਼ ਸਨਮਾਨ

**ਬੱਧਨੀ ਕਲਾਂ (ਲਵਲੀ ਮਾਛੀਕੇ)**- ਪੰਜਾਬ ਐਂਡ ਚੰਡੀਗੜ੍ਹ ਜਰਨਲਿਸਟ ਯੂਨੀਅਨ ਜ਼ਿਲ੍ਹਾ ਮੋਗਾ ਵੱਲੋਂ ਬੀਤੇ ਕੱਲ੍ਹ ਹਰਤਾਜ ਵਿਲਾ ਬੱਧਨੀ ਕਲਾਂ ਵਿਖੇ ਸੀਨੀਅਰ ਜਰਨਲਿਸਟ ਤੇ ਦਿਹਾਤੀ ਪੱਤਰਕਾਰ ਐਸੋਸੀਏਸ਼ਨ ਜ਼ਿਲ੍ਹਾ ਮੋਗਾ ਦੇ ਪ੍ਰਧਾਨ ਜਗਸੀਰ ਸ਼ਰਮਾ ਬਿਲਾਸਪੁਰ ਕੈਨੇਡਾ ਨੂੰ ਸਨਮਾਨਤ ਕਰਨ ਲਈ ਇੱਕ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਦੌਰਾਨ ਜੈ ਸਿੰਘ ਛਿੱਬਰ ਚੰਡੀਗੜ੍ਹ ਜਰਨਲਿਸਟ ਯੂਨੀਅਨ, ਸੰਤੋਖ ਸਿੰਘ ਗਿੱਲ ਸੂਬਾ ਜਨਰਲ ਸਕੱਤਰ, ਸੁਖਦੇਵ ਸਿੰਘ ਸਿੱਧੂ ਸਿੰਘ ਕੌਮੀ ਕੌਂਸਲ ਦਿਹਾਤੀ, ਵੀਰਪਾਲ ਸਿੰਘ ਭਗਤਾ ਸੂਬਾ ਪ੍ਰੈੱਸ ਸਕੱਤਰ ਵੱਲੋਂ ਉਚੇਚੇ ਤੌਰ 'ਤੇ ਸ਼ਮੂਲੀਅਤ ਕੀਤੀ ਗਈ।ਇਸ ਮੌਕੇ ਮੰਚ ਦਾ ਸੰਚਾਲਨ ਕਰਦਿਆਂ ਪ੍ਰਿੰਸੀਪਲ ਭੁਪਿੰਦਰ ਸਿੰਘ ਢਿੱਲੋਂ ਨੇ ਜਗਸੀਰ ਸ਼ਰਮਾ ਬਿਲਾਸਪੁਰ ਦੇ ਜੀਵਨ ਸੰਬੰਧੀ ਗੱਲਬਾਤ ਕਰਦਿਆਂ ਕਿਹਾ ਕਿ ਜਗਸੀਰ ਸ਼ਰਮਾ ਤਕਰੀਬਨ 4 ਦਹਾਕਿਆਂ ਤੋਂ ਪੱਤਰਕਾਰਤਾ ਦੇ ਖੇਤਰ ਨਾਲ ਜੁੜੇ ਹੋਏ ਹਨ ਤੇ ਪੱਤਰਕਾਰਤਾ ਦੇ ਖੇਤਰ ਵਿੱਚ ਆਪਣੀ ਇੱਕ ਵੱਖਰੀ ਪਹਿਚਾਣ ਬਣਾਈ ਹੋਈ ਹੈ। ਉਨ੍ਹਾਂ ਵੱਲੋਂ ਵਿਦੇਸ਼ ਦੀ ਧਰਤੀ 'ਤੇ ਰਹਿੰਦਿਆਂ ਵੀ ਆਪਣੇ ਦੇਸ਼ ਪੰਜਾਬ ਦੀ ਧਰਤੀ 'ਤੇ ਮੰਗਾਂ ਮਸਲਿਆਂ ਬਾਰੇ ਵਿਚਾਰ ਪ੍ਰਗਟ ਕੀਤੇ



ਗਏ। ਇਸ ਮੌਕੇ ਪੰਜਾਬ ਐਂਡ ਚੰਡੀਗੜ੍ਹ ਜਰਨਲਿਸਟ ਐਸੋਸੀਏਸ਼ਨ ਦੇ ਸੂਬਾ ਪ੍ਰਧਾਨ ਜੈ ਸਿੰਘ ਛਿੱਬਰ ਵੱਲੋਂ ਬਹੁਪੱਖੀ ਸ਼ਖ਼ਸੀਅਤ ਜਗਸੀਰ ਸ਼ਰਮਾ ਵੱਲੋਂ ਸਮਾਜਿਕ ਖੇਤਰ ਵਿੱਚ ਅਹਿਮ ਵਡਮੁੱਲੇ ਯੋਗਦਾਨ ਸਦਕਾ ਅੱਜ ਸਮੂਹ ਪੱਤਰਕਾਰ ਐਸੋਸੀਏਸ਼ਨ ਸ੍ਰੀ ਜਗਸੀਰ ਸ਼ਰਮਾ ਨੂੰ ਸਨਮਾਨਤ ਕਰਦਿਆਂ ਵੱਡਾ ਮਾਣ ਮਹਿਸੂਸ ਕਰ ਰਹੀ ਹੈ।ਸਮੂਹ ਪੱਤਰਕਾਰਤਾ ਐਸੋਸੀਏਸ਼ਨ ਦੇ ਅਹੁਦੇਦਾਰਾਂ ਦੀਆਂ ਤਾੜੀਆਂ ਦੀ ਗੂੰਜ ਵਿੱਚ ਸਮੂਹ ਯੂਨੀਅਨ ਵੱਲੋਂ ਸ਼ਰਮਾ ਨੂੰ ਯਾਦਗਾਰੀ ਨਿਸ਼ਾਨੀ ਭੇਟ ਕਰਕੇ ਸਨਮਾਨਤ ਕੀਤਾ ਗਿਆ। ਸਨਮਾਨ ਉਪਰੰਤ ਭਾਵਕ ਹੁੰਦਿਆਂ ਸ੍ਰੀ ਜਗਸੀਰ ਸ਼ਰਮਾ ਨੇ ਕਿਹਾ ਕਿ ਪੱਤਰਕਾਰੀ ਦੇ ਖੇਤਰ ਨਾਲ ਜੁੜੇ ਮੇਰੇ ਪੱਤਰਕਾਰ ਭਰਾਵਾਂ ਵੱਲੋਂ ਦਿੱਤੇ ਗਏ ਪਿਆਰ ਦਾ ਹਮੇਸ਼ਾ ਰਿਣੀ ਰਹਾਂਗਾ ਤੇ ਉਨ੍ਹਾਂ ਦੀ ਜਗ੍ਹਾ ਹਮੇਸ਼ਾ ਉਸ ਦੇ ਦਿਲ ਵਿੱਚ ਇਸੇ ਤਰ੍ਹਾਂ ਬਣੀ ਰਹੇਗੀ।ਇਸ ਮੌਕੇ ਪ੍ਰਧਾਨ ਸ੍ਰੀ ਮਨੋਜ ਭੱਲਾ, ਮਨਪ੍ਰੀਤ ਸਿੰਘ ਮੱਲੇਆਣਾ, ਰਣਜੀਤ ਬਾਵਾ, ਕਰਮਜੀਤ ਸਿੰਘ ਦੱਧਰ, ਚਮਕੌਰ ਸਿੰਘ ਲੋਪੋ, ਗੁਰਪ੍ਰੀਤ ਸਿੰਘ ਦੱਧਰ, ਦਾਰਾ ਸਿੰਘ ਭਾਗੀਕੇ, ਰਜਿੰਦਰ ਸਿੰਘ ਖੋਟੇ, ਸਰਪੰਚ ਸੁਖਵੀਰ ਸਿੰਘ ਰਾਊਕੇ, ਡਾਕਟਰ ਸਾਧੂ ਰਾਮ ਲੰਗੇਆਣਾ, ਜਗਵੀਰ ਸਿੰਘ ਆਜ਼ਾਦ, ਅਵਤਾਰ ਸਿੰਘ ਅਜੀਤਵਾਲ, ਬਿੱਟੂ ਗਰੇਵਾਲ, ਵਕੀਲ ਸਿੰਘ ਮਹਿਰੋਂ, ਝਾਂਜੀ ਬੱਧਨੀ ਕਲਾਂ, ਨਿਰਮਲਜੀਤ ਸਿੰਘ ਬੱਧਨੀ ਕਲਾਂ ਤੋਂ ਇਲਾਵਾ ਸਮੂਹ ਪੱਤਰਕਾਰ ਐਸੋਸੀਏਸ਼ਨ ਦੇ ਮੈਂਬਰ ਹਾਜ਼ਰ ਸਨ।

## ਕਾਸੋ ਅਪ੍ਰੇਸ਼ਨ ਮੁਹਿੰਮ ਦੌਰਾਨ 2 ਸ਼ੱਕੀ ਕਾਬੂ

**ਸੰਗਰੂਰ (ਪ੍ਰਵੀਨ ਸਿੰਘ)**- ਸੰਗਰੂਰ ਪੁਲਸ ਵੱਲੋਂ ਬੱਸ ਸਟੈਂਡ ਸੰਗਰੂਰ ਖੇਤਰ ਵਿਖੇ ਕਾਸੋ (ਕਾਰਡਨ ਤੇ ਸਰਚ ਅਪ੍ਰੇਸ਼ਨ) ਆਪ੍ਰੇਸ਼ਨ ਕੀਤਾ ਗਿਆ, ਜਿਸ ਤਹਿਤ 02 ਸ਼ੱਕੀ ਵਿਅਕਤੀ



ਕਾਬੂ ਕੀਤੇ ਗਏ ਤੇ ਟ੍ਰੈਫਿਕ ਨਿਯਮਾਂ ਦੀ ਉਲੰਘਣਾ ਦੇ ਚਲਾਨ ਵੀ ਕੀਤੇ ਗਏ।ਇਸ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਜ਼ਿਲ੍ਹਾ ਪੁਲਸ ਮੁਖੀ ਸ੍ਰੀ ਸਰਤਾਜ ਸਿੰਘ ਚਾਹਲ ਨੇ ਦੱਸਿਆ ਕਿ ਸਥਾਨਕ ਬੱਸ ਸਟੈਂਡ ਤੇ ਹੋਰ ਇਲਾਕਿਆਂ ਵਿੱਚ ਕੀਤੇ ਗਏ ਇਸ ਸਰਚ ਅਪ੍ਰੇਸ਼ਨ ਦਾ ਮਕਸਦ ਸਮਾਜ ਵਿਰੋਧੀ ਤੱਤਾਂ 'ਤੇ ਨਸ਼ਾ ਤਸਕਰਾਂ ਖ਼ਿਲਾਫ਼ ਲੜਾਈ ਨੂੰ ਤੇਜ਼ ਕਰਨਾ ਹੈ ਅਤੇ ਨੱਥ ਪਾਉਣਾ ਹੈ।ਇਹ ਮੁਹਿੰਮ ਸੰਗਰੂਰ ਪੁਲਸ ਦੀ ਲੋਕਾਂ ਦੀ ਸੁਰੱਖਿਆ ਲਈ ਵਚਨਬੱਧਤਾ ਨੂੰ ਦਰਸਾਉਂਦੀ ਹੈ।ਸੰਗਰੂਰ ਪੁਲਸ ਇਸ ਤਰ੍ਹਾਂ ਦੀਆਂ ਮੁਹਿੰਮਾਂ ਨੂੰ ਜਾਰੀ ਰੱਖੇਗੀ ਤਾਂ ਜੋ ਕਾਨੂੰਨ-ਵਿਵਸਥਾ ਨੂੰ ਬਣਾਈ ਰੱਖਿਆ ਜਾ ਸਕੇ ਤੇ ਸਮਾਜ ਨੂੰ ਨਸ਼ਿਆਂ ਅਤੇ ਅਪਰਾਧਕ ਤੱਤਾਂ ਤੋਂ ਬਚਾਇਆ ਜਾ ਸਕੇ।ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਪੁਲਸ ਨੂੰ ਸਹਿਯੋਗ ਕਰਨ।ਇਸ ਮੌਕੇ ਐੱਸ ਐੱਚ ਓ. ਸਿਟੀ ਸੰਗਰੂਰ ਇੰਸਪੈਕਟਰ ਗੁਲਾਬ ਸਿੰਘ, ਐੱਸ.ਐੱਚ.ਓ. ਸਿਟੀ 01 ਸੰਗਰੂਰ ਸਬ ਇੰਸਪੈਕਟਰ ਯੋਗੇਸ਼ ਕੁਮਾਰ, ਏ.ਐੱਸ.ਆਈ. ਕੁਲਵਿੰਦਰ ਕੌਰ ਤੇ ਹੋਰ ਪੁਲਸ ਮੁਲਾਜ਼ਮ ਹਾਜ਼ਰ ਸਨ।

## ਸਾਬਕਾ ਵਿਦਿਆਰਥੀਆਂ ਵੱਲੋਂ ਐਲਿਊਮਨੀ 2026 ਸੰਬੰਧੀ ਮੀਟਿੰਗ

**ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)**- ਗਿੱਦੜਬਾਹਾ ਨੇੜਲੇ ਪਿੰਡ ਸਰਦਾਰਗੜ੍ਹ ਦੇ ਬਾਬਾ ਸ੍ਰੀ ਚੰਦ ਸਰਕਾਰੀ ਕਾਲਜ ਦੇ ਸਾਬਕਾ ਵਿਦਿਆਰਥੀਆਂ ਵੱਲੋਂ 7 ਮਾਰਚ ਨੂੰ ਕਾਲਜ ਕੈਂਪਸ ਵਿਖੇ ਐਲਿਊਮਨੀ-2026 ਨੂੰ ਮਨਾਇਆ ਜਾ ਰਿਹਾ ਹੈ।ਇਸ ਸੰਬੰਧੀ ਸਾਬਕਾ ਵਿਦਿਆਰਥੀਆ ਵੱਲੋਂ ਕਾਲਜ ਦੇ ਕਾਰਜਕਾਰੀ ਪ੍ਰਿੰਸੀਪਲ ਪ੍ਰੋ. ਜਸਪ੍ਰੀਤ ਸਿੰਘ ਨਾਲ ਮੀਟਿੰਗ



ਕੀਤੀ। ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਕਾਲਜ ਦੇ ਸਾਬਕਾ ਵਿਦਿਆਰਥੀ ਕੰਵਰਜੀਤ ਸਿੰਘ ਕੰਗ, ਐਡਵੋਕੇਟ ਕੁਲਦੀਪ ਜਿੰਦਲ ਤੇ ਮਾਧੋ ਦਾਸ ਨੇ ਦੱਸਿਆ ਕਿ ਇਸ ਪ੍ਰੋਗਰਾਮ ਤਹਿਤ ਕਾਲਜ ਵਿਚੋਂ ਗ੍ਰੈਜੂਏਸ਼ਨ ਕਰਨ ਵਾਲੇ ਵਿਦਿਆਰਥੀ ਸਾਲਾਂ ਬਾਅਦ ਮੁੜ ਕਾਲਜ ਵਿਖੇ ਇੱਕਠੇ ਹੋਣਗੇ।ਉਨ੍ਹਾਂ ਦੱਸਿਆ ਕਿ ਸਮਾਰੋਹ ਦੌਰਾਨ ਸੱਭਿਆਚਾਰਕ ਪ੍ਰੋਗਰਾਮ ਵੀ ਪੇਸ਼ ਕੀਤਾ ਜਾਵੇਗਾ।ਇਸ ਮੌਕੇ ਪ੍ਰੋ. ਜਸਪ੍ਰੀਤ ਸਿੰਘ ਤੋਂ ਇਲਾਵਾ ਕਾਲਜ ਦੇ ਸਾਬਕਾ ਵਿਦਿਆਰਥੀ ਕੰਵਰਜੀਤ ਸਿੰਘ ਕੰਗ, ਐਡਵੋਕੇਟ ਕੁਲਦੀਪ ਜਿੰਦਲ, ਮਾਧੋ ਦਾਸ ਸਿੰਘ, ਯਾਦਵਿੰਦਰ ਔਲਖ ਗੁਰੂਸਰ ਤੇ ਹਰਜਿੰਦਰ ਸਿੰਘ ਹਾਜ਼ਰ ਸਨ।

# ਸੈਂਕੜੇ ਕਿਸਾਨਾਂ ਵੱਲੋਂ ਦਿੱਲੀ ਅੰਦੋਲਨ-2 ਦੇ ਸ਼ਹੀਦਾਂ ਨੂੰ ਸ਼ਰਧਾਂਜਲੀ

**ਮੋਗਾ (ਇਕਬਾਲ ਸਿੰਘ ਖਹਿਰਾ)**- ਕਿਸਾਨ ਮਜ਼ਦੂਰ ਮੋਰਚੇ ਦੇ ਸੱਦੇ ਉੱਤੇ ਅੱਜ ਸੈਂਕੜੇ ਕਿਸਾਨਾਂ ਮਜ਼ਦੂਰਾਂ ਬੀਬੀਆਂ ਵੱਲੋਂ ਦਾਣਾ ਮੰਡੀ ਮੋਗਾ ਵਿਖੇ ਦਿੱਲੀ ਅੰਦੋਲਨ 2 ਦੇ ਸ਼ਹੀਦ ਸ਼ੁਭਕਰਨ ਸਿੰਘ ਬੱਲੋ ਸਮੇਤ ਸਾਰੇ ਸ਼ਹੀਦਾਂ ਨੂੰ 2 ਮਿੰਟ ਮੋਨ ਧਾਰ ਕੇ ਸ਼ਰਧਾ ਦੇ ਫੁੱਲ ਭੇਟ ਕੀਤੇ ਤੇ ਅਮਰੀਕੀ ਸਾਮਰਾਜ ਅੱਗੇ ਗੋਡੇ ਟੇਕੀ ਖੜ੍ਹੇ ਭਾਰਤੀ ਰਾਜ ਪ੍ਰਬੰਧ ਖਿਲਾਫ ਸੰਘਰਸ਼ ਹੋਰ ਤਿੱਖਾ ਕਰਨ ਦਾ ਅਹਿਦ ਕੀਤਾ ਗਿਆ ਤੇ ਕਿਸਾਨਾਂ ਉਤੇ ਕੇਂਦਰ ਸਰਕਾਰ ਤੇ ਕੇਜਰੀਵਾਲ ਦੀ ਮਰਜ਼ੀ ਮੁਤਾਬਕ ਜ਼ਬਰ ਢਾਹੁਣ ਤੇ ਕਿਸਾਨਾਂ ਨਾਲ ਬਾਰ ਬਾਰ ਮੀਟਿੰਗਾਂ ਰੱਖ ਕੇ ਮੁੱਕਰਨ ਵਾਲੀ ਭਗਵੰਤ ਮਾਨ ਦੀ ਸਰਕਾਰ ਦਾ ਰੈਲੀ ਤੋਂ ਬਾਅਦ ਡਿਪਟੀ ਕਮਿਸ਼ਨਰ ਦਫ਼ਤਰ ਅੱਗੇ ਮੁੱਖ ਮੰਤਰੀ ਦੀ ਅਰਥੀ ਸਾੜ ਕੇ ਰੋਸ ਪ੍ਰਦਰਸ਼ਨ ਕੀਤਾ।ਵਿਸ਼ਾਲ ਇਕੱਠ ਨੂੰ ਸੰਬੋਧਨ ਕਰਦਿਆਂ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਸੂਬਾ ਆਗੂ ਸ੍ ਸਤਨਾਮ ਸਿੰਘ ਪੰਨੂ, ਬੀਕੇਯੂ ਬਹਿਰਾਮ ਕੇ ਦੇ ਸੂਬਾ ਪ੍ਰਧਾਨ ਬਲਵੰਤ ਸਿੰਘ ਬਹਿਰਾਮ ਕੇ, ਬੀਕੇਯੂ ਏਕਤਾ ਅਜ਼ਾਦ ਦੇ ਸੂਬਾ ਆਗੂ ਲਖਵੀਰ ਸਿੰਘ ਦੌਧਰ, ਬੀਕੇਯੂ ਕ੍ਰਾਂਤੀਕਾਰੀ ਦੇ ਆਗੂ ਜਗਮੋਹਨ ਸਿੰਘ ਕੰਗ ਨੇ ਕਿਹਾ ਕਿ ਦਿੱਲੀ ਅੰਦੋਲਨ 2 ਦੌਰਾਨ ਸ਼ੰਭੂ ਖਨੌਰੀ ਬਾਰਡਰ ਉਤੇ 21 ਫਰਵਰੀ 2024 ਨੂੰ ਭਾਜਪਾ ਸਰਕਾਰ ਦੀ ਹਰਿਆਣਾ ਪੁਲਿਸ ਦੀ ਗੋਲੀ ਨਾਲ ਸ਼ਹੀਦ ਹੋਏ ਸ਼ੁਭਕਰਨ ਸਿੰਘ ਬੱਲੋ ਸਮੇਤ ਹੋਰ 50 ਤੋਂ ਵੱਧ ਸ਼ਹੀਦੀਆਂ ਪ੍ਰਾਪਤ ਕਰ ਗਏ ਕਿਸਾਨਾਂ, ਮਜ਼ਦੂਰਾਂ ਬੀਬੀਆਂ ਨੂੰ ਯਾਦ ਕਰਨਾ ਜ਼ਰੂਰੀ ਹੈ, ਕਿਉਂਕਿ ਕੇਂਦਰ ਤੇ ਪੰਜਾਬ ਸਰਕਾਰ ਦੀਆਂ ਕਾਰਪੋਰੇਟ ਪੱਖੀ ਨੀਤੀਆਂ ਨੇ ਕਿਸਾਨਾਂ ਤੇ ਮਜ਼ਦੂਰਾਂ ਦਾ ਕਿੱਤਾ ਤਬਾਹ ਕਰਕੇ ਹੋਂਦ



**● ਡੀ ਸੀ ਦਫ਼ਤਰ ਸਾਹਮਣੇ ਪੁਤਲਾ ਫੂਕ ਕੇ ਕੀਤਾ ਰੋਸ ਪ੍ਰਦਰਸ਼ਨ**

ਨੂੰ ਖ਼ਤਰਾ ਬਣਾ ਦਿੱਤਾ ਹੈ।ਆਗੂਆਂ ਨੇ ਕਿਹਾ ਕਿ ਭਗਵੰਤ ਮਾਨ ਦੀ ਸਰਕਾਰ ਪਹਿਲਾਂ 7 ਜਨਵਰੀ ਤੇ ਹੁਣ 20 ਫਰਵਰੀ ਨੂੰ ਕਿਸਾਨ ਮੰਗਾਂ ਦੇ ਹੱਲ ਲਈ ਕਿਸਾਨ ਆਗੂਆਂ ਨਾਲ ਮੀਟਿੰਗ ਰੱਖ ਕੇ ਮੁੱਕਰ ਚੁੱਕੀ ਹੈ, ਇਸ ਲਈ ਮੁੱਖ ਮੰਤਰੀ ਸਮੇਤ ਮੰਤਰੀਆਂ ਤੇ ਵਿਧਾਇਕਾਂ ਦਾ ਪੰਜਾਬ ਭਰ ਵਿੱਚ ਆਉਣ ਉਤੇ ਭਾਰੀ ਵਿਰੋਧ ਕੀਤਾ ਜਾਵੇਗਾ ਤੇ ਸਵਾਲ ਪੁੱਛੇ ਜਾਣਗੇ। ਆਗੂਆਂ ਨੇ ਇਕੱਠ ਵੱਲੋਂ ਪਾਸ ਕੀਤੇ ਮਤਿਆਂ ਰਾਹੀਂ ਮੰਗ ਕੀਤੀ ਕਿ ਦਿੱਲੀ ਅੰਦੋਲਨ 2 ਦੇ ਸ਼ਹੀਦਾਂ ਦੇ ਪਰਿਵਾਰਾਂ ਤੇ ਜ਼ਖ਼ਮੀਆਂ ਨੂੰ ਮੁਆਵਜ਼ਾ ਦਿੱਤਾ ਜਾਵੇ ਤੇ 3 ਕਰੋੜ 77 ਲੱਖ ਰੁਪਏ ਦੇ ਟਰਾਲੀਆਂ ਸਮੇਤ ਸਾਰੇ ਨਸ਼ਟ ਤੇ ਚੋਰੀ ਹੋਏ ਸਾਮਾਨ ਦੀ ਭਰਪਾਈ ਕੀਤੀ ਜਾਵੇ, ਕੇਂਦਰ ਸਰਕਾਰ ਵੱਲੋਂ ਅਮਰੀਕਾ ਨਾਲ ਕੀਤੀ ਵਿਉਪਾਰਕ ਸੰਧੀ ਰੱਦ ਕੀਤੀ ਜਾਵੇ, ਬਿਜਲੀ ਸੋਧ ਬਿੱਲ, ਬੀਜ ਐਕਟ 2025 ਦਾ ਖਰੜਾ ਰੱਦ ਕੀਤਾ ਜਾਵੇ, ਨਵੇਂ 4 ਲੇਬਰ ਕੋਡ ਤੇ ਇਕ ਦੇਸ਼ ਇਕ ਭੂੰਮੀ ਰਿਜ਼ਰਵੇਸ਼ਨ ਦਾ ਕਾਨੂੰਨ ਰੱਦ ਕੀਤਾ ਜਾਵੇ, ਹੜ੍ਹਾਂ ਦਾ ਮੁਆਵਜ਼ਾ ਤੇ ਪਰਾਲੀ ਦੇ ਪਰਚੇ ਰੱਦ ਕੀਤੇ ਜਾਣ।ਇਸ ਮੌਕੇ ਜ਼ਿਲ੍ਹਾ ਆਗੂ ਅਵਤਾਰ ਸਿੰਘ ਧਰਮ ਸਿੰਘ ਵਾਲਾ, ਗੁਰਦੇਵ ਸਿੰਘ ਸਾਹ ਵਾਲਾ, ਗੁਰਮੇਲ ਸਿੰਘ, ਜਗਰੂਪ ਸਿੰਘ ਰਡਿਆਲਾ, ਜਗਰਾਜ ਸਿੰਘ ਦੱਦਾ ਹੂਰ, ਬਲਜਿੰਦਰ ਸਿੰਘ ਸ਼ੰਭੂ, ਗੁਰਮੇਲ ਸਿੰਘ ਲੋਹਗੜ੍ਹ, ਗੁਰਭੇਜ ਸਿੰਘ ਸ਼ਾਹ, ਦਰਸ਼ਨ ਸਿੰਘ ਮੋਗਾ, ਨਛੱਤਰ ਸਿੰਘ ਹੇਰ, ਰਣਜੀਤ ਸਿੰਘ ਬੁੱਟਰ ਹਰਬੰਸ ਸਿੰਘ ਆਦਿ ਵੱਡੀ ਗਿਣਤੀ ਵਿੱਚ ਕਿਸਾਨ ਮਜ਼ਦੂਰ ਬੀਬੀਆਂ ਹਾਜ਼ਰ ਸਨ।

# ਨੰਬਰਦਾਰ ਯੂਨੀਅਨ ਦੀ ਮਹੀਨਾਵਾਰ ਮੀਟਿੰਗ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)** ਫਿਰੋਜ਼ਪੁਰ ਨੰਬਰਦਾਰ ਯੂਨੀਅਨ ਦੀ ਜ਼ਿਲ੍ਹਾ ਇਕਾਈ ਦੀ ਇਕ ਵਿਸ਼ੇਸ਼ ਮਹੀਨਾਵਾਰ ਮੀਟਿੰਗ ਹੋਈ। ਇਸ ਮੀਟਿੰਗ ਦੀ ਅਗਵਾਈ ਗੁਰੂ ਹਰਸਹਾਏ ਦੇ ਤਹਿਸੀਲ ਪ੍ਰਧਾਨ



ਖੜਕ ਸਿੰਘ ਤੇ ਜ਼ਿਲ੍ਹਾ ਪ੍ਰਧਾਨ ਮਲਕੀਤ ਸਿੰਘ ਵੱਲੋਂ ਸਾਂਝੇ ਤੌਰ 'ਤੇ ਕੀਤੀ ਗਈ। ਇਸ ਮੌਕੇ ਵੱਡੀ ਗਿਣਤੀ ਵਿੱਚ ਇਲਾਕੇ ਦੇ ਨੰਬਰਦਾਰਾਂ ਨੇ ਸ਼ਮੂਲੀਅਤ ਕੀਤੀ ਤੇ ਜਥੇਬੰਦੀ ਦੀ ਮਜ਼ਬੂਤੀ ਲਈ ਵਿਚਾਰ-ਵਟਾਂਦਰਾ ਕੀਤਾ। ਮੀਟਿੰਗ ਦੇ ਮੁੱਖ ਏਜੰਡੇ ਤਹਿਤ ਜਥੇਬੰਦੀ ਦੇ ਕੰਮਕਾਜ ਵਿੱਚ ਤੇਜ਼ੀ ਲਿਆਉਣ ਲਈ ਨਵੀਂ ਜ਼ਿਲ੍ਹਾ ਕਮੇਟੀ ਦੀ ਚੋਣ ਸਰਵਸੰਮਤੀ ਨਾਲ ਕੀਤੀ ਗਈ। ਚੋਣ ਪ੍ਰਕਿਰਿਆ ਦੌਰਾਨ ਪਰਮਿੰਦਰ ਸਿੰਘ ਸੰਧੂ ਪਿੰਡ ਸੈਦੇ ਕੇ ਨੌਲ ਨੂੰ ਉਨ੍ਹਾਂ ਦੀਆਂ ਸੇਵਾਵਾਂ ਨੂੰ ਦੇਖਦਿਆਂ ਜ਼ਿਲ੍ਹਾ ਜਨਰਲ ਸਕੱਤਰ ਨਿਯੁਕਤ ਕੀਤਾ ਗਿਆ। ਇਸ ਤੋਂ ਇਲਾਵਾ ਗੁਰਸ਼ਰਨ ਸਿੰਘ ਪਿੰਡ ਹਾਮਦ ਨੂੰ ਸਕੱਤਰ ਦੀ ਜ਼ਿੰਮੇਵਾਰੀ ਸੌਂਪੀ ਗਈ। ਰਵਿੰਦਰ ਸਿੰਘ ਕਾਲਾ ਨੂੰ ਜ਼ਿਲ੍ਹਾ ਪ੍ਰੈੱਸ ਸਕੱਤਰ ਚੁਣਿਆ ਗਿਆ, ਜਦਕਿ ਅਮਰੀਕ ਸਿੰਘ ਨੂੰ ਵੀ ਜਥੇਬੰਦਕ ਸਕੱਤਰ ਵਜੋਂ ਨਿਯੁਕਤ ਕੀਤਾ ਗਿਆ। ਮੀਟਿੰਗ ਦੌਰਾਨ ਨੰਬਰਦਾਰਾਂ ਨੂੰ ਦਰਪੇਸ਼ ਮੁਸ਼ਕਲਾਂ ਬਾਰੇ ਗੰਭੀਰ ਚਰਚਾ ਕੀਤੀ ਗਈ ਤੇ ਸਰਕਾਰ ਤੱਕ ਆਪਣੀਆਂ ਮੰਗਾਂ ਪਹੁੰਚਾਉਣ ਲਈ ਵਿਸ਼ੇਸ਼ ਮਤੇ ਪਾਸ ਕੀਤੇ ਗਏ। ਉਨ੍ਹਾਂ ਨੇ ਕਿਹਾ ਕਿ ਨੰਬਰਦਾਰ ਪ੍ਰਸ਼ਾਸਨ ਤੇ ਜਨਤਾ ਵਿਚਕਾਰ ਇਕ ਅਹਿਮ ਕੜੀ ਹਨ, ਇਸ ਲਈ ਉਨ੍ਹਾਂ ਦੇ ਮਾਣ-ਭੱਤੇ ਤੇ ਹੋਰ ਹੱਕਾਂ ਵੱਲ ਸਰਕਾਰ ਨੂੰ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ। ਨਵ-ਨਿਯੁਕਤ ਅਹੁਦੇਦਾਰਾਂ ਨੇ ਭਰੋਸਾ ਦਿੱਤਾ ਕਿ ਉਹ ਨੰਬਰਦਾਰ ਭਾਈਚਾਰੇ ਦੀਆਂ ਮੰਗਾਂ ਲਈ ਹਮੇਸ਼ਾ ਤੱਤਪਰ ਰਹਿਣਗੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਰਾਮ ਦਾਸ ਸਿੰਘ, ਬਲਰਾਜ ਸਿੰਘ, ਵਿਜੇ ਕੁਮਾਰ, ਗੁਰਸ਼ਨ ਸਿੰਘ ਤੇ ਵੱਡੀ ਗਿਣਤੀ ਵਿੱਚ ਨੰਬਰਦਾਰ ਹਾਜ਼ਰ ਸਨ।

## ਡਾ. ਸੁਖਜਿੰਦਰ ਸਿੰਘ ਪੂਨੀਆ ਸਲਾਈਟ ਦੇ ਪੀ ਆਰ ਓ ਨਿਯੁਕਤ

**ਲੌਂਗੋਵਾਲ (ਪ੍ਰਦੀਪ ਸੱਪਲ)**- ਸਲਾਇਟ ਲੌਂਗੋਵਾਲ ਪ੍ਰਬੰਧਨ ਵੱਲੋਂ ਡਾ. ਸੁਖਜਿੰਦਰ ਸਿੰਘ ਪੂਨੀਆ ਨੂੰ ਨਵਾਂ ਪੀ ਆਰ ਓ ਨਿਯੁਕਤ ਕੀਤਾ ਗਿਆ ਹੈ।ਪ੍ਰੋ. ਵੀ ਕੇ ਕੁਕਰੇਜਾ ਵੱਲੋਂ ਪ੍ਰੈੱਸ ਨੂੰ ਹੁਣ ਤੱਕ ਦਿੱਤੇ ਸਹਿਯੋਗ ਲਈ ਧੰਨਵਾਦ ਤੇ ਡਾ. ਸੁਖਜਿੰਦਰ ਸਿੰਘ ਪੂਨੀਆ ਨੂੰ ਇੱਕ ਵਾਰ ਫੇਰ ਤੋਂ ਇਹ ਜ਼ਿੰਮੇਵਾਰੀ ਮਿਲਣ ਲਈ ਹਾਜ਼ਰੀਨ ਸਟਾਫ ਵੱਲੋਂ ਵਧਾਈ ਦਿੱਤੀ ਗਈ।ਇਸ ਮੌਕੇ ਡਾ. ਸੁਖਜਿੰਦਰ ਸਿੰਘ ਪੂਨੀਆ ਨੇ ਇਸ ਅਹੁਦੇ ਲਈ ਉਨ੍ਹਾਂ ਨੂੰ ਨਿਯੁਕਤ ਕਰਨ 'ਤੇ ਕਾਲਜ ਪ੍ਰਬੰਧਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਪਹਿਲਾਂ ਨਾਲੋਂ ਵੀ ਵਧ-ਚੜ੍ਹ ਕੇ ਕਾਲਜ ਲਈ ਕੰਮ ਕਰਨਗੇ।

## ਗੋਪਾਲ ਸ਼ਰਮਾ ਪੰਜਾਬ ਵਪਾਰ ਵਿੰਗ ਦੇ ਜਨਰਲ ਸਕੱਤਰ ਨਿਯੁਕਤ

**ਸਮਾਣਾ (ਇਕਬਾਲ ਸਿੰਘ ਬੱਲ)** ਸ਼੍ਰੋਮਣੀ ਅਕਾਲੀ ਦਲ ਬਾਦਲ ਵੱਲੋਂ ਸੰਗਠਨ ਨੂੰ ਮਜ਼ਬੂਤ ਕਰਨ ਦੇ ਉਦੇਸ਼ ਨਾਲ ਮਹੱਤਵਪੂਰਨ ਨਿਯੁਕਤੀਆਂ ਕੀਤੀਆਂ ਗਈਆਂ ਹਨ।ਇਸੇ ਤਹਿਤ ਪਾਰਟੀ ਹਾਈ ਕਮਾਂਡ ਦੇ ਦਿਸ਼ਾ-ਨਿਰਦੇਸ਼ਾਂ ਹੇਠ ਸ੍ਰੀ ਗੋਪਾਲ ਸ਼ਰਮਾ ਨੂੰ ਪੰਜਾਬ ਵਪਾਰ ਵਿੰਗ ਦਾ ਜਨਰਲ ਸਕੱਤਰ ਨਿਯੁਕਤ ਕੀਤਾ ਗਿਆ ਹੈ।ਇਸ ਨਿਯੁਕਤੀ ਨਾਲ ਪਾਰਟੀ ਅੰਦਰ ਖ਼ੁਸ਼ੀ ਦੀ ਲਹਿਰ ਦੌੜ ਗਈ ਹੈ ਤੇ ਵਰਕਰਾਂ ਵੱਲੋਂ ਸ੍ਰੀ ਸ਼ਰਮਾ ਨੂੰ ਵਧਾਈਆਂ ਦਿੱਤੀਆਂ ਜਾ ਰਹੀਆਂ ਹਨ।ਨਵੀਂ ਜ਼ਿੰਮੇਵਾਰੀ ਸੰਭਾਲਦੇ ਹੋਏ ਸ੍ਰੀ ਗੋਪਾਲ ਸ਼ਰਮਾ ਨੇ ਪਾਰਟੀ ਹਾਈ ਕਮਾਂਡ ਦਾ ਧੰਨਵਾਦ ਕੀਤਾ ਤੇ ਕਿਹਾ ਕਿ ਉਹ ਪਾਰਟੀ ਦੀ ਨੀਤੀ ਅਤੇ ਸਿਧਾਂਤਾਂ ਅਨੁਸਾਰ ਪੂਰੀ ਇਮਾਨਦਾਰੀ ਤੇ ਨਿਸ਼ਠਾ ਨਾਲ ਕੰਮ ਕਰਨਗੇ।ਉਨ੍ਹਾਂ ਕਿਹਾ ਕਿ ਪੰਜਾਬ ਦੇ ਵਪਾਰੀਆਂ ਦੇ ਹਿੱਤਾਂ ਦੀ ਰੱਖਿਆ ਤੇ ਉਨ੍ਹਾਂ ਦੀਆਂ ਜਾਇਜ਼ ਮੰਗਾਂ ਲਈ



ਸੰਘਰਸ਼ ਜਾਰੀ ਰੱਖਿਆ ਜਾਵੇਗਾ।ਇਸ ਮੌਕੇ ਪਾਰਟੀ ਦੇ ਕਈ ਸੀਨੀਅਰ ਆਗੂ ਤੇ ਵਰਕਰ ਮੌਜੂਦ ਸਨ, ਜਿਨ੍ਹਾਂ ਨੇ ਫੁੱਲਾਂ ਦੇ ਗੁਲਦਸਤੇ ਭੇਟ ਕਰਕੇ ਨਵ-ਨਿਯੁਕਤ ਜਨਰਲ ਸਕੱਤਰ ਦਾ ਸਨਮਾਨ ਕੀਤਾ।

# ਐੱਲ ਆਰ ਡੀ ਏ ਵੀ ਕਾਲਜ ਵਿਖੇ ਕੌਮਾਂਤਰੀ ਮਾਤ ਭਾਸ਼ਾ ਦਿਵਸ 'ਤੇ ਸਮਾਗਮ



**ਜਗਰਾਉਂ (ਅਮਿਤ ਖੰਨਾ)** : ਐੱਲ.ਆਰ.ਡੀ.ਏ.ਵੀ. ਕਾਲਜ ਜਗਰਾਉਂ ਵਿਖੇ ਕੌਮਾਂਤਰੀ ਮਾਤ ਭਾਸ਼ਾ ਦਿਵਸ ਕਾਲਜ ਦੇ ਪ੍ਰਿੰਸੀਪਲ ਡਾਕਟਰ ਅਨੁਜ ਕੁਮਾਰ ਸ਼ਰਮਾ ਦੀ ਅਗਵਾਈ ਵਿੱਚ ਕਾਲਜ ਦੇ ਭਾਸ਼ਾ ਮੰਚ, ਪੰਜਾਬੀ, ਅੰਗਰੇਜ਼ੀ ਤੇ ਹਿੰਦੀ ਵਿਭਾਗ ਦੇ ਸਹਿਯੋਗ ਨਾਲ ਕਰਵਾਇਆ ਗਿਆ।ਕਾਲਜ ਦੇ ਪ੍ਰਿੰਸੀਪਲ ਡਾਕਟਰ ਅਨਜ ਕੁਮਾਰ ਸ਼ਰਮਾ ਨੇ ਮਾਂ ਬੋਲੀ ਦੀ ਮਹਾਨਤਾ ਦੱਸਦੇ ਹੋਏ ਵਿਦਿਆਰਥੀਆਂ ਨੂੰ ਮਾਂ ਬੋਲੀ ਨੂੰ ਹੋਰ ਉੱਚਾ ਚੁੱਕਣ ਲਈ ਪ੍ਰੇਰਿਆ।ਭਾਸ਼ਾ ਮੰਚ ਦੇ ਕਨਵੀਨਰ ਡਾਕਟਰ ਰਮਨਦੀਪ ਸਿੰਘ ਨੇ ਮਾਂ ਬੋਲੀ ਦੀ ਸਾਡੇ ਜੀਵਨ ਵਿੱਚ ਅਹਿਮੀਅਤ ਬਾਰੇ ਦੱਸਦੇ ਹੋਏ ਕਿਹਾ ਕਿ ਮਾਂ ਬੋਲੀ ਰਾਹੀਂ ਹੀ ਅਸੀਂ ਆਪਣੇ ਸੱਭਿਆਚਾਰ ਨੂੰ ਜਿਉਂਦਾ ਰੱਖ ਸਕਦੇ ਹਾਂ।ਇਸ ਮੌਕੇ ਸਲੋਗਨ ਲਿਖਣ, ਲੇਖ ਲਿਖਣ ਤੇ ਕੁਇਜ਼ ਮੁਕਾਬਲੇ ਕਰਵਾਏ ਗਏ, ਜਿਸ ਵਿੱਚ ਕਾਲਜ ਦੇ ਵਿਦਿਆਰਥੀਆਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ। ਇਸ ਮੌਕੇ ਇਨ੍ਹਾਂ ਮੁਕਾਬਲਿਆਂ ਵਿੱਚ ਭਾਗ ਲੈਣ ਵਾਲੇ ਜੇਤੂ ਵਿਦਿਆਰਥੀਆਂ ਨੂੰ ਸਰਟੀਫਿਕੇਟ ਤੇ ਇਨਾਮ ਦੇ ਕੇ ਸਨਮਾਨਤ ਕੀਤਾ ਗਿਆ। ਇਸ ਪ੍ਰੋਗਰਾਮ ਦੇ ਅੰਤ ਵਿੱਚ ਪ੍ਰੋਫੈਸਰ ਮਨਦੀਪ ਕੌਰ ਨੇ ਸਾਰਿਆਂ ਦਾ ਧੰਨਵਾਦ ਕੀਤਾ। ਇਸ ਸਮੇਂ ਪ੍ਰੋਫੈਸਰ ਤਮੰਨਾ ਸ਼ਰਮਾ, ਪ੍ਰੋਫੈਸਰ ਰੋਹਿਤ ਵਰਮਾ, ਪ੍ਰੋਫੈਸਰ ਸੁਭਾਸ਼ ਤੇ ਪ੍ਰੋਫੈਸਰ ਮੀਨਾਕਸ਼ੀ ਤੋਂ ਇਲਾਵਾ ਕਾਲਜ ਦੇ ਸਮੁੱਚੇ ਸਟਾਫ ਨੇ ਸਹਿਯੋਗ ਦਿੱਤਾ।ਸਟੇਜ ਸਕੱਤਰ ਦੀ ਭੂਮਿਕਾ ਕਾਲਜ ਦੇ ਵਿਦਿਆਰਥੀ ਨਵਦੀਪ ਸਿੰਘ ਤੇ ਅਮਨਪ੍ਰੀਤ ਕੌਰ ਨੇ ਬਾਖ਼ੂਬੀ ਨਿਭਾਈ।

# ਭਾਰਤ-ਅਮਰੀਕਾ ਵਪਾਰ ਸਮਝੌਤਾ ਕਿਸਾਨੀ ਲਈ ਖਤਰੇ ਦੀ ਘੰਟੀ : ਆਗੂ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ/ਪੂਜਾ)** : ਭਾਰਤ-ਅਮਰੀਕਾ ਟਰੇਡ ਸਮਝੌਤੇ ਤੇ ਹੋਰ ਕਿਸਾਨਾਂ ਮਜ਼ਦੂਰਾਂ ਦੀਆਂ ਮੰਗਾਂ ਨੂੰ ਲੈ ਕੇ 22 ਫਰਵਰੀ ਨੂੰ ਐੱਮ ਐੱਲ ਏ ਜਗਦੀਪ ਸਿੰਘ ਕਾਕਾ ਬਰਾੜ ਦੇ ਘਰ ਮੂਹਰੇ ਦਿੱਤੇ ਜਾ ਰਹੇ ਧਰਨੇ ਦੀ ਤਿਆਰੀ ਵਜੋਂ ਪਿੰਡ ਤਖਤ ਮਲਾਣਾ ਤੇ ਥਾਂਦੇਵਾਲਾ ਵਿਖੇ ਤਿਆਰੀ ਮੀਟਿੰਗਾਂ ਕੀਤੀਆਂ ਗਈਆਂ। ਮੀਟਿੰਗਾਂ ਨੂੰ ਸੰਬੋਧਨ ਕਰਦਿਆਂ ਸੂਬਾ ਵਿੱਤ ਸਕੱਤਰ ਜਸਵਿੰਦਰ ਸਿੰਘ ਝਬੇਲਵਾਲੀ ਜ਼ਿਲ੍ਹਾ ਮੀਤ ਪ੍ਰਧਾਨ ਬਲਵਿੰਦਰ ਸਿੰਘ ਥਾਂਦੇਵਾਲਾ ਨੇ ਕਿਹਾ ਕਿ ਖੇਤੀ ਖੇਤਰ ਨੂੰ ਸਾਮਰਾਜੀ ਦੇਸ਼ ਅਮਰੀਕਾ ਲਈ ਖੋਲ੍ਹ ਕੇ ਬਾਹਰੋਂ ਸਸਤੇ ਖੇਤੀ ਉਤਪਾਦ ਲਿਆ ਕੇ ਮੋਦੀ ਸਰਕਾਰ ਨੇ ਕਿਸਾਨਾਂ ਦੀ ਮੌਤ ਦੇ ਵਰੰਟਾਂ 'ਤੇ ਦਸਤਖ਼ਤ ਕਰ ਦਿੱਤੇ ਹਨ। ਪਹਿਲਾਂ ਹੀ ਕਰਜ਼ੇ ਹੇਠ ਦੱਬੀ ਹੋਈ ਕਿਸਾਨੀ ਆਰਥਿਕ ਤੌਰ 'ਤੇ ਬੁਰੀ ਤਰ੍ਹਾਂ ਪ੍ਰਭਾਵਿਤ ਹੋਵੇਗੀ। ਆਗੂਆਂ ਨੇ ਕਿਹਾ ਕਿ ਬੀਜ ਬਿੱਲ ਵੀ ਖੇਤੀ ਖੇਤਰ ਕਾਰਪੋਰੇਟ ਦੇ ਹਵਾਲੇ ਕਰਨ ਦੇ ਮਨਸੂਬੇ ਤਹਿਤ ਹੀ ਲਿਆਂਦਾ ਗਿਆ ਹੈ। ਆਗੂਆਂ ਨੇ ਕਿਹਾ ਕਿ ਅਮਰੀਕਾ ਦੀ ਵੱਡੀ ਕਿਸਾਨੀ, ਜਿਸ ਕੋਲ ਹਜ਼ਾਰਾਂ ਏਕੜਾਂ ਫਾਰਮ ਨੇ, ਉਸ ਦੇ ਮੁਕਾਬਲੇ ਸਾਡੇ ਛੋਟੇ ਦਰਮਿਆਨੇ ਕਿਸਾਨ, ਜਿਨ੍ਹਾਂ ਨੂੰ ਔਸਤਨ ਤਿੰਨ ਕਿੱਲੇ ਜ਼ਮੀਨ



ਆਉਂਦੀ ਹੈ, ਮੁਕਾਬਲਾ ਨਹੀਂ ਕਰ ਸਕਦੇ। ਦੂਸਰੇ ਪਾਸੇ ਅਮਰੀਕੀ ਕਿਸਾਨਾਂ ਨੂੰ ਕਰੋੜਾਂ ਰੁਪਏ ਸਬਸਿਡੀਆਂ ਮਿਲਦੀਆਂ ਹਨ, ਜਦਕਿ ਭਾਰਤ ਦੇ ਕਿਸਾਨਾਂ ਨੂੰ ਬਹੁਤ ਘੱਟ ਰੁਪਏ ਸਬਸਿਡੀ ਮਿਲਦੀ ਹੈ। ਆਗੂਆਂ ਨੇ ਕਿਹਾ ਕਿ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 15 ਅਗਸਤ ਨੂੰ ਲਾਲ ਕਿਲ੍ਹੇ ਤੋਂ ਕਿਹਾ ਸੀ ਕਿ ਕਿਸਾਨਾਂ ਖਿਲਾਫ ਕੋਈ ਫੈਸਲਾ ਨਹੀਂ ਕੀਤਾ ਜਾਵੇਗਾ, ਜਦ ਕਿ 19 ਅਗਸਤ ਨੂੰ ਕਪਾਹ ਨੂੰ ਟੈਰਿਫ ਫਰੀ ਕਰ ਦਿੱਤਾ, ਜਿਸ ਨਾਲ ਭਾਰਤੀ ਕਿਸਾਨਾਂ ਦੀ ਕਪਾਹ ਅਗਲੇ ਦਿਨ ਹੀ 1100 ਰੁਪਏ ਹੇਠਾਂ ਚਲੀ ਗਈ ਅਤੇ 95% ਕਪਾਹ ਦਾ ਆਯਾਤ ਵਧਿਆ, ਜਿਸ ਕਰਕੇ ਭਾਰਤ ਦੇ ਕਪਾਹ ਦੀ ਖੇਤੀ ਕਰਨ ਵਾਲੇ ਲੱਖਾਂ ਕਿਸਾਨਾਂ ਦਾ ਉਜਾੜਾ ਤੈਅ ਹੋ ਗਿਆ।ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੇ ਸੇਬ ਤੇ ਡਰਾਈ ਫਰੂਟ ਨੂੰ ਵੀ ਟੈਰਿਫ ਵਿੱਚ ਵੱਡੀਆਂ ਰਿਆਇਤਾਂ ਦਿੱਤੀਆਂ ਹਨ ਅਤੇ ਹੁਣ ਸਮੁੱਚੇ ਖੇਤੀ ਖੇਤਰ ਨੂੰ ਸਾਮਰਾਜੀਆਂ ਲਈ ਖੋਲ੍ਹ ਕੇ ਸਰਕਾਰ ਨੇ ਮੁਲਕ ਦੇ ਕਰੋੜਾਂ ਕਿਸਾਨਾਂ ਦੀ ਮੌਤ ਦੇ ਵਰੰਟ 'ਤੇ ਦਸਤਖ਼ਤ ਕਰ ਦਿੱਤੇ ਹਨ।ਕਿਸਾਨ ਆਗੂ ਭੁਪਿੰਦਰ ਸਿੰਘ ਥਾਂਦੇਵਾਲਾ, ਜਗਸੀਰ ਸਿੰਘ ਥਾਂਦੇਵਾਲਾ ਨੇ ਕਿਹਾ ਕਿ ਜਿਸ ਤਰ੍ਹਾਂ ਦਿੱਲੀ ਕਿਸਾਨ ਅੰਦੋਲਨ ਲੜ ਕੇ ਖੇਤੀ ਕਾਨੂੰਨ ਰੱਦ ਕਰਾਏ ਸੀ, ਉਸੇ ਤਰ੍ਹਾਂ ਕਿਸਾਨਾਂ ਨੂੰ ਅਮਰੀਕੀ ਸਾਮਰਾਜ ਤੇ ਭਾਰਤੀ ਹਾਕਮਾਂ ਖਿਲਾਫ ਵੱਡੀ ਲਾਮਬੰਦੀ ਕਰਕੇ ਸੰਘਰਸ਼ ਦੇ ਮੈਦਾਨ ਵਿੱਚ ਉਤਰਨਾ ਪਵੇਗਾ।ਕਿਰਤੀ ਕਿਸਾਨ ਯੂਨੀਅਨ ਦੇ ਆਗੂਆਂ ਨੇ ਬਿਜਲੀ, ਬੀਜ ਬਿੱਲ ਤੇ ਹੋਰ ਕਿਸਾਨਾਂ-ਮਜ਼ਦੂਰਾਂ ਦੀਆਂ ਮੰਗਾਂ ਨੂੰ ਲੈ ਕੇ 22 ਫਰਵਰੀ ਨੂੰ ਆਪ ਸਰਕਾਰ ਦੇ ਐੱਮ ਐੱਲ ਏ ਜਗਦੀਪ ਸਿੰਘ ਕਾਕਾ ਬਰਾੜ ਦੇ ਘਰ ਮੂਹਰੇ ਦਿੱਤੇ ਜਾ ਰਹੇ ਧਰਨੇ 'ਚ ਵੱਧ ਤੋਂ ਵੱਧ ਕਿਸਾਨਾਂ ਨੂੰ ਸ਼ਾਮਲ ਹੋਣ ਦੀ ਅਪੀਲ ਕੀਤੀ।ਇਸ ਮੌਕੇ ਹੋਰਨਾਂ ਤੋਂ ਇਲਾਵਾ ਗੁਰਤੇਜ ਸਿੰਘ, ਅਰਮਾਨਦੀਪ ਸਿੰਘ, ਜਗਦੇਵ ਸਿੰਘ ਥਾਂਦੇਵਾਲਾ, ਬਲਜੀਤ ਸਿੰਘ ਫੌਜੀ ਝਬੇਲਵਾਲੀ, ਗੁਰਮੀਤ ਸਿੰਘ ਭਲਵਾਨ ਆਦਿ ਕਿਸਾਨ ਹਾਜ਼ਰ ਸਨ।

## ਹਫਤੇ ਤੋਂ ਲਾਪਤਾ ਨੌਜਵਾਨ ਦਾ ਨਹੀਂ ਮਿਲ ਰਿਹਾ ਕੋਈ ਸੁਰਾਗ

**ਮਮਦੋਟ (ਜਸਬੀਰ ਸਿੰਘ ਕੰਬੋਜ)**- ਨਜ਼ਦੀਕੀ ਪਿੰਡ ਲੱਖਾ ਸਿੰਘ ਵਾਲਾ ਦੇ ਕਰੀਬ ਇੱਕ ਹਫਤਾ ਪਹਿਲਾਂ ਤੋਂ ਪੇਪਰ ਦੇਣ ਦਾ ਕਹਿ ਕੇ ਘਰੋਂ ਗਏ ਨੌਜਵਾਨ ਦਾ ਹੁਣ ਕੋਈ ਥਹੁ-ਪਤਾ



ਨਹੀਂ ਲੱਗ ਰਿਹਾ।ਇਸ ਸਬੰਧੀ ਪੁਲਿਸ ਪਾਸ ਕੀਤੀ ਸ਼ਿਕਾਇਤ ਵਿੱਚ ਉਕਤ ਨੌਜਵਾਨ ਦੇ ਭਰਾ ਰਣਜੀਤ ਸਿੰਘ ਪੁੱਤਰ ਚਿਮਨ ਸਿੰਘ ਵਾਸੀ ਲੱਖਾ ਸਿੰਘ ਵਾਲਾ ਹਿਠਾੜ ਨੇ ਦੱਸਿਆ ਕਿ ਮੇਰਾ ਭਰਾ ਬਲਵਿੰਦਰ ਸਿੰਘ ਉਮਰ ਕਰੀਬ 33 ਸਾਲ, 14 ਫਰਵਰੀ ਨੂੰ ਘਰੋਂ ਦੁਪਹਿਰ 2 ਵਜੇ ਨਿੱਕਲਿਆ ਤੇ ਘਰੋਂ ਜਾਣ ਸਮੇਂ ਉਸ ਨੇ ਪਰਿਵਾਰ ਨੂੰ ਕਿਹਾ ਕਿ ਉਹ ਬਠਿੰਡੇ ਪੇਪਰ ਦੇਣ ਵਾਸਤੇ ਚੱਲਿਆ ਹੈ।ਇਸੇ ਹੀ ਦਿਨ ਸ਼ਾਮ ਕਰੀਬ 6 ਵਜ ਕੇ 44 ਮਿੰਟ 'ਤੇ ਮੇਰੇ ਭਰਾ ਵੱਲੋਂ ਉਸ ਦੇ ਫੋਨ ਤੋਂ ਫੋਨ ਆਇਆ ਕਿ ਮੈਂ ਪਹੁੰਚ ਗਿਆ ਹਾਂ।ਇਸ ਤੋਂ ਬਾਅਦ ਅਗਲੇ ਦਿਨ ਐਤਵਾਰ ਨੂੰ ਮੇਰੇ ਵੱਲੋਂ ਕਾਫੀ ਵਾਰ ਆਪਣੇ ਭਰਾ ਨੂੰ ਫੋਨ ਕੀਤਾ ਗਿਆ, ਪਰ ਉਸ ਦਾ ਫੋਨ ਲਗਾਤਾਰ ਬੰਦ ਆ ਰਿਹਾ ਹੈ।ਇਸ ਤੋਂ ਬਾਅਦ ਮੈਂ ਆਪਣੇ ਰਿਸ਼ਤੇਦਾਰਾਂ ਤੇ ਆਸ-ਪਾਸ ਤੋਂ ਕਾਫੀ ਪੁੱਛ ਪੜਤਾਲ ਕੀਤੀ ਹੈ, ਪਰ ਐਨੇ ਦਿਨ ਬੀਤ ਜਾਣ ਦੇ ਬਾਅਦ ਵੀ ਉਸ ਬਾਰੇ ਕੁਝ ਵੀ ਪਤਾ ਨਹੀਂ ਲੱਗਿਆ ਹੈ।ਪੁਲਸ ਪਾਸ ਦਿੱਤੀ ਦਰਖ਼ਾਸਤ ਵਿੱਚ ਉਕਤ ਰਣਜੀਤ ਸਿੰਘ ਨੇ ਉਸ ਦੇ ਭਰਾ ਬਲਵਿੰਦਰ ਸਿੰਘ ਨੂੰ ਭਾਲ ਕਰਨ ਦੀ ਗੁਹਾਰ ਲਗਾਈ ਹੈ।

## ਸੀਨੀਅਰ ਪੈਨਸ਼ਨਰਾਂ ਦਾ ਸਨਮਾਨ ਭਲਕੇ

**ਲੁਧਿਆਣਾ (ਸਤੀਸ਼ ਸਚਦੇਵਾ)** ਰੋਡਵੇਜ਼ ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਲੁਧਿਆਣਾ ਦੇ ਪ੍ਰਧਾਨ ਰਾਜਿੰਦਰ ਸਿੰਘ ਲਲਤੋਂ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ 23 ਫ਼ਰਵਰੀ ਨੂੰ ਸਵੇਰੇ 11 ਵਜੇ ਪੈਨਸ਼ਨਰ ਭਵਨ ਲੁਧਿਆਣਾ ਵਿਖੇ ਜਿਹੜੇ ਪੈਨਸ਼ਨਰਜ਼ ਰੋਡਵੇਜ਼ ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਦੇ ਮੈਂਬਰ ਸਾਹਿਬਾਨ ਹਨ ਅਤੇ 75 ਸਾਲ ਤੇ 80 ਸਾਲ ਪੂਰੇ ਕਰ ਚੁੱਕੇ ਹਨ, ਨੂੰ ਸਨਮਾਨਿਤ ਕਰੇਗੀ। ਸਮੂਹ ਮੈਂਬਰ ਸਾਹਿਬਾਨ ਨੂੰ ਬੇਨਤੀ ਹੈ ਕਿ ਇਸ ਦਿਨ ਪੈਨਸ਼ਨਰ ਭਵਨ ਲੁਧਿਆਣਾ ਵਿਖੇ ਸਮੇਂ ਸਿਰ ਪਹੁੰਚਿਆ ਜਾਵੇ। ਇਸ ਮੌਕੇ ਚੇਅਰਮੈਨ ਪੈਨਸ਼ਨਰ ਭਵਨ ਲੁਧਿਆਣਾ ਦਲੀਪ ਸਿੰਘ ਦਾ ਵੀ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ।

# ਪੰਜਾਬੀ ਸ਼ਾਇਰ ਅਜ਼ੀਮ ਸ਼ੇਖਰ ਸਾਊਥਾਲ ਨਾਲ ਰੂ-ਬ-ਰੂ

**ਭੀਖੀ (ਗੁਰਿੰਦਰ ਸਿੰਘ ਔਲਖ, ਧਰਮਵੀਰ ਸ਼ਰਮਾ)**- ਨਵਯੁਗ ਸਾਹਿਤ ਕਲਾ ਮੰਚ ਵੱਲੋਂ ਸ਼ਹੀਦ ਭਗਤ ਸਿੰਘ ਯਾਦਗਾਰੀ ਲਾਇਬਰੇਰੀ ਭੀਖੀ ਵਿਖੇ ਪ੍ਰਸਿੱਧ ਪੰਜਾਬੀ ਸ਼ਾਇਰ ਅਜ਼ੀਮ ਸ਼ੇਖਰ (ਸਾਊਥਾਲ) ਨਾਲ ਰੂ-ਬ-ਰੂ ਸਮਾਗਮ ਕਰਵਾਇਆ ਗਿਆ। ਸਮਾਗਮ ਦੇ ਪ੍ਰਧਾਨਗੀ ਮੰਡਲ 'ਚ ਵਿਸ਼ੇਸ਼ ਮਹਿਮਾਨ ਵਜੋਂ ਸ਼ਾਇਰ ਅਜ਼ੀਮ ਸ਼ੇਖਰ, ਉੱਘੇ ਆਲੋਚਕ ਡਾਕਟਰ ਗੁਰਦੀਪ ਸਿੰਘ ਢਿੱਲੋਂ, ਗਜ਼ਲਗੋ ਡਾਕਟਰ ਦੀਪਕ ਧਲੇਵਾਂ,



ਨਵਯੁਗ ਸਾਹਿਤ ਕਲਾ ਮੰਚ ਦੇ ਸਾਬਕਾ ਪ੍ਰਧਾਨ ਰਜਿੰਦਰ ਸਿੰਘ ਜਾਫਰੀ ਤੇ ਸਾਹਿਤ ਪ੍ਰੇਮੀ ਲੈਕਚਰਾਰ ਮੱਖਣ ਸਿੰਘ ਸ਼ਾਮਲ ਹੋਏ।ਸਮਾਗਮ ਦੇ ਸ਼ੁਰੂਆਤ 'ਚ ਸ਼ਾਇਰ ਸਤਪਾਲ ਭੀਖੀ ਨੇ ਸ਼ਾਇਰ ਅਜ਼ੀਮ ਸ਼ੇਖਰ ਦੀ ਸ਼ਾਇਰੀ ਬਾਰੇ ਜਾਣ ਪਹਿਚਾਣ ਕਰਵਾਉਂਦਿਆਂ ਕਿਹਾ ਕਿ ਸ਼ੇਖਰ ਭਾਵੇਂ ਹੁਣ ਵਿਦੇਸ਼ੀ ਧਰਤੀ ਦੇ ਵਾਸ਼ਿੰਦੇ ਨੇ, ਪਰ ਉਨ੍ਹਾਂ ਦੀਆਂ ਲਿਖਤਾਂ ਮਾਲਵਾ ਦੇ ਲੋਕਾਂ ਦੀ ਬਾਤ ਪਾਉਂਦੀਆਂ ਹਨ, ਜਿਸ ਤੋਂ ਸਾਬਿਤ ਹੁੰਦਾ ਹੈ ਕਿ ਸ਼ਾਇਰ ਆਪਣੀਆਂ ਜੜ੍ਹਾਂ ਨਾਲ ਜੁੜਿਆ ਹੋਇਆ ਹੈ।ਉਨ੍ਹਾਂ ਕਿਹਾ ਕਿ ਇਸ ਤੋਂ ਵੀ ਅੱਗੇ ਜਾ ਕੇ ਸ਼ਾਇਰ ਅਜ਼ੀਮ ਸ਼ੇਖਰ ਤੇ ਉਨ੍ਹਾਂ ਦੀ ਟੀਮ ਏਸ਼ੀਅਨ ਲਿਟਰੇਰੀ ਤੇ ਕਲਚਰ ਫੋਰਮ ਯੂ ਕੇ ਲੰਡਨ (ਸਾਊਥਾਲ) ਆਪਣੀ ਸੰਸਥਾ ਰਾਹੀਂ ਅਦਬੀ ਮੇਲਾ ਲੰਡਨ ਕਰਵਾ ਕੇ ਵਿਦੇਸ਼ੀ ਧਰਤੀ 'ਤੇ ਵਸਦੇ ਪੰਜਾਬੀ ਭਾਈਚਾਰੇ ਨੂੰ ਪੰਜਾਬੀ ਭਾਸ਼ਾ ਤੇ ਪੰਜਾਬੀ ਮਾਂ ਬੋਲੀ ਨਾਲ ਜੋੜ ਰਹੇ ਹਨ। ਉੱਘੇ ਆਲੋਚਕ ਡਾਕਟਰ ਢਿੱਲੋਂ ਨੇ ਸ਼ਾਇਰ ਅਜ਼ੀਮ ਸ਼ੇਖਰ ਦੀ ਸ਼ਾਇਰੀ 'ਤੇ ਗੱਲਬਾਤ

**● ਏਸ਼ੀਅਨ ਲਿਟਰੇਰੀ ਤੇ ਕਲਚਰ ਫੋਰਮ ਯੂ ਕੇ ਲੰਡਨ ਵੱਲੋਂ ਪੱਤਰਕਾਰਾਂ ਦਾ ਵਿਸ਼ੇਸ਼ ਸਨਮਾਨ**

ਕਰਦਿਆਂ ਕਿਹਾ ਕਿ ਉਨ੍ਹਾਂ ਦੀਆਂ ਗਜ਼ਲਾਂ ਤੇ ਗੀਤਾਂ ਵਿੱਚੋਂ ਮਾਲਵੇ ਖਿੱਤੇ ਦੀ ਮਹਿਕ ਆਉਂਦੀ ਹੈ। ਭਾਵੇਂ ਸ਼ਾਇਰ ਚਿਰਾਂ ਤੋਂ ਵਿਦੇਸ਼ਾਂ ਵਿੱਚ ਵਸ ਰਿਹਾ, ਪਰ ਉਹ ਇਸ ਖਿੱਤੇ ਦੇ ਲੋਕਾਂ ਦੀਆਂ ਤਕਲੀਫਾਂ, ਥੁੜਾਂ ਤੇ ਲੋੜਾਂ ਨੂੰ ਚੰਗੀ ਤਰ੍ਹਾਂ ਜਾਣਦਾ ਹੈ।ਗਜ਼ਲਗੋ ਡਾਕਟਰ ਦੀਪਕ ਧਲੇਵਾਂ ਨੇ ਸ਼ੇਖਰ ਦੀਆਂ ਛਪੀਆਂ ਤਿੰਨ ਗਜ਼ਲ ਪੁਸਤਕਾਂ ਬਾਰੇ ਗੱਲਬਾਤ ਕੀਤੀ। ਸ਼ਾਇਰ ਅਜ਼ੀਮ ਸ਼ੇਖਰ ਨੇ ਸਾਹਿਤ ਪ੍ਰੇਮੀਆਂ ਦੇ ਰੂ-ਬ-ਰੂ ਹੁੰਦਿਆਂ ਆਪਣੇ ਸਾਹਿਤਕ ਸਫ਼ਰ ਬਾਰੇ ਗੱਲਬਾਤ ਕੀਤੀ।ਇਸ ਉਪਰੰਤ ਉਨ੍ਹਾਂ ਆਪਣੀਆਂ ਗਜ਼ਲਾਂ ਤੇ ਗੀਤਾਂ ਨੂੰ ਤਰੰਨੁਮ ਵਿੱਚ ਪੇਸ਼ ਕੀਤੇ।ਅਖੀਰ 'ਚ ਦਰਸ਼ਕਾਂ ਦੇ ਸਵਾਲਾਂ ਦੇ ਜਵਾਬ ਬੜੀ ਹਲੀਮੀ ਨਾਲ ਦਿੱਤੇ।ਮੰਚ ਦੇ ਸਾਬਕਾ ਪ੍ਰਧਾਨ ਤੇ ਆਪ ਆਗੂ ਰਜਿੰਦਰ ਸਿੰਘ ਜਾਫਰੀ ਨੇ ਜਿੱਥੇ ਲਾਇਬਰੇਰੀ ਵਿੱਚ ਕਰਵਾਏ ਜਾਂਦੇ ਅਜਿਹੇ ਸਮਾਗਮਾਂ ਦੀ ਸ਼ਲਾਘਾ ਕੀਤੀ, ਉਥੇ ਹੀ ਸਰਕਾਰ ਵੱਲੋਂ ਲਾਇਬਰੇਰੀ ਲਈ ਵਿੱਤੀ ਸਹਾਇਤਾ ਲੈ ਕੇ ਆਉਣ ਦੀ ਵੀ ਗੱਲ ਕੀਤੀ।ਸਮਾਗਮ ਦੌਰਾਨ ਏਸ਼ੀਅਨ ਲਿਟਰੇਰੀ ਤੇ ਕਲਚਰ ਫੋਰਮ ਯੂ ਕੇ ਲੰਡਨ ਵੱਲੋਂ ਸਥਾਨਕ ਪੱਤਰਕਾਰਾਂ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਗਿਆ। ਸਨਮਾਨਤ ਪੱਤਰਕਾਰਾਂ ਚ ਸੀਨੀਅਰ ਪੱਤਰਕਾਰ ਡੀ ਪੀ ਜਿੰਦਲ, ਬਲਕਾਰ ਸਿੰਘ ਸਹੋਤਾ, ਬਲਦੇਵ ਸਿੰਘ ਸਿੱਧੂ, ਸੰਦੀਪ ਜਿੰਦਲ, ਸੁਰੇਸ਼ ਭੀਖੀ, ਸੰਦੀਪ ਤਾਇਲ, ਬਹਾਦਰ ਖਾਨ, ਧਰਮਵੀਰ ਸ਼ਰਮਾ, ਮਨਦੀਪ ਸਿੰਗਲਾ ਗੁਰਿੰਦਰ ਸਿੰਘ ਔਲਖ ਤੇ ਕਰਨ ਭੀਖੀ ਦਾ ਸਨਮਾਨ ਕੀਤਾ ਗਿਆ।ਸਮਾਗਮ ਦੇ ਅੰਤ 'ਚ ਸਾਹਿਤ ਕਲਾ ਮੰਚ ਦੇ ਪ੍ਰਧਾਨ ਕਹਾਣੀਕਾਰ ਭੁਪਿੰਦਰ ਫੌਜੀ ਨੂੰ ਸਭਨਾਂ ਨੂੰ ਜੀ ਆਇਆਂ ਕਹਿੰਦਿਆਂ ਉਨ੍ਹਾਂ ਦਾ ਧੰਨਵਾਦ ਕੀਤਾ। ਮੰਚ ਸੰਚਾਲਨ ਮੰਚ ਦੇ ਸਕੱਤਰ ਐੱਸ ਅਮਰੀਕ ਨੇ ਬਾਖ਼ੂਬੀ ਨਿਭਾਇਆ।ਇਸ ਮੌਕੇ ਵੱਡੀ ਗਿਣਤੀ ਵਿੱਚ ਸਾਹਿਤ ਪ੍ਰੇਮੀ ਹਾਜ਼ਰ ਸਨ।

# ਅਗਰਵਾਲ ਸਭਾ ਵੱਲੋਂ ਲੜਕੀ ਦੇ ਵਿਆਹ ਲਈ ਸਹਿਯੋਗ

**ਸੁਨਾਮ (ਅਸ਼ੋਕ ਬੰਸਲ, ਹਾਕਮ ਭੱਟੀ)**- ਇਥੋਂ ਨੇੜਲੇ ਪਿੰਡ ਮਹਿਲਾਂ ਚੌਕ ਦੀ ਅਗਰਵਾਲ ਸਭਾ ਵੱਲੋਂ ਇੱਕ ਅਗਰਵਾਲ ਲੋੜਵੰਦ ਪਰਵਾਰ ਦੀ ਲੜਕੀ ਦੇ ਵਿਆਹ ਲਈ ਲੋੜੀਂਦਾ ਸਾਮਾਨ ਦਿੱਤਾ ਗਿਆ।ਇਹ ਸਾਮਾਨ ਵੱਖ ਵੱਖ ਦਾਨੀ ਸੱਜਣਾਂ ਨੇ ਸਭਾ ਦੇ ਪ੍ਰਧਾਨ ਸੁਭਾਸ਼ ਜਿੰਦਲ ਕੋਲ ਇਕੱਠਾ ਕੀਤਾ ਤੇ ਉਥੋਂ ਸਮਾਜ ਸੇਵੀ ਵਰਕਰਾਂ ਨੇ ਪਰਵਾਰ ਦੇ ਸਪੁਰਦ ਕੀਤਾ।ਇਸ ਮੌਕੇ ਅਗਰਵਾਲ ਸਭਾ ਮਹਿਲਾਂ ਚੌਕ ਦੇ ਪ੍ਰਧਾਨ, ਸੁਭਾਸ਼ ਜਿੰਦਲ, ਸੁਨਾਮ ਕਾਂਗਰਸ ਦੇ ਹਲਕਾ ਇੰਚਾਰਜ ਸ੍. ਜਸਵਿੰਦਰ ਧਿਮਾਨ, ਐੱਨ ਆਈ ਆਰ ਮੈਡਮ ਕੰਵਲਜੀਤ ਕੌਰ ਇਟਲੀ, ਮੈਡਮ ਸਰੋਜ ਬਾਲਾ ਸੰਗਰੂਰ, ਸ਼ਸ਼ੀ ਬਾਲਾ, ਸੀਮਾ ਰਾਣੀ, ਤੇਜਿੰਦਰ ਬਾਂਸਲ ਲੈਕਚਰਾਰ, ਅਨਿਲ ਗੋਇਲ, ਕੇਸ਼ਵ ਜਿੰਦਲ, ਪੰਡਤ ਦਿਆ ਰਾਮ, ਬਲਵੀਰ ਸਿੰਘ, ਗੁਰਦੇਵ ਸਿੰਘ, ਪਾਲ ਸਿੰਘ, ਭੋਲਾ ਸਿੰਘ ਭੰਮ, ਮਨਪ੍ਰੀਤ ਕੌਰ, ਸੰਜੀਵ ਬਾਲਾ, ਅਮਨ ਸਿੰਘ ਤੇ ਅਸ਼ੋਕ ਕੁਮਾਰ ਆਦਿ ਹਾਜ਼ਰ ਸਨ।ਇਸ ਸਾਰੇ ਕੰਮ ਵਿੱਚ ਮਹਾਰਾਜਾ ਅਗਰਸੇਨ ਧਾਮ ਲੁਧਿਆਣਾ ਦੇ ਅਗਰਵਾਲ ਪਰਵਾਰ ਮਿਲਨ ਸੰਘ ਦੇ ਸੰਸਥਾਪਕ ਸੁਨੀਲ ਮਿੱਤਲ ਜੈਨ, ਪ੍ਰਧਾਨ ਸੰਜੇ ਬਾਂਸਲ, ਮਹਿਲਾ ਵਿੰਗ ਦੀ ਸੂਬਾ ਪ੍ਰਧਾਨ ਸ੍ਰੀਮਤੀ ਗੀਟਾ ਰਾਣੀ, ਪ੍ਰੈੱਸ ਸਕੱਤਰ ਪ੍ਰਵੀਨ ਬਾਂਸਲ, ਸਤੀਸ਼ ਸਿੰਗਲਾ ਸੋਨੂੰ ਤੇ ਸੰਘ ਦੀ ਟੀਮ ਨੇ ਪੂਰਾ ਸਹਿਯੋਗ ਦਿੱਤਾ।

## ਸਿਟੀ ਮੀਡੀਆ ਪ੍ਰੈੱਸ ਕਲੱਬ ਦੀ ਮੀਟਿੰਗ

**ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)**- ਸਥਾਨਕ ਸਿਟੀ ਮੀਡੀਆ ਪ੍ਰੈੱਸ ਕਲੱਬ ਦੀ ਮੀਟਿੰਗ ਪ੍ਰਧਾਨ ਤਰੁਣ ਬਾਂਸਲ ਦੀ ਪ੍ਰਧਾਨਗੀ ਹੇਠ ਹੋਟਲ ਕੇ ਸੀ ਕਰਾਊਨ ਵਿਖੇ ਹੋਈ, ਜਿਸ ਵਿੱਚ ਮੀਡੀਆ ਨੂੰ ਦਰਪੇਸ਼ ਸਮੱਸਿਆਵਾਂ 'ਤੇ ਵਿਚਾਰ ਵਟਾਂਦਰਾ ਕੀਤਾ ਗਿਆ ਤੇ ਵੱਖ ਵੱਖ ਮੈਂਬਰਾਂ ਨੇ ਵਿਚਾਰ ਰੱਖੇ।ਮੀਟਿੰਗ ਵਿੱਚ ਪੱਤਰਕਾਰਤਾ ਦੇ ਫੀਲਡ ਵਿੱਚ ਸੇਵਾਵਾਂ ਦੇਣ ਦੇ ਨਾਲ ਨਾਲ



ਸਮਾਜ ਸੇਵਾ ਦੇ ਕੰਮ ਕਰਨ ਲਈ ਵੀ ਕੰਮ ਕਰਨ ਦਾ ਫੈਸਲਾ ਕੀਤਾ ਗਿਆ। ਮੀਟਿੰਗ ਵਿੱਚ ਬੀਤੇ ਸਮੇ ਅੰਦਰ ਛੋਟੇ ਸਾਹਿਬਜ਼ਾਦਿਆਂ ਦੀ ਯਾਦ ਵਿੱਚ ਲਗਾਏ ਗਏ ਲੰਗਰ ਲਈ ਸਾਰੇ ਮੈਂਬਰਾਂ ਤੇ ਲੰਗਰ ਵਿੱਚ ਆਉਣ ਵਾਲੇ ਸਾਰੇ ਸਾਥੀਆਂ ਦਾ ਧੰਨਵਾਦ ਕੀਤਾ ਗਿਆ।ਇਸ ਮੌਕੇ ਕਲੱਬ ਦੇ ਜਨਰਲ ਸਕੱਤਰ ਸ੍ਰੀ ਆਰ ਐੱਨ ਕਾਂਸਲ ਦੀਆਂ ਕਲੱਬ ਤੇ ਸਮਾਜ ਪ੍ਰਤੀ ਸੇਵਾਵਾਂ ਨੂੰ ਯਾਦ ਕੀਤਾ ਗਿਆ ਤੇ ਸ਼ਰਧਾਂਜਲੀ ਭੇਟ ਕੀਤੀ ਗਈ। ਮੀਟਿੰਗ ਵਿੱਚ ਪ੍ਰਧਾਨ ਤਰੁਣ ਬਾਂਸਲ, ਭਗਵੰਤ ਸਿੰਘ ਚੰਦੜ, ਅਜੈਬ ਸਿੰਘ ਮੋਰਾਂਵਾਲੀ, ਕ੍ਰਿਸ਼ਨ ਸੰਦੋਹਾ, ਅਰੁਣ ਬਾਂਸਲ, ਕਰਮ ਸਿੰਘ ਥਿੰਦ, ਮੰਗਤ ਰਾਏ, ਪ੍ਰਦੀਪ ਕੁਮਾਰ, ਆਸ਼ੂ ਡੋਗਰਾ, ਕੁਲਦੀਪ ਖੀਪਲ, ਅਸ਼ੋਕ ਕੁਮਾਰ ਬਾਂਸਲ, ਹਾਕਮ ਸਿੰਘ ਭੱਟੀ, ਅਸ਼ੋਕ ਸਿੰਗਲਾ, ਵਿਕਰਮ ਸ਼ਰਮਾ ਤੇ ਸ਼ੈਲੀ ਬਾਂਸਲ ਹਾਜ਼ਰ ਸਨ।

# ਹਿਮਾਚਲ ਵਿੱਚ ਵਧੀ ਐਂਟਰੀ ਫੀਸ 'ਤੇ ਕਾਂਗਰਸ ਦੀ ਖਾਮੋਸ਼ੀ ਸਵਾਲਾਂ ਦੇ ਘੇਰੇ 'ਚ : ਧਨੇੜਾ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**

ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਆਗੂ ਅਤੇ ਗੁੱਜਰ ਮਹਾਸਭਾ ਪੰਜਾਬ ਦੇ ਪ੍ਰਧਾਨ ਰਤਨ ਕੁਮਾਰ ਧਨੇੜਾ ਨੇ ਕਿਹਾ ਹੈ ਕਿ ਕਾਂਗਰਸ ਪਾਰਟੀ ਇੱਕ ਪਾਸੇ ਰੈਲੀਆਂ ਕਰਕੇ ਮਹਿੰਗਾਈ ਵਧਣ ਦੇ ਦੋਸ਼ ਲਗਾਉਂਦੀ ਹੈ ਪਰ ਦੂਜੇ ਪਾਸੇ ਪੰਜਾਬ ਦੇ ਗੁਆਂਢੀ ਸੂਬੇ ਹਿਮਾਚਲ ਪ੍ਰਦੇਸ਼ ਵਿੱਚ ਵਧਾਈ ਗਈ ਐਂਟਰੀ ਫੀਸ ਉੱਤੇ ਖਾਮੋਸ਼ੀ ਅਖਤਿਆਰ ਕੀਤੀ ਹੋਈ ਹੈ।



ਉਹਨਾਂ ਕਿਹਾ ਕਿ ਹਿਮਾਚਲ ਵਿੱਚ ਕਾਂਗਰਸ ਸਰਕਾਰ ਵੱਲੋਂ ਆਮ ਲੋਕਾਂ ਉੱਤੇ ਕਈ ਗੁਣਾ ਵਾਧੂ ਆਰਥਿਕ ਭਾਰ ਪਾਇਆ ਜਾ ਰਿਹਾ ਹੈ, ਜਿਸ ਨਾਲ ਸੂਬੇ ਵਿੱਚ ਆਉਣ ਜਾਣ ਵਾਲੇ ਲੋਕ ਪ੍ਰਭਾਵਿਤ ਹੋ ਰਹੇ ਹਨ।ਰਤਨ ਕੁਮਾਰ ਧਨੇੜਾ ਨੇ ਦੱਸਿਆ ਕਿ ਜੋ ਐਂਟਰੀ ਟੈਕਸ ਪਹਿਲਾਂ 30 ਰੁਪਏ ਸੀ, ਕਾਂਗਰਸ ਸਰਕਾਰ ਦੇ ਆਉਣ ਤੋਂ ਬਾਅਦ ਉਸ ਨੂੰ 70 ਰੁਪਏ ਕਰ ਦਿੱਤਾ ਗਿਆ ਅਤੇ ਹੁਣ ਇਸੇ ਟੈਕਸ ਨੂੰ ਵਧਾ ਕੇ 130 ਰੁਪਏ ਤੱਕ ਪਹੁੰਚਾ ਦਿੱਤਾ ਗਿਆ ਹੈ। ਉਹਨਾਂ ਇਸ ਵਾਧੇ ਨੂੰ ਜਜ਼ੀਆ ਟੈਕਸ ਕਰਾਰ ਦਿੰਦਿਆਂ ਕਿਹਾ ਕਿ ਇਸ ਤਰ੍ਹਾਂ ਦੇ ਵਾਧੇ ਨਾਲ ਆਮ ਆਦਮੀ ਦਾ ਕਚੂੰਮਰ ਕੱਢਿਆ ਜਾ ਰਿਹਾ ਹੈ। ਉਹਨਾਂ ਕਿਹਾ ਕਿ ਸੀਟਾਂ ਦੇ ਹਿਸਾਬ ਨਾਲ ਲਗਾਇਆ ਜਾ ਰਿਹਾ ਵਾਧੂ ਟੈਕਸ ਜਨਤਾ ਤੇ ਥੋਪਣਾ ਬੇਇਨਸਾਫੀ ਹੈ ਅਤੇ ਇਹ ਲੋਕਾਂ ਨਾਲ ਧੋਖਾ ਹੈ।ਇਹ ਹੈਰਾਨੀ ਦੀ ਗੱਲ ਹੈ ਕਿ ਨੈਸ਼ਨਲ ਹਾਈਵੇ ਉੱਤੇ ਇੰਨਾ ਟੈਕਸ ਨਹੀਂ ਜਿੰਨਾ ਹਿਮਾਚਲ ਐਂਟਰੀ ਤੇ ਲਗਾਇਆ ਜਾ ਰਿਹਾ ਹੈ। ਉਹਨਾਂ ਕਿਹਾ ਕਿ ਇਹ ਫੈਸਲਾ ਵਪਾਰੀਆਂ, ਯਾਤਰੀਆਂ ਅਤੇ ਸਧਾਰਣ ਪਰਵਾਰਾਂ ਲਈ ਚਿੰਤਾ ਦਾ ਕਾਰਨ ਬਣਿਆ ਹੋਇਆ ਹੈ।ਰਤਨ ਕੁਮਾਰ ਧਨੇੜਾ ਨੇ ਮੰਗ ਕੀਤੀ ਕਿ ਹਿਮਾਚਲ ਸਰਕਾਰ ਵਧਾਇਆ ਗਿਆ ਐਂਟਰੀ ਟੈਕਸ ਤੁਰੰਤ ਵਾਪਸ ਲਵੇ ਤਾਂ ਜੋ ਆਮ ਜਨਤਾ ਨੂੰ ਰਾਹਤ ਮਿਲ ਸਕੇ।

# ਡਿਪਟੀ ਸਪੀਕਰ ਨੇ ਕਲੱਬ ਨੂੰ 10 ਲੱਖ ਰੁਪਏ ਦਾ ਦਿੱਤਾ ਚੈੱਕ

**ਜੇਜੋਂ ਦੋਆਬਾ, (ਨਿਰਮਲ ਸਿੰਘ ਮੁੱਗੋਵਾਲ)**

ਪ੍ਰਿੰਸੀਪਲ ਹਰਭਜਨ ਸਿੰਘ ਸਪੋਰਟਿੰਗ ਕਲੱਬ ਮਾਹਿਲਪੁਰ ਵੱਲੋਂ ਕਲੱਬ ਦੇ ਪ੍ਰਧਾਨ ਕੁਲਵੰਤ ਸਿੰਘ ਸੰਘਾ ਦੀ ਅਗਵਾਈ ਹੇਠ ਐੱਨ ਆਰ ਆਈ ਤੇ ਖੇਡ ਪ੍ਰੇਮੀਆਂ ਦੇ ਸਹਿਯੋਗ ਨਾਲ 63ਵੇਂ ਪ੍ਰਿੰਸੀਪਲ ਹਰਭਜਨ ਸਿੰਘ ਮੈਮੋਰੀਅਲ ਫੁਟਬਾਲ ਟੂਰਨਾਮੈਂਟ ਦਾ ਆਯੋਜਨ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ ਦੇ ਸਟੇਡੀਅਮ ਵਿੱਚ ਹੋਇਆ। ਫਾਈਨਲ ਮੁਕਾਬਲੇ ਵਿੱਚ ਸਾਬਕਾ ਕੇਂਦਰੀ ਮੰਤਰੀ ਵਿਜੇ ਸਾਂਪਲਾ ਤੇ ਸਰਦਾਰ ਜੈ ਕ੍ਰਿਸ਼ਨ ਸਿੰਘ ਰੌੜੀ ਡਿਪਟੀ ਸਪੀਕਰ ਪੰਜਾਬ ਵਿਧਾਨ ਸਭਾ ਵਿਧਾਇਕ ਹਲਕਾ ਗੜ੍ਹਸ਼ੰਕਰ ਨੇ ਮੁੱਖ ਮਹਿਮਾਨ ਦੇ ਤੌਰ 'ਤੇ ਸ਼ਿਰਕਤ ਕੀਤੀ। ਇਸ ਮੌਕੇ ਸਾਬਕਾ ਕੇਂਦਰੀ ਮੰਤਰੀ ਵਿਜੇ ਸਾਂਪਲਾ ਨੇ ਪ੍ਰਬੰਧਕਾਂ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਮਾਹਿਲਪੁਰ ਨੂੰ ਫੁੱਟਬਾਲ ਦੀ ਨਰਸਰੀ ਦੇ ਤੌਰ ਤੇ ਜਾਣਿਆ ਜਾਂਦਾ ਹੈ। ਇਸ ਮੌਕੇ ਸਰਦਾਰ ਜੈ ਕ੍ਰਿਸ਼ਨ ਸਿੰਘ ਰੌੜੀ ਵੱਲੋਂ ਪ੍ਰਿੰਸੀਪਲ ਹਰਭਜਨ ਸਿੰਘ ਸਪੋਰਟਿੰਗ ਕਲੱਬ ਨੂੰ 10 ਲੱਖ ਰੁਪਏ ਦਾ ਚੈੱਕ ਦਿੱਤਾ ਗਿਆ। ਉਹਨਾਂ ਕਿਹਾ ਕਿ ਪੰਜਾਬ ਸਰਕਾਰ ਨੌਜਵਾਨਾਂ ਨੂੰ ਨਸ਼ਿਆਂ ਤੇ ਸਮਾਜਿਕ ਬੁਰਾਈਆਂ ਤੋਂ ਬਚਾਉਣ ਲਈ ਖੇਡਾਂ ਨੂੰ ਉਤਸ਼ਾਹਿਤ ਕਰ ਰਹੀ ਹੈ। ਕਾਲਜ ਵਰਗ ਦੇ ਖੇਡੇ ਗਏ ਮੈਚ ਵਿੱਚ ਐੱਸ ਜੀ ਜੀ ਐੱਸ ਖਾਲਸਾ ਕਾਲਜ ਮਾਹਿਲਪੁਰ ਦੀ ਟੀਮ ਨੇ ਡੀ ਏ ਵੀ ਕਾਲਜ ਜਲੰਧਰ ਦੀ ਟੀਮ ਨੂੰ ਪਲਾਨਟੀ ਕਿੱਕ ਨਾਲ ਹਰਾ ਕੇ ਜਿੱਤ ਪ੍ਰਾਪਤ ਕੀਤੀ। ਦੂਸਰੇ ਕਲੱਬ ਵਰਗ ਦੇ ਮੈਚਾਂ ਵਿੱਚ ਸੀ ਆਈ ਐੱਸ ਐਫ ਕਲੱਬ ਦਿੱਲੀ ਨੇ ਆਰ ਸੀ ਐੱਫ ਕਪੂਰਥਲਾ ਦੀ ਟੀਮ ਨੂੰ 2-1 ਨਾਲ ਹਰਾ ਕੇ ਜਿੱਤ ਪ੍ਰਾਪਤ ਕੀਤੀ। ਪ੍ਰਬੰਧਕਾਂ ਦੁਆਰਾ ਜੇਤੂ ਟੀਮ ਨੂੰ 3 ਲੱਖ ਰੁਪਏ ਤੇ ਨਗਦ ਰਾਸ਼ੀ ਅਤੇ ਉਪਜੇਤੂ ਟੀਮ ਨੂੰ 2 ਲੱਖ ਰੁਪਏ ਦੇ ਨਗਦ ਰਾਸ਼ੀ ਅਤੇ ਸ਼ਾਨਦਾਰ ਟਰਾਫੀ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਕਲੱਬ ਦੇ ਪ੍ਰਧਾਨ ਕੁਲਵੰਤ ਸਿੰਘ ਸੰਘਾ ਨੇ ਇਸ ਟੂਰਨਾਮੈਂਟ ਦੇ ਸਹਿਯੋਗੀ ਸੱਜਣਾਂ, ਐੱਨ ਆਰ ਆਈ ਤੇ ਖੇਡ ਪ੍ਰੇਮੀਆਂ ਦਾ ਧੰਨਵਾਦ ਕੀਤਾ। ਇਸ ਮੌਕੇ ਚਰਨਜੀਤ ਸਿੰਘ ਚੰਨੀ ਓ ਐੱਸ ਡੀ, ਦਵਿੰਦਰ ਸਿੰਘ ਸੈਣੀ ਪ੍ਰਧਾਨ ਨਗਰ ਪੰਚਾਇਤ ਮਾਹਿਲਪੁਰ,ਪ੍ਰਿੰਸੀਪਲ ਡਾਕਟਰ ਪਰਵਿੰਦਰ ਸਿੰਘ, ਦਲਜੀਤ ਸਿੰਘ ਬੈਂਸ, ਤਜਿੰਦਰ ਕੁਮਾਰ ਸਾਬਕਾ ਕਪਤਾਨ ਭਾਰਤੀ ਫੁਟਬਾਲ ਟੀਮ, ਵਿੰਗ ਕਮਾਂਡਰ ਹਰਦੀਪ ਸਿੰਘ ਢਿੱਲੋਂ, ਰਿਟਾਇਰਡ ਐੱਸ ਪੀ ਸਵਿੰਦਰਜੀਤ ਸਿੰਘ ਬੈਂਸ, ਡਾ. ਪਰਮਜੀਤ ਕੈਂਡੋਵਾਲ, ਬਲਜਿੰਦਰ ਮਾਨ, ਐਮ.ਸੀ ਅਸ਼ੋਕ ਕੁਮਾਰ ਬਿੱਲਾ, ਕਿਸਾਨ ਆਗੂ ਤਲਵਿੰਦਰ ਸਿੰਘ ਹੀਰ, ਡਾ. ਰਾਜ ਕੁਮਾਰ, ਸੁਹੇਲ ਗਾਂਧੀ, ਇੰਜੀਨੀਅਰ ਤਰਲੋਚਨ ਸਿੰਘ ਸੰਧੂ, ਅਜੀਤ ਸਿੰਘ ਖਾਬੜਾ, ਸਤਪ੍ਰਕਾਸ਼ ਸਿੰਘ ਕਨੇਡਾ, ਅਮਰੀਕ ਸਿੰਘ ਬੈਂਸ, ਹਰਨੰਦਨ ਸਿੰਘ, ਸੇਵਕ ਸਿੰਘ ਬੈਂਸ, ਰੁਪਿੰਦਰ ਜੋਤ ਸਿੰਘ ਬੱਬੂ, ਜਗਜੀਤ ਸਿੰਘ ਗਣੇਸ਼ਪੁਰ, ਕੋਚ ਬੰਦਨਾ ਸਿੰਘ ਸਮੇਤ ਇਲਾਕੇ ਦੇ ਖੇਡ ਪ੍ਰੇਮੀ ਅਤੇ ਪ੍ਰਮੁੱਖ ਸ਼ਖਸ਼ੀਅਤਾਂ ਹਾਜ਼ਰ ਸਨ।



# ਐੱਨ ਜੀ ਟੀ ਵੱਲੋਂ ਡੀਸਿਲਟਿੰਗ ਕਰਨ 'ਤੇ ਲਗਾਈ ਪਾਬੰਦੀ ਦਾ ਸਵਾਗਤ

**ਨੰਗਲ (ਸੁਰਜੀਤ ਸਿੰਘ ਢੇਰ)**-

17 ਫਰਵਰੀ ਨੂੰ ਨੈਸ਼ਨਲ ਗਰੀਨ ਟ੍ਰਿਬਿਊਨਲ ਐੱਨ ਜੀ ਟੀ ਨੇ ਪੰਜਾਬ ਸਮੇਤ ਰੋਪੜ ਜਿਲੇ ਵਿੱਚ ਡੀਸਿਲਟਿੰਗ ਨਾ ਤੇ ਹੋ ਰਹੀ ਗੈਰ ਕਾਨੂੰਨੀ ਮਾਈਨਿੰਗ ਰੋਕਣ ਦੇ ਪੰਜਾਬ ਸਰਕਾਰ ਨੂੰ ਜੋ ਹੁਕਮ ਦਿੱਤੇ ਹਨ। ਉਸ ਦਾ ਇਲਾਕਾ ਸੰਘਰਸ਼ ਕਮੇਟੀ ਨੇ ਜ਼ੋਰਦਾਰ ਸਵਾਗਤ ਕਰਦਿਆਂ ਕਿਹਾ ਹੈ ਕਿ ਸ੍ਰੀ ਅਨੰਦਪੁਰ ਸਾਹਿਬ ਦੇ ਮੰਤਰੀ ਤੇ ਰੋਪੜ ਦੇ ਵਿਧਾਇਕ ਹੁਣ ਆਪਣਾ ਵਾਅਦਾ ਪੂਰਾ ਕਰਨ। ਇਲਾਕੇ ਵਿੱਚ ਡੀਸਿਲਟਿੰਗ ਦੇ ਨਾਂ ਤੇ ਹੋ ਰਹੀ ਮਾਈਨਿੰਗ ਨੂੰ ਰੋਕਣ ਲਈ ਫੌਰੀ ਤੌਰ ਤੇ ਕਦਮ ਚੁੱਕਣ।ਇੱਥੇ ਇਲਾਕਾ ਸੰਘਰਸ਼ ਕਮੇਟੀ ਦੇ ਪ੍ਰਧਾਨ ਹਰਦੇਵ ਸਿੰਘ ਐਲਗਰਾ, ਸੀਨੀਅਰ ਆਗੂ ਟਿੱਕਾ ਯਸ਼ਵੀਰ ਚੰਦ ਭਲਾਣ, ਐਡਵੋਕੇਟ ਵਿਸ਼ਾਲ ਸੈਣੀ ਭਨਾਮ, ਕਾਮਰੇਡ ਸੁਰਜੀਤ ਸਿੰਘ ਢੇਰ, ਪ੍ਰੇਮ ਕੁਮਾਰ ਸ਼ਰਮਾ,ਬਜਿੰਦਰ ਪੰਡਤ ਨੇ ਪ੍ਰੈਸ ਨੂੰ ਜਾਰੀ ਬਿਆਨ ਚ ਦੱਸਿਆ ਕਿ ਐੱਨ ਜੀ ਟੀ ਆਪਣਾ ਇੱਕ ਮਹੱਤਵਪੂਰਨ ਫੈਸਲਾ ਕਰਦਿਆਂ ਰੋਪੜ ਜ਼ਿਲ੍ਹੇ ਸਮੇਤ ਹੋਰ ਜ਼ਿਲ੍ਹਿਆਂ ਵਿੱਚ ਡੀਸਿਲਟਿੰਗ ਦੇ ਨਾਂ ਤੇ ਹੋ ਰਹੀ ਗੈਰ ਕਾਨੂੰਨੀ ਮਾਈਨਿੰਗ ਨੂੰ ਬੰਦ ਕਰਨ ਦਾ ਹੁਕਮ ਦਿੱਤਾ ਹੈ। ਕਿਉਂਕਿ ਡੀਸਿਲਟਿੰਗ ਦੇ ਨਾਂ ਤੇ ਵੱਡੇ ਪੱਧਰ ਤੇ ਰਾਤ ਨੂੰ ਗੈਰ ਕਾਨੂੰਨੀ ਮਾਈਨਿੰਗ ਕਰਕੇ ਸਰਕਾਰੀ ਖਜ਼ਾਨੇ ਨੂੰ ਬਹੁਤ ਵੱਡਾ ਚੂਨਾ ਮਾਈਨਿੰਗ ਮਾਫੀਆ ਵੱਲੋਂ ਲਗਾਇਆ ਜਾ ਰਿਹਾ ਹੈ।ਆਗੂਆਂ ਨੇ ਕਿਹਾ ਕਿ ਪਾਣੀ ਦਾ ਪੱਧਰ ਲਗਾਤਾਰ ਥੱਲੇ ਜਾ ਰਿਹਾ, ਵਾਤਾਵਰਨ ਨੂੰ ਭਾਰੀ ਨੁਕਸਾਨ ਹੋ ਰਿਹਾ, ਇਲਾਕੇ ਦੀਆਂ ਉਪਜਾਊ ਜਮੀਨਾਂ ਬਰਬਾਦ ਹੋ ਰਹੀਆਂ ਹਨ। ਲੋਕਾਂ ਦੀਆਂ ਜਮੀਨਾਂ ਪਾਣੀ ਦੀ ਭੇਟ ਚੜ ਰਹੀਆਂ ਹਨ।ਇਸ ਮੌਕੇ ਤੇ ਕੇਵਲ ਕ੍ਰਿਸ਼ਨ, ਪ੍ਰੋਮਿਲਾ ਦੇਵੀ ਵੀ ਹਾਜ਼ਰ ਸਨ।



# ਕੈਬਨਿਟ ਮੰਤਰੀ ਨੇ ਸ਼ਾਮ ਚੁਰਾਸੀ ਦੇ ਵਿਕਾਸ ਕਾਰਜਾਂ ਦੀ ਪ੍ਰਗਤੀ 'ਤੇ ਕੀਤੀ ਸਮੀਖਿਆ ਮੀਟਿੰਗ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**

ਕੈਬਨਿਟ ਮੰਤਰੀ ਪੰਜਾਬ ਡਾ. ਰਵਜੋਤ ਸਿੰਘ ਨੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਅਧਿਕਾਰੀਆਂ ਨਾਲ ਵਿਧਾਨ ਸਭਾ ਹਲਕਾ ਸ਼ਾਮ ਚੁਰਾਸੀ ਵਿੱਚ ਚੱਲ ਰਹੇ ਵਿਕਾਸ ਕਾਰਜਾਂ ਦੀ ਪ੍ਰਗਤੀ ਦਾ ਜਾਇਜ਼ਾ ਲੈਣ ਲਈ ਇੱਕ ਵਿਸਥਾਰਤ ਮੀਟਿੰਗ ਕੀਤੀ।ਮੀਟਿੰਗ ਵਿੱਚ ਵਧੀਕ ਡਿਪਟੀ ਕਮਿਸ਼ਨਰ (ਜ) ਅਮਰਬੀਰ ਕੌਰ ਭੁੱਲਰ ਤੇ ਨਗਰ ਸੁਧਾਰ ਟਰੱਸਟ ਦੇ ਚੇਅਰਮੈਨ ਗੁਰਵਿੰਦਰ ਸਿੰਘ ਪਾਬਾਲਾ ਸਮੇਤ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ। ਮੀਟਿੰਗ ਦੀ ਸ਼ੁਰੂਆਤ ਵਿੱਚ ਕੈਬਨਿਟ ਮੰਤਰੀ ਨੇ ਲੋਕ ਨਿਰਮਾਣ ਵਿਭਾਗ ਤੇ ਮੰਡੀ ਬੋਰਡ ਵੱਲੋਂ ਹਲਕੇ ਵਿੱਚ ਕੀਤੇ ਜਾ ਰਹੇ ਵਿਕਾਸ ਕਾਰਜਾਂ ਦਾ ਜਾਇਜ਼ਾ ਲਿਆ। ਇਸ ਦੌਰਾਨ ਲੋਕ ਨਿਰਮਾਣ ਵਿਭਾਗ ਦੇ ਅਧਿਕਾਰੀਆਂ ਨੇ ਦੱਸਿਆ ਕਿ ਵਿਧਾਨ ਸਭਾ ਹਲਕੇ ਵਿੱਚ ਲਗਭਗ 151 ਸੜਕਾਂ 'ਤੇ ਕਰੀਬ 280 ਕਿਲੋਮੀਟਰ ਦੀ ਉਸਾਰੀ ਅਤੇ ਮੁਰੰਮਤ ਦਾ ਕੰਮ ਚੱਲ ਰਿਹਾ ਹੈ। ਕੈਬਨਿਟ ਮੰਤਰੀ ਨੇ ਅਧਿਕਾਰੀਆਂ ਨੂੰ ਹਦਾਇਤਾਂ ਕਰਦਿਆਂ ਕਿਹਾ ਕਿ ਪੈਂਡਿੰਗ ਪਏ ਕੰਮਾਂ ਨੂੰ ਤੁਰੰਤ ਸ਼ੁਰੂ ਕੀਤਾ ਜਾਵੇ ਅਤੇ ਜੋ ਕੰਮ ਚੱਲ ਰਹੇ ਹਨ, ਉਨ੍ਹਾਂ ਨੂੰ ਨਿਰਧਾਰਤ ਸਮਾਂ ਸੀਮਾ ਦੇ ਅੰਦਰ ਪੂਰਾ ਕਰਨ ਲਈ ਤੇਜ਼ੀ ਲਿਆਂਦੀ ਜਾਵੇ। ਉਨ੍ਹਾਂ ਕੰਢੀ ਖੇਤਰ ਵਿੱਚ ਜੰਗਲਾਤ ਵਿਭਾਗ ਨਾਲ ਸਬੰਧਤ ਸਮੱਸਿਆਵਾਂ ਵੱਲ ਵਿਸ਼ੇਸ਼ ਧਿਆਨ ਦੇਣ ਦੇ ਨਿਰਦੇਸ਼ ਵੀ ਦਿੱਤੇ ਅਤੇ ਕਿਹਾ ਕਿ ਵਾਤਾਵਰਣ ਸੁਰੱਖਿਆ ਦੇ ਨਾਲ-ਨਾਲ ਸਥਾਨਕ ਜ਼ਰੂਰਤਾਂ ਵਿਚਕਾਰ ਸੰਤੁਲਨ ਬਣਾਈ ਰੱਖਿਆ ਜਾਵੇ। ਬਿਜਲੀ ਵਿਭਾਗ ਨੂੰ ਵੱਖ-ਵੱਖ ਖੇਤਰਾਂ ਵਿਚ ਟ੍ਰਾਂਸਫਾਰਮਰ ਸਥਾਪਿਤ ਕਰਨ, ਨਵੀਆਂ ਬਿਜਲੀ ਲਾਈਨਾਂ ਵਿਛਾਉਣ ਅਤੇ ਢਿੱਲੀਆਂ ਤਾਰਾਂ ਨੂੰ ਕੱਸਣ ਸਮੇਤ ਬਿਜਲੀ ਸਪਲਾਈ ਨਾਲ ਸਬੰਧਤ ਸਮੱਸਿਆਵਾਂ ਦੇ ਹੱਲ ਵਿੱਚ ਤੇਜ਼ੀ ਲਿਆਉਣ ਦੇ ਨਿਰਦੇਸ਼ ਦਿੱਤੇ ਗਏ।




# ਸੇਂਟ ਸੋਲਜਰ ਸਕੂਲ ਵੱਲੋਂ ਵਿਦਾਇਗੀ ਪਾਰਟੀ



**ਜਲੰਧਰ (ਇਕਬਾਲ ਸਿੰਘ ਉਭੀ)**-ਸੇਂਟ ਸੋਲਜਰ ਡਿਵਾਈਨ ਪਬਲਿਕ ਸਕੂਲ ਮਾਡਲ ਹਾਊਸ ਵੱਲੋਂ ਦਸਵੀਂ ਤੇ ਬਾਰ੍ਹਵੀਂ ਜਮਾਤ (ਸੈਸ਼ਨ 2025-26) ਦੀ ਵਿਦਾਇਗੀ ਪਾਰਟੀ ਦਾ ਆਯੋਜਨ ਕੀਤਾ ਗਿਆ। ਵਿਦਿਆਰਥੀਆਂ ਨੇ ਡਾਂਸ ਪ੍ਰਦਰਸ਼ਨਾਂ ਰਾਹੀਂ ਮਾਹੌਲ ਨੂੰ ਖੁਸ਼ੀ ਨਾਲ ਭਰ ਕੇ ਆਪਣੀ ਖੁਸ਼ੀ ਅਤੇ ਏਕਤਾ ਦਾ ਪ੍ਰਗਟਾਵਾ ਕੀਤਾ। ਇਸ ਮੌਕੇ ਅਧਿਆਪਕਾਂ ਵਲੋਂ ਵਿਦਿਆਰਥੀਆਂ ਨੂੰ ਭਾਵਨਾਤਮਕ ਅਤੇ ਵਿਚਾਰਸ਼ੀਲ ਸ਼ਬਦਾਂ ਨਾਲ ਸੰਬੋਧਿਤ ਕੀਤਾ ਗਿਆ। ਉਨ੍ਹਾਂ ਨੂੰ ਯਾਦ ਦਿਵਾਇਆ ਗਿਆ ਕਿ 'ਜ਼ਿੰਦਗੀ ਤੁਹਾਨੂੰ ਜਿੱਥੇ ਵੀ ਲੈ ਜਾਵੇ, ਹਮੇਸ਼ਾ ਜ਼ਮੀਨ 'ਤੇ ਬਣੇ ਰਹੋ, ਰਿਸ਼ਤਿਆਂ ਦੀ ਕਦਰ ਕਰੋ, ਅਤੇ ਆਪਣੀਆਂ ਜੜ੍ਹਾਂ ਨੂੰ ਕਦੇ ਨਾ ਭੁੱਲੋ' ਉਨ੍ਹਾਂ ਨੂੰ ਵੱਡੇ ਸੁਪਨੇ ਦੇਖਣ, ਸਖ਼ਤ ਮਿਹਨਤ ਕਰਨ, ਇਮਾਨਦਾਰ ਰਹਿਣ ਅਤੇ ਹਿੰਮਤ ਅਤੇ ਵਿਸ਼ਵਾਸ ਨਾਲ ਹਰ ਚੁਣੌਤੀ ਦਾ ਸਾਹਮਣਾ ਕਰਨ ਲਈ ਉਤਸ਼ਾਹਿਤ ਕੀਤਾ ਗਿਆ। ਵਿਅਕਤੀਗਤਤਾ ਅਤੇ ਉੱਤਮਤਾ ਦੇ ਇੱਕ ਸ਼ਾਨਦਾਰ ਜਸ਼ਨ ਵਿੱਚ, ਵਿਦਿਆਰਥੀਆਂ ਦੇ ਵਿਲੱਖਣ ਗੁਣਾਂ ਅਤੇ ਸ਼ਖਸੀਅਤਾਂ ਦਾ ਸਨਮਾਨ ਕਰਨ ਲਈ ਵਿਸ਼ੇਸ਼ ਵਿਦਿਆਰਥੀ ਖਿਤਾਬ ਦਿੱਤੇ ਗਏ। ਮਿਸਟਰ ਫੇਅਰਵੈੱਲ ਹਰਪ੍ਰਤਾਪ ਸਿੰਘ ਨੂੰ, ਮਿਸ ਫੇਅਰਵੈੱਲ ਸਹਿਜਪ੍ਰੀਤ ਕੌਰ ਨੂੰ, ਮਿਸਟਰ ਸੇਂਟ ਸੋਲਜਰ ਮਿਕੁਲ ਨੂੰ, ਮਿਸ ਸੇਂਟ ਸੋਲਜਰ ਮਹਿਕ ਨੂੰ, ਤੇ ਸਟੂਡੈਂਟ ਆਫ਼ ਦ ਈਅਰ, ਹਾਰਦਿਕ, ਸ਼ਰੂਤੀ ਨੂੰ ਮਿਲਿਆ।

# ਨਹਿਰਾਂ ਨੂੰ ਸਾਫ-ਸੁਥਰਾ ਰੱਖਣਾ ਸਾਡਾ ਫਰਜ਼ : ਭੁਪਿੰਦਰ ਰਾਣਾ

**ਬਲਾਚੌਰ (ਜਸਵਿੰਦਰ ਬੈਂਸ)**-ਸ਼ਹੀਦ ਭਗਤ ਸਿੰਘ ਨਗਰ ਦੀ ਸਬ ਡਿਵੀਜ਼ਨ ਬਲਾਚੌਰ ਤੋਂ ਰਾਜਪੂਤ ਸਭਾ ਦੇ ਪ੍ਰਧਾਨ ਭੁਪਿੰਦਰ ਰਾਣਾ ਨੇ ਕਿਹਾ ਨਹਿਰਾਂ ਦੇ ਪਾਣੀ ਨੂੰ ਸਾਫ ਸੁਥਰਾ ਰੱਖਣਾ ਸਾਡਾ ਫਰਜ਼ ਹੈ। ਸੰਭਾਲ ਕਮੇਟੀ ਵੱਲੋਂ ਸ਼ਹਿਰ ਦੀ ਜੀਵਨ-ਰੇਖਾ ਮੰਨੀ ਜਾਂਦੀ ਨਹਿਰ ਦੀ ਮਾੜੀ ਹਾਲਤ ਨੂੰ ਦੇਖਦੇ ਹੋਏ ਸਮੂਹ ਸ਼ਹਿਰ ਵਾਸੀਆਂ ਨੂੰ ਇੱਕ ਗੰਭੀਰ ਚੇਤਾਵਨੀ ਅਤੇ ਅਪੀਲ ਜਾਰੀ ਕੀਤੀ ਗਈ ਹੈ। ਨਹਿਰ ਵਿੱਚ ਵਧ ਰਹੀ ਗੰਦਗੀ ਅਤੇ ਪਲਾਸਟਿਕ ਦੇ ਢੇਰਾਂ ਕਾਰਨ ਨਾ ਸਿਰਫ ਪਾਣੀ ਦੂਸ਼ਿਤ ਹੋ ਰਿਹਾ ਹੈ, ਸਗੋਂ ਇਹ ਭਵਿੱਖ ਵਿੱਚ ਪਾਣੀ ਦੇ ਵੱਡੇ ਸੰਕਟ ਦਾ ਸੰਕੇਤ ਵੀ ਹੈ।ਰਾਜਪੂਤ ਸਭਾ ਦੇ ਪ੍ਰਧਾਨ ਭੁਪਿੰਦਰ ਰਾਣੇ ਨੇ ਕਿਹਾ ਕਿ ਪਿਛਲੇ ਕੁਝ ਸਮੇਂ ਤੋਂ ਦੇਖਿਆ ਜਾ ਰਿਹਾ ਹੈ ਕਿ ਲੋਕ ਆਪਣੇ ਘਰਾਂ ਦਾ ਕੂੜਾ, ਪਲਾਸਟਿਕ ਦੇ ਲਿਫ਼ਾਫ਼ੇ ਅਤੇ ਪੂਜਾ ਸਮੱਗਰੀ ਸਿੱਧੀ ਨਹਿਰ ਵਿੱਚ ਸੁੱਟ ਰਹੇ ਹਨ। ਨਹਿਰ ਦਾ ਪਾਣੀ ਹੁਣ ਪੀਣ ਅਤੇ ਖੇਤੀ ਦੇ ਯੋਗ ਨਹੀਂ ਰਿਹਾ। ਪਲਾਸਟਿਕ ਕਾਰਨ ਪਾਣੀ ਦਾ ਕੁਦਰਤੀ ਵਹਾਅ ਰੁਕ ਰਿਹਾ ਹੈ, ਜਿਸ ਨਾਲ ਇਲਾਕੇ ਵਿੱਚ ਭਿਆਨਕ ਬਦਬੂ ਫੈਲ ਰਹੀ ਹੈ।

?ਪਾਣੀ ਦੇ ਪ੍ਰਦੂਸ਼ਣ ਕਾਰਨ ਮੱਛੀਆਂ ਅਤੇ ਹੋਰ ਜਲ-ਜੀਵ ਲਗਾਤਾਰ ਮਰ ਰਹੇ ਹਨ, ਜੋ ਵਾਤਾਵਰਨ ਦੇ ਸੰਤੁਲਨ ਲਈ ਵੱਡਾ ਖ਼ਤਰਾ ਹੈ। ?ਪ੍ਰਸ਼ਾਸਨ ਨੇ ਸਪੱਸ਼ਟ ਕੀਤਾ ਹੈ ਕਿ ਨਹਿਰ ਦੀ ਸਫਾਈ ਰੱਖਣਾ ਸਿਰਫ਼ ਸਰਕਾਰ ਦੀ ਜ਼ਿੰਮੇਵਾਰੀ ਨਹੀਂ, ਸਗੋਂ ਇਹ ਹਰ ਨਾਗਰਿਕ ਦਾ ਨੈਤਿਕ ਫਰਜ਼ ਹੈ। ਜੇਕਰ ਕੋਈ ਵੀ ਵਿਅਕਤੀ ਨਹਿਰ ਵਿੱਚ ਕੂੜਾ ਸੁੱਟਦਾ ਫੜਿਆ ਗਿਆ, ਤਾਂ ਉਸ ਵਿਰੁੱਧ ਭਾਰੀ ਜੁਰਮਾਨਾ ਅਤੇ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

# ਪੰਜਾਬੀ ਭਾਸ਼ਾ ਦੀ ਮਹੱਤਤਾ ਨੂੰ ਦਰਸਾਉਂਦਾ ਸਾਹਿਤਕ ਬਰੋਸ਼ਰ ਜਾਰੀ



**ਚੰਡੀਗੜ੍ਹ (ਗੁਰਜੀਤ ਬਿੱਲਾ)**-ਅੰਤਰਰਾਸ਼ਟਰੀ ਮਾਤ ਭਾਸ਼ਾ ਦਿਵਸ- 2026, ਜੋ ਹਰ ਸਾਲ 21 ਫਰਵਰੀ ਨੂੰ ਮਨਾਇਆ ਜਾਂਦਾ ਹੈ, ਦੀ ਮਹੱਤਤਾ ਨੂੰ ਮਾਨਤਾ ਦੇਣ ਅਤੇ ਮਾਂ ਬੋਲੀ ਪੰਜਾਬੀ ਨੂੰ ਹੋਰ ਪ੍ਰਫੁੱਲਿਤ ਕਰਨ ਲਈ ਪੰਜਾਬ ਦੇ ਮੁੱਖ ਸੂਚਨਾ ਕਮਿਸ਼ਨਰ ਇੰਦਰਪਾਲ ਸਿੰਘ ਧੰਨਾ ਵੱਲੋਂ ਰਾਜ ਸੂਚਨਾ ਕਮਿਸ਼ਨਰ ਹਰਪ੍ਰੀਤ ਸੰਧੂ, ਵਰਿੰਦਰਜੀਤ ਸਿੰਘ ਬਿਲਿੰਗ, ਡਾ. ਭੁਪਿੰਦਰ ਸਿੰਘ ਬਾਠ, ਸੰਦੀਪ ਸਿੰਘ ਧਾਲੀਵਾਲ, ਪੂਜਾ ਗੁਪਤਾ ਤੇ ਡੀ ਕੇ ਤਿਵਾੜੀ ਵਧੀਕ ਮੁੱਖ ਸਕੱਤਰ ਪੰਜਾਬ ਸਰਕਾਰ ਦੀ ਮੌਜੂਗੀ ਵਿੱਚ ਇੱਥੇ ਜਾਰੀ ਕੀਤਾ ਗਿਆ।ਇਹ ਸਾਹਿਤਕ ਬਰੋਸ਼ਰ ਰਾਜ ਸੂਚਨਾ ਕਮਿਸ਼ਨਰ, ਪੰਜਾਬ ਹਰਪ੍ਰੀਤ ਸੰਧੂ ਵੱਲੋਂ ਲਿਖਿਆ ਗਿਆ ਹੈ, ਜੋ ਅੰਤਰਰਾਸ਼ਟਰੀ ਮਾਤ ਭਾਸ਼ਾ ਦਿਵਸ-2026 ਦੇ ਥੀਮ 'ਬਹੁ-ਭਾਸ਼ਾਈ ਸਿੱਖਿਆ 'ਤੇ ਨੌਜਵਾਨਾਂ ਦੀ ਆਵਾਜ਼' ਨੂੰ ਉਜਾਗਰ ਕਰਦਿਆਂ ਸਮਾਜ ਦੇ ਵਿੱਚ ਮਾਂ ਬੋਲੀ "ਪੰਜਾਬੀ" ਨੂੰ ਮਾਨਤਾ ਦੇਣ ਅਤੇ ਸ਼ਾਨ ਬਹਾਲੀ ਦੀ ਲੋੜ 'ਤੇ ਜ਼ੋਰ ਦਿੰਦਾ ਹੈ।

# ਮੁੱਖ ਮੰਤਰੀ ਤੀਰਥ ਬੱਸ ਯੋਜਨਾ ਦੇ ਤਹਿਤ ਮੋਹਾਲੀ ਤੋਂ 5ਵੀਂ ਬੱਸ ਰਵਾਨਾ



**ਮੋਹਾਲੀ (ਗੁਰਜੀਤ ਬਿੱਲਾ)**

ਵਿਧਾਇਕ ਮੋਹਾਲੀ ਕੁਲਵੰਤ ਸਿੰਘ ਵੱਲੋਂ ਮੋਹਾਲੀ ਹਲਕੇ ਤੋਂ 5ਵੀਂ ਬੱਸ -ਤੀਰਥ ਬੱਸ ਯਾਤਰਾ ਯੋਜਨਾ ਦੇ ਤਹਿਤ ਰਵਾਨਾ ਕੀਤੀ ਗਈ, ਇਸ ਬੱਸ ਨੂੰ ਹਰੀ ਚੰਡੀ ਦੇਣ ਦੇ ਲਈ ਵਿਧਾਇਕ ਕੁਲਵੰਤ ਸਿੰਘ-ਮਟੌਰ ਵਿਖੇ ਪਹੁੰਚੇ, ਵਿਧਾਇਕ ਕੁਲਵੰਤ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਮੁੱਖ ਮੰਤਰੀ ਤੀਰਥ ਯਾਤਰਾ ਬਸ ਯੋਜਨਾ ਦੇ ਤਹਿਤ ਵਿਧਾਨ ਸਭਾ ਹਲਕਾ ਮੋਹਾਲੀ ਤੋਂ ਸ਼ਰਧਾਲੂਆਂ ਦੀ 5ਵੀਂ ਬੱਸ ਰਵਾਨਾ ਕੀਤੀ ਗਈ ਹੈ ਤੇ ਇਸ ਨੂੰ ਲੈ ਕੇ ਸ਼ਰਧਾਲੂਆਂ ਦੇ ਵਿੱਚ ਵਿੱਚ ਬੜੀ ਹੀ ਸ਼ਰਧਾ ਤੇ ਉਤਸ਼ਾਹ ਵੇਖਣ ਨੂੰ ਮਿਲਿਆ, ਜਿਸ ਦੇ ਚਲਦਿਆਂ ਉਹਨਾਂ ਨੂੰ ਬੇਹਦ ਸਕੂਨ ਅਤੇ ਤਸੱਲੀ ਦਾ ਅਹਿਸਾਸ ਹੋ ਰਿਹਾ ਹੈ। ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਵਿਧਾਇਕ ਕੁਲਵੰਤ ਸਿੰਘ ਨੇ ਦੱਸਿਆ ਕਿ ਅੰਮ੍ਰਿਤਸਰ ਕਿਉਂਕਿ ਸਭਨਾ ਧਰਮਾਂ ਦੇ ਕੇਂਦਰੀ ਸਥਾਨ ਵਜੋਂ ਗਿਣਿਆ ਜਾਂਦਾ ਹੈ ਤੇ ਇਹ ਸ਼ਰਧਾਲੂਆਂ ਦਾ ਜੱਥਾ ਦਰਬਾਰ ਸਾਹਿਬ, ਦੁਰਗਿਆਨਾ ਮੰਦਰ, ਰਾਮ ਤੀਰਥ ,ਵਾਲਮੀਕੀ ਮੰਦਰ , ਜਲਿਆਂਵਾਲਾ ਬਾਗ ਹੁੰਦਾ ਹੋਇਆ ਬਹਗਾ ਬਾਰਡਰ ਜਾਵੇਗਾ, ਇਹਨਾਂ ਸ਼ਰਧਾਲੂਆਂ ਦੇ ਆਉਣ-ਜਾਣ ਤੇ ਰਿਹਾਇਸ਼ ਦਾ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਦੀ ਸੂਬਾ ਸਰਕਾਰ ਵੱਲੋਂ ਲੋੜੀਂਦਾ ਅਤੇ ਢੁਕਵਾਂ ਪ੍ਰਬੰਧ ਕੀਤਾ ਗਿਆ।

# ਅੱਖਾਂ ਦਾ ਮੁਫਤ ਅਪ੍ਰੇਸ਼ਨ ਕੈਂਪ ਸਮਾਪਤ

**ਆਦਮਪੁਰ (ਪਰਮਜੀਤ ਸਿੰਘ)**

ਲਾਇਨਜ਼ ਕਲੱਬ ਆਦਮਪੁਰ ਦੋਆਬਾ ਵੱਲੋਂ ਲਾਇਨਜ਼ ਆਈ ਹਸਪਤਾਲ ਚੈਰੀਟੇਬਲ ਸੁਸਾਇਟੀ ਦੀ ਦੇਖ ਰੇਖ ਹੇਠ ਲਾਇਨਜ਼ ਕਲੱਬ ਵੈਨਸਟੇਡ ਅਤੇ ਵੁਡਫੋਰਡ ਦੇ ਸਹਿਯੋਗ ਨਾਲ 45 ਵਾਂ ਅੱਖਾਂ ਦਾ ਮੁਫ਼ਤ ਅਪਰੇਸ਼ਨ ਕੈਂਪ ਸਮਾਪਤ ਹੋਇਆ।ਇਸ ਸਬੰਧੀ ਜਾਣਕਾਰੀ ਦਿੰਦਿਆਂ ਹਸਪਤਾਲ ਦੇ ਚੇਅਰਮੈਨ ਦਸ਼ਵਿੰਦਰ ਚਾਂਦ ਨੇ ਦੱਸਿਆ ਕਿ ਕੈਂਪ ਦੌਰਾਨ ਮਾਹਿਰ ਡਾਕਟਰਾਂ ਦੀ ਟੀਮ ਵੱਲੋਂ 690 ਮਰੀਜ਼ਾਂ ਦੇ ਅਪਰੇਸ਼ਨ ਕੀਤੇ ਗਏ।ਉਨ੍ਹਾਂ ਦੱਸਿਆ ਕਿ ਇਸ ਕੈਂਪ ਦੌਰਾਨ 7 ਬੱਚਿਆਂ ਦੇ ਭੈਂਗਾਪਨ ਦੇ ਸਕਿੰਟ ਅਪਰੇਸ਼ਨ ਵੀ ਮੁਫ਼ਤ ਕੀਤੇ ਗਏ ਤੇ 12 ਜ਼ਰੂਰਤਮੰਦਾਂ ਨੂੰ ਟ੍ਰਾਈ ਸਾਈਕਲ ਵੀ ਮੁਫ਼ਤ ਦਿੱਤੇ ਗਏ। ਸਮਾਪਤੀ ਸਮਾਗਮ ਦੌਰਾਨ ਮੁੱਖ ਮਹਿਮਾਨ ਵਜੋਂ ਹਲਕਾ ਵਿਧਾਇਕ ਸੁਖਵਿੰਦਰ ਕੋਟਲੀ,ਵਿਸ਼ੇਸ਼ ਮਹਿਮਾਨ ਵਜੋਂ ਲਾਇਨ ਕਲੱਬ ਦੇ ਜ਼ਿਲ੍ਹਾ ਗਵਰਨਰ ਵੀ.ਐਮ.ਗੋਇਲ, ਉਪ ਗਵਰਨਰ ਜੀ ਐੱਸ ਭਾਟੀਆ ਤੇ ਰਾਜੀਵ ਖੋਸਲਾ ਵੀ ਸ਼ਾਮਿਲ ਹੋਏ। ਇਨ੍ਹਾਂ ਦੇ ਨਾਲ ਨਾਲ ਵਿਸ਼ੇਸ਼ ਤੌਰ ਤੇ ਇਸ ਕੈਂਪ ਵਿੱਚ ਸ਼ਾਮਲ ਹੋਣ ਆਏ ਲਾਇਨਜ਼ ਕਲੱਬ ਵੈਨਸਟੇਡ ਅਤੇ ਵੁਡਫੋਰਡ ਦੇ ਪ੍ਰਧਾਨ ਬਲਜਿੰਦਰ ਕੌਰ, ਖਜਾਨਚੀ ਕੁਲਵੀਰ ਸਿੰਘ, ਸਾਬਕਾ ਪ੍ਰਧਾਨ ਕੁਲਦੀਪ ਸਿੰਘ ਝੀਤਾ,ਦਲਜੀਤ ਕੌਰ ਝੀਤਾ, ਦਵਿੰਦਰ ਕੌਰ ਬਾਹਰਾ, ਅਮਰੀਕ ਸਿੰਘ ਸੰਧੂ, ਮੌਂਟੀ ਵਾਸ, ਜਤਿੰਦਰ ਸਿੰਘ, ਅਮਰਜੀਤ ਕੌਰ ਨੇ ਕਿਹਾ ਕਿ ਇਹ ਆਦਮਪੁਰ ਕਲੱਬ ਨਾਲ ਉਨ੍ਹਾਂ ਦਾ ਲਗਾਤਾਰ 8 ਵਾਂ ਕੈਂਪ ਹੈ ਤੇ ਇਸ ਵਾਰ ਉਹ ਆਪ ਵੀ ਲਗਾਤਾਰ ਅੱਠ ਦਿਨ ਸੇਵਾ ਕਾਰਜਾਂ ਦੌਰਾਨ ਹਾਜ਼ਰ ਰਹੇ ਹਨ। ਇਸ ਮੌਕੇ ਹਲਕਾ ਵਿਧਾਇਕ ਕੋਟਲੀ ਨੇ ਵੀ ਇੰਨੇ ਵੱਡੇ ਪੱਧਰ ਤੇ ਲਗਾਤਾਰ ਹੋ ਰਹੀ ਸੇਵਾ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਹ ਸੇਵਾ ਸਮੂਹ ਮੈਂਬਰਾਂ ਦੀ ਸਮਰਪਿਤ ਭਾਵਨਾ ਨੂੰ ਦਰਸਾਉਂਦੀ ਹੈ ਕਿ ਉਹ ਆਪਣੇ ਸੰਸਥਾ ਦੇ ਮੁੱਖ ਟੀਚੇ ਨੂੰ ਪੂਰੀ ਤਨਦੇਹੀ ਨਾਲ ਪੂਰਾ ਕਰ ਰਹੇ ਹਨ।ਇਸ ਮੌਕੇ ਵਿਸ਼ੇਸ਼ ਤੌਰ ਹਸਪਤਾਲ ਦੇ ਚੇਅਰਮੈਨ ਦਸ਼ਵਿੰਦਰ ਚਾਂਦ ਅਤੇ ਤੇ ਆਦਮਪੁਰ ਕਲੱਬ ਦੇ ਪ੍ਰਧਾਨ ਰਾਕੇਸ਼ ਚੋਢਾ ਨੇ ਸਭਨਾਂ ਦਾ ਧੰਨਵਾਦ ਵੀ ਕੀਤਾ।ਕੈਂਪ ਦੇ ਸਮਾਪਤੀ ਸਮਾਗਮ ਮੌਕੇ ਹਸਪਤਾਲ ਦੇ ਵਾਈਸ ਚੇਅਰਮੈਨ ਅਮਰਜੀਤ ਸਿੰਘ ਭੋਗਪੁਰੀਆ,ਜਗਦੀਸ਼ ਲਾਲ ਪਸਰੀਚਾ, ਰਘਵੀਰ ਸਿੰਘ ਵਿਰਦੀ,ਕਲ. ਮੋਹਨ ਲਾਲ ਸ਼ਾਰਦਾ, ਰਾਜ ਕੁਮਾਰ ਪਾਲ, ਗੋਵਿੰਦਰ ਵਰਮਾ, ਅੰਮ੍ਰਿਤ ਪਾਲ ਸਿੰਘ, ਸੁਸ਼ੀਲ ਡੋਗਰਾ, ਵਿਨੋਦ ਟੰਡਨ, ਹਰਵਿੰਦਰ ਸਿੰਘ ਪਰਹਾਰ, ਅਕਸ਼ਰਦੀਪ ਸ਼ਰਮਾ, ਕੁਲਵੀਰ ਸਿੰਘ, ਬਲਰਾਮ ਵਰਮਾ, ਐੱਸ ਐੱਲ ਭਾਟੀਆ, ਸੁਖਦੇਵ ਸਿੰਘ ਰੂਪਰਾ, ਖੜਕ ਸਿੰਘ, ਰਜਿੰਦਰ ਪ੍ਰਸ਼ਾਦ, ਹਰਿੰਦਰ ਸਿੰਘ ਬਾਂਸਲ, ਵਿਕਰਮ ਟੰਡਨ ਤੇ ਹੋਰ ਮੈਂਬਰ ਹਾਜ਼ਰ ਸਨ।



# ਗਗਨਦੀਪ ਸ਼ੇਰਗਿੱਲ ਨੇ ਰਾਸ਼ਟਰੀ ਵੇਟ ਲਿਫਟਿੰਗ ਚੈਂਪੀਅਨਸ਼ਿਪ 'ਚ ਪੰਜਾਬ ਦਾ ਨਾਂਅ ਕੀਤਾ ਰੌਸ਼ਨ



**ਫਗਵਾੜਾ (ਡਾ ਰਮਨ)**

ਦੁਆਬੇ ਦੇ ਪ੍ਰਸਿੱਧ ਨਗਰ ਧਨੀ ਪਿੰਡ ਲਖਨਪਾਲ ਦੇ ਗਗਨਦੀਪ ਸਿੰਘ ਸ਼ੇਰਗਿੱਲ ਭਾਰ ਤੋਲਕ ਨੇ ਮੋਦੀ ਨਗਰ ਵਿਖੇ ਰਾਸ਼ਟਰੀ ਵੇਟ ਲਿਫਟਿੰਗ ਚੈਂਪੀਅਨਸ਼ਿਪ ਚ +110 ਕਿਲੋ ਭਾਰ ਵਰਗ ਵਿੱਚ ਮੀਨੀ ਸਟੇਟ ਮੁਕਾਬਲਿਆ ਚ ਚਾਂਦੀ ਦਾ ਮੈਡਲ ਅਤੇ ਸੀਨੀਅਰ ਨੈਸ਼ਨਲ ਚੈਂਪੀਅਨਸ਼ਿਪ ਚ ਕਾਂਸੇ ਦਾ ਮੈਡਲ ਜਿੱਤ ਕੇ ਪੰਜਾਬ ਦਾ ਨਾਂਅ ਮਾਤਾ, ਪਿਤਾ ਇਨ੍ਹਾਂ ਨੂੰ ਕੋਚਿੰਗ ਦੇਣ ਵਾਲੇ ਕੋਚਜ ਸਾਹਿਬਾਨ ਦਾ ਨਾਂਅ ਰੌਸ਼ਨ ਕੀਤਾ। ਇਸ ਮੌਕੇ ਤੇ ਮੁਢਲੇ ਵੇਟ ਲਿਫਟਿੰਗ ਕੋਚਿੰਗ ਸੈਂਟਰ ਸਮਰਾਏ - ਜੰਡਿਆਲਾ ਵਲੋਂ ਗਗਨਦੀਪ ਸ਼ੇਰਗਿੱਲ ਨੂੰ ਸ਼ਾਲ ਅਤੇ ਹਾਰ ਪਾਕੇ ਨਿੱਘਾ ਸੁਆਗਤ ਕੀਤਾ ਗਿਆ। ਇਸ ਸਾਦੇ ਤੇ ਪ੍ਰਭਾਵਸ਼ਾਲੀ ਸਮਾਗਮ ਦੀ ਅਗਵਾਈ ਅੰਤਰਰਾਸ਼ਟਰੀ ਕੋਚ ਹਰਮੇਸ਼ ਲਾਲ ਸਟੇਟ ਅਵਾਰਡੀ ਤੇ ਡਾ. ਜਸਪਾਲ ਸਿੰਘ ਲੈਕਚਰਾਰ ਸਰੀਰਕ ਸਿੱਖਿਆ ਵਲੋਂ ਕੀਤੀ ਗਈ। ਅੰਤਰਰਾਸ਼ਟਰੀ ਖਿਡਾਰੀ ਸਾਗਰ, ਰਾਜੇਸ਼ ਕੁਮਾਰ ਝਾਅ, ਮਨਵਿੰਦਰ ਯਾਦਵ, ਚਰਨਜੀਤ ਸਿੰਘ ਧਾਲੀਵਾਲ, ਪ੍ਰਿੰਸ, ਸਿਮਰਨ ਸਮਰਾ ਤੋਂ ਇਲਾਵਾ ਕੱਬਡੀ, ਕੁਸ਼ਤੀ ਖੇਡਾਂ ਦੇ ਖਿਡਾਰੀ ਰਵੀ ਮੁੰਹਮਦ, ਸਿਮਰਨ, ਬੱਬਲੂ ਹਾਜ਼ਰ ਸਨ। ਸਮਾਗਮ ਦੌਰਾਨ ਗਗਨਦੀਪ ਸ਼ੇਰਗਿੱਲ ਨੂੰ ਟ੍ਰੇਨਿੰਗ ਦੇਣ ਵਾਲੇ ਟ੍ਰੇਨਰ ਹਰਮੇਸ਼ ਲਾਲ ਸਟੇਟ ਐਵਾਰਡੀ , ਗੁਰਨਾਮ ਸਿੰਘ ਪੰਜਾਬ ਪੁਲਿਸ, ਹਰਜੀਤ ਸਿੰਘ ਰੇਲ ਕੋਚ ਫੈਕਟਰੀ, ਇੰਸਪੈਕਟਰ ਮੀਨਾ ਪਵਾਰ ਵਿਸ਼ੇਸ਼ ਪ੍ਰਸ਼ੰਸਾ ਤੇ ਵਧਾਈ ਦਿੱਤੀ ਗਈ ਪੰਜਾਬ ਵੇਟ ਲਿਫਟਿੰਗ ਦੇ ਪ੍ਰਧਾਨ ਤਾਰਾ ਸਿੰਘ ਅਰਜਨ ਐਵਾਰਡੀ , ਏਸ਼ੀਅਨ ਗੇਮਜ ਰਿਕਾਰਡ ਹੋਲਡਰ ਵਲੋਂ ਅਤੇ ਕੋਮਨ ਵੈਲਥ ਗੇਮਸ ਹੋਲਡਰ ਪ੍ਰਦੀਪ ਜੋਲ ਨੇ ਵੀ ਵਿਸ਼ੇਸ਼ ਵਧਾਈ ਦਿੱਤੀ ਗਈ।

# ਸਰਕਾਰੀ ਸਿਹਤ ਸੰਸਥਾਵਾਂ ਵਿਚ ਦਵਾਈਆਂ ਦੀ ਕੋਈ ਕਮੀ ਨਾ ਰਹੇ : ਸਿਵਲ ਸਰਜਨ



**ਮੋਹਾਲੀ (ਗੁਰਜੀਤ ਬਿੱਲਾ)**

ਸਿਵਲ ਸਰਜਨ ਡਾ. ਸੰਗੀਤਾ ਜੈਨ ਨੇ ਸੀਨੀਅਰ ਸਿਹਤ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਹਰ ਸਰਕਾਰੀ ਸਿਹਤ ਸੰਸਥਾ ਵਿਚ ਦਵਾਈਆਂ ਦੀ ਕੋਈ ਕਮੀ ਨਹੀਂ ਹੋਣੀ ਚਾਹੀਦੀ ਤੇ ਮਰੀਜ਼ਾਂ ਨੂੰ ਹਰ ਦਵਾਈ ਸਰਕਾਰੀ ਸਿਹਤ ਸੰਸਥਾ ਦੇ ਅੰਦਰ ਹੀ ਮਿਲਣੀ ਚਾਹੀਦੀ ਹੈ। ਉਹ ਜ਼ਿਲ੍ਹੇ ਦੇ ਪ੍ਰੋਗਰਾਮ ਅਫ਼ਸਰਾਂ ਤੇ ਸੀਨੀਅਰ ਮੈਡੀਕਲ ਅਫ਼ਸਰਾਂ ਦੀ ਸਮੀਖਿਆ ਮੀਟਿੰਗ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੁਆਰਾ ਜ਼ਰੂਰੀ ਦਵਾਈਆਂ ਦਾ ਪੂਰਾ ਸਟਾਕ ਭੇਜਿਆ ਜਾ ਰਿਹਾ ਹੈ ਅਤੇ ਅਧਿਕਾਰੀ ਯਕੀਨੀ ਬਣਾਉਣ ਕਿ ਸੰਸਥਾ ਅੰਦਰ ਕਿਸੇ ਵੀ ਸਮੇਂ ਦਵਾਈ ਪੂਰੀ ਮਾਤਰਾ ਵਿਚ ਉਪਲਬਧ ਰਹੇ ਤਾਂ ਕਿ ਮਰੀਜ਼ਾਂ ਨੂੰ ਸਾਰੀਆਂ ਲੋੜੀਂਦੀਆਂ ਦਵਾਈਆਂ ਮੁਫ਼ਤ ਦਿਤੀਆਂ ਜਾ ਸਕਣ। ਸਿਵਲ ਸਰਜਨ ਨੇ ਤਮਾਮ ਸਿਹਤ ਪ੍ਰੋਗਰਾਮਾਂ ਤੇ ਯੋਜਨਾਵਾਂ ਦੇ ਲਾਗੂ ਕਰਨ ਦੀ ਪ੍ਰਗਤੀ ਦੀ ਪੜਾਅਵਾਰ ਸਮੀਖਿਆ ਕੀਤੀ ਅਤੇ ਹਦਾਇਤ ਕੀਤੀ ਕਿ ਸਿਹਤ ਪ੍ਰੋਗਰਾਮਾਂ ਅਤੇ ਯੋਜਨਾਵਾਂ ਨੂੰ ਪ੍ਰਭਾਵਸ਼ਾਲੀ ਤਰੀਕੇ ਨਾਲ ਲਾਗੂ ਕਰਨ 'ਚ ਕਿਸੇ ਤਰ੍ਹਾਂ ਦੀ ਢਿੱਲਮੱਠ ਬਰਦਾਸ਼ਤ ਨਹੀਂ ਕੀਤੀ ਜਾਵੇਗੀ।ਮੁੱਖ ਮੰਤਰੀ ਸਿਹਤ ਯੋਜਨਾ ਦਾ ਉਚੇਚਾ ਜ਼ਿਕਰ ਕਰਦਿਆਂ ਸਿਵਲ ਸਰਜਨ ਨੇ ਕਿਹਾ ਕਿ ਪੰਜਾਬ ਸਰਕਾਰ ਵਲੋਂ ਚਲਾਈ ਗਈ 10 ਲੱਖ ਰੁਪਏ ਦੀ ਨਕਦੀ-ਰਹਿਤ ਸਿਹਤ ਬੀਮਾ ਯੋਜਨਾ ਦੇ ਲਾਭ ਤੋਂ ਕੋਈ ਵੀ ਲਾਭਪਾਤਰੀ ਵਾਂਝਾ ਨਹੀਂ ਰਹਿਣਾ ਚਾਹੀਦਾ। ਉਨ੍ਹਾਂ ਕਿਹਾ ਕਿ ਇਸ ਯੋਜਨਾ ਪ੍ਰਤੀ ਲੋਕਾਂ ਅੰਦਰ ਕਾਫ਼ੀ ਉਤਸ਼ਾਹ ਹੈ ਅਤੇ ਹਰ ਰੋਜ਼ ਭਾਰੀ ਗਿਣਤੀ ਵਿਚ ਸਿਹਤ ਬੀਮਾ ਕਾਰਡ ਬਣਾਏ ਜਾ ਰਹੇ ਹਨ।

# ਰੈਂਕਰਜ਼ ਅਕੈਡਮੀ ਦੇ ਵਿਦਿਆਰਥੀਆਂ ਨੇ ਜੇ ਈ ਈ ਮੇਨ 2026 'ਚ ਕੀਤਾ ਸ਼ਾਨਦਾਰ ਪ੍ਰਦਰਸ਼ਨ




**ਜਲੰਧਰ (ਨ ਜ ਸ)**-ਗੁਜਰਾਲ ਨਗਰ ਜਲੰਧਰ ਸਥਿਤ ਰੈਂਕਰਜ਼ ਅਕੈਡਮੀ ਦੇ ਵਿਦਿਆਰਥੀਆਂ ਨੇ ਨੈਸ਼ਨਲ ਟੈਸਟਿੰਗ ਏਜੰਸੀ (ਐਨ.ਟੀ.ਏ.) ਦੁਆਰਾ ਐਲਾਨੇ ਗਏ ਜੇ ਈ ਈ ਮੇਨ 2026 (ਸੈਸ਼ਨ-1) ਦੇ ਨਤੀਜਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਕੇ ਇੱਕ ਵਾਰ ਫਿਰ ਆਪਣੀ ਕਾਬਲੀਅਤ ਦਾ ਲੋਹਾ ਮਨਵਾਇਆ ਹੈ।ਸੰਸਥਾ ਦੇ ਵਿਦਿਆਰਥੀ ਅਨੀਸ਼ ਚਾਵਲਾ ਨੇ ਜਲੰਧਰ ਟਾਪਰ ਬਣ ਕੇ ਸ਼ਹਿਰ ਅਤੇ ਸੰਸਥਾ ਦਾ ਮਾਣ ਵਧਾਇਆ ਹੈ। ਅਨੀਸ਼ ਨੇ ਗਣਿਤ (ਰੈਂਕਰਜ਼ ਅਕੈਡਮੀ ਵਿਖੇ ਪੜ੍ਹਾਈ ਕੀਤੀ) ਵਿੱਚ 99.99 ਪਰਸੈਂਟਾਈਲ ਅਤੇ ਓਵਰਆਲ 99.99 ਪਰਸੈਂਟਾਈਲ ਦਾ ਬੇਮਿਸਾਲ ਸਕੋਰ ਹਾਸਲ ਕੀਤਾ ਹੈ।ਇਸ ਸ਼ਾਨਦਾਰ ਪ੍ਰਦਰਸ਼ਨ ਦੀ ਲੜੀ ਨੂੰ ਅੱਗੇ ਤੋਰਦਿਆਂ ਅਕੈਡਮੀ ਦੇ ਹੋਰਨਾਂ ਵਿਦਿਆਰਥੀਆਂ ਨੇ ਵੀ ਵਧੀਆ ਅੰਕ ਪ੍ਰਾਪਤ ਕੀਤੇ ਹਨ:- ਉਤਕਰਸ਼: ਫਿਜ਼ਿਕਸ ਅਤੇ ਕੈਮਿਸਟਰੀ ਵਿੱਚ 99.3 ਪਰਸੈਂਟਾਈਲ (ਓਵਰਆਲ: 98.76 ਪਰਸੈਂਟਾਈਲ), ਨੂਰ ਚੌਧਰੀ: ਗਣਿਤ ਵਿੱਚ 99.1 ਪਰਸੈਂਟਾਈਲ (ਓਵਰਆਲ: 95.62 ਪਰਸੈਂਟਾਈਲ), ਯੁਵਰਾਜ : ਕੈਮਿਸਟਰੀ ਵਿੱਚ 97.89 ਪਰਸੈਂਟਾਈਲ (ਓਵਰਆਲ: 97.84 ਪਰਸੈਂਟਾਈਲ), ਇਸ਼ਕੀਰਤ ਸਿੰਘ: ਗਣਿਤ ਵਿੱਚ 97.22 ਪਰਸੈਂਟਾਈਲ (ਓਵਰਆਲ: 97.87 ਪਰਸੈਂਟਾਈਲ), ਮਨਰਾਜ ਸਿੰਘ: ਫਿਜ਼ਿਕਸ ਵਿੱਚ 96.3 ਪਰਸੈਂਟਾਈਲ (ਓਵਰਆਲ: 96.84 ਪਰਸੈਂਟਾਈਲ)।

## ਅੰਤਿਮ ਅਰਦਾਸ ਤੇ ਪਾਠ ਦਾ ਭੋਗ ਭਲਕੇ

**ਫਗਵਾੜਾ (ਡਾ. ਰਮਨ)**-ਐੱਸ ਪੀ ਅਰਵਿੰਦਰ ਪਾਲ ਸਿੰਘ ਭੱਟੀ ਪੰਜਾਬ ਸਰਕਾਰ ਦੇ ਜੇਲ ਵਿਭਾਗ ਵਿੱਚ ਸੁਪਰਡੈਂਟ ਦੀ ਭੂਮਿਕਾ ਨਿਭਾਉਂਦੇ ਹੋਏ ਪਿਛਲੇ ਦਿਨੀ ਸਦੀਵੀ ਵਿਛੋੜਾ ਦੇ ਕੇ ਗੁਰੂ ਚਰਨਾ ਵਿੱਚ ਜਾ ਬਿਰਾਜੇ ਹਨ। ਉਹਨਾਂ ਦੀ ਬੇਵਕਤ ਮੌਤ ਪੂਰੇ ਇਲਾਕੇ ਵਿੱਚ ਸੋਗ ਦੀ ਲਹਿਰ ਹੈ ।ਇਸ ਮੌਕੇ ਸਾਬਕਾ ਐੱਸ ਪੀ ਦਲਵੀਰ ਸਿੰਘ ਤੇਜੀ ਨੇ ਜਾਣਕਾਰੀ ਦਿੰਦਿਆ ਦੱਸਿਆ ਕਿ ਉਹ 14 ਫਰਵਰੀ 2026 ਨੂੰ ਸਾਨੂੰ ਸਦੀਵੀ ਵਿਛੋੜਾ ਦੇ ਗਏ ਹਨ । ਉਹਨਾ ਦੀ ਅੰਤਿਮ ਅਰਦਾਸ ਤੇ ਪਾਠਾ ਦੇ ਭੋਗ ਮਿਤੀ 23 ਫਰਵਰੀ ਨੂੰ ਗੁਰੂਦੁਆਰਾ ਸਿੰਘ ਸਭਾ ਅਰਬਨ ਸਟੇਟ ਫੇਸ.1 ਜਲੰਧਰ ਵਿਖੇ ਹੋਵੇਗੀ ।



## ਅੱਜ ਬਿਜਲੀ ਸਪਲਾਈ ਬੰਦ ਰਹੇਗੀ

**ਫਗਵਾੜਾ (ਡਾ. ਰਮਨ)**-ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਦੇ ਸਹਾਇਕ ਇੰਜੀਨੀਅਰ ਚਹੇੜੂ ਉਪ ਮੰਡਲ ਨੇ ਇੱਕ ਪ੍ਰੈਸ ਬਿਆਨ ਜਾਰੀ ਕਰਦਿਆਂ ਦੱਸਿਆ ਕਿ ਮਿਤੀ 22 ਫਰਵਰੀ ਦਿਨ ਨੂੰ ਜ਼ਰੂਰੀ ਮੁਰੰਮਤ ਕਾਰਣ ਸਮਾਂ ਸਵੇਰੇ 10 ਤੋਂ ਲੈ ਕੇ ਬਾਅਦ ਦੁਪਹਿਰ 3 ਵਜੇ ਤੱਕ ਪਿੰਡ, ਰਾਣੀਪੁਰ, ਜਗਪਾਲਪੁਰ, ਕਿਸ਼ਨਪੁਰ, ਭਗਵਾਨਪੁਰ ਨੰਗਲ ਮੱਝਾ ਸਪਰੋੜ ਜੀ.ਟੀ ਰੋਡ ਦਾ ਇਲਾਕਾ, ਸਪਰੋੜ ਅੱਡਾ, ਮਹੇੜ ਰੋਡ ਨਾਨਕ ਨਗਰੀ,ਪਿੰਡ ਹਰਦਾਸਪੁਰ,ਨਾਰੰਗਪੁਰ ਚਹੇੜੂ, ਖਜੂਰਲਾ, ਸੇਮੀ ਤੇ ਕਾਂਸ਼ੀਨਗਰ ਦੀ ਘਰੇਲੂ,ਵਪਾਰਕ ਤੇ ਖੇਤੀਬਾੜੀ ਦੀ ਸਪਲਾਈ ਬੰਦ ਰਹੇਗੀ।

# ਵਿਧਾਇਕ ਨੇ ਵੱਖ-ਵੱਖ ਪਿੰਡਾਂ 'ਚ ਖੇਡ ਮੈਦਾਨਾਂ ਦੀ ਉਸਾਰੀ ਦਾ ਨੀਂਹ ਪੱਥਰ ਰੱਖਿਆ



**ਬੰਗਾ (ਅਵਤਾਰ ਕਲੇਰ)**-ਹਲਕਾ ਬੰਗਾ ਦੇ ਵਿਧਾਇਕ ਡਾ ਸੁਖਵਿੰਦਰ ਕੁਮਾਰ ਸੁੱਖੀ ਵੱਲੋਂ ਹਲਕੇ ਦੇ ਵੱਖ-ਵੱਖ ਪਿੰਡਾਂ ਵਿੱਚ ਖੇਡ ਗਰਾਉਂਡਾਂ ਦੀ ਉਸਾਰੀ ਦਾ ਨੀਂਹ ਪੱਥਰ ਰੱਖਿਆ ਗਿਆ। ਜਿਸ ਵਿੱਚ ਪਿੰਡ ਸਕੋਹਪੁਰ ਵਿਖੇ 32.82 ਲੱਖ ,ਕਮਾਮ ਵਿਖੇ 22.31 ਲੱਖ ਤੇ ਮੀਰਪੁਰ ਲੱਖਾ ਵਿਖੇ 45.64 ਲੱਖ ਦੀ ਲਾਗਤ ਨਾਲ ਤਿਆਰ ਹੋ ਰਹੇ ਹਨ। ਡਾ ਸੁੱਖੀ ਨੇ ਕਿਹਾ ਕਿ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਤੇ ਖੇਡਾਂ ਵੱਲ ਪ੍ਰੇਰਿਤ ਕਰਨ ਲਈ ਖੇਡ ਢਾਂਚੇ ਦਾ ਮਜ਼ਬੂਤ ਹੋਣਾ ਬਹੁਤ ਜ਼ਰੂਰੀ ਹੈ। ਪੰਜਾਬ ਸਰਕਾਰ ਵੱਲੋਂ ਖੇਡਾਂ ਦੇ ਵਿਕਾਸ ਲਈ ਵੱਡੇ ਪੱਧਰ 'ਤੇ ਫੰਡ ਜਾਰੀ ਕੀਤੇ ਜਾ ਰਹੇ ਹਨ ਤਾਂ ਜੋ ਪਿੰਡ ਪੱਧਰ 'ਤੇ ਨੌਜਵਾਨਾਂ ਨੂੰ ਵਧੀਆ ਸੁਵਿਧਾਵਾਂ ਮਿਲ ਸਕਣ।ਇਸ ਮੌਕੇ ਪਿੰਡ ਵਾਸੀਆਂ ਅਤੇ ਨੌਜਵਾਨਾਂ ਨੇ ਡਾ ਸੁੱਖੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹ ਉਪਰਾਲਾ ਪਿੰਡਾਂ ਵਿੱਚ ਖੇਡਾਂ ਦੀ ਨਵੀਂ ਲਹਿਰ ਲਿਆਵੇਗਾ। ਇਸ ਮੌਕੇ ਐਸ.ਡੀ. ਓ ਮਦਨ ਲਾਲ ਪੰਚਾਇਤੀ ਰਾਜ ਨਵਾਂ ਸ਼ਹਿਰ, ਸੋਹਣ ਲਾਲ ਢੰਡਾ ਮੈਂਬਰ ਜ਼ਿਲ੍ਹਾ ਪ੍ਰੀਸ਼ਦ, ਪਵਨਜੀਤ ਸਿੰਘ ਸਿੱਧੂ ਹਲਕਾ ਸੰਗਠਨ ਇੰਚਾਰਜ ਬੰਗਾ ,ਰਾਕੇਸ਼ ਕੁਮਾਰ ਜੇ.ਈ ਅਤੇ ਵੱਖ-ਵੱਖ ਪਿੰਡਾਂ ਦੇ ਸਰਪੰਚ, ਸੰਮਤੀ ਮੈਂਬਰ, ਪੰਚਾਇਤ ਮੈਂਬਰ ਤੇ ਇਲਾਕਾ ਨਿਵਾਸੀ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

# ਸ੍ਰੀ ਸੋਮਨਾਥ ਜੋਤਿਰਲਿੰਗ ਦੇ ਸਵਾਗਤ ਦੀਆਂ ਤਿਆਰੀਆਂ ਜਾਰੀ

**ਫਗਵਾੜਾ (ਡਾ. ਰਮਨ)**

ਦਿ ਆਰਟ ਆਫ ਲਿਵਿੰਗ ਵੱਲੋਂ ਆਧਿਆਤਮਿਕ ਗੁਰੂ ਪਰਮ ਪੂਜਨੀਕ ਸ੍ਰੀ ਸ੍ਰੀ ਰਵਿਸ਼ੰਕਰ ਦੇ ਆਸ਼ੀਰਵਾਦ ਸਦਕਾ ਕੱਢੀ ਜਾ ਰਹੀ ਹਜ਼ਾਰਾਂ ਸਾਲ ਪੁਰਾਤਨ ਸ੍ਰੀ ਸੋਮਨਾਥ ਜੋਤਿਰਲਿੰਗ ਦੀ ਪਵਿੱਤਰ ਯਾਤਰਾ ਦਾ 1 ਮਾਰਚ ਨੂੰ ਫਗਵਾੜਾ ਪਹੁੰਚਣ 'ਤੇ ਨਿੱਘਾ ਸਵਾਗਤ ਕਰਨ ਲਈ ਸੰਸਥਾ ਦੇ ਫਗਵਾੜਾ ਚੈਪਟਰ ਵੱਲੋਂ ਤਿਆਰੀਆਂ ਦਾ ਸਿਲਸਿਲਾ ਜ਼ੋਰ-ਸ਼ੋਰ ਨਾਲ ਜਾਰੀ ਹੈ। ਪ੍ਰਬੰਧਕਾਂ ਵਲੋਂ ਪਤਵੰਤਿਆਂ ਤੇ ਫਗਵਾੜਾ ਦੇ ਵਸਨੀਕਾਂ ਨੂੰ ਜੰਗੀ ਪੱਧਰ 'ਤੇ ਸੱਦਾ ਪੱਤਰ ਦਿੱਤੇ ਜਾ ਰਹੇ ਹਨ। ਇਸੇ ਦੌਰਾਨ ਗੱਲਬਾਤ ਕਰਦੇ ਹੋਏ ਦਿ ਆਰਟ ਆਫ ਲਿਵਿੰਗ ਫਗਵਾੜਾ ਚੈਪਟਰ ਦੀ ਸੰਚਾਲਕ ਕਾਮਨਾ ਸਾਮਾ, ਜਿੰਮੀ ਸਾਮਾ ਅਤੇ ਅਰਚਨਾ ਸੁਖੀਜਾ ਨੇ ਦੱਸਿਆ ਕਿ ਪ੍ਰਾਚੀਨ ਜੋਤਿਰਲਿੰਗ ਯਾਤਰਾ ਐਤਵਾਰ, 1 ਮਾਰਚ ਨੂੰ ਫਗਵਾੜਾ ਵਿੱਚ ਪ੍ਰਵੇਸ਼ ਕਰੇਗੀ। ਉਨ੍ਹਾਂ ਦੱਸਿਆ ਕਿ ਇਹ ਦੇਸ਼ ਪੱਧਰੀ ਯਾਤਰਾ ਸਵਾਮੀ ਵਿਦਿਆਨੰਦ ਜੀ (ਬੈਂਗਲੁਰੂ) ਦੀ ਅਗਵਾਈ ਹੇਠ ਕੱਢੀ ਜਾ ਰਹੀ ਹੈ। ਯਾਤਰਾ ਦੇ ਆਗਮਨ ਮੌਕੇ ਜੀ ਟੀ ਰੋਡ ਸਥਿਤ ਐੱਨ ਵਾਈ ਆਰ ਪ੍ਰੈਸਟੀਜ ਕਲੱਬ, ਫਗਵਾੜਾ ਵਿੱਚ ਸਵਾਗਤ ਸਮਾਗਮ ਹੋਵੇਗਾ। ਪ੍ਰਬੰਧਕਾਂ ਅਨੁਸਾਰ 1 ਮਾਰਚ ਨੂੰ ਸਵੇਰੇ 9:30 ਤੋਂ 11:30 ਵਜੇ ਤੱਕ ਪੂਰਨ ਵੈਦਿਕ ਵਿਧੀ ਨਾਲ ਪਵਿੱਤਰ ਸ਼ਿਵਲਿੰਗ ਦਾ ਰੁਦ੍ਰਾਭਿਸ਼ੇਕ ਕੀਤਾ ਜਾਵੇਗਾ। ਸ਼ਰਧਾਲੂਆਂ ਲਈ ਦਰਸ਼ਨ ਦਾ ਸਮਾਂ ਸਵੇਰੇ 9:00 ਵਜੇ ਤੋਂ ਦੁਪਹਿਰ 12:30 ਵਜੇ ਤੱਕ ਨਿਰਧਾਰਿਤ ਕੀਤਾ ਗਿਆ ਹੈ। ਇੱਥੇ ਜਿਕਰਯੋਗ ਹੈ ਕਿ ਸ੍ਰੀ ਸੋਮਨਾਥ ਜੋਤਿਰਲਿੰਗ ਸਨਾਤਨ ਧਰਮ ਦਾ ਪਹਿਲਾ ਜੋਤਿਰਲਿੰਗ ਹੈ, ਜਿਸ ਦੀ ਮਹਿਮਾ ਵੇਦਾਂ ਅਤੇ ਪੁਰਾਣਾਂ ਵਿੱਚ ਵਰਣਿਤ ਹੈ ਤੇ ਜੋ ਅਖੰਡ ਸ਼ਿਵ ਭਗਤੀ ਦਾ ਪ੍ਰਤੀਕ ਹੈ।





# ਬਜ਼ੁਰਗਾਂ ਤੇ ਦਿਵਿਆਂਗ ਵਿਅਕਤੀਆਂ ਲਈ ਅਸੈੱਸਮੈਂਟ ਕੈਂਪ



**ਆਦਮਪੁਰ (ਪਰਮਜੀਤ ਸਿੰਘ)**-ਭੁਪਿੰਦਰ ਸਿੰਘ ਹੁੰਦਲ ਵੱਲੋਂ ਪਿੰਡ ਕੋਟਲੀ ਆਰਾਈਆਂ ਵਿਖੇ ਲੋਕ ਭਲਾਈ ਦੇ ਕੰਮਾਂ ਨੂੰ ਸਮਰਪਿਤ ਸੰਸਥਾ ਮੇਰਾ ਪਿੰਡ 360 ਫਾਊਂਡੇਸ਼ਨ ਦੇ ਕੇਂਦਰ ਵਿਖੇ ਭਾਰਤ ਸਰਕਾਰ ਦੀ ਏ ਡੀ ਆਈ ਪੀ ਤੇ ਆਰ ਵੀ ਵਾਈ ਯੋਜਨਾ ਅਧੀਨ ਰੁਦਰਾ ਆਸਰਾ ਸੈਂਟਰ ਤੇ ਅਲਿਮਕੋ ਬਜ਼ੁਰਗਾਂ ਅਤੇ ਦਿਵਿਆਂਗ ਵਿਅਕਤੀਆਂ ਲਈ ਅਸੈੱਸਮੈਂਟ ਕੈਂਪ ਲਗਾਇਆ ਗਿਆ ਜਿਸ ਵਿੱਚ ਵੱਖ-ਵੱਖ ਪਿੰਡਾਂ ਤੋਂ 100 ਦੇ ਕਰੀਬ ਦਿਵਿਅੰਗ ਲਾਭਪਾਤਰੀਆਂ ਨੂੰ ਸੂਚੀਬੱਧ ਕੀਤਾ ਗਿਆ। ਇਸ ਮੌਕੇ ਤੇ ਸਲੋਨੀ, ਵਿਨੈ ਭਾਰਦਵਾਜ, ਪਰਮਵੀਰ ਕੁਮਾਰ, ਰੇਖਾ ਰਾਣੀ, ਰਵੀ ਸ਼ਰਮਾ, ਸੋਨੀਆ ਰਾਣੀ ਤੇ ਭੁਪਿੰਦਰ ਸਿੰਘ ਹੁੰਦਲ, ਪੀਊਸ਼ ਨਰ, ਮਨੀਸ਼ਾ ਨਾਰ, ਰਾਜਵਿੰਦਰ ਕੌਰ, ਜਤਿੰਦਰ ਕੁਮਾਰ, ਸੁਨੀਲ ਕੁਮਾਰ ਤੇ ਹੋਰ ਪਤਵੰਤੇ ਸੱਜਣ ਮੌਜੂਦ ਸਨ।

# ਆਰ ਐੱਮ ਪੀ ਆਈ ਵੱਲੋਂ ਸੂਬਾ ਪੱਧਰੀ ਰੈਲੀ 26 ਨੂੰ

**ਚੰਡੀਗੜ੍ਹ (ਗੁਰਜੀਤ ਬਿੱਲਾ)**- ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ ਐੱਮ ਪੀ ਆਈ) ਦੀ ਪੰਜਾਬ ਰਾਜ ਕਮੇਟੀ ਵੱਲੋਂ 26 ਫਰਵਰੀ ਨੂੰ ਚੰਡੀਗੜ੍ਹ ਦੇ ਸੈਕਟਰ 25 ਵਿਚਲੀ ਰੈਲੀ ਗਰਾਊਂਡ ਵਿਖੇ ਸੂਬਾ ਪੱਧਰ ਦੀ ਵਿਸ਼ਾਲ ਰੈਲੀ ਕੀਤੀ ਜਾਵੇਗੀ। ਆਰ ਐਸ ਐਸ-ਭਾਜਪਾ ਦੀਆਂ ਪੰਜਾਬ ਵਿਰੋਧੀ ਸਾਜ਼ਿਸ਼ਾਂ 'ਤੇ ਮੋਦੀ ਸਰਕਾਰ ਵੱਲੋਂ ਪੰਜਾਬ ਨਾਲ ਕੀਤੇ ਜਾ ਰਹੇ ਧੱਕੇ-ਵਿਤਕਰੇ ਖਿਲਾਫ ਅਤੇ ਦਹਾਕਿਆਂ ਤੋਂ ਲਮਕਦੇ ਆ ਰਹੇ ਪੰਜਾਬ ਨਾਲ ਸਬੰਧਤ ਅੰਤਰਰਾਜੀ ਮਸਲਿਆਂ ਦਾ ਸਥਾਈ ਹੱਲ ਕੀਤੇ ਜਾਣ ਲਈ ਕੀਤੀ ਜਾ ਰਹੀ ਇਸ ਰੈਲੀ ਨੂੰ ਪਾਰਟੀ ਦੇ ਜਨਰਲ ਸਕੱਤਰ ਮੰਗਤ ਰਾਮ ਪਾਸਲਾ ਅਤੇ ਹੋਰ ਕੇਂਦਰੀ ਤੇ ਸੂਬਾਈ ਆਗੂ ਸੰਬੋਧਨ ਕਰਨਗੇ।ਰਾਜ ਕਮੇਟੀ ਦੇ ਸਕੱਤਰ ਸਾਥੀ ਪਰਗਟ ਸਿੰਘ ਜਾਮਾਰਾਏ ਨੇ ਇਥੋਂ ਜਾਰੀ ਇਕ ਬਿਆਨ ਰਾਹੀਂ ਇਹ ਜਾਣਕਾਰੀ ਦਿੰਦਿਆਂ ਦੱਸਿਆ ਹੈ ਕਿ ਰੈਲੀ ਦੌਰਾਨ ਕੇਂਦਰੀ ਹੁਕਮਰਾਨਾਂ ਵੱਲੋਂ ਕੀਤੇ ਜਾ ਰਹੇ ਸੂਬਾਈ ਅਧਿਕਾਰਾਂ ਤੇ ਸ਼ਹਿਰੀ ਆਜ਼ਾਦੀਆਂ ਦੇ ਘਾਣ ਵਿਰੁੱਧ ਵੀ ਜ਼ੋਰਦਾਰ ਆਵਾਜ਼ ਬੁਲੰਦ ਕੀਤੀ ਜਾਵੇਗੀ।

# ਮਹਾਂਦੇਵ ਸੇਵਾ ਦਲ ਵੱਲੋਂ ਸ੍ਰੀ ਅਮਰਨਾਥ ਯਾਤਰਾ ਲਈ ਤਿਆਰੀਆਂ ਸ਼ੁਰੂ



**ਲੋਹੀਆਂ ਖਾਸ, (ਯੋਗੇਸ਼ਵਰ, ਰੀਨਾ ਸ਼ਰਮਾ)**-ਬ੍ਰਹਮਲੀਨ ਮਹੰਤ ਸ੍ਰੀ ਸ਼ਾਂਤੀ ਗਿਰੀ ਜੀ ਮਹਾਰਾਜ ਤੇ ਬ੍ਰਹਮਲੀਨ ਮਹੰਤ ਸ੍ਰੀ ਰਵਿੰਦਰਾ ਗਿਰੀ ਜੀ ਮਹਾਰਾਜ ਦੀ ਅਪਾਰ ਕਿਰਪਾ ਨਾਲ ਤੇ ਪ੍ਰਾਚੀਨ ਸ਼ਿਵ ਮੰਦਰ ਲੋਹੀਆਂ ਖਾਸ ਦੇ ਗੱਦੀਨਸ਼ੀਨ ਸ੍ਰੀ ਸ੍ਰੀ 1008 ਮਹਾਂ ਮੰਡਲੇਸ਼ਵਰ ਮਹੰਤ ਸ੍ਰੀ ਸ਼ਿਪਰਾ ਗਿਰੀ ਜੀ ਮਹਾਰਾਜ ਦੇ ਆਸ਼ੀਰਵਾਦ ਨਾਲ ਤੇ ਪ੍ਰੇਰਣਾ ਸਦਕਾ ਅਤੇ ਮਹੰਤ ਸ੍ਰੀ ਜੈ ਰਾਮ ਗਿਰੀ ਜੀ ਮਹਾਰਾਜ ਦੀ ਅਗਵਾਈ ਹੇਠ 30ਵੀਂ ਸ੍ਰੀ ਅਮਰਨਾਥ ਯਾਤਰਾ ਤੇ ਮਾਤਾ ਵੈਸ਼ਨੋ ਦੇਵੀ ਯਾਤਰਾ ਦੀਆਂ ਤਿਆਰੀਆਂ ਸ਼ੁਰੂ ਹੋ ਗਈਆਂ ਹਨ। ਇਸ ਮੌਕੇ ਮਹਾਂਦੇਵ ਸੇਵਾ ਦਲ ਵੱਲੋਂ ਸ੍ਰੀ ਅਮਰਨਾਥ ਯਾਤਰਾ ਦੀ ਤਿਆਰੀ ਲਈ ਮੀਟਿੰਗ ਕੀਤੀ ਗਈ। ਇਸ ਮੌਕੇ ਸਾਲੂ ਸੱਦੀ ਤੇ ਮੁਨੀਤ ਗਾਂਧੀ ਨੇ ਦੱਸਿਆ ਸ਼੍ਰੀ ਅਮਰਨਾਥ ਯਾਤਰਾ ਦੀ ਬੁਕਿੰਗ ਵੀ ਸ਼ੁਰੂ ਹੋ ਚੁੱਕੀ ਹੈ। ਇਸ ਮੌਕੇ ਤੇ ਸ਼ਾਲੂ ਸੱਦੀ, ਮੁਨੀਤ ਗਾਂਧੀ, ਲਖਣ ਵਰਮਾ, ਗੋਪਾਲ, ਸਾਹਿਲ, ਸਮੀਰ, ਗੌਰਵ, ਮੁਨੀਸ਼ ਕੁਮਾਰ, ਸਾਜਨ, ਸ਼ੁਬੀ, ਕ੍ਰਿਸ਼ ਹਜ਼ਾਰ ਸਨ।

# ਮੋਬਾਇਲ ਨੈੱਟਵਰਕ ਪ੍ਰਭਾਵਤ ਹੋਣ ਕਾਰਨ ਇਲਾਕੇ 'ਚ ਹਾਹਾਕਾਰ

ਸ੍ਰੀ ਗੋਇੰਦਵਾਲ ਸਾਹਿਬ(ਕਾਬਲ ਸਿੰਘ ਮੱਲ੍ਹੀ)-ਇੱਥੇ ਸਥਿਤ ਜੇਲ੍ਹ ਅੰਦਰ ਲਗਾਏ ਗਏ ਸਟ੍ਰਾਂਗ ਨੈੱਟਵਰਕ ਜੈਮਰਾਂ ਨੇ ਆਸ ਪਾਸ ਦੇ ਪਿੰਡਾਂ ਦੇ ਹਜ਼ਾਰਾਂ ਲੋਕਾਂ ਦੀ ਜ਼ਿੰਦਗੀ ਨੂੰ ਪ੍ਰਭਾਵਿਤ ਕਰ ਦਿੱਤਾ ਹੈ।

ਇੰਟਰਨੈੱਟ ਸੇਵਾਵਾਂ ਅਚਾਨਕ ਠੱਪ ਹੋਣ ਕਾਰਨ ਲੋਕਾਂ ਵਿੱਚ ਹਾਹਾਕਾਰ ਮੱਚਣ ਵਾਲੀ ਸਥਿਤੀ ਬਣੀ ਹੋਈ ਹੈ।

ਇਸ ਸਬੰਧੀ ਸਮਾਜ ਸੇਵੀ ਜੋਬਨਜੀਤ ਸਿੰਘ ਹੋਠੀਆਂ ਨੇ ਜੇਲ੍ਹ ਸੁਪਰਡੈਂਟ ਨਿਰਮਲ ਸਿੰਘ ਟਿਵਾਣਾ ਨੂੰ ਮੰਗ ਪੱਤਰ ਸੌਂਪਦਿਆਂ ਸਰਕਾਰ ਕੋਲੋਂ ਮੰਗ ਕੀਤੀ ਹੈ ਕਿ ਜੇਲ੍ਹ ਅੰਦਰ ਜੈਮਰ ਲਾਉਣ ਕਾਰਨ ਆਮ ਲੋਕਾਂ ਨੂੰ ਆ ਰਹੀ ਪ੍ਰੇਸ਼ਾਨੀ ਦਾ ਹੱਲ ਕੀਤਾ ਜਾਵੇ।

# ਰਿਆੜਕੀ ਪਬਲਿਕ ਸਕੂਲ ਦੇ ਵਿਦਿਆਰਥੀਆਂ ਨੇ ਮਨਾਇਆ ਮਾਂ ਬੋਲੀ ਦਿਵਸ




ਢੰਡੋਵਾਲ ਵੈਲਫੇਅਰ ਆਰਗਨਾਈਜੇਸ਼ਨ ਐਨ ਆਰ ਆਈ ਤੇ ਸਮੂਹ ਨਗਰ ਨਿਵਾਸੀ ਢੰਡੋਵਾਲ ਵੱਲੋਂ ਸਮੂਹਿਕ 11 ਵਿਆਹ 22 ਫਰਵਰੀ ਦਿਨ ਐਤਵਾਰ ਨੂੰ ਕੀਤੇ ਜਾ ਰਹੇ ਹਨ। ਢੰਡੋਵਾਲ ਦੇ ਖੇਡ ਸਟੇਡੀਅਮ ਵਿੱਚ ਕੀਤੇ ਜਾ ਰਹੇ ਇਸ ਪੁੰਨ ਦੇ ਕੰਮ ਵਾਲੇ ਸਮਾਗਮ ਵਿੱਚ ਸਾਬਕਾ ਮੁੱਖ ਮੰਤਰੀ ਤੇ ਮੈਂਬਰ ਪਾਰਲੀਮੈਂਟ ਚਰਨਜੀਤ ਸਿੰਘ ਚੰਨੀ, ਸਾਬਕਾ ਕੈਬਨਿਟ ਮੰਤਰੀ ਅਤੇ ਹਲਕਾ ਵਿਧਾਇਕ ਕਪੂਰਥਲਾ ਰਾਣਾ ਗੁਰਜੀਤ ਸਿੰਘ, ਸਾਬਕਾ ਕੈਬਨਟ ਮੰਤਰੀ ਤੇ ਹਲਕਾ ਵਿਧਾਇਕ ਫਤਿਹਗੜ੍ਹ ਚੂੜੀਆਂ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਮੁੱਖ ਮਹਿਮਾਨਾਂ ਵਜੋਂ ਸ਼ਾਮਿਲ ਹੋਣਗੇ।ਇਸ ਉਪਰਾਲੇ ਵਿੱਚ ਮਾਨ, ਢਿੱਲੋ, ਥਿਆੜਾ, ਨਿੱਜਰ, ਖੋਸਾ, ਰਿਹਾਨ, ਦਿਓਲ, ਪਰਿਵਾਰਾਂ ਸਮੇਤ ਸਲੋਹ ਵਾਕਿੰਗ ਗਰੁੱਪ ਯੂ ਕੇ ਦਾ ਵਿਸ਼ੇਸ਼ ਸਹਿਯੋਗ ਹੈ। ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਹਲਕਾ ਵਿਧਾਇਕ ਸ਼ਾਹਕੋਟ ਤੇ ਸੁਰਿੰਦਰਜੀਤ ਸਿੰਘ ਚੱਠਾ ਸਾਬਕਾ ਚੇਅਰਮੈਨ ਮਾਰਕੀਟ ਕਮੇਟੀ ਸ਼ਾਹਕੋਟ ਸਮੂਹਿਕ ਵਿਆਹ ਸਮਾਗਮ ਵਿੱਚ ਸ਼ਾਮਿਲ ਹੋਣ ਵਾਲੇ ਮਹਿਮਾਨਾਂ ਦਾ ਸਵਾਗਤ ਕਰਨਗੇ। ਢੰਡੋਵਾਲ ਵੈਲਫੇਅਰ ਆਰਗਨਾਈਜੇਸ਼ਨ ਵੱਲੋਂ ਚੂੜਾ ਚੜਾਉਣ ਅਤੇ ਹੋਰ ਰਸਮਾਂ ਚਾਵਾਂ ਨਾਲ ਕੀਤੀਆਂ ਗਈਆਂ ਹਨ। ਇਹ ਰਸਮਾਂ ਨਿਭਾਉਣ ਵੇਲੇ ਬੀਬੀ ਕੁਲਵੰਤ ਕੌਰ ਚੱਠਾ, ਗੁਰਲੀਨ ਕੌਰ ਚੱਠਾ, ਰਣਜੀਤ ਕੌਰ, ਡਾ. ਮਨਵੀਰ ਕੌਰ, ਕੁਲਵੰਤ ਸਿੰਘ ਚੱਠਾ ਯੂਕੇ, ਗੁਰਪਾਲ ਸਿੰਘ ਚੱਠਾ ਯੂਕੇ, ਬਲਵਿੰਦਰ ਸਿੰਘ ਬਿੱਲੂ ਯੂਐਸਏ, ਪਹਿਲਵਾਨ ਨਛੱਤਰ ਸਿੰਘ ਸੱਤੀ, ਜਗਤਾਰ ਸਿੰਘ ਖਾਲਸਾ ਪ੍ਰਧਾਨ ਢੰਡੋਵਾਲ ਕੋਪਰੇਟਿਵ ਸੋਸਾਇਟੀ ਸਮੇਤ ਪਿੰਡ ਦੀਆਂ ਔਰਤਾਂ ਅਤੇ ਹੋਰ ਪਤਵੰਤੇ ਸ਼ਾਮਲ ਸਨ।



ਚੂੜਾ ਚੜ੍ਹਾਉਣ ਦੀ ਰਸਮ ਦੌਰਾਨ ਬੀਬੀ ਕੁਲਵੰਤ ਕੌਰ ਚੱਠਾ, ਗੁਰਲੀਨ ਕੌਰ ਚੱਠਾ ਤੇ ਹੋਰ

# ਤਿੰਨ ਮਹੀਨੇ ਚੱਲਣ ਵਾਲਾ ਖੇਡ ਮੇਲਾ ਸਮਾਪਤ




**ਗੁਰਾਇਆ (ਬਿੰਦਰ ਸੁਮਨ)**

ਵਾਈ ਐਫ ਸੀ ਰੁੜਕਾ ਕਲਾ ਵੱਲੋਂ ਐੱਨ ਆਰ ਆਈ ਇਲਾਕਾ ਨਿਵਾਸੀਆਂ ਤੇ ਗਰਾਮ ਪੰਚਾਇਤ ਦੇ ਸਹਿਯੋਗ ਨਾਲ ਚਲਾਈ ਜਾ ਰਹੀ ਐਜੂਕੇਸ਼ਨਲ ਫੁੱਟਬਾਲ ਤੇ ਖੇਡ ਲੀਗ ਦਾ ਸਮਾਪਤੀ ਸਮਾਰੋਹ ਯਾਦਗਾਰੀ ਹੋ ਨਿੱਬੜਿਆ। ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਵਾਈ ਐਫ ਸੀ ਦੇ ਪ੍ਰਧਾਨ ਗੁਰਮੰਗਲ ਦਾਸ ਸੋਨੀ ਨੇ ਦੱਸਿਆ ਕਿ ਵਾਈ ਐਫ ਸੀ ਰੁੜਕਾ ਕਲਾਂ ਵਲੋਂ ਪਿਛਲੇ ਤਿੰਨ ਮਹੀਨਿਆਂ ਤੋਂ ਐਜੂਕੇਸ਼ਨਲ ਫੱਟਬਾਲ ਤੇ ਖੇਡ ਲੀਗ ਚਲਾਈ ਜਾ ਰਹੀ ਸੀ,ਜਿਸ ਵਿੱਚ ਵੱਖ-ਵੱਖ ਖੇਡਾਂ ਕਰਵਾਈਆਂ ਗਈਆਂ ਹਨ ਜਿਸ ਵਿਚ ਐਥਲੈਟਿਕਸ, ਰੈਸਲਿੰਗ, ਕ੍ਰਿਕਟ, ਬੈਡਮੈਂਟਨ, ਵਾਲੀਵਾਲ, ਫੁੱਟਬਾਲ, ਕਬੱਡੀ ਓਪਨ ਪੱਧਰ,ਜਿਸ ਵਿੱਚ ਜੇਤੂ ਟੀਮਾਂ ਨੂੰ ਟਰਾਫੀਆਂ ਅਤੇ ਇਨਾਮ ਰਾਸ਼ੀ ਦੇ ਕੇ ਹੌਸਲਾ ਅਫਜਾਈ ਕੀਤੀ ਗਈ। ਸਮਾਪਤੀ ਸਮਾਰੋਹ 18 ਫਰਵਰੀ ਨੂੰ ਵਾਈ ਐਫ ਸੀ ਰੁੜਕਾ ਕਲਾਂ ਸਟੇਡੀਅਮ ਵਿੱਚ ਕੀਤਾ ਗਿਆ।ਜਿਸ ਵਿੱਚ ਵੱਖ-ਵੱਖ ਜਿਲ੍ਹਿਆਂ ਵਿੱਚੋ ਵੱਖ-ਵੱਖ 40 ਸੈਂਟਰਾਂ ਤੇ ਸਕੂਲਾਂ ਦੇ ਬੱਚਿਆਂ ਅਤੇ ਬੱਚੀਆਂ ਨੇ ਅਲਗ-ਅੱਲਗ ਉਮਰ ਵਰਗ ਤੇ ਸੀਨੀਅਰ ਵਰਗ ਦੇ ਖਿਡਾਰੀਆ ਨੇ ਭਾਗ ਲਿਆ।ਇਸ ਲੀਗ ਵਿੱਚ 7000 ਦੇ ਕਰੀਬ ਬੱਚਿਆਂ ਨੇ ਭਾਗ ਲਿਆ।ਇਸ ਮਹਾਂ ਕੁੰਭ ਵਿੱਚ ਵੱਖ-ਵੱਖ ਉਮਰ ਵਰਗ ਦੇ 2500 ਲੜਕੇ ਅਤੇ ਲੜਕੀਆਂ ਦੇ ਤਕਰੀਬਨ 12 ਚਰਨਾਂ ਵਿਚ ਖੇਡ ਮੁਕਾਬਲੇ ਕਰਵਾਏ ਗਏ, ਇਸ ਦੇ ਨਾਲ ਹੀ ਉੱਤਮ ਖਿਡਾਰੀਆ ਨੂੰ 40 ਏਵਨ ਸਾਈਕਲ ਵੀ ਦਿੱਤੇ ਗਏ।ਇਸ ਲੀਗ ਦੇ ਅੰਤਮ ਦਿਨ ਉਮਰ ਵਰਗ 17 ਸਾਲ ਲੜਕੀਆ ਦੇ ਫੁੱਟਬਾਲ ਬਿਲਗਾ ਅਤੇ ਰੁੜਕਾ ਕਲਾ ਦੇ ਮੈਚ ਕਰਵਾਏ ਗਏ,ਜਿਸ ਵਿੱਚ ਬਿਲਗਾ ਜੇਤੂ ਰਿਹਾ।ਇਸ ਤੋਂ ਬਾਅਦ ਕਬੱਡੀ ਪਿੰਡ ਦੇ ਮੈਚ ਕਰਵਾਏ ਗਏ,ਜਿਸ ਵਿੱਚ ਚਾਰ ਟੀਮਾ ਨੇ ਭਾਗ ਲਿਆ ਸੀ,ਜਿਸ ਵਿੱਚ ਕੁਹਾਲਾ ਨੇ ਪਹਿਲਾ ਸਥਾਨ ਅਤੇ ਰੁੜਕਾ ਕਲਾ ਦੂਜੇ ਸਥਾਨ ਤੇ ਰਿਹਾ ।ਕਬੱਡੀ ਆਲ ਓਪਨ ਤਹਿਤ ਮੈਚ ਕਰਵਾਏ ਗਏ,ਜਿਸ ਵਿੱਚ ਕੁੱਲ ਛੇ ਟੀਮਾ ਨੇ ਭਾਗ ਲਿਆ,ਅਤੇ ਫਾਈਨਲ ਮੈਚ ਹਰਿਆਣਾ ਅਤੇ ਮਾਲਵੇ ਵਿਚਕਾਰ ਕਰਵਾਇਆ ਗਿਆ ਸੀ,ਜਿਸ ਤਹਿਤ ਮਾਲਵੇ ਨੇ ਪਹਿਲਾ ਸਥਾਨ ਅਤੇ ਹਰਿਆਣਾ ਦੂਜੇ ਸਥਾਨ ਤੇ ਰਿਹਾ। ਪਹਿਲਾ ਸਥਾਨ ਪ੍ਰਾਪਤ ਟੀਮ ਨੂੰ 3,51,000 ਰੁ,ਦੂਜਾ ਸਥਾਨ ਹਾਸਲ ਕਰਨ ਵਾਲੀ ਟੀਮ ਨੂੰ 3,00,000ਰੁ ਦੀ ਅਤੇ ਬੈਸਟ ਜਾਫੀ ਅਤੇ ਬੈਸਟ ਰੇਡਰ ਨੂੰ ਪਲਸਰ ਮੋਟਰ ਸਾਈਕਲਾ ਨਾਲ ਸਨਮਾਨਿਤ ਕੀਤਾ ਗਿਆ,ਇਸ ਦੇ ਨਾਲ ਹੀ ਸਪੌਂਸਰਾ ਵੱਲੋਂ ਕਬੱਡੀ ਖਿਡਾਰੀ ਭੁਪਿੰਦਰ ਸਿੰਘ ਭਿੰਦਾ(ਮੂਲੇਵਾਲ ਖਹਿਰਾ) ਨੂੰ ਸਕਾਰਪੀਓ ਗੱਡੀ ਨਾਲ ਸਨਮਾਨਤ ਕੀਤਾ ਗਿਆ।ਇਸ ਸਮਾਰੋਹ ਦੇ ਅੰਤ ਵਿੱਚ ਪੰਜਾਬ ਦੇ ਉੱਘੇ ਗਾਇਕ ਬੱਬੂ ਮਾਨ ਨੇ ਦਰਸ਼ਕਾ ਦਾ ਮਨੋਰੰਜਨ ਕੀਤਾ।

# ਕਾਲਜ ਦੇ ਵਲੰਟੀਅਰਾਂ ਨੇ ਕੈਂਪਸ 'ਚ ਚਲਾਈ ਵਿਸ਼ੇਸ਼ ਮੁਹਿੰਮ



**ਬਲਾਚੌਰ (ਜਸਵਿੰਦਰ ਬੈਂਸ)**

ਬਾਬਾ ਬਲਰਾਜ ਪੰਜਾਬ ਯੂਨੀਵਰਸਿਟੀ ਕਾਂਸਟੀਚਿਊਐਂਟ ਕਾਲਜ, ਬਲਾਚੌਰ ਦੇ ਕੈਂਪਸ ਵਿੱਚ ਅੱਜ ਰਾਸ਼ਟਰੀ ਸੇਵਾ ਯੋਜਨਾ ਯੂਨਿਟਾਂ ਵੱਲੋਂ ਇੱਕ ਵਿਸ਼ੇਸ਼ 'ਸਵੱਛਤਾ ਮੁਹਿੰਮ' ਚਲਾਈ ਗਈ। ਪ੍ਰਿੰਸੀਪਲ ਪ੍ਰੋਫੈਸਰ ਡਾ.ਸਤੀਸ਼ ਕੁਮਾਰ ਧੀਮਾਨ ਦੀ ਸਰਪ੍ਰਸਤੀ ਹੇਠ ਹੋਏ ਇਸ ਸਮਾਗਮ ਦਾ ਉਦੇਸ਼ ਵਿਦਿਆਰਥੀਆਂ ਨੂੰ ਸਫਾਈ ਤੇ ਵਾਤਾਵਰਣ ਦੀ ਸੰਭਾਲ ਪ੍ਰਤੀ ਜਾਗਰੂਕ ਕਰਨਾ ਸੀ।ਪ੍ਰੋਗਰਾਮ ਅਫ਼ਸਰ ਡਾ. ਹਰੀ ਨਾਥ ਸ਼ਰਮਾ ਤੇ ਡਾ. ਅੰਜਲੀ ਪਾਠਕ ਦੀ ਅਗਵਾਈ ਵਿੱਚ ਰਾਸ਼ਟਰੀ ਸੇਵਾ ਯੋਜਨਾ ਦੇ ਵਲੰਟੀਅਰ ਨੇ ਵਲੰਟੀਅਰਾਂ ਨੇ ਕਾਲਜ ਦੇ ?ਅਕਾਦਮਿਕ ਬਲਾਕਾਂ ਦੀ ਸਫਾਈ ਕੀਤੀ, ਖੇਡ ਮੈਦਾਨਾਂ ਤੇ ਪਾਰਕਾਂ ਵਿੱਚੋਂ ਕੂੜਾ-ਕਰਕਟ ਹਟਾਇਆ।ਪਲਾਸਟਿਕ ਮੁਕਤ ਵਾਤਾਵਰਣ ਅਤੇ ਰਹਿੰਦ-ਖੂੰਹਦ ਦੇ ਸਹੀ ਨਿਪਟਾਰੇ ਬਾਰੇ ਜਾਗਰੂਕਤਾ ਫੈਲਾਈ।ਇਸ ਮੌਕੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਡਾ. ਹਰੀ ਨਾਥ ਸ਼ਰਮਾ ਨੇ ਕਿਹਾ ਕਿ ਸਫਾਈ ਨੂੰ ਜੀਵਨ ਸ਼ੈਲੀ ਦਾ ਹਿੱਸਾ ਬਣਾਉਣਾ ਚਾਹੀਦਾ ਹੈ ਤਾਂ ਜੋ ਇੱਕ ਸਿਹਤਮੰਦ ਸਮਾਜ ਸਿਰਜਿਆ ਜਾ ਸਕੇ। ਡਾ. ਅੰਜਲੀ ਪਾਠਕ ਨੇ ਵਿਦਿਆਰਥੀਆਂ ਦੇ ਉਤਸ਼ਾਹ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਨੂੰ ਸਮਾਜਿਕ ਸੇਵਾਵਾਂ ਨਾਲ ਜੁੜੇ ਰਹਿਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਪ੍ਰੋਫੈਸਰ ਦਕਸ਼ੀ ਜੈਨ ਤੇ ਪ੍ਰੋਫੈਸਰ ਰਾਘਵ ਜੈਨ ਨੇ ਵੀ ਪ੍ਰਬੰਧਾਂ ਵਿੱਚ ਅਹਿਮ ਸਹਿਯੋਗ ਦਿੱਤਾ ਕਾਲਜ ਦੇ ਪ੍ਰਿੰਸੀਪਲ ਨੇ ਰਾਸ਼ਟਰੀ ਸੇਵਾ ਯੋਜਨਾ ਯੂਨਿਟ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹੀਆਂ ਗਤੀਵਿਧੀਆਂ ਵਿਦਿਆਰਥੀਆਂ ਵਿੱਚ ਅਨੁਸ਼ਾਸਨ ਅਤੇ ਸੇਵਾ ਭਾਵਨਾ ਪੈਦਾ ਕਰਦੀਆਂ ਹਨ।

# ਨਾਲਿਆਂ ਦੀ ਸਫਾਈ ਨਾ ਹੋਣ ਕਾਰਨ ਲੋਕ ਪ੍ਰੇਸ਼ਾਨ



**ਕਾਦੀਆਂ (ਯਾਦਵਿੰਦਰ ਸਿੰਘ)**

ਮਲਹੋਤਰਾ ਨਗਰ ਕੌਂਸਲ ਕਾਦੀਆਂ ਅਧੀਨ ਆਉਂਦੇ ਠੀਕਰੀਵਾਲ ਰੋਡ ਸਥਿਤ ਸਿੱਖ ਨੈਸ਼ਨਲ ਕਾਲਜ ਦੇ ਕੋਲ ਅਤੇ ਹੋਰਨਾਂ ਥਾਵਾਂ ਤੇ ਨਾਲਿਆਂ ਦੀ ਸਫਾਈ ਨਾ ਹੋਣ ਕਾਰਨ ਪਾਣੀ ਸੜਕਾਂ ਦੇ ਉੱਪਰ ਜਮ੍ਹਾ ਹੋਣ ਦੇ ਤਹਿਤ ਸਥਾਨਕ ਲੋਕਾਂ ਅਤੇ ਰੋਜਾਨਾ ਹਜ਼ਾਰਾਂ ਦੀ ਗਿਣਤੀ 'ਚ ਗੁਜਰਨ ਵਾਲੇ ਸਕੂਲੀ ਵਿਦਿਆਰਥੀਆਂ ਨੂੰ ਭਾਰੀ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ।ਸਥਾਨਕ ਲੋਕਾਂ ਦੇ ਵੱਲੋਂ ਪ੍ਰਸ਼ਾਸਨ ਦੇ ਖਿਲਾਫ ਭਾਰੀ ਰੋਸ਼ ਜਾਹਿਰ ਕਰਦੇ ਹੋਏ ਮੰਗ ਕੀਤੀ ਕਿ ਇਹਨਾਂ ਨਾਲਿਆਂ ਦੀ ਸਫਾਈ ਕਰਵਾਈ ਜਾਵੇ।ਇਸ ਸੰਬੰਧੀ ਮਨਜੀਤ ਸਿੰਘ, ਰਣਜੀਤ ਸਿੰਘ, ਸੁਰਿੰਦਰ ਸਿੰਘ, ਇਕਬਾਲ ਸਿੰਘ, ਬਲਵਿੰਦਰ ਸਿੰਘ ਆਦੀ ਵਸਨੀਕਾਂ ਨੇ ਦੱਸਿਆ ਕਿ ਨਗਰ ਕੌਂਸਲ ਵੱਲੋਂ ਨਾਲਿਆਂ ਦੀ ਸਫ਼ਾਈ ਬੇਸ਼ੱਕ ਸਮਾਂ ਰਹਿੰਦਿਆਂ ਕਰਵਾਈ ਜਾਂਦੀ ਹੈ, ਪਰ ਨਾਲਿਆਂ ਦੀ ਸਫਾਈ ਚੰਗੀ ਤਰ੍ਹਾਂ ਨਾ ਹੋਣ ਕਾਰਨ ਗੰਦਗੀ ਕਾਰਨ ਲੋਕਾਂ ਨੂੰ ਕਈ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।ਸ਼ਹਿਰ ਦੇ ਨਾਲਿਆਂ ਦੀ ਨਿਯਮਤ ਸਫ਼ਾਈ ਨਾ ਹੋਣ ਕਾਰਨ ਉਨ੍ਹਾਂ ਵਿੱਚ ਗੰਦਗੀ ਜਮ੍ਹਾਂ ਹੋ ਗਈ ਹੈ ਜਿਸ ਕਰਕੇ ਗੰਦਗੀ ਕਾਰਨ ਆਮ ਲੋਕਾਂ ਨੂੰ ਡੇਂਗੂ ਅਤੇ ਮਲੇਰੀਆ ਵਰਗੀਆਂ ਗੰਭੀਰ ਬਿਮਾਰੀਆਂ ਦਾ ਵੀ ਸਾਹਮਣਾ ਕਰਨਾ ਪੈ ਰਿਹਾ ਹੈ।ਲੋਕਾਂ ਨੇ ਦੱਸਿਆ ਕਿ ਨਾਲਿਆਂ ਦਾ ਪਾਣੀ ਸੜਕਾਂ ਤੱਕ ਜਮ੍ਹਾ ਹੋ ਗਿਆ ਜਿਸ ਕਾਰਨ ਨਾਲੇ ਦਾ ਗੰਦਾ ਪਾਣੀ ਉਨ੍ਹਾਂ ਦੇ ਘਰਾਂ ਦੇ ਸਾਹਮਣੇ ਇਕੱਠਾ ਹੋ ਜਾਂਦਾ ਹੈ।ਇਸ ਦੀ ਬਦਬੂ ਕਾਰਨ ਲੋਕਾਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ।ਰੋਜ਼ਾਨਾ ਹੀ ਇੱਥੋਂ ਸਕੂਲੀ ਵਿਦਿਆਰਥੀ ਗੁਜ਼ਰਦੇ ਹਨ ਜਿਨ੍ਹਾਂ ਨੂੰ ਪਾਣੀ ਵਿੱਚੋਂ ਲੰਘ ਕੇ ਜਾਣਾ ਪੈਂਦਾ ਹੈ।ਸਥਾਨਕ ਲੋਕਾਂ ਨੇ ਜ਼ਿਲ੍ਹਾ ਪ੍ਰਸ਼ਾਸਨ ਤੇ ਨਗਰ ਕੌਂਸਲ ਪਾਸੋਂ ਪੁਰਜ਼ੋਰ ਮੰਗ ਕੀਤੀ ਕਿ ਜਲਦੀ ਤੋਂ ਜਲਦੀ ਨਾਲੀਆਂ ਦੀ ਸਫਾਈ ਕੀਤੀ ਜਾਵੇ, ਤਾਂ ਜੋ ਕਿ ਪਾਣੀ ਦੀ ਨਿਕਾਸੀ ਹੋ ਸਕੇ ਅਤੇ ਉਨ੍ਹਾਂ ਨੂੰ ਆ ਰਹੀਆਂ ਮੁਸ਼ਕਲਾਂ ਦੂਰ ਹੋ ਸਕਣ।

# ਹਲਕਾ ਨਕੋਦਰ ਤੋਂ ਅਸੰਬਲੀ ਦੀ ਚੋਣ ਲੜਾਂਗਾ : ਬਾਲੀ



**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**-ਅਸੀਂ ਲੋਕ ਮੱਸਲਿਆ ਲਈ ਲੜਦੇ ਆਏ ਹਾਂ ਤੇ ਲੋਕ ਮੱਸਲਿਆ ਲਈ ਲੜਦੇ ਰਹਾਂਗੇ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕਰਦਿਆਂ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਸਮਾਜ ਸੇਵਕ ਬਾਲ ਕ੍ਰਿਸ਼ਨ ਬਾਲੀ ਪੱਤਰਕਾਰ ਨੂਰਮਹਿਲ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਹੇਂ। ਉਨ੍ਹਾਂ ਕਿਹਾ ਕਿ 2027 ਦੀਆਂ ਵਿਧਾਨ ਸਭਾ ਦੀਆਂ ਚੋਣਾਂ ਦੋਰਾਨ ਉਹ ਲੋਕਾਂ ਦੇ ਉੱਭਰਦੇ ਹੋਏ ਅਤੇ ਅਣਗੋਲਿਆਂ ਕੀਤੇ ਹੋਏ ਮੱਸਲਿਆ ਨੂੰ ਨਾਲ਼ ਲੇ ਕੇ ਹਲਕਾ ਨਕੋਦਰ ਤੋਂ ਅਜ਼ਾਦ ਉਮੀਦਵਾਰ ਦੀ ਤੋਰ ਤੇ ਐਮ ਐਲ ਏ ਦੀ ਚੌਣ ਲੜਾਗਾ ।ਮੁੱਦੇ ਕੋਈ ਵੀ ਹੋਵੇ, ਚਾਹੇ ਸਹਿਤ, ਸਿੱਖਿਆ, ਦੋਰਾਨ ਹਸਪਤਾਲ ਵਿੱਚ ਡਾਕਟਰਾਂ ਦੀ ਘਾਟ,ਦਵਾਈਆਂ ਦੀ ਘਾਟ, ਸਕੂਲਾਂ ਵਿੱਚ ਟੀਚਰਾਂ ਦੀ ਘਾਟ ਲਈ , ਨੌਜਵਾਨਾਂ ਪੜੇ ਲਿਖਿਆ ਦੀ ਵੱਖ ਵੱਖ ਸਰਕਾਰੀ ਨੌਕਰੀਆਂ ਦੀ ਭਰਤੀ ਲਈ, ਸ਼ਹਿਰਾਂ ਅਤੇ ਕਸਬਿਆਂ, ਪਿੰਡਾਂ ਵਿੱਚ ਸੀਵਰੇਜ, ਗਲੀਆਂ ਨਾਲੀਆਂ, ਸੜਕਾਂ ਦੇ ਮੁੱਦਿਆਂ ਦੇ ਮਸਲੇ ਹੋਣ। ਗੱਲ ਬਾਤ ਦੋਰਾਨ ਬਾਲੀ ਨੇ ਅੱਗੇ ਕਿਹਾ ਕਿ ਨੂਰਮਹਿਲ ਦਾ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਜੋ ਅਧੂਰਾ ਪਿਆ ਹੈ ਨੂੰ ਪੂਰਾ ਕਰਵਾਉਣ ਲਈ ਅਤੇ ਬੇਰੁਜ਼ਗਾਰ, ਨੌਜਵਾਨਾਂ ਲਈ ਨੌਕਰੀਆਂ ਲਈ ਫੈਕਟਰੀਆਂ ਦੇ ਪ੍ਰਬੰਧ ਲਈ , ਮਜ਼ਦੂਰਾਂ ਲਈ 5/5, ਮਰਲੇ ਪਲਾਟਾ ਆਦਿ ਨਸ਼ਿਆਂ ਨੂੰ ਠੱਲ੍ਹ ਪਾਉਣ ਲਈ, ਲੁੱਟਾਂ ਖੋਹਾਂ ਅਤੇ ਹੋਰ ਹੋ ਰਹੇ ਲੋਕਾਂ ਨਾਲ ਬੇਇਨਸਾਫੀ ਨੂੰ ਇਨਸਾਫ ਦਿਵਾਉਣ ਲਈ ਹਲਕਾ ਨਕੋਦਰ ਤੋਂ ਐਮ ਐਲ ਏ ਦੀ ਚੌਣ ਅਜ਼ਾਦ ਉਮੀਦਵਾਰ ਤੌਰ 'ਤੇ ਚੋਣ ਲੜਾਂਗਾ।

# ਸਰਪੰਚ ਸ਼੍ਰੋਮਣੀ ਅਕਾਲੀ ਦਲ 'ਚ ਸ਼ਾਮਲ



**ਟਾਂਡਾ ਉੜਮੁੜ (ਜਸਵਿੰਦਰ ਸੰਧੂ ਓਂਕਾਰ ਸਿੰਘ)**

ਹਲਕਾ ਮੁਕੇਰੀਆਂ ਤੋਂ ਸ਼੍ਰੋਮਣੀ ਅਕਾਲੀ ਦਲ ਨੂੰ ਉਸ ਸਮੇਂ ਵੱਡਾ ਵੱਲ ਮਿਲਿਆ ਜਦੋਂ ਹਲਕੇ ਦੇ ਨੌਜਵਾਨ ਸਰਪੰਚ ਅਤੇ ਸਮਾਜ ਸੇਵਕ ਸੰਦੀਪ ਸਿੰਘ ਸੰਨੀ ਪਿੰਡ ਗਾਲੜੀਆਂ ਸਾਥੀਆਂ ਸਮੇਤ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਾਮਿਲ ਹੋਏ। ਇਸ ਮੌਕੇ ਤੇ ਹਲਕਾ ਮੁਕੇਰੀਆਂ ਦੇ ਅਕਾਲੀ ਆਗੂ ਜਥੇਦਾਰ ਕਿਰਪਾਲ ਸਿੰਘ ਗੇਰਾ ,ਜਥੇਦਾਰ ਈਸ਼ਰ ਸਿੰਘ ਮੰਝਪੁਰ, ਲਖਵਿੰਦਰ ਸਿੰਘ ਟਿੰਮੀ, ਹਲਕਾ ਇੰਚਾਰਜ ਸ਼ਾਮ ਚੁਰਾਸੀ ਸੰਦੀਪ ਸਿੰਘ ਸੀਕਰੀ, ਸੀਨੀਅਰ ਅਕਾਲੀ ਆਗੂ ਸਰਬਜੀਤ ਸਿੰਘ ਮੋਮੀ, ਅੰਮ੍ਰਿਤ ਪਾਲ ਸਿੰਘ ਮੰਝਪੁਰ,ਗੁਰਦਿਆਲ ਸਿੰਘ ਉਲਾਹਾ ਸਰਕਲ ਪ੍ਰਧਾਨ ਹਾਜੀਪੁਰ , ਸੁਖਚੈਨ ਸਿੰਘ ਸਰਕਲ ਪ੍ਰਧਾਨ ਬੇਲਾ ਸਰਿਆਣਾ, ਫਤਿਹ ਸਿੰਘ ਸਰਕਲ ਪ੍ਰਧਾਨ ਦਗਨ ਤੇ ਹੋਰ ਅਕਾਲੀ ਆਗੂਆ ਦੀ ਹਾਜ਼ਰੀ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨ ਸਰਦਾਰ ਲਖਵਿੰਦਰ ਸਿੰਘ ਲੱਖੀ ਨੇ ਸਰਪੰਚ ਸੰਦੀਪ ਸਿੰਘ ਸਨੀ ਦਾ ਲੱਖੀ ਪਲਾਜਾ ਟਾਂਡਾ ਉੜਮੁੜ ਵਿਖੇ ਸਥਿਤ ਆਪਣੇ ਦਫਤਰ ਵਿਖੇ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਾਮਿਲ ਸ਼ਾਮਿਲ ਕੀਤਾ ਤੇ ਸਿਰੋਪਾਓ ਦੇ ਕੇ ਸਨਮਾਨ ਕੀਤਾ। ਇਸ ਮੌਕੇ ਤੇ ਜ਼ਿਲ੍ਹਾ ਪ੍ਰਧਾਨ ਲਖਵਿੰਦਰ ਸਿੰਘ ਲੱਖੀ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੀਆਂ ਨੀਤੀਆਂ ਤੇ ਪਿਛਲੇ ਸਮੇਂ ਦੌਰਾਨ ਕੀਤੇ ਗਏ ਕੰਮਾਂ ਨੂੰ ਦੇਖਦਿਆਂ ਲੋਕ ਮੁੜ ਤੋਂ ਸ਼੍ਰੋਮਣੀ ਅਕਾਲੀ ਦਲ ਵਿੱਚ ਵੱਡੀ ਗਿਣਤੀ 'ਚ ਸ਼ਾਮਿਲ ਹੋ ਰਹੇ ਹਨ।

# ਨਵਾਂ ਜ਼ਮਾਨਾ ਐਤਵਾਰਤਾ



ਰਾਇ ਅਜ਼ੀਜ਼ਉੱਲ੍ਹਾ ਖਾਨ ਨਾਲ ਮੁਲਾਕਾਤ
(ਆਖ਼ਰੀ ਤੋਂ ਪਹਿਲੇ ਸਫੇ 'ਤੇ)

ਅਗਨ ਯੁੱਗ ਵਿੱਚ ਤੜਫਦੇ,
ਡਾਢਦੇ ਸਤਾਏ ਆਦਮੀ।
ਦਰ-ਬਦਰ ਭਟਕਣਗੇ,
ਅਜ਼ਲਾਂ ਤੋਂ ਤਿਹਾਏ ਆਦਮੀ।
- ਗੁਰਜੰਟ ਰਾਜੇਆਣਾ

Regd. No : L-4/Pb-JL-0023/2024-26, (R.N.I.)-00068/57 | ਜਲੰਧਰ : ਐਤਵਾਰ, 22 ਫਰਵਰੀ 2026 | www.nawanzamana.in | ਕੀਮਤ 5.00 ਰੁਪਏ

# ਬੀਮਾ ਸਕੀਮਾਂ ਰਾਹੀਂ ਸਿਹਤ ਸੇਵਾਵਾਂ ਦਾ ਨਿੱਜੀਕਰਨ





ਕਿਸੇ ਵੀ ਕਲਿਆਣਕਾਰੀ ਢਾਂਚੇ ਵਿੱਚ ਆਪਣੇ ਨਾਗਰਿਕਾਂ ਨੂੰ ਮੁਫ਼ਤ ਅਤੇ ਮਿਆਰੀ ਸਿਹਤ ਸਹੂਲਤਾਂ ਪ੍ਰਦਾਨ ਕਰਨਾ ਰਾਜ ਦੀ ਆਪਣੀ ਜ਼ਿੰਮੇਵਾਰੀ ਹੁੰਦੀ ਹੈ। ਸਾਲ 1978 ਵਿੱਚ ਕਜ਼ਾਕਿਸਤਾਨ ਦੇ ਸ਼ਹਿਰ ਆਲਮ ਆਟਾ ਵਿੱਚ ਹੋਈ ਆਲਮੀ ਸਿਹਤ ਕਾਨਫਰੰਸ ਨੇ ਸਾਲ 2000 ਤੱਕ ਆਪਣੇ ਐਲਾਨਨਾਮੇ ਵਿੱਚ 'ਸਾਰਿਆਂ ਲਈ ਸਿਹਤ' ਦਾ ਟੀਚਾ ਮਿੱਥਿਆ ਸੀ, ਪਰ ਨੱਬੇਵਿਆਂ ਵਿੱਚ ਸ਼ੁਰੂ ਹੋਏ ਆਰਥਿਕ ਸੁਧਾਰਾਂ ਤੋਂ ਬਾਅਦ ਰਾਜ ਲੋਕ ਭਲਾਈ ਦੇ ਬਾਕੀ ਖੇਤਰਾਂ ਵਾਂਗ ਸਿਹਤ ਵਿੱਚੋਂ ਵੀ ਪੱਲਾ ਛੁਡਾਉਣ ਲੱਗਿਆ ਅਤੇ ਹਰ ਖੇਤਰ ਵਿੱਚ ਨਿੱਜੀਕਰਨ ਦੀ ਹਨੇਰੀ ਝੁੱਲਣ ਲੱਗੀ। ਇਸ ਦਾ ਸਿੱਟਾ ਇਹ ਨਿਕਲਿਆ ਕਿ ਅੱਜਕੱਲ੍ਹ ਭਾਰਤ ਵਿੱਚ ਜੀ ਡੀ ਪੀ ਦਾ ਸਿਰਫ਼ 1.04 ਫੀਸਦੀ ਹੀ ਸਿਹਤ 'ਤੇ ਖਰਚਿਆ ਜਾ ਰਿਹਾ ਹੈ। 'ਸਾਰਿਆਂ ਲਈ ਸਿਹਤ' ਦੀ ਥਾਂ 'ਸਾਰਿਆਂ ਲਈ ਬੀਮਾ' ਜ਼ਰੂਰੀ ਹੋ ਗਿਆ ਅਤੇ ਨਾਗਰਿਕ ਆਪਣੀਆਂ ਸਿਹਤ ਸਮੱਸਿਆਵਾਂ ਲਈ ਸਿਹਤ ਬੀਮਾ ਕਾਰਡਾਂ ਦੇ ਮੁਥਾਜ਼ ਹੋ ਗਏ। ਸਿਹਤ ਕਾਰਡ ਵਿੱਚ ਸਿਹਾਰੀ-ਬਿਹਾਰੀ, ਕੰਨਾਂ-ਬਿੰਦੀ, ਬ-ਵ ਆਦਿ ਦੀਆਂ ਮਾਮੂਲੀ ਗਲਤੀਆਂ ਨਾਲ ਸਿਹਤ ਕਾਰਡ ਰਾਹੀਂ ਇਲਾਜ ਕਰਵਾਉਣਾ ਦੁੱਭਰ ਹੋ ਜਾਂਦਾ ਹੈ, ਪਰ ਇਸ ਸਮੇਂ ਦੌਰਾਨ ਬੀਮਾ ਕੰਪਨੀਆਂ ਨੇ ਸਿਹਤ ਬੀਮਿਆਂ ਰਾਹੀਂ ਖੂਬ ਪ੍ਰੀਮੀਅਮ ਇਕੱਠੇ ਕੀਤੇ। ਸਾਲ 2001-02 ਵਿੱਚ 675 ਕਰੋੜ ਰੁਪਏ ਦੇ ਅਤੇ ਸਾਲ 2024-25 ਵਿੱਚ 47300 ਕਰੋੜ ਰੁਪਏ ਦੇ ਪ੍ਰੀਮੀਅਮ ਬੀਮਾ ਕੰਪਨੀਆਂ ਨੇ ਸਿਹਤ ਬੀਮਿਆਂ ਰਾਹੀਂ ਇਕੱਠੇ ਕੀਤੇ। ਇਹ ਵਾਧਾ ਪੱਚੀ ਸਾਲਾਂ ਦੌਰਾਨ 7173 ਫੀਸਦੀ ਬਣਦਾ ਹੈ।

ਇਸ ਵਰਤਾਰੇ ਨੇ ਸਰਕਾਰੀ ਹਸਪਤਾਲਾਂ ਨੂੰ ਵੀ ਸਿਹਤ ਬੀਮਾ ਦੇ ਦਾਇਰੇ ਵਿੱਚ ਲਿਆਉਣਾ ਸ਼ੁਰੂ ਕਰ ਦਿੱਤਾ। ਮੁਫ਼ਤ ਇਲਾਜ ਲਈ ਸਰਕਾਰੀ ਹਸਪਤਾਲਾਂ ਵਿੱਚ ਵੀ ਮਰੀਜ਼ਾਂ ਨੂੰ ਸਿਹਤ ਬੀਮਾ ਕਾਰਡ ਆਪਣੀਆਂ ਜੇਬਾਂ ਵਿੱਚ ਰੱਖਣ ਲਈ

**ਡਾ. ਜਸਬੀਰ ਸਿੰਘ ਔਲਖ**

ਮਜਬੂਰ ਹੋਣਾ ਪਿਆ। ਵੈਭਵੀ ਸ਼ਿੰਦੇ ਅਤੇ ਵਸੰਤ ਵਾਂਗ ਦੁਆਰਾ ਫਰਵਰੀ 2024 ਵਿੱਚ ਛਪੇ ਇੱਕ ਅਧਿਐਨ ਵਿੱਚ ਖੁਲਾਸਾ ਹੋਇਆ ਸੀ ਕਿ ਭਾਰਤ ਵਿੱਚ ਸ਼ਹਿਰੀ ਗਰੀਬਾਂ ਦਾ ਸਿਰਫ਼ ਅਠਾਰਾਂ ਫੀਸਦੀ ਹਿੱਸਾ ਹੀ ਇਹਨਾਂ ਸਿਹਤ ਬੀਮਾ ਸਕੀਮਾਂ ਤੱਕ ਪਹੁੰਚ ਹੈ। ਇਹਨਾਂ ਬੀਮਾ ਸਿਹਤ ਸਕੀਮਾਂ ਵਿੱਚ ਸਿਰਫ਼ ਦਾਖਲ ਹੋਣ 'ਤੇ ਹੀ ਮੁਫ਼ਤ ਇਲਾਜ ਦਾ ਪ੍ਰਬੰਧ ਹੈ, ਜਦੋਂ ਕਿ ਸਰਕਾਰੀ ਹਸਪਤਾਲਾਂ ਵਿੱਚ ਤਾਂ ਮਰੀਜ਼ਾਂ ਦੀ ਵੱਡੀ ਗਿਣਤੀ ਆਊਟ ਡੋਰ ਵਿੱਚ ਹੁੰਦੀ ਹੈ। ਦੰਦਾਂ ਦੀਆਂ ਬਿਮਾਰੀਆਂ ਅਤੇ ਬਾਂਝਪਨ ਦੇ ਮਰੀਜ਼ਾਂ ਸਮੇਤ ਆਊਟ ਡੋਰ ਵਿੱਚ ਮਰੀਜ਼ਾਂ ਨੂੰ ਸਿਹਤ ਬੀਮਾ ਸਕੀਮਾਂ ਦੇ ਲਾਭ ਤੋਂ ਬਾਹਰ ਰੱਖਿਆ ਜਾਂਦਾ ਹੈ। ਜਨਰਲ ਆਫ਼ ਫੈਮਿਲੀ ਮੈਡੀਸਨ ਐਂਡ ਪ੍ਰਾਇਮਰੀ ਕੇਅਰ ਵਿੱਚ ਛਪੇ ਰਮਨਦੀਪ ਸਿੰਘ ਗੰਭੀਰ ਅਤੇ ਹੋਰਨਾਂ ਵੱਲੋਂ ਕੀਤੇ ਇੱਕ ਅਧਿਐਨ ਵਿੱਚ ਇਹ ਦੱਸਿਆ ਗਿਆ ਸੀ ਕਿ ਆਊਟ ਡੋਰ ਵਿੱਚ ਮਰੀਜ਼ਾਂ ਦੇ ਕੁੱਲ ਖਰਚ ਦਾ ਸੱਠ ਤੋਂ ਅੱਸੀ ਪ੍ਰਤੀਸ਼ਤ ਖਰਚ ਹੋ ਜਾਂਦਾ ਹੈ।

ਵੱਖ-ਵੱਖ ਸੂਬਾਈ ਸਰਕਾਰਾਂ ਨੇ ਸਮੇਂ-ਸਮੇਂ 'ਤੇ ਆਪੋ-ਆਪਣੀਆਂ ਸਿਹਤ ਬੀਮਾ ਸਕੀਮਾਂ ਚਲਾਈਆਂ ਹਨ। ਰਾਜਸਥਾਨ ਦੀ ਅਸ਼ੋਕ ਗਹਿਲੋਤ ਸਰਕਾਰ ਦੀ ਮੁੱਖ ਮੰਤਰੀ ਚਿਰੰਜੀਵੀ ਸਿਹਤ ਬੀਮਾ ਯੋਜਨਾ ਹੁਣ ਤੱਕ ਦੀ ਸਭ ਤੋਂ ਵੱਡੀ ਯੋਜਨਾ ਸੀ, ਜਿਸ ਵਿੱਚ ਪੱਚੀ ਲੱਖ ਤੱਕ ਦੇ ਇਲਾਜ ਦੀ ਸਹੂਲਤ ਸੀ। ਹੁਣੇ-ਹੁਣੇ ਪੰਜਾਬ ਸਰਕਾਰ ਨੇ ਆਪਣੀ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਸ਼ੁਰੂ ਕੀਤੀ ਹੈ, ਜਿਸ ਵਿੱਚ ਦਸ ਲੱਖ ਤੱਕ ਦੇ ਇਲਾਜ ਦਾ ਵਾਅਦਾ ਹੈ, ਪਰ ਇਹ ਯੋਜਨਾ ਸ਼ੁਰੂ ਕਰਨ ਤੋਂ ਪਹਿਲਾਂ ਮਾਹਿਰਾਂ ਵੱਲੋਂ ਵੱਖ-ਵੱਖ ਸੂਬਾਈ ਸਿਹਤ ਬੀਮਾ ਯੋਜਨਾਵਾਂ ਦਾ ਕੋਈ ਅਧਿਐਨ ਕੀਤਾ ਹੋਵੇ, ਅਜਿਹੀ ਕੋਈ ਗੱਲ ਜਨਤਕ ਦਾਇਰੇ ਵਿੱਚ ਨਹੀਂ ਹੈ। ਵੈਸੇ ਪੰਜਾਬ ਵਿੱਚ ਇਹ ਸਿਹਤ ਬੀਮਾ ਯੋਜਨਾ ਆਪਣੀ ਕਿਸਮ ਦੀ ਪੰਜਵੀਂ ਸਿਹਤ ਬੀਮਾ ਯੋਜਨਾ ਹੈ। ਸਭ ਤੋਂ ਪਹਿਲਾਂ ਭਾਈ ਘਨੱਈਆ ਸਿਹਤ ਬੀਮਾ ਯੋਜਨਾ ਸਾਲ 2006 ਵਿੱਚ ਸ਼ੁਰੂ ਕੀਤੀ ਗਈ ਸੀ, ਜਿਸ ਤਹਿਤ ਦੋ ਲੱਖ ਤੱਕ ਸਿਹਤ ਬੀਮੇ ਦੀ ਸਹੂਲਤ ਸੀ ਅਤੇ ਇਸ ਯੋਜਨਾ ਨੂੰ ਲਾਗੂ ਕਰਨ ਦੀ ਜ਼ਿੰਮੇਵਾਰੀ ਸਹਿਕਾਰਤਾ ਵਿਭਾਗ ਸਿਰ ਸੀ। ਇਸ ਯੋਜਨਾ ਨੂੰ ਸਾਲ 2012 ਵਿੱਚ ਇੱਕ ਸਾਲ ਲਈ ਮੁੜ ਸ਼ੁਰੂ ਕੀਤਾ ਗਿਆ ਸੀ। ਇਹ ਯੋਜਨਾ ਕਈ ਘਪਲਿਆਂ ਕਰਕੇ ਚਰਚਾ ਵਿੱਚ ਰਹੀ, ਜਿਵੇਂ ਜਾਅਲੀ ਬਿੱਲ ਪਾਉਣੇ, ਸਮਾਰਟ ਕਾਰਡ ਦੀ ਦੁਰਵਰਤੋਂ, ਯੋਜਨਾ ਤਹਿਤ ਅਯੋਗ ਵਿਅਕਤੀਆਂ ਦਾ ਇਲਾਜ ਜਾਂ ਯੋਗ ਵਿਅਕਤੀਆਂ ਦਾ ਇਲਾਜ ਨਾ ਹੋਣਾ, ਯੋਗ ਮਰੀਜ਼ਾਂ ਤੋਂ ਇਲਾਜ ਦੇ ਪੈਸੇ ਵਸੂਲਣੇ ਆਦਿ। ਇੱਕ ਹਸਪਤਾਲ ਬਾਰੇ ਤਾਂ ਇਹ ਵੀ ਸੁਣਿਆ ਗਿਆ ਸੀ ਕਿ ਉਸ ਹਸਪਤਾਲ ਵਿੱਚ ਪੁਰਾਣੇ ਸਮੇਂ ਵਿੱਚ ਹੋਏ ਆਪ੍ਰੇਸ਼ਨਾਂ ਨੂੰ ਇਸ ਸਕੀਮ ਤਹਿਤ ਨਵੇਂ ਸਿਰਿਉਂ ਦਿਖਾ ਕੇ ਕਲੇਮ ਲਏ ਗਏ ਸਨ। ਸਹਿਕਾਰਤਾ ਵਿਭਾਗ ਦੇ ਸਟੇਟ ਹੈੱਡਕੁਆਰਟਰ ਦੇ ਇੱਕ ਕਰਮਚਾਰੀ ਮੁਤਾਬਿਕ ਹਾਲੇ ਵੀ ਕਈ ਅਦਾਲਤੀ ਕੇਸ ਇਸ ਸਿਹਤ ਸਕੀਮ ਸੰਬੰਧੀ ਚੱਲ ਰਹੇ ਹਨ।

ਦੂਸਰੀ ਸਿਹਤ ਬੀਮਾ ਯੋਜਨਾ ਕੇਂਦਰ ਸਰਕਾਰ ਦੀ ਰਾਸ਼ਟਰੀ ਸਵਾਸਥ ਬੀਮਾ ਯੋਜਨਾ ਸੀ, ਜਿਸ ਨੂੰ ਪਹਿਲਾਂ ਭਾਰਤ ਸਰਕਾਰ ਦੇ ਕਿਰਤ ਅਤੇ ਰੁਜ਼ਗਾਰ ਮਹਿਕਮੇ ਰਾਹੀਂ ਅਤੇ ਉਸ ਤੋਂ ਬਾਅਦ ਕੇਂਦਰੀ ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਰਾਹੀਂ ਚਲਾਇਆ ਗਿਆ ਸੀ। ਇਸ ਸਕੀਮ ਵਿੱਚ ਗਰੀਬੀ ਰੇਖਾ ਤੋਂ ਹੇਠਾਂ ਵਾਲੇ ਪਰਵਾਰਾਂ ਨੂੰ ਸਾਲਾਨਾ ਤੀਹ ਹਜ਼ਾਰ ਰੁਪਏ ਤੱਕ ਦੇ ਮੁਫ਼ਤ ਇਲਾਜ ਦੀ ਸਹੂਲਤ ਸੀ। ਆਯੂਸ਼ਮਾਨ ਸਕੀਮ ਦੇ ਸ਼ੁਰੂ ਹੋਣ ਤੋਂ ਬਾਅਦ ਇਹ ਸਕੀਮ ਬੰਦ ਕਰ ਦਿੱਤੀ ਗਈ। ਇਸ ਸਕੀਮ ਤਹਿਤ ਪੰਜਾਬ ਦੀ ਕਾਰਗੁਜ਼ਾਰੀ ਤਸੱਲੀਬਖ਼ਸ਼ ਨਹੀਂ ਸੀ ਅਤੇ ਕੌਮੀ ਪੱਧਰ 'ਤੇ ਵੀ ਵੱਖ-ਵੱਖ ਸੂਬਿਆਂ ਵਿੱਚ ਪੰਦਰਾਂ ਤੋਂ ਬਿਆਲੀ ਪ੍ਰਤੀਸ਼ਤ ਯੋਗ ਪਰਵਾਰਾਂ ਦੇ ਹੀ ਸਮਾਰਟ ਕਾਰਡ ਬਣ ਸਕੇ ਸਨ। ਸੂਚਨਾ ਅਧਿਕਾਰ ਕਾਨੂੰਨ ਤਹਿਤ ਇਹਨਾਂ ਦੋਵਾਂ ਸਿਹਤ ਬੀਮਾ ਸਕੀਮਾਂ ਦੀ ਵਿਸਥਾਰਤ ਜਾਣਕਾਰੀ ਸੰਬੰਧਤ ਜਨਤਕ ਅਥਾਰਟੀਆਂ ਨੇ ਲੇਖਕ ਨੂੰ ਮੁਹੱਈਆ ਨਹੀਂ ਕਰਵਾਈ।

### ਭਗਤ ਪੂਰਨ ਸਿੰਘ ਸਿਹਤ ਬੀਮਾ ਯੋਜਨਾ

ਪੰਜਾਬ ਵਿੱਚ ਇਹ ਯੋਜਨਾ ਇੱਕ ਨਵੰਬਰ 2015 ਤੋਂ ਸ਼ੁਰੂ ਹੋਈ। ਇਹ ਯੋਜਨਾ ਪੰਜਾਬ ਸਰਕਾਰ ਦੀ ਆਪਣੀ ਯੋਜਨਾ ਸੀ, ਜਿਸ ਤਹਿਤ ਪ੍ਰਤੀ ਪਰਵਾਰ ਪੰਜਾਹ ਹਜ਼ਾਰ ਰੁਪਏ ਤੱਕ ਸਾਲਾਨਾ ਮੁਫ਼ਤ ਇਲਾਜ ਦੀ ਸਹੂਲਤ ਸੀ। ਇਸ ਦੇ ਨਾਲ ਹੀ ਯੋਗ ਪਰਵਾਰਾਂ ਦੇ ਮੁਖੀ ਦੀ ਦੁਰਘਟਨਾ ਵਿੱਚ ਮੌਤ ਹੋ ਜਾਣ 'ਤੇ ਪੰਜ ਲੱਖ ਰੁਪਏ ਤੱਕ ਦਾ ਬੀਮਾ ਕਵਰ ਸੀ। ਇਹ ਯੋਜਨਾ 31.03.2019 ਤੱਕ ਜਾਰੀ ਰਹੀ। ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ, ਸਾਹਿਬਜ਼ਾਦਾ ਅਜੀਤ ਸਿੰਘ ਨਗਰ ਇਸ ਸਿਹਤ ਬੀਮਾ ਯੋਜਨਾ ਲਾਗੂ ਕਰਨ ਲਈ ਨੋਡਲ ਏਜੰਸੀ ਸੀ। ਇਸ ਸਕੀਮ ਤਹਿਤ ਪੰਜਾਬ ਸਰਕਾਰ ਨੇ ਸਾਲ 2015-16 ਵਿੱਚ 1093.84 ਲੱਖ ਰੁਪਏ, ਸਾਲ 2016-17 ਵਿੱਚ 9590.88 ਲੱਖ ਰੁਪਏ, ਸਾਲ 2017-18 ਵਿੱਚ 3400.00 ਲੱਖ ਰੁਪਏ ਅਤੇ ਸਾਲ 2018-19 ਵਿੱਚ 9350.00 ਲੱਖ ਰੁਪਏ (2,34,34,72,000 ਰੁਪਏ) ਬੀਮਾ ਕੰਪਨੀ ਨੂੰ ਪ੍ਰੀਮੀਅਮ ਅਦਾ ਕੀਤਾ। ਇਹਨਾਂ ਸਾਲਾਂ ਦੌਰਾਨ ਸਿਰਫ਼ ਇੱਕ ਪ੍ਰਤੀਸ਼ਤ ਪਰਵਾਰਾਂ ਨੇ ਹੀ ਪੂਰੇ ਪੰਜਾਹ ਹਜ਼ਾਰ ਰੁਪਏ ਤੱਕ ਦੇ ਇਲਾਜ ਦੀ ਸਹੂਲਤ ਲਈ। ਇਸ ਸਾਲ ਦੌਰਾਨ ਪ੍ਰਾਈਵੇਟ ਹਸਪਤਾਲਾਂ ਨੇ ਕ੍ਰਮਵਾਰ 4431, 32816,41367 ਅਤੇ 25788 ਕੁੱਲ 104402 ਮਰੀਜ਼ਾਂ ਦਾ ਇਲਾਜ ਭਗਤ ਪੂਰਨ ਸਿੰਘ ਸਿਹਤ ਬੀਮਾ ਯੋਜਨਾ ਤਹਿਤ ਕੀਤਾ, ਜਿਸ ਦੇ ਇਵਜ਼ ਵਜੋਂ ਕ੍ਰਮਵਾਰ 249.71 ਲੱਖ ਰੁਪਏ, 2075.96 ਲੱਖ ਰੁਪਏ 2866.67 ਲੱਖ ਰੁਪਏ ਅਤੇ 1605.22 ਲੱਖ ਰੁਪਏ (ਕੁੱਲ 67, 97,56000 ਰੁਪਏ) ਪ੍ਰਾਪਤ ਕੀਤੇ। ਇਸ ਸਕੀਮ ਤਹਿਤ ਸਰਕਾਰੀ ਹਸਪਤਾਲਾਂ ਦੀ ਕਾਰਗੁਜ਼ਾਰੀ ਦੀ ਮੰਗੀ ਜਾਣਕਾਰੀ ਪੰਜਾਬ ਦੇ 23 ਜ਼ਿਲ੍ਹਾ ਹਸਪਤਾਲਾਂ ਵਿੱਚੋਂ 14 ਨੇ, 41 ਸਬ ਡਵੀਜ਼ਨ ਹਸਪਤਾਲਾਂ ਵਿੱਚੋਂ 22 ਨੇ ਅਤੇ 153 ਕਮਿਊਨਿਟੀ ਸਿਹਤ ਕੇਂਦਰਾਂ ਵਿੱਚੋਂ ਸਿਰਫ਼ 59 ਨੇ ਹੀ ਜਾਣਕਾਰੀ ਦਿੱਤੀ। ਜੋ ਵੀ ਜਾਣਕਾਰੀ ਹਾਸਲ ਹੋਈ, ਉਸ ਅਨੁਸਾਰ ਇਹਨਾਂ ਦੂਸਰੇ ਪੱਧਰ ਦੇ ਸਰਕਾਰੀ ਹਸਪਤਾਲਾਂ ਵਿੱਚ 2015-16 ਤੋਂ 2018-19 ਤੱਕ ਸਿਰਫ਼ 23724 ਮਰੀਜ਼ਾਂ ਦਾ ਹੀ ਇਲਾਜ ਹੋਇਆ ਅਤੇ ਕੁੱਲ ਹਾਸਲ ਕੀਤੀ ਰਕਮ ਵੀ ਸਿਰਫ਼ 12,34,99,689 ਰੁਪਏ ਬਣਦੀ ਹੈ। ਮਿਲੀ ਜਾਣਕਾਰੀ ਮੁਤਾਬਕ ਦੋ ਸਬ-ਡਵੀਜ਼ਨ ਹਸਪਤਾਲਾਂ ਅਤੇ ਬੱਤੀ ਕਮਿਊਨਿਟੀ ਸਿਹਤ ਕੇਂਦਰਾਂ ਵਿੱਚ ਭਗਤ ਪੂਰਨ ਸਿੰਘ ਸਿਹਤ ਬੀਮਾ ਯੋਜਨਾ ਤਹਿਤ ਇੱਕ ਵੀ ਮਰੀਜ਼ ਦਾ ਇਲਾਜ ਨਹੀਂ ਹੋਇਆ, ਮੰਗੀ ਜਾਣਕਾਰੀ ਦੀ ਰਿਪੋਰਟ ਨਿੱਲ ਸੀ, ਕਿਉਂਕਿ ਇਹਨਾਂ ਸਿਹਤ ਕੇਂਦਰਾਂ ਵਿੱਚ ਮਾਹਿਰ ਡਾਕਟਰਾਂ ਸਮੇਤ ਬਾਕੀ ਅਮਲੇ ਦੀ ਘਾਟ ਸੀ। ਇਹ ਹਾਲਾਤ ਅੱਜ ਵੀ ਕਾਇਮ ਹਨ। ਸਰਕਾਰ ਜਦੋਂ ਕਿਸੇ ਬੀਮਾ ਕੰਪਨੀ ਨਾਲ ਸਹਿਮਤੀ ਪੱਤਰ ਤਿਆਰ ਕਰਦੀ ਹੈ ਤਾਂ ਉਹ ਦੂਸਰੇ ਪੱਧਰ ਦੇ ਆਪਣੇ ਸਾਰੇ 217 ਸਿਹਤ ਕੇਂਦਰਾਂ ਦੇ ਪ੍ਰੀਮੀਅਮ ਦਾ ਭੁਗਤਾਨ ਕਰਦੀ ਹੈ। ਭਗਤ ਪੂਰਨ ਸਿੰਘ ਸਿਹਤ ਬੀਮਾ ਸਕੀਮ ਦਾ ਰਿਕਾਰਡ ਵੀ ਬਹੁਤ ਸਾਰੀਆਂ ਸਿਹਤ ਸੰਸਥਾਵਾਂ ਕੋਲ ਨਹੀਂ ਹੈ, ਕਿਉਂਕਿ ਜਦੋਂ ਇਹ ਸਕੀਮ ਸ਼ੁਰੂ ਕੀਤੀ ਗਈ ਸੀ ਤਾਂ ਬੀਮਾ ਕੰਪਨੀ ਨੇ ਆਪਣਾ ਵਿਸ਼ੇਸ਼ ਸਾਫਟਵੇਅਰ ਤਿਆਰ ਕੀਤਾ ਸੀ, ਜਿਹੜਾ ਹੁਣ ਨੋਡਲ ਏਜੰਸੀ ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਸਮੇਤ ਕਿਸੇ ਸਰਕਾਰੀ ਸੰਸਥਾ ਕੋਲ ਉਪਲੱਬਧ ਨਹੀਂ ਹੈ। ਸ਼ਾਇਦ ਇਸੇ ਕਰਕੇ ਭਗਤ ਪੂਰਨ ਸਿੰਘ ਸਿਹਤ ਬੀਮਾ ਯੋਜਨਾ ਵਿੱਚ ਹੋਈ ਕਿਸੇ ਉਲੰਘਣਾ ਜਾਂ ਫਰਾਡ ਅਤੇ ਉਸ 'ਤੇ ਹੋਈ ਕਿਸੇ ਕਾਰਵਾਈ ਦੀ ਸੂਚਨਾ ਲਈ ਵੀ ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਨੇ ਸੰਬੰਧਤ ਬੀਮਾ ਕੰਪਨੀ ਨੂੰ ਹੀ ਲਿਖਿਆ ਹੈ ਅਤੇ ਜਿਸ ਨੇ ਕੋਈ ਜਾਣਕਾਰੀ ਨਹੀਂ ਦਿੱਤੀ। ਜੇਕਰ ਪੰਜਾਬ ਸਰਕਾਰ ਇਸ ਬੀਮਾ ਸਕੀਮ ਸੰਬੰਧੀ ਕੋਈ ਜਾਂਚ ਜਾਂ ਆਡਿਟ ਜਾਂ ਅਧਿਐਨ ਕਰਵਾਉਣਾ ਚਾਹੇ ਤਾਂ ਸ਼ਾਇਦ ਹੀ ਸੰਭਵ ਹੋਵੇ।

ਫਰੀਦਕੋਟ, ਅੰਮ੍ਰਿਤਸਰ ਅਤੇ ਪਟਿਆਲਾ ਦੇ ਸਰਕਾਰੀ ਮੈਡੀਕਲ ਕਾਲਜਾਂ ਨੇ ਵੀ ਭਗਤ ਪੂਰਨ ਸਿੰਘ ਸਿਹਤ ਬੀਮਾ ਯੋਜਨਾ ਤਹਿਤ ਇਲਾਜ ਕੀਤੇ ਮਰੀਜ਼ਾਂ ਅਤੇ ਪ੍ਰਾਪਤ ਹੋਈ ਰਕਮ ਦੀ ਸੂਚਨਾ ਨਹੀਂ ਮੁਹੱਈਆ ਕਰਵਾਈ।

### ਆਯੂਸ਼ਮਾਨ ਯੋਜਨਾ

ਇਸ ਸਿਹਤ ਬੀਮਾ ਯੋਜਨਾ ਦਾ ਪੂਰਾ ਨਾਂਅ ਪ੍ਰਧਾਨ ਮੰਤਰੀ ਜਨ-ਅਰੋਗਿਆ ਯੋਜਨਾ ਹੈ, ਜਿਸ ਦਾ ਉਦਘਾਟਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਮਿਤੀ 23 ਸਤੰਬਰ 2018 ਨੂੰ ਰਾਂਚੀ ਵਿੱਚ ਕੀਤਾ ਗਿਆ ਸੀ। ਇਸ ਨੂੰ ਦੁਨੀਆ ਦੀ ਸਭ ਤੋਂ ਵੱਡੀ ਸਿਹਤ ਯੋਜਨਾ ਕਹਿ ਕੇ ਪ੍ਰਚਾਰਿਆ ਗਿਆ ਸੀ, ਜਿਸ ਤਹਿਤ ਪ੍ਰਤੀ ਪਰਵਾਰ ਸਾਲਾਨਾ ਪੰਜ ਲੱਖ ਰੁਪਏ ਤੱਕ ਦੇ ਇਲਾਜ ਦੀ ਸਿਹਤ ਦੀ ਸਹੂਲਤ ਹੈ। ਇਸ ਯੋਜਨਾ ਦੇ ਫੰਡ ਕੇਂਦਰ ਅਤੇ ਰਾਜ ਸਰਕਾਰ ਵੱਲੋਂ ਸੱਠ-ਚਾਲੀ ਦੇ ਅਨੁਪਾਤ ਵਿੱਚ ਪਾਏ ਜਾਂਦੇ ਹਨ। ਇਸ ਦੇ ਲਾਭਪਾਤਰੀਆਂ ਵਿੱਚ ਪਹਿਲਾਂ ਚੱਲ ਰਹੀ ਰਾਸ਼ਟਰੀ ਸਵਾਸਥ ਬੀਮਾ ਯੋਜਨਾ ਦੇ ਲਾਭਪਾਤਰੀਆਂ ਦੇ ਨਾਲ-ਨਾਲ 2011 ਦੀ ਸਮਾਜਿਕ, ਆਰਥਿਕ ਜਨਗਣਨਾ ਤਹਿਤ ਕਮਜ਼ੋਰ ਵਰਗ, ਵੇ ਵੰਦਨਾ ਸਕੀਮ, ਆਸ਼ਾ ਵਰਕਰ, ਆਂਗਣਵਾੜੀ ਵਰਕਰ ਅਤੇ ਭਾਰਤ ਸਰਕਾਰ ਵੱਲੋਂ ਸਮੇਂ-ਸਮੇਂ ਸ਼ਾਮਲ ਕੀਤੇ ਗਰੁੱਪਾਂ ਨੂੰ ਸ਼ਾਮਲ ਕੀਤਾ ਗਿਆ ਸੀ, ਪਰ ਇਹ ਯੋਜਨਾ ਪੰਜਾਬ ਵਿੱਚ ਬਾਕੀ ਸੂਬਿਆਂ ਦੇ ਨਾਲ 2018 ਵਿੱਚ ਸ਼ੁਰੂ ਨਹੀਂ ਹੋ ਸਕੀ, ਕਿਉਂਕਿ ਉਸ ਵੇਲੇ ਦੀ ਕਾਂਗਰਸ ਸਰਕਾਰ ਨੇ ਸਟੈਂਡ ਲਿਆ ਕਿ ਇਸ ਯੋਜਨਾ ਵਿੱਚ ਰਾਜ ਸਰਕਾਰ ਦਾ ਵੀ ਵਿੱਤੀ ਯੋਗਦਾਨ ਹੈ ਤਾਂ ਇਸ ਯੋਜਨਾ ਵਿੱਚ ਰਾਜ ਸਰਕਾਰ ਵੱਲੋਂ ਵੀ ਇੱਕ ਨਾਂਅ ਹੋਣਾ ਚਾਹੀਦਾ ਹੈ। ਅਖੀਰ ਵਿੱਚ ਕੇਂਦਰ ਅਤੇ ਰਾਜ ਸਰਕਾਰ ਵਿੱਚ ਬਣੀ ਆਪਸੀ ਸਹਿਮਤੀ ਨਾਲ ਇਸ ਯੋਜਨਾ ਦਾ ਨਾਂਅ ਆਯੂਸ਼ਮਾਨ ਭਾਰਤ- ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਤਹਿ ਹੋਇਆ, ਭਾਵੇਂ ਕਿ ਇਸ ਨੂੰ ਆਮ ਕਰਕੇ ਸਰਬੱਤ ਸਿਹਤ ਬੀਮਾ ਯੋਜਨਾ ਦੇ ਨਾਂਅ ਨਾਲ ਵੀ ਜਾਣਿਆ ਜਾਂਦਾ ਹੈ। ਇਸ ਦਾ ਉਦਘਾਟਨ ਮਰਹੂਮ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੇ ਜਨਮ ਦਿਨ 20 ਅਗਸਤ 2019 ਨੂੰ ਕੀਤਾ ਸੀ। ਇਸ ਯੋਜਨਾ ਨੂੰ ਲਾਗੂ ਕਰਨ ਲਈ ਸਟੇਟ ਹੈਲਥ ਏਜੰਸੀ ਨੂੰ ਬਤੌਰ ਨੋਡਲ ਏਜੰਸੀ ਦੇ ਤੌਰ 'ਤੇ ਲਗਾਇਆ ਗਿਆ ਸੀ। ਇਸ ਯੋਜਨਾ ਵਿੱਚ ਆਯੂਸ਼ਮਾਨ ਭਾਰਤ ਸਕੀਮ ਤੋਂ ਇਲਾਵਾ ਪੰਜਾਬ ਦੇ ਮੁਫ਼ਤ ਰਾਸ਼ਨ ਕਾਰਡ ਧਾਰਕ, ਜੇ-ਫਾਰਮ ਧਾਰਕ ਕਿਸਾਨ, ਛੋਟੇ ਵਪਾਰੀ, ਉਸਾਰੀ ਕਿਰਤੀ ਅਤੇ ਮਾਨਤਾ ਪ੍ਰਾਪਤ ਪੱਤਰਕਾਰ ਬਤੌਰ ਲਾਭਪਾਤਰੀ ਸ਼ਾਮਲ ਸਨ। ਇਸ ਤਰ੍ਹਾਂ ਇਸ ਆਯੂਸ਼ਮਾਨ ਭਾਰਤ-ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਅਧੀਨ ਪੰਜਾਬ ਦੀ 75 ਫੀਸਦੀ ਆਬਾਦੀ ਲਾਭਪਾਤਰੀ ਬਣਦੀ ਹੈ। ਉਸ ਵੇਲੇ ਦੇ ਸਿਹਤ ਮੰਤਰੀ ਪੰਜਾਬ ਨੇ ਸਾਰੇ ਡਿਪਟੀ ਕਮਿਸ਼ਨਰਾਂ ਨੂੰ ਲਿਖੇ ਆਪਣੇ ਪੱਤਰ ਨੰ: ਐੱਸ ਐੱਚ ਏ/2019/2677/2742 ਮਿਤੀ 13.09.2019 ਰਾਹੀਂ ਹਦਾਇਤ ਕੀਤੀ ਸੀ ਕਿ ਸਰਕਾਰੀ ਹਸਪਤਾਲਾਂ ਵਿੱਚ ਦਾਖਲ ਹੋਣ ਵਾਲੇ ਸਾਰੇ ਮਰੀਜ਼ਾਂ ਵਿੱਚੋਂ 75 ਫੀਸਦੀ ਮਰੀਜ਼ਾਂ ਦਾ ਇਲਾਜ ਆਯੂਸ਼ਮਾਨ ਭਾਰਤ-ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਤਹਿਤ ਹੋਣਾ ਯਕੀਨੀ ਬਣਾਇਆ ਜਾਵੇ। ਜਿਵੇਂ ਕਿ ਹੋਰਨਾਂ ਸਿਹਤ ਬੀਮਾ ਸਕੀਮਾਂ ਵਿੱਚ ਹੁੰਦਾ ਹੈ ਕਿ ਸਿਹਤ ਬੀਮਾ ਸਕੀਮ ਤਹਿਤ ਕਿਸੇ ਮਰੀਜ਼ ਦਾ ਇਲਾਜ ਕਰਨ ਬਦਲੇ ਹਸਪਤਾਲ ਨੂੰ ਇਲਾਜ ਲਈ ਨਿਰਧਾਰਤ ਰਾਸ਼ੀ ਬੀਮਾ ਕੰਪਨੀ ਵੱਲੋਂ ਅਦਾ ਕੀਤੀ ਜਾਂਦੀ ਹੈ, ਜੋ ਸੰਬੰਧਤ ਹਸਪਤਾਲ ਦੇ ਰੈਵਿਨਿਊ ਵਿੱਚ ਵਾਧਾ ਕਰਦੀ ਹੈ। ਪੰਜਾਬ ਦੇ ਸਿਹਤ ਸਕੱਤਰ ਨੇ ਵੀ ਆਪਣੇ ਪੱਤਰ ਨੰ: ਐੱਸ ਐੱਚ ਏ/2019/2820-69 ਮਿਤੀ 19.09.2019 ਰਾਹੀਂ ਸਾਰੇ ਸਿਵਲ ਸਰਜਨਾਂ ਨੂੰ ਇੱਕ ਕਿਸਮ ਦੀ ਤਾੜਨਾ ਕੀਤੀ ਸੀ ਕਿ ਆਯੂਸ਼ਮਾਨ ਭਾਰਤ-ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਤਹਿਤ ਮਰੀਜ਼ ਦਾਖਲ ਨਾ ਹੋਣ ਕਰਕੇ ਸਰਕਾਰੀ ਹਸਪਤਾਲਾਂ ਨੂੰ ਵਿੱਤੀ ਘਾਟਾ (Revenue Loss) ਪੈਂਦਾ ਹੈ। ਇਸ ਸਕੀਮ ਤਹਿਤ ਸ਼ੁਰੂ ਵਿੱਚ ਜੋ ਇਲਾਜ ਦੀ ਸਹੂਲਤ ਸਰਕਾਰੀ ਹਸਪਤਾਲਾਂ ਵਿੱਚ ਮੌਜੂਦ ਸੀ, ਉਸ ਦਾ ਇਲਾਜ ਸਰਕਾਰੀ ਹਸਪਤਾਲਾਂ ਅੰਦਰ ਹੀ ਕਰਵਾਉਣਾ ਜ਼ਰੂਰੀ ਸੀ ਤਾਂ ਜੋ ਬੀਮਾ ਕੰਪਨੀ ਨੂੰ ਅਦਾ ਕੀਤਾ ਸਰਕਾਰੀ ਪੈਸਾ ਸਰਕਾਰੀ ਹਸਪਤਾਲਾਂ ਵਿੱਚ ਵੱਧ ਤੋਂ ਵੱਧ ਆ ਸਕੇ। ਸਟੇਟ ਹੈਲਥ ਏਜੰਸੀ ਦੇ ਚੀਫ਼ ਐਗਜ਼ੀਕਿਊਟਿਵ ਅਫ਼ਸਰ ਨੇ ਆਪਣੇ ਅਰਧ-ਸਰਕਾਰੀ ਪੱਤਰ ਨੰ: 07/51 ਮਿਤੀ 01.01.2020 ਰਾਹੀਂ ਸਿਵਲ ਸਰਜਨਾਂ ਨੂੰ ਸਪੱਸ਼ਟ ਕੀਤਾ ਸੀ ਕਿ ਆਯੂਸ਼ਮਾਨ ਭਾਰਤ-ਮੁੱਖ ਮੰਤਰੀ ਸਿਹਤ ਬੀਮਾ ਸਕੀਮ ਤਹਿਤ ਮਰੀਜ਼ ਨੂੰ ਉਸ ਦੀ ਇੱਛਾ ਅਨੁਸਾਰ ਪ੍ਰਾਈਵੇਟ ਹਸਪਤਾਲਾਂ ਵਿੱਚ ਰੈਫਰ ਨਹੀਂ ਕੀਤਾ ਜਾ ਸਕਦਾ। ਪ੍ਰਾਈਵੇਟ ਹਸਪਤਾਲ ਨੂੰ ਰੈਫਰ ਕਰਨ ਲਈ ਸੀਨੀਅਰ ਮੈਡੀਕਲ ਅਫ਼ਸਰ ਪੱਧਰ ਦੇ ਅਧਿਕਾਰੀ ਤੋਂ ਬਕਾਇਦਾ ਰੈਫਰਲ ਫਾਰਮ ਭਰਵਾਉਣਾ ਪੈਂਦਾ ਸੀ ਕਿ ਇਸ ਇਲਾਜ ਦੀ ਸਹੂਲਤ ਸਰਕਾਰੀ ਹਸਪਤਾਲ ਵਿੱਚ ਨਹੀਂ ਹੈ। ਇਸ ਰੈਫਰਲ ਫਾਰਮ ਦੇ ਚੱਕਰ ਵਿੱਚ ਕੁੱਝ ਕੁ ਸਿਹਤ ਅਧਿਕਾਰੀ ਚਰਚਾ ਵਿੱਚ ਵੀ ਆਏ ਅਤੇ ਇੱਕ ਨੂੰ ਤਾਂ ਜੇਲ੍ਹ ਦੀ ਹਵਾ ਵੀ ਖਾਣੀ ਪਈ ਸੀ, ਪਰ ਉਸ ਤੋਂ ਬਾਅਦ ਇਹ ਸ਼ਰਤ ਖ਼ਤਮ ਕਰ ਦਿੱਤੀ ਗਈ। ਸਾਲ 2022 ਦੀ ਪਹਿਲੀ ਤਿਮਾਹੀ ਵਿੱਚ ਹੀ ਬੀਮਾ ਕੰਪਨੀ ਇਸ ਸਿਹਤ ਬੀਮਾ ਸਕੀਮ ਨੂੰ ਚਲਾਉਣ ਤੋਂ ਹੱਥ ਖੜ੍ਹੇ ਕਰ ਗਈ। ਫਿਰ ਸਰਕਾਰ ਨੇ ਆਪਣੇ ਪੱਧਰ 'ਤੇ ਹੀ ਟਰੱਸਟ ਮੋਡ 'ਤੇ ਇਸ ਸਿਹਤ ਬੀਮਾ ਸਕੀਮ ਨੂੰ ਚਲਾਇਆ। ਇਸ ਨਾਲ ਹਸਪਤਾਲਾਂ ਦੇ ਬਿੱਲਾਂ ਦੀ ਅਦਾਇਗੀ ਬੁਰੀ ਤਰ੍ਹਾਂ ਪ੍ਰਭਾਵਿਤ ਹੋਣ ਲੱਗੀ। ਪੀ ਜੀ ਆਈ ਚੰਡੀਗੜ੍ਹ ਵਰਗੇ ਹਸਪਤਾਲ ਵੀ ਪੰਜਾਬ ਦੇ ਮਰੀਜ਼ਾਂ ਦਾ ਇਲਾਜ ਆਯੂਸ਼ਮਾਨ ਭਾਰਤ ਸਕੀਮ ਤਹਿਤ ਕਰਨ ਤੋਂ ਮਨ੍ਹਾਂ ਕਰਨ ਲੱਗ ਪਏ। ਪ੍ਰਾਈਵੇਟ ਹਸਪਤਾਲਾਂ ਨੇ ਅਦਾਇਗੀ ਨਾ ਹੋਣ ਕਰਕੇ ਹਾਈਕੋਰਟ ਦਾ ਰੁਖ ਅਖਤਿਆਰ ਕੀਤਾ, ਜਿਸ ਨੇ ਸਾਲ 2024 ਵਿੱਚ ਸਟੇਟ ਹੈਲਥ ਏਜੰਸੀ ਦੇ ਸੀ ਈ ਓ ਸਮੇਤ ਕੁੱਝ ਉੱਚ-ਅਧਿਕਾਰੀਆਂ ਦੀ ਤਨਖ਼ਾਹ ਤੱਕ ਅਟੈਚ ਕਰ ਦਿੱਤੀ। ਪ੍ਰਾਈਵੇਟ ਹਸਪਤਾਲਾਂ ਦੇ ਦੋ ਸੌ ਕਰੋੜ ਦੇ ਬਕਾਇਆ ਹਾਲੇ ਵੀ ਪੰਜਾਬ ਸਰਕਾਰ ਵੱਲੋਂ ਅਦਾ ਕਰਨ ਵਾਲੇ ਪਏ ਹਨ।

### ਪਿਛਲਾ ਸਰਕਾਰੀ ਬਜਟ

ਪੰਜਾਬ ਸਰਕਾਰ ਨੇ 20.08.2019 ਤੋਂ 31.03.2025 ਤੱਕ ਹੇਠ ਲਿਖੇ ਅਨੁਸਾਰ ਆਯੂਸ਼ਮਾਨ ਭਾਰਤ-ਮੁੱਖ ਮੰਤਰੀ ਸਿਹਤ ਬੀਮਾ ਯੋਜਨਾ 'ਤੇ ਬਜਟ ਖਰਚਿਆ ਹੈ;

| |
|---|
| 1) 20.08.2019 ਤੋਂ 19.08.2020 ਤੱਕ; 3,61,97,77,585 ਰੁਪਏ |
| 2) 20.08.2020 ਤੋਂ 19.08.2021 ਤੱਕ; 4,09,18,57,842 ਰੁਪਏ |
| 3) 20.08.2021 ਤੋਂ 29.12.2021 ਤੱਕ; 2,45,80,73,019 ਰੁਪਏ |
| 4) 30.12.2021 ਤੋਂ 19.11.2022 ਤੱਕ; 2,68,11,02,852 ਰੁਪਏ |
| 5) 20.11.2022 ਤੋਂ 31.03.2023 ਤੱਕ; 1,27,87,77,080 ਰੁਪਏ |
| 6) 01.04.2023 ਤੋਂ 31.03.2024 ਤੱਕ; 5,50,59,24,469 ਰੁਪਏ |
| 7) 01.04.2024 ਤੋਂ 31.03.2025 ਤੱਕ; 5,22,95,90,330 ਰੁਪਏ |

ਇਸ ਸਾਰੇ ਬੱਜਟ ਦਾ ਜੋੜ ਕੁੱਲ 24,86,51,03,177 ਰੁਪਏ ਬਣਦਾ ਹੈ, ਜੋ ਪੰਜਾਬ ਸਰਕਾਰ ਨੇ ਸਿਹਤ ਬੀਮਾ ਸਕੀਮ 'ਤੇ 20.08.2019 ਤੋਂ 31.03 2025 ਤੱਕ ਖਰਚਿਆ ਹੈ। 20.08.2019 ਤੋਂ 30.04.2025 ਤੱਕ ਪੰਜਾਬ ਦੇ ਸਰਕਾਰੀ ਹਸਪਤਾਲਾਂ ਵਿੱਚ ਕੁੱਲ 9,73,838 ਮਰੀਜ਼ਾਂ ਦਾ ਇਲਾਜ ਆਯੂਸ਼ਮਾਨ ਭਾਰਤ-ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਤਹਿਤ ਕੀਤਾ ਗਿਆ। ਇਸ ਵਿੱਚ ਕਮਿਊਨਿਟੀ ਸਿਹਤ ਕੇਂਦਰਾਂ ਦਾ ਯੋਗਦਾਨ 28.08 ਫੀਸਦੀ (2,73,461 ਮਰੀਜ਼), ਸਬ-ਡਵੀਜ਼ਨ ਹਸਪਤਾਲਾਂ ਦਾ ਯੋਗਦਾਨ 22.68 ਫੀਸਦੀ (2,20,923 ਮਰੀਜ਼), ਜ਼ਿਲ੍ਹਾ ਹਸਪਤਾਲਾਂ ਦਾ ਯੋਗਦਾਨ 34 ਫੀਸਦੀ (3,31,118 ਮਰੀਜ਼) ਅਤੇ ਮੈਡੀਕਲ ਕਾਲਜਾਂ ਦਾ ਯੋਗਦਾਨ 15.24 ਫੀਸਦੀ (1,48,336 ਮਰੀਜ਼) ਰਿਹਾ ਹੈ। ਇਹਨਾਂ ਮਰੀਜ਼ਾਂ ਦੇ ਇਲਾਜ ਦੇ ਇਵਜ ਵਜੋਂ ਇਹਨਾਂ ਸਾਰੇ ਸਰਕਾਰੀ ਹਸਪਤਾਲਾਂ ਨੂੰ ਕੁੱਲ 8,91,86,33,506 ਰੁਪਏ ਦੀ ਰਾਸ਼ੀ ਹਾਸਲ ਹੋਈ। ਇਸੇ ਦੌਰਾਨ ਸੂਚੀਬੱਧ ਪ੍ਰਾਈਵੇਟ ਹਸਪਤਾਲਾਂ ਨੇ ਕੁੱਲ 25,96,186 ਮਰੀਜ਼ਾਂ ਦਾ ਇਲਾਜ ਕੀਤਾ, ਜੋ ਸਰਕਾਰੀ ਹਸਪਤਾਲਾਂ ਵਿੱਚ ਇਸ ਸਕੀਮ ਤਹਿਤ ਇਲਾਜ ਕਰਵਾਉਣ ਵਾਲੇ ਮਰੀਜ਼ਾਂ ਤੋਂ 15,22,349 ਵੱਧ ਹੈ। ਇਸ ਤਰ੍ਹਾਂ ਆਯੂਸ਼ਮਾਨ ਭਾਰਤ ਸਕੀਮ ਤਹਿਤ ਇਲਾਜ ਕਰਵਾਉਣ ਵਾਲੇ ਮਰੀਜ਼ਾਂ ਵਿੱਚੋਂ ਸਰਕਾਰੀ ਹਸਪਤਾਲਾਂ ਵਿੱਚ ਸਿਰਫ਼ 28 ਫੀਸਦੀ ਪ੍ਰਤੀਸ਼ਤ ਮਰੀਜ਼ਾਂ ਦਾ ਹੀ ਇਲਾਜ ਹੋਇਆ ਹੈ। ਇਸ ਸਮੇਂ ਦੌਰਾਨ ਸੂਚੀਬੱਧ ਪ੍ਰਾਈਵੇਟ ਹਸਪਤਾਲਾਂ ਨੂੰ ਆਯੂਸ਼ਮਾਨ ਸਕੀਮ ਤਹਿਤ ਇਲਾਜ ਕਰਨ ਲਈ ਕੁੱਲ 26,94,87,05,385 ਰੁਪਏ ਦੀ ਰਕਮ ਹਾਸਲ ਹੋਈ ਹੈ। ਇਸ ਤਰ੍ਹਾਂ ਆਯੂਸ਼ਮਾਨ ਭਾਰਤ-ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਤਹਿਤ ਵੱਖ-ਵੱਖ ਹਸਪਤਾਲਾਂ ਵੱਲੋਂ ਪ੍ਰਾਪਤ ਕੀਤੀ ਕੁੱਲ ਰਕਮ 35,86,73,38,891 ਰੁਪਏ ਵਿੱਚੋਂ ਸਰਕਾਰੀ ਹਸਪਤਾਲਾਂ ਨੇ ਸਿਰਫ਼ ਇੱਕ ਚੌਥਾਈ (24.8 ਫੀਸਦੀ) ਰਾਸ਼ੀ ਪ੍ਰਾਪਤ ਕੀਤੀ ਹੈ।

ਇੱਕ ਹੋਰ ਅੰਕੜਾ ਵੀ ਕਾਬਲੇ.ਗੌਰ ਹੈ। ਵਿੱਤੀ ਵਰ੍ਹੇ 2025-26 ਦੇ ਅਪ੍ਰੈਲ, ਮਈ ਅਤੇ ਜੂਨ ਦੇ ਤਿੰਨ ਮਹੀਨਿਆਂ ਵਿੱਚ ਪੰਜਾਬ ਦੇ ਸਰਕਾਰੀ ਕਮਿਊਨਿਟੀ ਸਿਹਤ ਕੇਂਦਰਾਂ, ਸਬ-ਡਵੀਜ਼ਨ ਅਤੇ ਜ਼ਿਲ੍ਹਾ ਹਸਪਤਾਲਾਂ ਵਿੱਚ ਕ੍ਰਮਵਾਰ 50077, 54218 ਅਤੇ 95409 ਯਾਨੀ ਕੁੱਲ 1,99,704 ਮਰੀਜ਼ ਦਾਖਲ ਹੋਏ। ਇਹਨਾਂ ਦਾਖ਼ਲ ਮਰੀਜ਼ਾਂ ਵਿੱਚੋਂ ਸਿਰਫ਼ 51052 ਮਰੀਜ਼ਾਂ ਦਾ ਹੀ ਇਲਾਜ ਆਯੂਸ਼ਮਾਨ ਭਾਰਤ-ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਤਹਿਤ ਕੀਤਾ ਗਿਆ, ਜੋ ਸਿਰਫ਼ ਪੱਚੀ ਪ੍ਰਤੀਸ਼ਤ ਬਣਦਾ ਹੈ, ਜਦੋਂ ਕਿ ਸਟੇਟ ਹੈਲਥ ਏਜੰਸੀ ਦੀਆਂ ਪਹਿਲਾਂ ਵਰਨਣ ਕੀਤੀਆਂ ਗਈਆਂ ਹਦਾਇਤਾਂ ਮੁਤਾਬਿਕ ਕੁੱਲ ਦਾਖ਼ਲ ਮਰੀਜ਼ਾਂ ਦਾ 75 ਫੀਸਦੀ ਦਾ ਇਲਾਜ ਆਯੂਸ਼ਮਾਨ ਸਕੀਮ ਤਹਿਤ ਕਰਨਾ ਚਾਹੀਦਾ ਹੈ ਤਾਂ ਕਿ ਸਰਕਾਰੀ ਹਸਪਤਾਲਾਂ ਦੇ ਅਕਾਊਂਟਾਂ ਵਿੱਚ ਇਲਾਜ ਦੇ ਇਵਜ਼ ਵਜੋਂ ਪੈਸਾ ਆ ਸਕੇ ਅਤੇ ਵਿੱਤੀ ਘਾਟਾ (Revenue Loss) ਨਾ ਪਵੇ। ਇਸ ਤਰ੍ਹਾਂ ਪੰਜਾਹ ਪ੍ਰਤੀਸ਼ਤ ਘੱਟ ਮਰੀਜ਼ਾਂ ਦਾ ਆਯੂਸ਼ਮਾਨ ਭਾਰਤ ਸਕੀਮ ਤਹਿਤ ਇਲਾਜ ਘੱਟ ਕਰਨ ਲਈ ਕੀ ਪੰਜਾਬ ਸਰਕਾਰ ਨੇ ਕਿਸੇ ਦੀ ਜਵਾਬਦੇਹੀ ਤੈਅ ਕੀਤੀ ਹੈ? ਸਰਕਾਰ ਨੂੰ ਇੱਕ ਰੁਪਏ ਦਾ ਵੀ ਵਿੱਤੀ ਘਾਟਾ ਮਾਮੂਲੀ ਪ੍ਰਬੰਧਕੀ ਅਣਗਹਿਲੀ ਦੀ ਬਜਾਏ ਬਹੁਤ ਹੀ ਗੰਭੀਰ ਅਤੇ ਮੁਜਰਮਾਨਾਂ ਅਣਗਹਿਲੀ ਮੰਨੀ ਜਾਂਦੀ ਹੈ, ਉਹ ਵੀ ਉਸ ਸਮੇਂ ਜਦੋਂ ਪੰਜਾਬ ਸਰਕਾਰ ਦਾ ਖਜ਼ਾਨਾ ਕਰਜ਼ਿਆਂ ਦੇ ਵੈਂਟੀਲੇਟਰ 'ਤੇ ਹੋਵੇ। ਜੇਕਰ ਪੰਜਾਬ ਸਰਕਾਰ ਆਯੂਸ਼ਮਾਨ ਭਾਰਤ ਦੀ ਪੰਜ ਲੱਖੀ ਸਿਹਤ ਬੀਮਾ ਸਕੀਮ ਨਾਲ ਵੀ ਸਿਰਫ਼ ਪੱਚੀ ਪ੍ਰਤੀਸ਼ਤ ਮਰੀਜ਼ਾਂ ਨੂੰ ਹੀ ਇਸ ਦਾ ਲਾਭ ਦੇ ਸਕਦੀ ਹੈ ਤਾਂ ਇਸ ਕੋਲ ਦਸ ਲੱਖ ਦੀ ਸਿਹਤ ਬੀਮਾ ਸਕੀਮ ਰਾਹੀਂ ਸੌ ਪ੍ਰਤੀਸ਼ਤ ਮਰੀਜ਼ਾਂ ਨੂੰ ਲਾਭ ਦੇਣ ਦੀ ਕਿਹੜੀ ਗਿੱਦੜ ਸਿੰਗੀ ਹੈ?

ਪੰਜਾਬ ਦੇ ਸਰਕਾਰੀ ਹਸਪਤਾਲਾਂ ਵਿੱਚ ਡਾਕਟਰੀ ਅਮਲੇ ਦੇ ਨਾਲ-ਨਾਲ ਬੁਨਿਆਦੀ ਢਾਂਚੇ ਦੀਆਂ ਵੀ ਕਈ ਕਮੀਆਂ ਹਨ, ਜਿਹਨਾਂ ਕਰਕੇ ਸਰਕਾਰੀ ਹਸਪਤਾਲਾਂ ਵਿੱਚ ਆਯੂਸ਼ਮਾਨ ਸਕੀਮ ਤਹਿਤ ਇਲਾਜ ਅਤੇ ਨਤੀਜੇ ਵਜੋਂ ਵਿੱਤੀ ਘਾਟਾ ਪੈਂਦਾ ਹੈ। ਉਦਾਹਰਣ ਦੇ ਤੌਰ 'ਤੇ ਸਾਲ 2010 ਵਿੱਚ ਸਾਰੇ ਜ਼ਿਲ੍ਹਾ ਹਸਪਤਾਲਾਂ ਵਿੱਚ ਦੋ-ਦੋ ਡਾਇਲਸਿਸ ਮਸ਼ੀਨਾਂ ਲਗਾਈਆਂ ਗਈਆਂ ਸਨ, ਪਰ ਪੰਜਾਬ ਵਿੱਚ ਤਾਂ ਜੀਵਨ ਸ਼ੈਲੀ ਨਾਲ ਸੰਬੰਧਤ ਸ਼ੂਗਰ, ਹਾਈਪਰਟੈਨਸ਼ਨ, ਮੋਟਾਪਾ ਆਦਿ ਬਿਮਾਰੀਆਂ ਕਰਕੇ ਗੁਰਦਿਆਂ ਦੇ ਬਹੁਤ ਸਾਰੇ ਮਰੀਜ਼ ਹਨ। ਸਰਕਾਰੀ ਤੌਰ 'ਤੇ ਸਾਲ 2010 ਤੋਂ ਬਾਅਦ ਡਾਇਲਸਿਸ ਯੂਨਿਟਾਂ ਨੂੰ ਅੱਪਗ੍ਰੇਡ ਹੀ ਨਹੀਂ ਕੀਤਾ ਗਿਆ। ਭਾਵੇਂ ਕਿ ਕਈ ਸਰਕਾਰੀ ਹਸਪਤਾਲਾਂ ਵਿੱਚ ਕੁੱਝ ਸਮਾਜ ਸੇਵੀ ਜਥੇਬੰਦੀਆਂ ਵੱਲੋਂ ਡਾਇਲਸਿਸ ਮਸ਼ੀਨਾਂ ਦਾਨ ਹੀ ਨਹੀਂ ਕੀਤੀਆਂ ਗਈਆਂ, ਬਲਕਿ ਉਹਨਾਂ ਡਾਇਲਸਿਸ ਮਸ਼ੀਨਾਂ ਨੂੰ ਚਲਾਇਆ ਵੀ ਜਾ ਰਿਹਾ ਹੈ। ਇਸ ਦਾ ਸਿੱਟਾ ਹੈ ਕਿ ਡਾਇਲਸਿਸ ਸੇਵਾਵਾਂ ਰਾਹੀਂ ਵੀ ਸਾਲ 2024-25 ਵਿੱਚ ਸਰਕਾਰੀ ਹਸਪਤਾਲਾਂ ਨੂੰ 6,03,76,595 ਰੁਪਏ ਜਦੋਂ ਕਿ ਪ੍ਰਾਈਵੇਟ ਹਸਪਤਾਲਾਂ ਨੂੰ 44,08,25,243 ਰੁਪਏ ਹਾਸਲ ਹੋਏ ਹਨ। ਇੱਕ ਹੋਰ ਖੇਤਰ ਜਨਮ ਤੋਂ ਬਾਅਦ ਪਹਿਲੇ ਅਠਾਈ ਦਿਨਾਂ ਵਿੱਚ ਨਵਜੰਮੇ ਬੱਚਿਆਂ ਦੀ ਦੇਖਭਾਲ ਲਈ ਨਰਸਰੀ ਸੇਵਾਵਾਂ ਦਾ ਹੈ, ਜਿਹਨਾਂ ਨੂੰ ਸਿੱਕ ਨਿਓਨੇਟ ਕੇਅਰ ਯੂਨਿਟ (SNCU) ਕਿਹਾ ਜਾਂਦਾ ਹੈ। ਪਿਛਲੇ ਵਿੱਤੀ ਵਰ੍ਹੇ ਦੌਰਾਨ ਇਹਨਾਂ ਨਰਸਰੀ ਸੇਵਾਵਾਂ ਬਦਲੇ ਸਰਕਾਰੀ ਹਸਪਤਾਲਾਂ ਨੂੰ ਤਾਂ 2,80,98,374 ਰੁਪਏ ਹਾਸਲ ਹੋਏ ਸਨ, ਜਦੋਂ ਕਿ ਪ੍ਰਾਈਵੇਟ ਹਸਪਤਾਲਾਂ ਨੂੰ ਨਰਸਰੀ ਸੇਵਾਵਾਂ ਬਦਲੇ ਕੁੱਲ 65,77,19,288 ਰੁਪਏ ਪ੍ਰਾਪਤ ਹੋਏ। ਨਰਸਰੀ ਸੇਵਾਵਾਂ ਸਿਰਫ਼ ਜ਼ਿਲ੍ਹਾ ਹਸਪਤਾਲਾਂ ਜਾਂ ਮੈਡੀਕਲ ਕਾਲਜ ਵਿੱਚ ਹੀ ਉਪਲੱਬਧ ਹਨ। ਕੁੱਝ ਜ਼ਿਲ੍ਹਿਆਂ ਵਿੱਚ ਤਾਂ ਅਮਲੇ ਦੀ ਘਾਟ ਕਾਰਨ ਨਰਸਰੀ ਸੇਵਾਵਾਂ ਬੰਦ ਤੱਕ ਪਈਆਂ ਹਨ ਅਤੇ ਜਿੱਥੇ ਚੱਲ ਵੀ ਰਹੀਆਂ ਹਨ, ਉੱਥੇ ਵੀ ਲੈਵਲ ਇੱਕ ਜਾਂ ਦੋ ਤੱਕ ਹੀ ਉਪਲੱਬਧ ਹਨ, ਤਿੰਨ ਜਾਂ ਚਾਰ ਲੈਵਲ ਤਾਂ ਸ਼ਾਇਦ ਪ੍ਰਾਈਵੇਟ ਹਸਪਤਾਲਾਂ ਵਿੱਚ ਹੀ ਹੈ।

ਕਈ ਵਾਰ ਕੰਮ-ਕਾਜੀ ਮਾਹੌਲ ਵੀ ਹਸਪਤਾਲਾਂ ਦੀ ਕਾਰਗੁਜ਼ਾਰੀ ਨੂੰ ਪ੍ਰਭਾਵਿਤ ਕਰਦਾ ਹੈ। ਪੰਜਾਬ ਦੇ ਇੱਕ ਜ਼ਿਲ੍ਹਾ ਹਸਪਤਾਲ ਵਿੱਚ ਸਾਲ 2023 ਵਿੱਚ ਬੱਚੇਦਾਨੀ ਦੇ ਸਿਰਫ਼ ਚਾਰ ਉਪ੍ਰੇਸ਼ਨ ਹੀ ਹੋਏ ਸਨ। ਬੱਚੇਦਾਨੀ ਦਾ ਇੱਕ ਅਪ੍ਰੇਸ਼ਨ ਕਰਨ 'ਤੇ ਸੰਬੰਧਤ ਹਸਪਤਾਲ ਨੂੰ ਵੀਹ ਹਜ਼ਾਰ ਰੁਪਏ ਬੀਮਾ ਕੰਪਨੀ ਤੋਂ ਹਾਸਲ ਹੁੰਦੇ ਹਨ।



### ਫਰਾਡ ਦੀ ਸੰਭਾਵਨਾ

ਕੌਮੀ ਪੱਧਰ 'ਤੇ ਆਯੂਸ਼ਮਾਨ ਭਾਰਤ ਸਕੀਮ ਨੂੰ ਲਾਗੂ ਕਰਨ ਦੀ ਜ਼ਿੰਮੇਵਾਰੀ ਨੈਸ਼ਨਲ ਹੈਲਥ ਅਥਾਰਟੀ 'ਤੇ ਹੈ, ਜਿਸ ਨੇ ਖੁਦ ਮੰਨਿਆ ਹੈ ਕਿ ਆਯੂਸ਼ਮਾਨ ਭਾਰਤ ਸਕੀਮ ਤਹਿਤ ਲੋੜ ਤੋਂ ਜ਼ਿਆਦਾ ਦਿਨ ਦਾਖ਼ਲ ਰੱਖਣਾ, ਸਥਿਰ ਮਰੀਜ਼ਾਂ ਨੂੰ ਆਈ ਸੀ ਯੂ ਵਿੱਚ ਦਾਖਲ ਕਰਨਾ ਜਾਂ ਆਈ ਸੀ ਯੂ ਤੋਂ ਸਿੱਧਾ ਹੀ ਡਿਸਚਾਰਜ ਕਰ ਦੇਣਾ, ਰਿਕਾਰਡ ਦਾ ਪੂਰਾ ਨਾ ਹੋਣਾ, ਇੱਕ ਮਰੀਜ਼ ਦੇ ਇੱਕ ਇਲਾਜ ਪੈਕੇਜ ਦੀ ਬਜਾਏ ਜ਼ਿਆਦਾ ਪੈਕੇਜ ਦਾ ਕਲੇਮ ਲੈਣਾ, ਮਰੀਜ਼ ਤੋਂ ਇਲਾਜ ਦੇ ਪੈਸੇ ਲੈਣੇ ਲੋੜੀਂਦੇ ਟੈਸਟਾਂ ਤੋਂ ਬਿਨਾਂ ਹੀ ਇਲਾਜ ਕਰਨਾ ਆਦਿ ਬਹੁਤ ਸਾਰੀਆਂ ਸ਼ਿਕਾਇਤਾਂ ਮਿਲਦੀਆਂ ਹਨ, ਜੋ ਅਕਸਰ ਸਹੀ ਵੀ ਹੁੰਦੀਆਂ ਹਨ। ਆਯੂਸ਼ਮਾਨ ਭਾਰਤ ਸਕੀਮ ਵਿੱਚ ਫਰਾਡ ਰੋਕਣ ਲਈ ਸੂਬਾਈ ਅਤੇ ਜ਼ਿਲ੍ਹਾ ਪੱਧਰ 'ਤੇ ਐਂਟੀ ਫਰਾਡ ਯੂਨਿਟ ਦਾ ਸਰਗਰਮ ਹੋਣਾ ਜ਼ਰੂਰੀ ਹੁੰਦਾ ਹੈ। ਲੇਖਕ ਵੱਲੋਂ ਸਟੇਟ ਹੈਲਥ ਏਜੰਸੀ ਪੰਜਾਬ ਤੋਂ ਸੂਚਨਾ ਅਧਿਕਾਰ ਕਾਨੂੰਨ ਤਹਿਤ ਪੰਜਾਬ ਵਿੱਚ ਐਂਟੀ ਫਰਾਡ ਯੂਨਿਟ ਵੱਲੋਂ ਕੀਤੀਆਂ ਚੈਕਿੰਗਾਂ ਆਦਿ ਦੀ ਜਾਣਕਾਰੀ ਮੰਗੀ ਗਈ ਸੀ, ਜਿਸ ਨੂੰ ਆਰ ਟੀ ਆਈ ਐਕਟ ਦੀ ਧਾਰਾ 8(1) ਤਹਿਤ ਨਿੱਜੀ ਸੂਚਨਾ ਕਹਿ ਕੇ ਦੇਣ ਤੋਂ ਇਨਕਾਰ ਕਰ ਦਿੱਤਾ। ਨੈਸ਼ਨਲ ਹੈਲਥ ਅਥਾਰਟੀ ਦੀਆਂ ਫਰਾਡ ਅਤੇ ਅਨਿਯਮਿਤਤਾਵਾਂ ਸੰਬੰਧੀ ਗਾਈਡਲਾਈਨਜ਼ ਵਿੱਚ ਅਜਿਹੀ ਹਾਲਤ ਵਿੱਚ ਰਾਜ ਮੈਡੀਕਲ ਕੌਂਸਲ ਕੋਲ ਅਨੈਤਿਕ ਪ੍ਰੈਕਟਿਸ ਕਰਨ ਵਾਲੇ ਡਾਕਟਰ ਦੀ ਰਜਿਸਟ੍ਰੇਸ਼ਨ ਰੱਦ ਕਰਵਾਉਣ ਦੀ ਮੱਦ ਹੈ ਅਤੇ ਫਰਾਡ ਹੋਣ ਦੀ ਸੂਰਤ ਵਿੱਚ ਮੁਕੱਦਮਾ ਦਰਜ ਕਰਵਾ ਕੇ ਕਾਨੂੰਨੀ ਕਾਰਵਾਈ ਕਰਨ ਲਈ ਵੀ ਕਿਹਾ ਗਿਆ ਹੈ। ਇਹ ਦੋਵੇਂ ਉੱਪਬੰਦ ਪੰਜਾਬ ਦੀ ਸਟੇਟ ਹੈਲਥ ਏਜੰਸੀ ਦੀਆਂ ਫਰਾਡ ਗਾਈਡਲਾਈਨਜ਼ ਵਿੱਚ ਸ਼ਾਮਲ ਨਹੀਂ ਹਨ।

### 10 ਲੱਖੀ ਸਿਹਤ ਬੀਮਾ ਸਕੀਮ;

ਆਯੂਸ਼ਮਾਨ ਭਾਰਤ-ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਪੰਜ ਲੱਖ ਤੱਕ ਇਲਾਜ ਦੀ ਸਹੂਲਤ ਦਿੰਦੀ ਹੈ। ਪੰਜਾਬ ਸਰਕਾਰ ਨੂੰ ਦਸ ਲੱਖ ਦੀ ਸਿਹਤ ਬੀਮਾ ਯੋਜਨਾ ਸ਼ੁਰੂ ਕਰਨ ਤੋਂ ਪਹਿਲਾਂ ਪੰਜਾਬ ਦੇ ਨਾਗਰਿਕਾਂ ਨਾਲ ਇਹ ਤੱਥ ਸਾਂਝਾ ਕਰਨਾ ਬਣਦਾ ਸੀ ਕਿ ਕਿੰਨੇ ਮਰੀਜ਼ ਪੰਜਾਬ 20.08 2019 ਤੋਂ ਹੁਣ ਤੱਕ ਪੰਜ ਲੱਖ ਤੱਕ ਦਾ ਮੁਫ਼ਤ ਇਲਾਜ ਕਰਵਾ ਚੁੱਕੇ ਹਨ ਅਤੇ ਉਹਨਾਂ ਦੇ ਬਿੱਲ ਪੰਜ ਲੱਖ ਤੋਂ ਜ਼ਿਆਦਾ ਵੱਧ ਰਹੇ ਸਨ, ਜਿਸ ਕਰਕੇ ਹੁਣ ਦਸ ਲੱਖ ਦੀ ਸਿਹਤ ਬੀਮਾ ਯੋਜਨਾ ਦੀ ਜ਼ਰੂਰਤ ਹੈ। ਪਰ ਜੇਕਰ ਪਿਛਲੇ ਸਾਲਾਂ ਵਿੱਚ ਕਿਸੇ ਮਰੀਜ਼ ਨੇ ਤਾਂ ਕੀ, ਪਰਵਾਰ ਦੇ ਸਾਰੇ ਮੈਂਬਰਾਂ ਨੇ ਵੀ ਪੰਜ ਲੱਖ ਤੱਕ ਮੁਫ਼ਤ ਇਲਾਜ ਦੀ ਸਹੂਲਤ ਨਹੀਂ ਲਈ ਤਾਂ ਇਹ ਅੱਡੀਆਂ ਚੁੱਕ ਕੇ ਫਾਹਾ ਲੈਣ ਦੀ ਜ਼ਰੂਰਤ ਕਿਉਂ ਪਈ? ਕੀ ਇਹ ਚੋਣ ਵਰ੍ਹੇ ਦਾ ਸਟੰਟ ਤਾਂ ਨਹੀਂ?

ਇਸ ਦਸ ਲੱਖੀ ਸਿਹਤ ਬੀਮਾ ਯੋਜਨਾ ਸੰਬੰਧੀ ਇੱਕ ਹੋਰ ਤੱਥ ਪੰਜਾਬ ਸਰਕਾਰ ਪੰਜਾਬੀਆਂ ਤੋਂ ਲੁਕਾ ਰਹੀ ਹੈ। ਬੀਮਾ ਕੰਪਨੀ ਨਾਲ ਅੰਗਰੇਜ਼ੀ ਜ਼ੁਬਾਨ ਵਿੱਚ ਕੀਤੇ ਸਹਿਮਤੀ ਪੱਤਰ ਦੀ ਕਲਾਜ਼ ਛੇ ਪਾਠਕਾਂ ਦੀ ਨਜ਼ਰ ਹੂਬਹੂ ਕਰਨੀ ਜ਼ਰੂਰੀ ਹੈ,

Beneficiary Family Unit or MMSY Family Unit refers to those households (also refered to as 'families' for the purpose of MMSY) including all their members figuring in the categories of AB-PMJAY families (Socio-economic Caste Census -2011, Vay Vandana Scheme, Asha Workers, Anganwadi Workers, Anganwadi Health Workers and any other category included by GOI time to time), and AB-MMSBY families (NFSA ration card holders, J-form holder farmers, small traders, Construction workers, Accredited Journalists) and " LEFT OUT FAMILIES OF BONAFIDE RESIDENTS OF PUNJAB, TO BE ENROLLED UNDER MMSY". ਅਖੀਰ ਵਿੱਚ ਕੈਪੀਟਲ ਅੱਖਰਾਂ ਵਿੱਚ ਦਿੱਤੀ ਜਾਣਕਾਰੀ ਮੁਤਾਬਕ ਕੀ ਸਿਰਫ਼ ਆਯੂਸ਼ਮਾਨ ਭਾਰਤ ਸਕੀਮ ਤੋਂ ਬਚੇ ਹੋਏ ਪੰਜਾਬੀ ਹੀ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਵਿੱਚ ਰਜਿਸਟਰ (Enroll) ਕੀਤੇ ਜਾਣਗੇ? ਇਹ ਗਿਣਤੀ ਸਿਰਫ਼ ਪੱਚੀ ਪ੍ਰਤੀਸ਼ਤ ਬਣਦੀ ਹੈ। ਬਾਕੀ 75 ਫੀਸਦੀ ਜਿਹੜੇ ਸਿਰਫ਼ ਆਯੂਸ਼ਮਾਨ ਭਾਰਤ-ਪ੍ਰਧਾਨ ਮੰਤਰੀ ਜਨ ਅਰੋਗਿਆ ਯੋਜਨਾ ਜਾਂ ਆਯੂਸ਼ਮਾਨ ਭਾਰਤ-ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਤਹਿਤ ਰਜਿਸਟਰ ਹਨ, ਉਹਨਾਂ ਨੂੰ ਦਸ ਲੱਖ ਦੇ ਸਿਹਤ ਬੀਮੇ ਦੀ ਸਹੂਲਤ ਕਿਵੇਂ ਮਿਲੇਗੀ?

ਜਿੱਥੇ ਭਗਤ ਪੂਰਨ ਸਿੰਘ ਸਿਹਤ ਬੀਮਾ ਯੋਜਨਾ ਅਤੇ ਆਯੂਸ਼ਮਾਨ ਭਾਰਤ-ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਦਾ ਉਦਘਾਟਨ ਸਿਰਫ਼ ਇੱਕ ਵਾਰ ਹੋਇਆ ਸੀ, ਉੱਥੇ ਇਸ ਦਸ ਲੱਖ ਦੀ ਸਿਹਤ ਬੀਮਾ ਯੋਜਨਾ ਦਾ ਇੱਕ ਉਦਘਾਟਨ ਇਸ ਬਾਈ ਜਨਵਰੀ ਨੂੰ ਹੋਇਆ ਹੈ, ਪਰ ਪਿਛਲੇ ਸਾਲ ਅੱਠ ਜੁਲਾਈ ਨੂੰ ਇਸ ਸਕੀਮ ਦਾ ਐਲਾਨ ਵੀ ਪੂਰਾ ਸਮਾਗਮ ਕਰਕੇ ਕੀਤਾ ਗਿਆ ਸੀ ਅਤੇ ਉਸ ਤੋਂ ਬਾਅਦ ਪੰਜਾਬ ਦੇ ਚੁਰਾਹਿਆਂ ਅਤੇ ਸੜਕਾਂ 'ਤੇ ਮਸ਼ਹੂਰੀਆਂ ਦੇ ਵੱਡੇ-ਵੱਡੇ ਬੈਨਰ ਦਿਖਾਈ ਦੇਣ ਲੱਗੇ ਸਨ। ਕਿਤੇ ਇਹ ਨਾ ਹੋਵੇ ਕਿ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਤਹਿਤ ਮਰੀਜ਼ਾਂ ਦੇ ਇਲਾਜ ਦਾ ਖਰਚ ਘੱਟ ਹੋਵੇ, ਪਰ ਮਸ਼ਹੂਰੀਆਂ ਦਾ ਬੱਜਟ ਵਧ ਜਾਵੇ।

ਹਰਿਆਣਾ ਦੇ ਮੁੱਖ ਮੰਤਰੀ ਨਾਲ ਪਿਛਲੀ ਮੀਟਿੰਗ ਵਿੱਚ ਪੰਜਾਬ ਦੇ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਨੇ ਕਿਹਾ ਸੀ ਕਿ ਅਸੀਂ ਭਾਈ ਘਨੱਈਆ ਦੇ ਵਾਰਸ ਹਾਂ, ਪਰ ਜੇਕਰ ਪੰਜਾਬ ਤੋਂ ਬਾਹਰ ਦਾ ਭਾਰਤੀ ਨਾਗਰਿਕ ਪੰਜਾਬ ਦੇ ਕਿਸੇ ਸਰਕਾਰੀ ਹਸਪਤਾਲ ਵਿੱਚ ਇਲਾਜ ਕਰਵਾਉਣ ਲਈ ਦਾਖਲ ਹੁੰਦਾ ਹੈ ਤਾਂ ਕੀ ਉਸ ਨੂੰ ਮੁਫ਼ਤ ਇਲਾਜ ਦੀ ਸਹੂਲਤ ਨਹੀਂ ਮਿਲੇਗੀ? ਕੋਵਿਡ ਦੀ ਮਹਾਂਮਾਰੀ ਦੌਰਾਨ ਦਿੱਲੀ ਦੇ ਬਹੁਤ ਸਾਰੇ ਮਰੀਜ਼ਾਂ ਨੇ ਪੰਜਾਬ ਦੇ ਸਰਕਾਰੀ ਹਸਪਤਾਲਾਂ ਵਿੱਚ ਮੁਫ਼ਤ ਇਲਾਜ ਦੀ ਸਹੂਲਤ ਲਈ ਸੀ।

ਅਖੀਰ ਵਿੱਚ ਕਿਹਾ ਜਾ ਸਕਦਾ ਹੈ ਕਿ ਸਰਕਾਰ ਸਿਹਤ ਬੀਮਾ ਸਕੀਮਾਂ ਦੀ ਫਹੁੜੀ ਛੱਡ ਆਪਣੇ ਜਨਤਕ ਸਿਹਤ ਢਾਂਚੇ ਦੀ ਪੁਨਰ-ਸੁਰਜੀਤੀ ਕਰਨ ਵੱਲ ਵਧੇ।

*(# ਸਾਬਕਾ ਡਿਪਟੀ ਡਾਇਰੈਕਟਰ, ਸਿਹਤ ਵਿਭਾਗ, ਪੰਜਾਬ)*
ਸੰਪਰਕ-98728-44163

# ਭਵਿੱਖ ਬਚਾਉਣਾ ਹੈ ਤਾਂ ਲੋਕਾਂ ਨੂੰ ਛੋਟਾਂ ਲਈ 'ਨਹੀਂ' ਕਹਿਣ ਦੀ ਜਾਚ ਸਿਖਾਉਣੀ ਪਵੇਗੀ

ਅਗਲਾ ਸਾਲ ਚੜ੍ਹਨ ਤੱਕ ਦੇਸ਼ ਕਿਹੋ ਜਿਹਾ ਹੋਵੇਗਾ ਅਤੇ ਪੰਜਾਬ ਕਿੱਦਾਂ ਨਜ਼ਰ ਆਵੇਗਾ, ਇਹ ਗੱਲ ਬਥੇਰੇ ਲੋਕ ਸੋਚਦੇ ਹਨ, ਪਰ ਉਹ ਇਹ ਨਹੀਂ ਸੋਚਦੇ ਕਿ ਪੰਜਾਬ ਜਾਂ ਭਾਰਤ ਜਿੱਦਾਂ ਦਾ ਵੀ ਹੋਵੇਗਾ, ਇਹ ਗੱਲ ਸੰਸਾਰ ਹਾਲਾਤ ਨਾਲ ਪੱਕੀ ਤਰ੍ਹਾਂ ਜੁੜੀ ਹੋਈ ਹੈ ਅਤੇ ਸੰਸਾਰ ਦੇ ਹਾਲਾਤ ਦੇ ਅਗਲੇ ਵਹਿਣ ਦਾ ਹੀ ਕਿਸੇ ਨੂੰ ਪਤਾ ਨਹੀਂ। ਬੀਤਿਆ ਸਾਲ ਵੀ ਤੇ ਬੀਤਿਆ ਮਹੀਨਾ ਵੀ ਬਥੇਰੇ ਸੰਕੇਤ ਦੇਣ ਵਾਲੇ ਮੰਨੇ ਜਾਂਦੇ ਸਨ, ਪਰ ਇਸ ਵੇਲੇ ਚੱਲ ਰਿਹਾ ਫਰਵਰੀ ਦਾ ਮਹੀਨਾ ਸਭਨਾਂ ਨਾਲੋਂ ਵੱਡੇ ਤੇ ਦੂਰ ਦੇ ਅਸਰ ਵਾਲੇ ਸੰਕੇਤ ਦੇਂਦਾ ਜਾਪਦਾ ਹੈ। ਇਹ ਸੰਕੇਤ ਭਾਰਤ ਦੇ ਅੰਦਰੋਂ ਮਿਲਣ ਦਾ ਸਿਲਸਿਲਾ ਵੀ ਜਾਰੀ ਹੈ ਤੇ ਸੰਸਾਰ ਨੂੰ ਆਪਣੀ ਪੂਛ ਨਾਲ ਬੱਝਾ ਮੰਨ ਕੇ ਚੱਲਣ ਵਾਲੇ ਅਮਰੀਕਾ ਤੋਂ ਵੀ। ਪੰਜਾਬ ਜਦੋਂ ਅੱਜ ਅਗਲੀਆਂ ਚੋਣਾਂ ਦੇ ਸਾਲ ਵਿੱਚ ਦਾਖਲ ਹੋ ਚੁੱਕਾ ਹੈ, ਉਸ ਦੀ ਰਾਜਨੀਤੀ ਉਨ੍ਹਾਂ ਚੋਣਾਂ ਤੋਂ ਵੱਧ ਕੁਝ ਸੋਚਣ ਵਾਲੀ ਦਿੱਸਣੀ ਹੀ ਨਹੀਂ, ਪਰ ਜਿਹੜੇ ਸੰਕੇਤ ਇਸ ਵਕਤ ਦੇਸ਼ ਜਾਂ ਸੰਸਾਰ ਪੱਧਰ ਦੇ ਹਨ, ਉਨ੍ਹਾਂ ਦਾ ਅਸਰ ਵੀ ਏਥੇ ਪੈਣਾ ਲਾਜ਼ਮੀ ਹੈ।

ਆਪਣੇ ਆਪ ਨੂੰ ਦੁਨੀਆ ਦੀ ਮਹਾਂ-ਸ਼ਕਤੀ ਮੰਨ ਕੇ ਚੱਲਣ ਵਾਲਾ ਅਮਰੀਕਾ ਦੇਸ਼ ਇਸ ਵਕਤ ਡੋਨਾਲਡ ਟਰੰਪ ਨਾਂਅ ਦੇ ਵਿਅਕਤੀ ਦੀਆਂ ਖਾਹਿਸ਼ਾਂ ਅਤੇ ਮਨਆਈਆਂ ਦਾ ਮੁਥਾਜ਼ ਹੋਇਆ ਪਿਆ ਹੈ। ਉਹ ਕਿਸੇ ਅੰਦਰੂਨੀ ਤੇ ਬਾਹਰੀ ਆਵਾਜ਼ ਨੂੰ ਸੁਣਨ ਦਾ ਸਮਾਂ ਜ਼ਾਇਆ ਨਹੀਂ ਕਰਦਾ, ਨੱਕ ਦੀ ਸੇਧ ਵਿੱਚ ਚੱਲੀ ਜਾਂਦਾ ਹੈ ਤੇ ਬੀਤੇ ਦਿਨੀਂ ਜਿੱਦਾਂ ਉਸ ਨੇ ਵੱਖ-ਵੱਖ ਦੇਸ਼ਾਂ ਅਤੇ ਸੰਸਾਰ ਪੱਧਰ ਦੀਆਂ ਸ਼ਖਸੀਅਤਾਂ ਦੀ ਅਣਖ ਨੂੰ ਵੰਗਾਰਨ ਦਾ ਵਿਹਾਰ ਕੀਤਾ ਤੇ ਕਿਸੇ ਦੇ ਰੋਸ ਦੀ ਪ੍ਰਵਾਹ ਨਹੀਂ ਕੀਤੀ, ਉਹ ਨੋਟ ਕਰਨ ਵਾਲਾ ਹੈ। ਇਸ ਦੇ ਬਾਅਦ ਭਵਿੱਖ ਦੇ ਅਮਰੀਕਾ ਜਾਂ ਡੋਨਾਲਡ ਟਰੰਪ ਦੇ ਭਵਿੱਖੀ ਸੁਫਨੇ ਬਾਰੇ ਓਹਲਾ ਨਹੀਂ ਰਹਿ ਜਾਂਦਾ। ਬਾਕੀ ਦੇਸ਼ਾਂ ਨੂੰ ਛੱਡੋ, ਨਾਟੋ ਵਰਗੇ ਫੌਜੀ ਗੱਠਜੋੜ ਵਿੱਚ ਬੱਝੇ ਅਤੇ ਦੂਜੀ ਸੰਸਾਰ ਜੰਗ ਮਗਰੋਂ ਅਮਰੀਕਾ ਦੇ ਪੱਕੇ ਸਾਥੀ ਮੰਨੇ ਜਾਂਦੇ ਰਹੇ ਦੇਸ਼ ਵੀ ਅੱਜ ਉਸ ਦੇ ਵਿਹਾਰ ਤੋਂ ਨਾਰਾਜ਼ ਹੋਣ ਲਈ ਮਜਬੂਰ ਦਿੱਸਦੇ ਹਨ ਤੇ ਕੁਝ ਗੱਲਾਂ ਵਿੱਚ ਸਿਰ ਫੇਰਨ ਦਾ ਯਤਨ ਕਰਨ ਲੱਗੇ ਹਨ। ਬੀਤੇ ਦਿਨੀਂ ਡੋਨਾਲਡ ਟਰੰਪ ਨੇ ਜਦੋਂ ਬ੍ਰਿਟੇਨ ਤੋਂ ਉਸ ਦੇ ਹਵਾਈ ਅੱਡੇ ਵਰਤਣ ਦੀ ਸਹਿਮਤੀ ਮੰਗੀ ਤਾਂ ਉਨ੍ਹਾਂ ਨੇ ਹਾਂ ਨਹੀਂ ਕੀਤੀ। ਡੋਨਾਲਡ ਟਰੰਪ ਨੂੰ ਇਸ ਨਾਲ ਵੀ ਕੋਈ ਫਰਕ ਨਹੀਂ ਪਿਆ ਜਾਪਦਾ, ਉਹ ਬ੍ਰਿਟੇਨ ਦੀ ਬਜਾਏ ਨਵੇਂ ਸਾਥੀ ਲੱਭਣ ਰੁਝ ਗਿਆ ਹੈ।

ਐਨ ਇਹੋ ਜਿਹੇ ਮੌਕੇ ਡੋਨਾਲਡ ਟਰੰਪ ਲਈ ਭਾਰਤ-ਪਾਕਿਸਤਾਨ ਸੰਬੰਧਾਂ ਦੀ ਕੁੜੱਤਣ ਇੱਕ ਨਵੀਂ ਰਣਨੀਤਕ ਖੇਡ ਲਈ ਸੁਖਾਵਾਂ ਮੋੜ ਜਾਪਣ ਲੱਗ ਪਈ ਹੈ। ਕਦੀ ਭਾਰਤ ਦੇ ਪੱਖ ਵਿੱਚ ਇੱਕ ਗੱਲ ਕਹਿ ਕੇ ਉਸ ਨੂੰ ਖੁਸ਼ ਕੀਤਾ ਅਤੇ ਫਿਰ ਅਚਾਨਕ ਸੰਸਾਰ ਪੱਧਰ ਦੀ ਮੀਟਿੰਗ ਵਿੱਚ ਪਾਕਿਸਤਾਨ ਦਾ ਪੱਖ ਲੈਣ ਲੱਗ ਪਿਆ। ਇਹ ਵੀ ਇੱਕ ਦਾਅ ਹੈ। ਭਾਰਤ ਤੇ ਪਾਕਿਸਤਾਨ ਦੋਵਾਂ ਦੇ ਹਾਕਮ ਇਸ ਦਾਅ ਨੂੰ ਸਮਝਣ ਤੋਂ ਅਸਮਰੱਥ ਹਨ ਅਤੇ ਵਗਦੇ ਵਹਿਣ ਨਾਲ ਵਗਦੇ ਜਾਂਦੇ ਹਨ ਤੇ ਦੋਵਾਂ ਦੀ ਦੌੜ ਟਰੰਪ ਨੇੜੇ ਜਾਣ ਵਾਸਤੇ ਦੂਜੇ ਨੂੰ ਪਛਾੜਨ ਦੀ ਹੈ, ਆਪਣੇ ਸਵੈ-ਮਾਣ ਦੀ ਨਹੀਂ। ਪਿਛਲੇ ਹਫਤੇ ਉਸ ਨੇ ਫਿਰ ਇਹ ਗੱਲ ਕਹਿ ਦਿੱਤੀ ਅਤੇ ਪਤਾ ਨਹੀਂ ਕਿੰਨੀ ਵਾਰ ਪਹਿਲਾਂ ਕਹਿ ਚੁੱਕਾ ਹੈ ਕਿ ਭਾਰਤ-ਪਾਕਿਸਤਾਨ ਵਿਚਾਲੇ ਜੰਗ ਰੁਕਦੀ ਨਾ ਵੇਖ ਕੇ ਜਦੋਂ ਉਸ ਨੇ ਦੋ ਸੌ ਫੀਸਦੀ ਟੈਰਿਫ ਲਾ ਦੇਣ ਦੀ ਧਮਕੀ ਦਿੱਤੀ ਤਾਂ ਦੋਵਾਂ ਸਰਕਾਰਾਂ ਦੇ ਮੁਖੀਆਂ ਨੇ ਤੁਰੰਤ ਜੰਗਬੰਦੀ ਦੀ ਰਮਜ਼ ਪ੍ਰਵਾਨ ਕਰ ਲਈ ਸੀ। ਪਾਕਿਸਤਾਨ ਤਾਂ ਆਪਣੀ ਸਥਾਪਨਾ ਦੇ ਦਿਨੋਂ ਹੀ ਅਮਰੀਕਾ ਦੀ ਮੁਥਾਜ਼ੀ ਕਰਦਾ ਅਤੇ ਉਸ ਦੀ ਹਰ ਮਰਜ਼ੀ ਨੂੰ ਆਗਿਆਕਾਰੀ ਬੱਚੇ ਵਾਂਗ ਪ੍ਰਵਾਨ ਕਰਦਾ ਰਿਹਾ ਸੀ, ਅੱਜਕੱਲ੍ਹ ਭਾਰਤ ਦੀ ਵਿਦੇਸ਼ ਨੀਤੀ ਵੀ ਓਸੇ ਪਾਸੇ ਚੱਲ ਰਹੀ ਜਾਪਦੀ ਹੈ। ਡੋਨਾਲਡ ਟਰੰਪ ਜਦੋਂ ਜੰਗਬੰਦੀ ਬਾਰੇ ਕਹਿੰਦਾ ਹੈ ਕਿ ਟੈਰਿਫ ਵਧਾ ਦੇਣ ਦੇ ਉਸ ਦੇ ਇਸ ਦਬਕੇ ਅੱਗੇ ਭਾਰਤ ਝੁਕ ਗਿਆ ਸੀ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਬਾਰੇ ਇਹੋ ਜਿਹੇ ਇਸ਼ਾਰੇ ਕਰਦਾ ਹੈ ਤਾਂ ਭਾਰਤ ਦੇ ਪ੍ਰਧਾਨ ਮੰਤਰੀ ਨੇ ਇੱਕ ਵਾਰ ਵੀ ਉਸ ਦੀ ਗੱਲ ਦਾ ਖੰਡਨ ਨਹੀਂ ਕੀਤਾ। ਉਲਟਾ ਹੋਇਆ ਇਹ ਕਿ ਜਿਹੜਾ ਭਾਰਤ ਸਾਲਾਂਬੱਧੀ ਅਮਰੀਕਾ ਦੀਆਂ ਨੀਤੀਆਂ ਅਤੇ ਪੈਂਤੜਿਆਂ ਤੋਂ ਫਾਸਲਾ ਰੱਖਦਾ ਆ ਰਿਹਾ ਸੀ, ਉਹ ਅੱਜ ਅਮਰੀਕੀ ਦੇ ਕੰਟਰੋਲ ਵਾਲੇ ਅਦਾਰਿਆਂ ਵਿੱਚ ਸ਼ਾਮਲ ਹੋਣ ਵਾਸਤੇ ਬੜੇ ਆਰਾਮ ਨਾਲ ਤਿਆਰ ਹੋਈ ਜਾਂਦਾ ਹੈ।

ਅਜੋਕੇ ਸਮੇਂ ਦੀ ਨਵੀ ਖਾਸ ਲੱਭਤ 'ਏ ਆਈ' (ਆਰਟੀਫੀਸ਼ੀਅਲ ਇੰਟੈਲੀਜੈਂਸ) ਬੜੇ ਕੰਮ ਦੀ ਖੋਜ ਹੈ ਤੇ ਇਸ ਸਮੇਂ ਦਾ ਆਧੁਨਿਕ ਕਿਸਮ ਦੇ ਚਿੱਟ-ਕੱਪੜੀਏ ਅਪਰਾਧ ਸੰਸਾਰ ਲਈ ਪਾਪ ਕਰਨ ਦਾ ਸਭ ਤੋਂ ਵੱਡਾ ਹਥਿਆਰ ਵੀ ਬਣੀ ਜਾਂਦੀ ਹੈ। ਅਮਰੀਕਾ ਨੇ ਬੀਤੇ ਦਿਨੀਂ 'ਪੈਕਸ ਸਿਲਿਕਾ' ਨਾਂਅ ਦੀ ਇੱਕ ਪਹਿਲਕਦਮੀ ਸੰਸਾਰ ਅੱਗੇ ਰੱਖੀ ਤੇ ਸਹਿਮਤੀ ਜੋੜਨੀ ਆਰੰਭ ਕੀਤੀ ਤਾਂ ਭਾਰਤ ਉਸ ਨਾਲ ਜਾ ਜੁੜਿਆ ਹੈ। ਇਹ ਪਹਿਲ ਅਮਰੀਕਾ ਦੇ ਵਿਦੇਸ਼ ਵਿਭਾਗ ਵੱਲੋਂ ਆਧੁਨਿਕ ਖੋਜਾਂ ਤੇ ਲੱਭਤਾਂ ਅਤੇ ਇਸ ਨਾਲ ਜੁੜੇ ਕਾਰੋਬਾਰ ਅਤੇ ਉਸ ਕਾਰੋਬਾਰ ਲਈ ਵਰਤੇ ਜਾਂਦੇ ਸਾਮਾਨ ਬਾਰੇ ਸੰਸਾਰ ਦੇ ਦੇਸ਼ਾਂ ਵਿਚਾਲੇ ਤਾਲਮੇਲ ਦੀ ਗੱਲ ਕਰਦੀ ਹੈ, ਪਰ ਅਸਲ ਵਿੱਚ ਇਸ ਤਾਲਮੇਲ ਦੀ ਪ੍ਰਕਿਰਿਆ ਦੌਰਾਨ ਸੰਬੰਧਤ ਦੇਸ਼ਾਂ ਨੂੰ ਆਪਣੇ ਮੱਕੜ-ਜਾਲ ਵਿੱਚ ਫਸਾਉਣ ਦੀ ਚਾਲ ਹੈ। ਭਾਰਤ ਵੱਲੋਂ ਇਸ ਅਮਰੀਕੀ ਪ੍ਰਕਿਰਿਆ ਦਾ ਅੰਗ

**ਦ੍ਰਿਸ਼ਟੀਕੋਣ**

**ਜਤਿੰਦਰ ਪਨੂੰ**

ਬਣਨ ਨੇ ਇਸ ਦੇ ਕਈ ਸ਼ੁਭਚਿੰਤਕਾਂ ਦੇ ਮੱਥੇ ਉੱਤੇ ਸੋਚ ਦੀਆਂ ਤਿਊੜੀਆਂ ਗੂੜ੍ਹੀਆਂ ਕਰ ਦਿੱਤੀਆਂ ਹਨ। ਇਸ ਤੋਂ ਉਲਟ ਪਾਕਿਸਤਾਨ ਸਰਕਾਰ ਨੂੰ ਇਸ ਤੋਂ ਕੋਈ ਚਿੰਤਾ ਕਰਨ ਦੀ ਲੋੜ ਨਹੀਂ ਲੱਭਦੀ, ਕਿਉਂਕਿ ਉਨ੍ਹਾਂ ਦੇ ਪ੍ਰਧਾਨ ਮੰਤਰੀ ਨੇ ਪਿਛਲੇ ਦਿਨੀਂ ਇਹ ਹਾਲਤ ਦੇਸ਼ ਸਾਹਮਣੇ ਰੱਖ ਦਿੱਤੀ ਸੀ ਕਿ ਹਰ ਵਿਦੇਸ਼ ਦੌਰੇ ਮੌਕੇ ਹਰ ਦੇਸ਼ ਤੋਂ ਮੰਗਣ ਵਾਸਤੇ ਜਾਣਾ ਪੈਂਦਾ ਹੈ ਅਤੇ ਸ਼ਰਮ ਬੜੀ ਆਉਂਦੀ ਹੈ, ਪਰ ਇਸ ਦੇ ਬਾਵਜੂਦ ਇਹ ਸਭ ਕਰਨਾ ਪੈ ਰਿਹਾ ਹੈ। ਭਾਰਤ ਦੀ ਸਥਿਤੀ ਹਾਲੇ ਇਹੋ ਜਿਹੀ ਨਹੀਂ। ਬਹੁਤ ਸਾਰੀਆਂ ਕਮਜ਼ੋਰੀਆਂ ਦੇ ਬਾਵਜੂਦ ਭਾਰਤ ਆਪਣਾ ਡੰਗ ਸਾਰ ਸਕਦਾ ਹੈ, ਕਿਸੇ ਮੂਹਰੇ ਹੱਥ ਅੱਡਣ ਦੀ ਲੋੜ ਨਹੀਂ।

ਇਹੋ ਜਿਹੇ ਸਮੇਂ ਜਦੋਂ ਸੰਸਾਰ ਪੱਧਰ ਉੱਤੇ ਬਹੁਤ ਬਚ ਕੇ ਚੱਲਣ ਤੇ ਭਾਰਤ ਦੀਆਂ ਕੇਂਦਰ ਤੇ ਰਾਜ ਸਰਕਾਰਾਂ ਦੇ ਆਪਸੀ ਤਾਲਮੇਲ ਨਾਲ ਚੱਲਣ ਦੀ ਲੋੜ ਹੈ, ਹਰ ਪਾਸੇ ਆਪਸੀ ਆਢਾ ਲੱਗਾ ਨਜ਼ਰ ਪੈਂਦਾ ਹੈ। ਕੇਂਦਰ ਦੀ ਸਰਕਾਰ ਚਲਾ ਰਹੀ ਪਾਰਟੀ ਦਾ ਸਿਆਸੀ ਮੱਤਭੇਦ ਰੱਖਦੀ ਹਰ ਪਾਰਟੀ ਦੀ ਅਗਵਾਈ ਹੇਠਲੀ ਸਰਕਾਰ ਨਾਲ ਰੱਫੜ ਪੈਣ ਤੇ ਇਸ ਤੋਂ ਬਾਅਦ ਸੁਪਰੀਮ ਕੋਰਟ ਵਿੱਚ ਮੁਕੱਦਮੇਬਾਜ਼ੀ ਦਾ ਸਿਲਸਿਲਾ ਕਦੀ ਵੀ ਰੁਕਿਆ ਨਹੀਂ। ਹਾਲਤ ਬੇਸ਼ੱਕ ਹਰ ਰਾਜ ਦੀ ਵੀ 'ਲਾਹੌਰ ਦੇ ਸ਼ੌਕੀਨ ਤੇ ਬੋਝੇ ਵਿੱਚ ਗਾਜਰਾਂ' ਵਾਲੀ ਹੈ ਤੇ ਕੇਂਦਰ ਸਰਕਾਰ ਵੀ ਕਰਜ਼ੇ ਦੇ ਬੋਝ ਵਿੱਚ ਦੱਬੀ ਹੋਈ ਹੈ, ਪਰ ਇੱਕ-ਦੂਸਰੇ ਨਾਲ ਜੁੜੇ ਵੋਟਰਾਂ ਨੂੰ ਆਪਣੇ ਵੱਲ ਖਿੱਚਣ ਦੀ ਜ਼ੋਰ-ਅਜ਼ਮਾਈ ਚੱਲਦੀ ਰਹਿੰਦੀ ਹੈ। ਲੋਕਾਂ ਨੂੰ ਇਹ ਦੱਸਣ ਦਾ ਕੋਈ ਯਤਨ ਨਹੀਂ ਹੁੰਦਾ ਕਿ ਦੇਸ਼ ਦੇ ਭਲੇ ਭਵਿੱਖ ਲਈ ਆਹ ਕੰਮ ਕਰਨੇ ਹਨ, ਇਸ ਦੀ ਬਜਾਏ ਸਾਰਾ ਜ਼ੋਰ ਮੁਫਤ ਦੀਆਂ ਰਿਉੜੀਆਂ ਵੰਡਣ ਦੀ ਮੁਕਾਬਲੇਬਾਜ਼ੀ ਉੱਤੇ ਲੱਗਦਾ ਰਹਿੰਦਾ ਹੈ। ਪੰਜਾਬ ਜਦੋਂ ਅਗਲੀ ਵਿਧਾਨ ਸਭਾ ਚੋਣ ਦੇ ਦੌਰ ਵਿੱਚ ਦਾਖਲ ਹੋ ਚੁੱਕਾ ਹੈ, ਇਸ ਵਿੱਚ ਹਰ ਧਿਰ ਸਿਆਸੀ ਗਾਹ ਪਾਉਂਦੀ ਨਜ਼ਰ ਪੈਂਦੀ ਹੈ, ਪਰ ਇਹ ਗੱਲ ਕੋਈ ਨਹੀਂ ਸੋਚਦਾ ਜਾਂ ਉਹ ਸੋਚਦੇ ਵੀ ਹਨ ਤਾਂ ਲੋਕਾਂ ਮੂਹਰੇ ਮੰਨਦੇ ਨਹੀਂ ਕਿ ਏਦਾਂ ਦੋਵੀਂ ਹੱਥੀਂ ਨੋਟਾਂ ਦਾ ਖਿਲਾਰਾ ਪਾਉਣ ਦੇ ਕੰਮ ਜੇ ਹਰ ਕੋਈ ਧਿਰ ਲੱਗੀ ਰਹੀ ਤਾਂ ਪੰਜਾਬ ਦਾ ਬਣੇਗਾ ਕੀ! ਏਦਾਂ ਦਾ ਕੋਈ ਨੇਤਾ ਪੰਜਾਬ ਦੇ ਕੋਲ ਦਿਖਾਈ ਨਹੀਂ ਦੇਂਦਾ, ਜਿਹੜਾ ਆਪਣੇ ਅਤੇ ਆਪਣੀ ਧਾੜ ਦੇ ਰਾਜਸੀ ਹਿੱਤਾਂ ਤੋਂ ਅੱਗੇ ਸੋਚਣ ਵਾਲਾ ਕਹਿ ਸਕੀਏ।

ਸਾਡੇ ਪੰਜਾਬ ਦੀ ਧਰਤੀ ਹੇਠ ਏਦਾਂ ਦਾ ਖਜ਼ਾਨਾ ਕੋਈ ਨਹੀਂ, ਜਿਹੋ ਜਿਹੇ ਅਰਬ ਦੇਸ਼ਾਂ ਵਿੱਚ ਤੇਲ ਅਤੇ ਭਾਰਤ ਦੇ ਕੁਝ ਰਾਜਾਂ ਕੋਲ ਧਾਤਾਂ ਦੇ ਖਜ਼ਾਨੇ ਹਨ। ਮੁੱਢਾਂ ਤੋਂ ਖੇਤੀ ਆਸਰੇ ਅਤੇ ਕਿਰਤ ਕਰਨ ਦੇ ਸੱਭਿਆਚਾਰ ਸਦਕਾ ਨਾ ਸਿਰਫ ਵੱਸਦੇ ਆਏ, ਸਗੋਂ ਹਮਲਾਵਰਾਂ ਨਾਲ ਭੇੜ ਵੀ ਭਿੜਦੇ ਆਏ ਅਤੇ ਹਰ ਵਾਰੀ ਹੋਏ ਨੁਕਸਾਨ ਪਿੱਛੋਂ ਸੰਭਲਦੇ ਰਹੇ ਪੰਜਾਬ ਦੀ ਹਾਲਤ ਅੱਜ ਵਿਗੜਦੀ ਜਾਂਦੀ ਹੈ। ਵਿਦੇਸ਼ੀ ਹਮਲਾਵਰਾਂ ਨਾਲ ਮੁਕਾਬਲੇ ਵਾਲੇ ਸਿਰੜ ਵਿੱਚੋਂ ਇੱਕ ਮੁਹਾਵਰਾ ਬਣਿਆ ਸੀ, 'ਖਾਧਾ-ਪੀਤਾ ਲਾਹੇ ਦਾ, ਬਾਕੀ ਅਹਿਮਦ ਸ਼ਾਹੇ ਦਾ' , ਅਰਥਾਤ ਜਿੰਨਾ ਖਾ-ਪੀ ਲਿਆ, ਉਹ ਆਪਣਾ ਹੈ ਅਤੇ ਬਾਕੀ ਸਭ ਕੁਝ ਅਹਿਮਦ ਸ਼ਾਹ ਅਬਦਾਲੀ ਨੇ ਲੁੱਟ ਕੇ ਲੈ ਜਾਣਾ ਹੈ। ਬਹੁਤ ਲੰਮਾ ਸਮਾਂ ਉਸ ਦੌਰ ਨੂੰ ਗੁਜ਼ਰ ਚੁੱਕਾ ਹੈ। ਪੰਜਾਬ ਅੱਜ ਅਬਦਾਲੀਆਂ ਦੇ ਲਸ਼ਕਰਾਂ ਦੀ ਮਾਰ ਹੇਠ ਬੇਸ਼ੱਕ ਨਹੀਂ ਆਵੇਗਾ, ਪਰ ਨਵੇਂ ਦੌਰ ਵਿੱਚ ਇਸ ਦੇ ਅੰਦਰੋਂ ਅਬਦਾਲੀ ਵਾਂਗ ਲੁੱਟ-ਖਸੁੱਟ ਕਰਨ ਵਾਲੇ ਲਸ਼ਕਰ ਜਿਹੇ ਉੱਠ ਖੜੋਤੇ ਹਨ। ਇਹ ਅਜੋਕੇ ਲੁਟੇਰੇ ਲਸ਼ਕਰ ਆਪਣੇ ਮਕਸਦ ਵਾਸਤੇ ਰਾਜਨੀਤੀ ਨੂੰ ਲਸ਼ਕਰਾਂ ਵਾਲੀ ਇਸ ਮਾਨਸਿਕਤਾ ਨਾਲ ਵਰਤਦੇ ਹਨ ਕਿ ਪਿੱਛਾ ਕਰਦੇ ਕਾਫਲਿਆਂ ਦਾ ਧਿਆਨ ਵੰਡਾਉਣ ਲਈ ਕੁਝ ਨਾ ਕੁਝ ਮੋਹਰਾਂ ਖਿਲਾਰਦੇ ਜਾਓ, ਅਰਥਾਤ ਲੋਕ ਉਨ੍ਹਾਂ ਦੀ ਕਿਸੇ ਲੁੱਟ ਦਾ ਜ਼ਿਕਰ ਕਰਨ ਜੋਗੇ ਨਾ ਰਹਿ ਜਾਣ, ਇਸ ਲਈ ਹਰ ਚੋਣ ਮੌਕੇ ਉਨ੍ਹਾਂ ਅੱਗੇ ਸ਼ਾਹੀ ਮੋਹਰਾਂ ਵਰਗੀਆਂ ਉਨ੍ਹਾਂ ਛੋਟਾਂ ਦਾ ਛੱਟਾ ਦੇਣ ਲੱਗੇ ਰਹੋ, ਜਿਸ ਦਾ ਸਮੁੱਚਾ ਖਰਚ ਸਰਕਾਰੀ ਖਜ਼ਾਨੇ ਵਿੱਚੋਂ ਹੋਣ ਮਗਰੋਂ ਪੰਜਾਬੀਆਂ ਨੂੰ ਟੈਕਸ ਦੇ ਕੇ ਉਸ ਦੀ ਪੂਰਤੀ ਵੀ ਕਰਨੀ ਪੈ ਜਾਂਦੀ ਹੈ।

ਸਰਕਾਰੀ ਖਜ਼ਾਨੇ ਵਿੱਚੋਂ ਮੁਫਤ ਅਨਾਜ ਮਹਾਰਾਜਾ ਰਣਜੀਤ ਸਿੰਘ ਨੇ ਵੀ ਵੰਡਿਆ ਸੀ, ਹੋਰ ਸਰਕਾਰਾਂ ਵੀ ਸੰਕਟ ਦੇ ਸਮੇਂ ਵੰਡਦੀਆਂ ਹਨ, ਪਰ ਸੰਕਟ ਦੇ ਬਿਨਾਂ ਸਿਰਫ ਸਿਆਸੀ ਲਾਭ ਲੈਣ ਲਈ ਛੋਟਾਂ ਦੇਣ ਤੇ ਪੂਰੇ ਨਾ ਹੋ ਸਕਣ ਵਾਲੇ ਲਾਰੇ ਲਾਉਣ ਦਾ ਜਿਹੜਾ ਕੰਮ ਅੱਜਕੱਲ੍ਹ ਹੁੰਦਾ ਹੈ, ਉਹ ਸਰਕਾਰਾਂ ਇਹ ਕੁਝ ਨਹੀਂ ਸਨ ਕਰਦੀਆਂ। ਅੱਜ ਵੀ ਵਿਕਸਤ ਦੇਸ਼ਾਂ ਦੀਆਂ ਸਰਕਾਰਾਂ ਆਪਣੇ ਅੜੇ-ਥੁੜੇ ਨਾਗਰਿਕਾਂ ਨੂੰ ਜ਼ਿੰਦਗੀ ਦੀ ਗੱਡੀ ਚੱਲਦੀ ਰੱਖਣ ਲਈ ਸਹੂਲਤਾਂ ਦੇਂਦੀਆਂ ਹਨ ਤੇ ਦੇਣੀਆਂ ਵੀ ਚਾਹੀਦੀਆਂ ਹਨ, ਪਰ ਰਾਜ ਵਿੱਚ ਹਰ ਕਿਸੇ ਲਈ ਛੋਟਾਂ ਦੇਣ ਸਮੇਂ ਉਨ੍ਹਾਂ ਨੂੰ ਵੀ ਦੇਣੀਆਂ ਠੀਕ ਨਹੀਂ, ਜਿਨ੍ਹਾਂ ਕੋਲ ਇਸ ਤਰ੍ਹਾਂ ਦੀ ਸਮਰੱਥਾ ਹੈ ਅਤੇ ਉਨ੍ਹਾਂ ਨੂੰ ਇਸ ਦੀ ਲੋੜ ਨਹੀਂ, ਇਹ ਰਾਹ ਠੀਕ ਨਹੀਂ। ਅਗਲੀ ਚੋਣ ਲਈ ਜਿਹੜਾ ਸਾਲ ਤੋਂ ਕੁਝ ਘੱਟ ਵਕਤ ਰਹਿੰਦਾ ਹੈ, ਉਸ ਦੌਰਾਨ ਅਸੀਂ ਪੰਜਾਬ ਦੇ ਲੋਕਾਂ ਨੇ ਇਹੋ ਕੁਝ ਸੁਣਦੇ ਰਹਿਣਾ ਅਤੇ ਨਾਲ ਦੀ ਨਾਲ ਇਹ ਸੋਚਦੇ ਰਹਿਣਾ ਹੈ ਕਿ ਲੀਡਰਾਂ ਨੇ ਪੰਜਾਬ ਦੇ ਲੋਕਾਂ ਨੂੰ ਮੰਗਤੇ ਬਣਾ ਛੱਡਿਆ ਹੈ।

ਉਹ ਵਕਤ ਆ ਚੁੱਕਾ ਹੈ, ਜਦੋਂ ਕੁਝ ਸੁਹਿਰਦ ਧਿਰਾਂ ਜਾਂ ਕੁਝ ਸੁਹਿਰਦ ਸ਼ਖਸੀਅਤਾਂ ਨੂੰ ਲੋਕਾਂ ਕੋਲ ਜਾ ਕੇ ਇਹ ਕਹਿਣਾ ਚਾਹੀਦਾ ਹੈ ਕਿ ਸਿਆਸੀ ਲੋੜਾਂ ਖਾਤਰ ਦਿੱਤੀਆਂ ਜਾ ਰਹੀਆਂ ਇਹ ਛੋਟਾਂ ਤੁਹਾਡੀ ਅਗਲੀ ਪੀੜ੍ਹੀ ਦਾ ਸੱਤਿਆਨਾਸ ਕਰ ਦੇਣਗੀਆਂ, ਇਨ੍ਹਾਂ ਨੂੰ ਸੁਣ ਕੇ ਤਾੜੀਆਂ ਮਾਰਨ ਦੀ ਥਾਂ 'ਨਹੀਂ-ਨਹੀਂ' ਕਹਿਣ ਦੀ ਜਾਚ ਸਿੱਖੋ। ਬਦਕਿਸਮਤੀ ਨਾਲ ਅਜੇ ਤੱਕ ਏਨੀ ਗੱਲ ਕਹਿ ਸਕਣ ਦੀ ਜੁਰਅੱਤ ਵਾਲਾ ਕੋਈ ਸ਼ਖਸ ਮੂਹਰੇ ਨਹੀਂ ਆ ਰਿਹਾ। ਬਹੁਤ ਸਾਰੇ ਲੋਕ ਮਹਿਸੂਸ ਕਰਦੇ ਹਨ ਕਿ ਪੰਜਾਬ ਦੀ ਅਗਲੀ ਪੀੜ੍ਹੀ ਦਾ ਭਵਿੱਖ ਬਚਾਉਣ ਲਈ ਲੋਕਾਂ ਨੂੰ ਨਾਂਹ ਕਰਨੀ ਸਿਖਾਉਣ ਲਈ ਉਨ੍ਹਾਂ ਕੋਲ ਜਾਣਾ ਚਾਹੀਦਾ ਹੈ, ਪਰ ਖੁਦ ਕਰਨ ਦੀ ਥਾਂ ਕਿਸੇ ਏਦਾਂ ਦੇ ਰਹਿਬਰ ਦੀ ਉਡੀਕ ਵਿੱਚ ਅੱਖਾਂ ਵਿਛਾਈ ਬੈਠੇ ਹਨ, ਜਿਹੜਾ ਆਣ ਕੇ ਅਗਵਾਈ ਕਰਨ ਲਈ ਝੰਡਾ ਗੱਡ ਸਕੇ। ਇੱਕ-ਦੋ ਚਿੰਤਕਾਂ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਇਸ ਸੋਚ ਦਾ ਹੁੰਗਾਰਾ ਭਰਿਆ, ਪਰ ਨਾਲ ਹੀ ਕਿਹਾ ਕਿ ਕੰਮ ਬਿਨਾਂ ਸ਼ੱਕ ਨੇਕ ਹੈ, ਪਰ ਜਿਹੜਾ ਵੀ ਏਦਾਂ ਕਰਨ ਲਈ ਤੁਰੇਗਾ, ਸਾਰੇ ਰੰਗਾਂ ਦੇ ਸਿਆਸੀ ਆਗੂਆਂ ਦੇ ਅੱਖਾਂ ਵਿੱਚ ਰੜਕਣ ਲੱਗ ਸਕਦਾ ਹੈ। ਜਿਸ ਕਿਸੇ ਨੇ ਪੰਜਾਬ ਦਾ ਭਲਾ ਸੋਚਣਾ ਹੈ, ਏਦਾਂ ਦੇ ਰਿਸਕ ਤਾਂ ਉਸ ਨੂੰ ਲੈਣੇ ਹੀ ਪੈਣਗੇ। ਕੀ ਕੋਈ ਨਿੱਤਰੇਗਾ ਇਹ ਝੰਡੀ ਚੁੱਕਣ ਵਾਲਾ ?

# ਰਾਮ ਦਿਓ ਭੱਟੀ ਰਾਜਪੂਤ ਨੇ ਵਸਾਇਆ ਸੀ ਬਟਾਲਾ

**ਪਿੰਡ ਵਸਿਆ-65**

**ਵਿਜੇ ਬੰਬੇਲੀ**

ਗੁਰਦਾਸਪੁਰ ਜ਼ਿਲ੍ਹੇ ਦਾ ਬਟਾਲਾ, ਅੱਜ ਦਾ ਬੁਲੰਦ ਸ਼ਹਿਰ, ਬਹਿਲੋਲ ਲੋਧੀ ਦੀ ਹਕੂਮਤ ਸਮੇਂ ਭੱਟੀ ਰਾਜਪੂਤ ਯੋਧੇ ਰਾਮ ਦਿਓ ਨੇ ਵਸਾਇਆ ਸੀ। ਹੁਣ ਇਹ ਬਾਬਾ ਨਾਨਕ ਜੀ ਦੇ ਵਿਆਹ ਸਥਾਨ ਕਰਕੇ ਵੀ ਮਸ਼ਹੂਰ ਹੈ। ਇਸ ਦੀਆਂ ਹੋਰ ਮਸ਼ਹੂਰੀਆਂ ਦਾ ਕਾਰਨ ਜਿੱਥੇ ਅਕਬਰ ਬਾਦਸ਼ਾਹ ਦੇ ਸਕੇ-ਸੋਧਰੇ ਸ਼ਮਸ਼ੇਰ ਖਾਨ ਦੁਆਰਾ ਲਾਹੌਰ ਦੀ ਤਰਜ਼ 'ਤੇ ਉਸਾਰਿਆ ਹਜ਼ੀਰਾ, ਇੱਕ ਨਾਮੀ ਸ਼ਾਨਦਾਰ ਇਬਾਦਤਗਾਹ ਹੈ, ਉਥੇ ਮਹਾਰਾਜਾ ਰਣਜੀਤ ਸਿੰਘ ਦੇ ਫਰਜ਼ੰਦ ਮਾ. ਸ਼ੇਰ ਸਿੰਘ ਜਿਹੜਾ ਮਾਈ ਮਹਿਤਾਬ ਕੌਰ ਦੀ ਕੁੱਖੋਂ ਜਣਿਆ ਸੀ, ਵੱਲੋਂ 'ਅਨਾਰਕਲੀ ਪੈਲੇਸ ਆਫ ਸ਼ੇਰ ਸਿੰਘ' ਵਜੋਂ ਸੁ-ਪ੍ਰਸਿੱਧ ਰੈਣ-ਬਸੇਰਾ ਵੀ ਹੈ। ਇਸ ਧੜਵੈਲ ਅਤੇ ਸ਼ਾਨਦਾਰ ਇਮਾਰਤ ਵਿੱਚ ਬੀਤੇ ਸਮੇਂ ਤੋਂ ਉੱਤਰੀ ਭਾਰਤ ਦਾ ਵਿਖਿਆਤ 'ਬੇਰਿੰਗ ਯੂਨੀਅਨ ਕ੍ਰਿਸ਼ਚੀਅਨ ਕਾਲਜ' ਚੱਲਦਾ ਹੈ, ਜਿਸ ਦੀ ਸਥਾਪਨਾ 'ਚਰਚ ਮਿਸ਼ਨ ਸੋਸਾਇਟੀ' ਦੇ ਮੁਖੀ ਸਰ ਰੀਵਰਨਡ ਡਰੈਨਨਸਿਸ ਹੈਨਰੀ ਬੇਰਿੰਗ ਨੇ 1878 ਵਿੱਚ 'ਬੇਰਿੰਗ ਬੋਆਇਜ਼ ਬੋਰਡਿੰਗ ਸਕੂਲ' ਵਜੋਂ ਕੀਤੀ ਸੀ। ਜਿਥੇ ਬਟਾਲਾ 12 ਗੇਟਾਂ ਜਿਵੇਂ 'ਸ਼ੇਰਾਂ ਵਾਲਾ ਗੇਟ' ਅਤੇ ਹਾਥੀ ਗੇਟ, ਜਿਹਨਾਂ ਵਿੱਚੋਂ ਕਈ ਅਜੇ ਵੀ ਸਿਰ ਉੱਚਾ ਕਰਕੇ ਖੜ੍ਹੇ ਹਨ, ਕਾਰਨ ਕਦੇ ਚਰਚਾ ਦਾ ਵਿਸ਼ਾ ਰਿਹਾ, ਉਥੇ ਇਸ ਖੇੜੇ ਦੇ ਅਗਲ-ਬਗਲ ਵਸੀ ਵਸੇਬ 'ਚੁੰਨੀ' ਦੀ ਭਲਵਾਨਾਂ ਦੀ ਕਰੀਬ ਇੱਕ ਸਦੀ ਪੁਰਾਣੀ ਕਿਲ੍ਹਾਨੁਮਾ ਵਿਸ਼ਾਲ ਹਵੇਲੀ, ਜਿਸ ਦੀ ਤਾਮੀਰ ਵਕਤ ਨਾ ਸਿਰਫ ਲੋਹ ਸ਼ਹਿਰ ਬਟਾਲਾ ਦਾ ਕੁੱਲ ਲੋਹਾ ਮੁੱਕ ਗਿਆ ਸੀ, ਸਗੋਂ ਬਟਾਲਾ ਗਿਰਦ 12 ਭੱਠਿਆਂ ਦੀਆਂ ਤਾਅ-ਕਿਸਮ ਇੱਟਾਂ ਵੀ ਖਪ ਗਈਆਂ ਸਨ, ਕਾਰਨ ਵੀ ਤਵਾਰੀਖ ਦੇ ਚੇਤਿਆਂ ਵਿੱਚ ਹੈ। ਹਾਂ; ਸ਼ਹਿਨਸ਼ਾਹ ਅਕਬਰ ਵੇਲੇ ਪਰਜਾ ਅਤੇ ਬਾਗ-ਬਾੜੀਆਂ ਹਿੱਤ ਉਸਾਰਿਆ ਗਿਆ ਇੱਕ ਵੱਡ-ਅਕਾਰੀ ਤਲਾਬ ਹੁਣ ਵੀ ਇਸ ਖੇੜੇ ਦੇ ਸ਼ਾਹੀ ਜਲੌਅ ਅਤੇ ਪਾਣੀ ਦੀ ਉੱਤਮਤਾ ਜਤਾਉਂਦਾ ਹੈ।

ਕਦੇ ਆਰਥਿਕ, ਰਾਜਨੀਤਕ ਅਤੇ ਯੁੱਧਨੀਤਕ ਤੇ ਅਧਿਆਤਮਿਕ ਕੇਂਦਰੀ ਬਿੰਦੂ ਰਿਹਾ ਤਜਾਰਤੀ ਪਿੰਡ ਬਟਾਲਾ, ਜੋ ਹੁਣ ਸ਼ਹਿਰ ਹੈ, ਆਪਣੇ ਆਗੋਸ਼ ਵਿੱਚ ਕੀ ਸਮੋਈ ਬੈਠਾ ਹੈ, ਦੇ ਵਿਖਿਆਨ ਲਈ ਤੁਸੀਂ ਮੈਨੂੰ ਪੁਸਤਕ 'ਪੰਜਾਬ ਦੀ ਜੋਗਰਾਫਯਾਈ ਤਵਾਰੀਖ' (ਲੇਖਕ ਗੁਲਾਮ ਮੁਹੀਉਲਦੀਨ ਉਰਫ ਬੂਟੇ ਸ਼ਾਹ ਵੱਲੋਂ ਕਲਮਬੱਧ 'ਤਾਰੀਖ ਪੰਜਾਬ' ਵਜੋਂ ਕਲਮਬੱਧ) ਵਿੱਚੋਂ ਕੁੱਝ ਪੈਰ੍ਹੇ, ਉਸੇ ਦੇ ਲਿਖੇ ਅਨੁਸਾਰ, ਵਿਖਿਆਨ ਕਰਨ ਦੀ ਆਗਿਆ ਦਿਓ :

"ਕਸਬਾ ਬਟਾਲਾ ਇਕ ਸਹਿਰ ਹੈ, ਜੋ ਰਾਮਦਿਉ ਭੱਟੀ ਰਾਜਪੂਤ ਦਾ ਆਬਾਦ ਕੀਤਾ ਹੋਇਆ ਹੈ ਅਤੇ ਉਹ ਕਪੂਰਥਲੇ ਦੇ ਰਾਜਪੂਤਾਂ ਵਿੱਚੋਂ ਸੀ।

ਅਤੇ ਉਸ ਸਮੇਂ ਵਿਖੇ ਕਿ ਜਦ ਤਤਾਰਖਾਂ, ਸੁਲਤਾਨ ਬਹਿਲੋਲ ਲੋਦੀ ਦੇ ਹੱਥੋਂ ਪੰਜਾਬ ਦਾ ਹਾਕਮ ਸੀ, ਤਦ ਇਹ ਰਾਮਦਿਉ ਮੁਸਲਮਾਨ ਹੋ ਕੇ, ਤਤਾਰਖਾਂ ਦੀ ਕਚਹਿਰੀ ਵਿਚ ਆਉਣ-ਜਾਣ ਲੱਗ ਗਿਆ ਅਤੇ ਪੰਜਾਬ ਦਾ ਮੁਲਖ ਨੌਂ ਲੱਖ ਟਕੇ ਪੁਰ ਤਤਾਰਖਾਂ ਥੀ ਅਜਾਰੇ ਲੈ ਲਿਆ।

ਅਤੇ ਸਨ 876 ਹਿਜਰੀ, ਅਤੇ 1518 ਬਿੱਕਰਮਾਜੀਤੀ ਵਿਚ ਇਸ ਸਹਿਰ ਦੀ ਨੀਉਂ ਧਰੀ, ਅਤੇ ਉਸ ਰਾਮਦੇਉ ਦੀ ਕਬਰ ਸਹਿਰੋਂ ਬਾਹਰ ਪੂਰਬ ਦੇ ਦਾਉ ਪੱਕੀ ਬਣੀ ਹੋਈ ਹੈ। ਅਤੇ ਆਖਦੇ ਹਨ, ਜੋ ਇਸ ਤੇ ਅੱਗੇ ਬੀ ਇਸ ਜਾਗਾ ਅਬਾਦੀ ਹੋ ਚੁੱਕੀ ਹੈ; ਇਸ ਤਰਾਂ ਨਾਲ, ਜੋ ਕਿਸੇ ਨੈ ਸਰਾਂ ਦੇ ਲਾਗ ਜੋ ਹਾਕਮ ਦੇ ਰਹਿਣ ਦੀ ਜਾਗਾ ਹੈ, ਇਕ ਖੂਹ ਪੱਟਿਆ ਸਾ; ਪੱਟਦੇ ਪੱਟਦੇ ਜਾਂ ਪਾਣੀ ਦੇ ਨੇੜੇ ਪਹੁਚੇ, ਤਾਂ ਲਿਲਾਰੀ ਦੀ ਹੱਟੀ, ਕੁੰਡਾਂ ਘੜਿਆਂ ਲੋਟਿਆਂ ਬਧਨਿਆਂ ਸਣੇ, ਪਰਗਟ ਹੋਈ ਸੀ; ਇਸ ਤੇ ਮਲੂਮ ਹੋਇਆ, ਜੋ ਇਥੇ ਜ਼ਰੂਰ ਕਦੇ ਨਾ ਕਦੇ ਬਸੋਂ ਹੋ ਹਟੀ ਹੈ।

ਇਸ ਸਹਿਰ ਦੇ ਗੱਭੇ ਇਕ ਉੱਚੀ ਜਾਗਾ ਪੁਰ ਹਾਕਮ ਦੇ ਰਹਿਣ ਦਾ ਕਿਲਾ ਹੈ; ਪਹਿਲਾਂ ਉਹ ਦੀਆਂ ਕੰਧਾਂ ਕੱਚੀਆਂ ਸਨ; ਜੋ ਕੋਈ ਹਾਕਮ ਆਇਆ, ਉਹੋ ਉਹ ਦੀ ਮੁਰੰਮਤ ਕਰਵਾਉਂਦਾ ਰਿਹਾ; ਉਸ ਤੇ ਪਿਛੇ ਮੁਹੰਮਦਸਾਹ ਪਾਤਸਾਹ ਦਿੱਲੀ ਵਾਲੇ ਦੇ ਸਮੇਂ ਵਿਚ ਸਾਰੀਆਂ ਕੰਧਾਂ ਪੱਕੀਆਂ ਬਣ ਗਈਆਂ, ਅਤੇ ਪੂਰਬ ਪਾਸੇ ਦੀ ਕੰਧ ਉੱਪੁਰ ਜੋ ਬਾਜਾਰ ਵਿਚ ਹੈ, ਇਕ ਵਡੀ ਤਖਤਿਆਂ ਦੀ ਜੋੜੀ ਚੜ ਗਈ॥

ਅੱਗੇ ਇਸ ਸਹਿਰ ਵਿਚ ਕੁਛ ਵਡੀ ਰੌਣਕ ਨਸੋ, ਨਿਰਾ ਇਕ ਭਾਰੇ ਪਿੰਡ ਵਰਗਾ ਸਾ; ਪਰ ਅਕਬਰ ਪਾਤਸਾਹ ਦੇ ਸਮੇ ਵਿਚ, ਜਾਂ ਸਮਸੇਰਖਾਂ ਰਾਜਪੂਤ ਇਸ ਸਹਿਰ ਦਾ ਹਾਕਮ ਹੋਇਆ, ਤਾਂ ਓਨ ਇਹ ਦੀ ਅਬਾਦੀ ਵਿਚ ਅੱਤ ਕੋਸਿਸ ਕੀਤੀ, ਅਤੇ ਸਹਿਰ ਤੇ ਉੱਤਰ ਅਰ ਪੂਰਬ ਦੇ ਗੱਭਲੇ ਖੂੰਜੇ ਪੁਰ ਇਕ ਬਾਗ ਦੀ ਨਿਉਂ ਧਰਕੇ, ਉਹ ਦੇ ਗਭੇ ਦੋ ਸੌ ਕਰਮਾਂ ਲੰਬਾਂ ਅਤੇ ਦੋ ਸੈ ਕਰਮਾਂ ਚੋੜਾ ਇਕ ਵਡਾ ਡੂੰਘਾਂ ਤਲਾਉ ਲਵਾਇਆ, ਅਤੇ ਤਲਾਉ ਦੇ ਵਿਚਕਾਹੇ ਇਕ ਪੱਕੀ ਮਸੀਤ ਬਣਵਾਈ। ਇਸ ਤਲਾਉ ਦਾ ਪਾਣੀ ਕਦੇ ਕਾਲ ਸਮੇ ਬੀ ਨਹੀਂ ਸੁਕਿਆ, ਬਲਕ ਉਸ ਮਸੀਤ ਦੇ ਗਿਰਦੇ ਮੁਣਸਾਤ ਭਰ ਨਾਲੋਂ ਵਧੀਕ ਪਾਣੀ ਰਹਿੰਦਾਂ ਹੈ, ਅਤੇ ਨਹਿਰ ਵਿਚੋਂ, ਜੋ ਇਸ ਤਲਾਉ ਤੇ ਪੂਰਬ ਦੇ ਪਾਸੇ ਹੈ, ਪਾਣੀ ਆਉਣ ਲਈ ਇਕ ਰਾਹ ਬਣਾ ਛੱਡਿਆ ਹੋਇਆ ਹੈ॥

ਇਹ ਨਹਿਰ ਅੱਗੇ ਸੁਕੀ ਪਈ ਸੀ; ਹੁਣ ਸਨ 1241 ਹਿਜਰੀ ਵਿਚ, ਮਹਾਰਾਜੇ ਰਣਜੀਤਸਿੰਘੁ ਨੈ ਫੇਰ ਜਾਰੀ ਕਰਵਾਈ ਹੈ॥

ਅਤੇ ਤਲਾਉ ਦੇ ਕੰਢੇ ਦੱਖਣ ਦੇ ਰੁਕ ਸੱਤਰਾਂ ਕਰਮਾਂ ਦੀ ਬਿੱਥ ਪੁਰ, ਸਮਸੇਰਖਾਂ ਦਾ ਮਕਬਰਾ ਪੱਕਾ ਚੂਨੇ ਗੱਚ ਬਨਿਆ ਹੋਇਆ ਹੈ; ਉਸ ਦਾ ਗੁੰਮਜ ਬਹੁਤ ਹੀ ਵੱਡਾ ਬੈਠਕ ਦੀ ਡੋਲਦਾ ਹੈ, ਜੋ ਸਨ 999 ਹਿਜਰੀ ਵਿਚ, ਸਮਸੇਰਖਾਂ ਨੈ ਆਪਣੇ ਜਿੰਦ ਜੀਉਂਦਿਆ ਹੀ ਬਣਵਾਕੇ, ਉਹ ਦੇ ਦਰਵੱਜੇ ਦੋ ਪੱਥਰ ਪੁਰ, ਉਹ ਦੇ ਬਣ ਚੁਕਣ ਦੀ ਤਰੀਕ ਉਕਰਾ ਛੱਡੀ ਸੀ॥

ਅਤੇ ਇਸ ਕਰਕੇ, ਜੋ ਸਮਸੇਰਖਾਂ ਪਾਤਸਾਹ ਦੇ ਕੋਲ ਰਹਿਣ ਵਾਲਿਆਂ ਵਿਚੋਂ ਸਾ, ਉਹ ਦੇ ਆਹਾਰ ਨਾਲ ਇਹ ਸਹਿਰ ਬਹੁਤ ਹੀ ਅਬਾਦ ਹੋ ਗਿਆ; ਇਥੇ ਤੀਕੁਰ ਜੋ ਉਹ ਦਾ ਗਿਰਦਾ ਹੁਣ ਦੁਹੁੰ ਕੋਹਾਂ ਦਾ ਹੈ; ਅਤੇ ਹਰ ਪਰਕਾਰ ਦੇ ਕਾਰਖਾਨਦਾਰ ਅਰ ਬਿੱਦਿਆਮਾਨ ਅਰ ਪਤਵੰਤੇ ਭਲੇ ਮਾਣਸ ਲੋਕ ਉਥੇ ਆਣ ਬਸੇ; ਜਿਹਾਕੁ ਆਲਮਗੀਰ ਪਾਤਸਾਹ ਦੀ ਪਾਤਸਾਹੀ ਦੇ ਪਿਛਲੇ ਪੱਖ ਵਿਚ ਮੁਹੰਮਦ ਫਾਜਲਦੀਨ ਕਾਦਰੀ ਇਸ ਸਹਿਰ ਵਿਚ ਆਇਆ, ਅਤੇ ਆਉਂਦੇ ਨੈ ਹੀ ਪਾਠਸਾਲਾ ਅਰ ਮਸੀਤਾਂ ਅਤੇ ਹਵੇਲੀਆਂ ਦੀ ਨੀਉਂ ਧਰ ਦਿੱਤੀ। ਉਹ ਮਹਾਪੁਰਸ ਜਾਹਰ ਬਾਤਨ ਦੇ ਇਲਮ (ਵਿਦਿਆ ਪਾਸਾਰ) ਵਿਚ ਇਕ ਹੀ ਸਾ।; ਸਹਿਰ ਵਿਚ ਹੁਣ ਤੀਕੁਰ ਮੀਆ ਸਾਹਬ ਦਾ ਮਹੱਲਾ ਮਸਹੂਰ ਹੈ; ਅਰ ਉਹ ਮਹੱਲਾ ਹੁਣ ਦਿਆ ਦਮਾਂ ਤਕੁ ਉਸੇ ਦੀ ਉਲਾਦ ਦੇ ਕਾਬੂ ਵਿਚ ਹੈ॥

ਮੋਬਾ. 94634-39075

# ਮਿਹਣੋ-ਮਿਹਣੀਂ ਹੋ ਕੇ ਟੁੱਟ ਗਈ

**ਸ਼ੀਸ਼ੇ ਦੇ ਵੱਲ ਦੇਖ ਨਾ ਹੋਵੇ-54**

**ਸੁਰਜੀਤ ਸੁਮਨ**

ਅੱਜ ਜੇਕਰ ਆਪਾਂ ਪੁਰਾਣੇ ਪੰਜਾਬ ਦੀ ਰਹਿਤਲ ਨੂੰ ਸਮਝਣਾ ਹੋਵੇ ਤਾਂ ਇਸ ਖਿੱਤੇ ਦੇ ਲੋਕਾਂ ਵੱਲੋਂ ਸੁਣੇ-ਮਾਣੇ ਗਏ ਗੀਤਾਂ ਨੂੰ ਸਮਝਣ ਦੀ ਜ਼ਰੂਰਤ ਮਹਿਸੂਸ ਹੋਵੇਗੀ। ਲੋਕ ਗੀਤਾਂ ਦਾ ਤਾਂ ਕਹਿਣਾ ਹੀ ਕੀ ਏ। ਜਦੋਂ ਵੀ ਅਜਿਹਾ ਹੋਵੇਗਾ, ਅੱਧੀ ਸਦੀ ਪਹਿਲਾਂ ਦੇ ਓਸ ਸਮੇਂ ਦੇ ਇਹ ਬਹੁ-ਚਰਚਿਤ ਨਾਮ ਤੁਹਾਡੀ ਜ਼ੁਬਾਨ 'ਤੇ ਆ ਬੈਠਣਗੇ। ਜਨਾਬ ਮੁਹੰਮਦ ਸਦੀਕ-ਬੀਬੀ ਰਣਜੀਤ ਕੌਰ - ਬਾਬੂ ਸਿੰਘ ਮਾਨ ਮਰਾੜ੍ਹਾਂ ਵਾਲ਼ਾ। ਇਨ੍ਹਾਂ ਤਿੰਨਾਂ ਨਾਵਾਂ ਨੇ ਓਸ ਸਮੇਂ ਦੀ ਗੀਤਕਾਰੀ ਤੇ ਗਾਇਕੀ ਦੇ ਅੰਬਰ ਦਾ ਬਹੁਤਾ ਹਿੱਸਾ ਮੱਲੀ ਰੱਖਿਆ ਸੀ ਤੇ ਅੱਜ ਵੀ। ਸੁੱਖ ਨਾਲ਼ ਇਹ ਤਿੰਨੇ ਸ਼ਖਸੀਅਤਾਂ ਅੱਜ ਵੀ ਪੰਜਾਬ ਦੀ ਅਗਲੀ ਪੀੜ੍ਹੀ ਦੇ ਰੂ-ਬ-ਰੂ ਹਨ। ਇਹ ਵੱਖਰੀ ਗੱਲ ਹੈ ਕਿ ਹੁਣ ਇਹ ਤਿੱਕੜੀ ਆਪੋ-ਆਪਣੀਆਂ ਸ਼ਖਸੀ ਲੋੜਾਂ ਵਿੱਚ ਵੰਡੀਆਂ ਜਾ ਚੁੱਕੀਆਂ ਹਨ। ਸਮਾਂ ਬਲਵਾਨ ਹੈ, ਸਮੇਂ ਨੇ ਇੰਝ ਹੀ ਫਲ਼ਣਾ-ਫੁੱਲਣਾ ਤੇ ਢਲ਼ਣਾ ਹੁੰਦਾ ਹੈ। ਜਦੋਂ ਮੈਂ ਇਹ ਗੱਲਾਂ ਕਰ ਰਿਹਾ ਹਾਂ, ਕਿਸੇ ਮਾਡਰਨ ਅੱਲੜ੍ਹ ਨੇ ਮੇਰੇ ਜ਼ੋਰ ਦੀ ਹੁੱਝ ਮਾਰੀ ਹੈ। ਮੈਂ ਤਬਕਿਆ ਹਾਂ। ਮੈਂ ਉਸ ਨੂੰ ਦੱਸਣਾ ਚਾਹੁੰਦਾ ਹਾਂ, ਤੂੰ ਵੀ ਮਹਿਸੂਸ ਕਰ ਮੇਰੇ ਯਾਰ ਅੱਜ ਦਾ ਪੰਜਾਬ ਪਿਛਲੇ ਪੰਜਾਹ, ਚਾਲ਼ੀ, ਤੀਹ, ਵੀਹ ਜਾਂ ਦਸ ਸਾਲਾਂ ਨਾਲ਼ੋਂ ਕਿੰਨਾ ਬਦਲ ਚੁੱਕਾ ਹੈ ? ਅੱਜ ਦੇ ਵੇਲ਼ਿਆਂ ਵਾਂਗ ਉਹ ਲੋਕੀ ਫੋਨ ਚੁੱਕ ਕੋਈ ਵੀ ਚੀਜ਼ ਬਲਿੰਕਿਟ, ਜਮੈਟੋ ਦੇ ਡਲਿਵਰੀ ਮੈਨ ਤੋਂ ਨਹੀਂ ਸਨ ਮੰਗਵਾ ਲੈਂਦੇ, ਸਗੋਂ ਖੇਤਾਂ ਵੱਲ ਹੋ ਤੁਰਦੇ ਸਨ।

ਉਦੋਂ ਖੇਤਾਂ ਵਿੱਚ ਮੌਲ਼ਦੀ ਬਨਸਪਤੀ ਦੀ ਛੋਹ ਪਾ ਕੇ ਅਸ਼ ਅਸ਼ ਕਰ ਉੱਠਦੇ। ਰੇਤਲੀ ਜ਼ਮੀਨ ਵਿੱਚ ਉਗਾਈ ਮੂੰਗਫਲ਼ੀ ਨੂੰ ਚਾਅ ਨਾਲ਼ ਚੱਬਦੇ। ਪੰਜਾਬ ਦੀ ਧਰਤੀ 'ਤੇ ਗਾਉਂਦੇ ਬਾਗਾਂ ਵਿੱਚ ਜਾ ਵੜਦੇ ਤੇ ਮੌਸਮੀਂ ਫਲ਼ਾਂ ਨਾਲ਼ ਰੱਜ-ਪੁੱਜ ਕੇ ਬਾਘੀਆਂ ਪਾਉਂਦੇ ਸਨ। ਪੈਲ ਪਾਉਂਦੇ ਮੋਰਾਂ ਦੀ ਰੁਣ-ਝੁਣ ਉਨ੍ਹਾਂ ਨੂੰ ਡਿਪਰੈਸਟ ਨਹੀਂ ਸੀ ਹੋਣ ਦਿੰਦੀ। ਕੋਇਲ ਦਾ ਮਲਹਾਰ ਚੁਫੇਰਾ ਸੁਰਮਈ ਕਰ ਜਾਂਦਾ। ਬਨੇਰੇ ਬੋਲਦੇ ਕਾਂ ਕਿਸੇ ਪ੍ਰਹੁਣੇ ਦੇ ਘਰ ਆਉਣ ਦੀ ਆਹਟ ਦੇ ਜਾਂਦੇ ਸਨ। ਖੇਤਾਂ ਵਿੱਚ ਉਗਾਈਆਂ ਹਰੀਆਂ-ਕਚੂਰ ਲੈਰੀਆਂ ਸਬਜ਼ੀਆਂ ਨਾਲ਼ ਹੀ ਉਹ ਪੇਟ ਭਰ ਲੈਂਦੇ ਸਨ। ਗੰਨੇ ਚੂਪ ਲੈਂਦੇ ਸਨ।ਛੱਲੀਆਂ ਭੁੰਨ ਲੈਂਦੇ ਸਨ। ਤਾਜ਼ਾਦਮ ਹਰੇ ਛੋਲਿਆਂ ਦੀਆਂ ਹੋਲ਼ਾਂ ਚੱਬਦੇ, ਢੋਲੇ ਦੀਆਂ ਲਾਉਂਦੇ ਸਨ। ਤਾਈ ਰਚਨੀ ਦੀ ਭੱਠੀਉਂ ਤਿੜ-ਤਿੜ ਕਰਕੇ ਖਿੱਲਰਦੀਆਂ ਖਿੱਲਾਂ ਖਾਂਦੇ, ਦਾਣੇ ਚੱਬਦੇ ਸਨ। ਅੱਜ ਵਾਂਗ ਮੁੱਲ ਦੇ ਪੌਪਕੌਰਨ, ਸਵੀਟਕੌਰਨ ਉਨ੍ਹਾਂ ਦੇ ਚਿੱਤ-ਚੇਤੇ ਵੀ ਨਹੀਂ ਸਨ। ਫਿਰ ਵੀ ਇੱਕ ਗੱਲ ਤਾਂ ਜ਼ਰੂਰ ਪੱਕੀ ਹੈ। ਵੈਲੀ ਲੋਕਾਂ ਦਾ ਦਬਦਬਾ ਉਦੋਂ ਵੀ ਅੱਜ ਵਾਂਗ ਹੀ ਸੀ। ਹੁਣ ਪੰਜਾਬ ਫਿਰ ਕਿਸੇ ਖਾਸ ਕਿਸਮ ਦੀ ਤਰੱਕੀ ਦੀਆਂ ਰਾਹਾਂ 'ਤੇ ਹੈ। ਕਿਸੇ ਦੀ ਕੋਈ ਇਹ ਗੱਲ ਨਹੀਂ ਸੁਣਨਾ ਚਾਹੁੰਦਾ ਕਿ ਇਹ ਤਰੱਕੀ ਕਿਹੋ ਜਿਹੀ ਹੈ ? ਤਰੱਕੀ, ਤਰੱਕੀ ਹੁੰਦੀ ਹੈ, ਕਿਹੋ ਜਿਹੀ ਵੀ ਹੋਵੇ। ਸਮੇਂ ਨੇ ਆਪਣੀ ਤੋਰ ਤੁਰਨਾ ਹੁੰਦਾ ਹੈ। ਤੋਰ ਮੜਕ ਵਾਲ਼ੀ ਹੋਵੇ, ਡਗਮਗਾਉਂਦੀ ਜਾਂ ਨਸ਼ੀਲੀ ਹੋਵੇ। ਕੌਣ ਪੁੱਛਦੈ ? ਬਰਾਨੀ ਤੇ ਬੰਜਰ ਜ਼ਮੀਨਾਂ ਨੂੰ ਆਬਾਦ ਕਰਦਿਆਂ ਸੀਰੀ ਦੇ ਗਲ਼ ਲੱਗ ਕੇ ਰੋਂਦਾ ਜੱਟ ਸਮੇਂ ਦੀ ਕਰਵਟ ਨਾਲ਼ ਥੋੜ੍ਹਾ ਜਿਹਾ ਸੌਖਾ ਹੁੰਦਿਆਂ ਸਾਰ ਹੀ ਬੇਗਰਜ ਸਮਿਆਂ ਦੀ ਦੇਹਲ਼ੀ ਚੜ੍ਹ ਐਸਾ ਮਿਹਣੋਂ-ਮਿਹਣੋਂ ਹੋਇਆ ਕਿ ਪੰਜਾਬੀਅਤ ਲੰਗਾਰੀ ਗਈ।

ਅੱਜ ਦਾ ਮਨੁੱਖ ਯੁੱਧ, ਤਕਨੀਕ ਨਾਲ਼ ਲੜਦਾ ਹੈ। ਚਾਹੇ ਉਹ ਨਸ਼ਿਆਂ ਵਿਰੁੱਧ ਹੋਵੇ ਜਾਂ ਆਪਣਿਆਂ ਵਿਰੁੱਧ। ਸਾਡੇ ਸਿੱਖਿਆ ਮੰਤਰੀ ਹਰਜੋਤ ਬੈਂਸ ਦੀ ਮਾਛੀਵਾੜਾ ਦੀ ਇੱਕੋ ਫੇਰੀ ਨੇ ਸਿੱਖਿਆ ਕ੍ਰਾਂਤੀ ਦੇ ਅੰਬਰ ਦੇ ਮਘੋਰਿਆਂ ਵਿੱਚੋਂ ਵਿੱਦਿਅਕ ਖੇਤਰ ਦੀ ਲੰਗਾਰੀ ਦਸ਼ਾ ਤੇ ਦਿਸ਼ਾ ਦੇ ਦਰਸ਼ਨ ਕਰਵਾਏ ਹਨ। ਇੱਥੇ ਢਾਈ-ਤਿੰਨ ਸੌ ਬੱਚਿਆਂ ਪਿੱਛੇ ਦੋ ਦੋ ਤਿੰਨ ਤਿੰਨ ਅਧਿਆਪਕ ਆਪਣੀ ਕਹਾਣੀ ਆਪ ਬਿਆਨ ਕਰ ਸਨ ਤੇ ਸਕੂਲਾਂ ਵਿੱਚ ਲੱਗੇ ਜਾਲ਼ੇ ਆਪਣੀ। ਸਿੱਖਿਆ ਮੰਤਰੀ ਜੀ ਸਕੂਲ ਮੁਖੀ ਨੂੰ ਪੁੱਛ ਰਹੇ ਹਨ, 'ਟੀਚਰ ਕਿੱਥੇ ਗਏ ਹਨ ? ਟਰਾਂਸਫਰ ਕਰਵਾ ਕੇ ਚਲੇ ਗਏ ? ਓਥੇ ਟਰਾਂਸਫਰ ਕਰਵਾ ਕੇ ਚਲੇ ਗਏ, ਜਿੱਥੇ ਬੱਚੇ ਨਹੀਂ ਹੋਣਗੇ ?' ਸੁੱਖ ਮਾਣ ਰਹੇ ਰਾਜਨੀਤੀਕ ਲੋਕ, ਅਧਿਕਾਰੀ, ਅਧਿਆਪਕ, ਮੁਲਾਜ਼ਮ ਟਿੱਚ ਜਾਣਦੇ ਹਨ ਆਮ ਲੋਕਾਂ ਦੇ ਦੁੱਖਾਂ-ਦਰਦਾਂ ਨੂੰ। ਮੇਰੇ ਜ਼ਿਹਨ ਵਿੱਚ ਪਾਤਰ ਸਾਅਬ ਦੀ ਨਜ਼ਮ ਫੈਲ ਜਾਂਦੀ ਹੈ, 'ਪੋਤੇ ਅੱਛਰ ਸਿੰਘ ਦੇ ਕਾਨਵੈਂਟ ਵਿੱਚ ਪੜ੍ਹ ਰਹੇ।' ਮੇਰੀ ਸੋਚ ਦੀ ਘੁੰਮਦੀ ਫਿਰਕੀ 'ਤੇ ਉਹ ਸਮਾਂ ਆ ਬੈਠਦਾ ਹੈ, ਜਦੋਂ ਗੁਰੂ ਸਾਹਿਬ ਲੋਕ ਯੁੱਧ ਲੜਦਿਆਂ ਮਾਛੀਵਾੜੇ ਦੇ ਜੰਗਲ ਵਿੱਚ ਆ ਬਿਰਾਜੇ ਸਨ। ਗਨੀ ਖਾਂ-ਨਬੀ ਖਾਂ ਉਨ੍ਹਾਂ ਨੂੰ ਉੱਚ ਦੇ ਪੀਰ ਦੇ ਵੇਸ ਵਿੱਚ ਲਿਜਾ ਰਹੇ ਹਨ। ਹੱਕ-ਸੱਚ ਲਈ ਲੋਕ ਲੜਦੇ ਰਹਿਣਗੇ, ਸੋਚ ਉਨ੍ਹਾਂ ਦੇ ਇਸ ਤਿਆਗ ਤੇ ਦਲੇਰ ਅਗਵਾਈ ਅੱਗੇ ਸਿਰ ਝੁਕਾ ਦਿੰਦਾ ਹਾਂ।

ਮਹਾਂਭਾਰਤ ਕਾਲ ਵਿੱਚ ਭੀਸ਼ਮ ਪਿਤਾਮਾ ਨੇ ਰਿਆਇਆ ਨੂੰ ਵਿਸਾਰ ਆਪਣਿਆਂ ਲਈ ਹੀ ਕਾਨਵੈਂਟ ਖੋਲ੍ਹੇ ਹੋਏ ਸਨ। ਸਿੱਖਿਆ ਕ੍ਰਾਂਤੀ ਦਾ ਸਮੁੱਚਾ ਕੰਟਰੈਕਟ ਗੁਰੂ ਦਰੋਣ ਕੋਲ਼ ਹੀ ਸੀ। ਉਦੋਂ ਵੀ ਬਹੁਤ ਸਾਰੇ ਯੁੱਧ ਓਸ ਸਮੇਂ ਦੀ ਖਾਸ ਤਕਨੀਕ ਅਨੁਸਾਰ ਹੀ ਲੜੇ ਜਾਂਦੇ ਹੋਣਗੇ। ਚਾਹੇ ਸ੍ਰੀ ਕ੍ਰਿਸ਼ਨ ਨੇ ਅਰਜਨ ਨੂੰ ਆਪਣਿਆਂ ਵਿਰੁੱਧ, ਯੁੱਧ ਲੜਨ ਲਈ ਖੜ੍ਹਾ ਕੀਤਾ ਹੋਵੇ ਜਾਂ ਬਿਗਾਨਿਆਂ ਵਿਰੁੱਧ। ਚਾਹੇ ਕੁੰਤੀ ਨੇ ਪਹਿਲ-ਪਲੇਠੀ ਦੇ ਪੇਟੋਂ ਜੰਮੇ ਕਰਣ ਦੇ ਸੱਚ ਨੂੰ ਲੋਕ ਡਰੋਂ ਤਿਆਗ, ਤ੍ਰਿਸਕਾਰਿਆ ਹੋਵੇ। ਏਥੇ ਕੋਈ ਆਪਣਾ ਨਹੀਂ, ਕੋਈ ਪਰਾਇਆ ਨਹੀਂ। ਫਿਰ ਵੀ 'ਆਪਨੇ ਤੋਂ ਆਪਨੇ ਹੋਤੇ ਹੈਂ। ਆਪਣਾ ਮਾਰੂੰ ਤਾਂ ਛਾਵੇਂ ਸਿੱਟੂੰ' ਲੋਕ ਮਨਾਂ ਵਿੱਚੋਂ ਹਮੇਸ਼ਾ ਲਈ ਫੁੱਟਦਾ ਰਿਹਾ ਇਹ ਵਾਕ, ਜਿਉਂ ਦਾ ਤਿਉਂ ਬਣਿਆ ਰਹੇਗਾ। ਏਸੇ ਦੌਰਾਨ ਕਿਸੇ ਵਿਦਵਾਨ ਨੇ ਮੇਰੇ ਇੱਕ ਹੋਰ ਹੁੱਝ ਮਾਰੀ ਹੈ। ਭਾਈ ਜੇ ਆਪਣਾ ਹੋਊ ਤਾਂ ਉਹ ਮਾਰੂੰ ਹੀ ਕਿਉਂ ? ਗੱਲ ਇਹ ਵੀ ਸੱਚੀ ਹੈ। ਮਾਰਦਾ ਤਾਂ ਬੇਗਾਨਾ ਹੁੰਦਾ, ਆਪਣਾ ਕਿਉਂ ਮਾਰੂੰ ਭਲਾ ? ਲਾਲਚ, ਭਾਅ ਜੀ ਲਾਲਚ। ਕੀ ਪਤਾ ਮਨੁੱਖੀ ਮਨ ਕਦੋਂ ਬਦਲ ਜਾਵੇ ? ਕਦੋਂ ਲਾਲਚ ਦੀ ਲਪੇਟ ਵਿੱਚ ਆ ਜਾਵੇ। ਲਾਲਚ ਤਾਂ ਦੇਵਤਿਆਂ ਨੇ ਵੀ ਨਹੀਂ ਤਿਆਗਿਆ, ਫਿਰ ਮਨੁੱਖ ਕੀਹਦੇ ਪਾਣੀ ਹਾਰ ਆ ਭਰਾਵਾ।

ਸ਼ਿਵਰਾਤਰੀ ਵਾਲ਼ੇ ਦਿਨ ਘਰੋਂ ਨਿਕਲ਼ਦਿਆਂ ਈ ਸਬਜ਼ੀ ਮੰਡੀ ਕੋਲ਼ ਲੰਮਾ ਜਾਮ ਸੀ। ਸੱਜੇ ਹੱਥ ਸਨਾਤਨ ਮੰਦਿਰ ਅੱਗੇ ਸ਼ਰਧਾਲੂਆਂ ਦੀਆਂ ਲੰਮੀਆਂ ਕਤਾਰਾਂ ਆਸਥਾ ਦੀ ਬੁੱਕਲ ਵਿੱਚ ਅਡੋਲ ਦਿੱਸੀਆਂ।ਥੋੜ੍ਹਾ ਅਗੇਰੇ ਫਲ਼-ਫਰੂਟਾਂ ਨਾਲ਼ ਲੱਦੀਆਂ ਰੇਹੜੀਆਂ। ਨਾਲ਼ ਸਜਾਏ ਵੇਲ ਪੱਤਰ, ਭੰਗ ਦੇ ਹਰੇ ਕਚੂਰ ਪੱਤੇ। ਹੋਰ ਅੱਗੇ ਨਿਹੰਗ ਸਿੰਘਾਂ ਵੱਲੋਂ ਤਿਆਰ ਕੀਤੀ ਜਾ ਰਹੀ ਸ਼ਰਦਈ, ਭੰਗ ਦੀਆਂ ਟਿੱਕੀਆਂ। ਪ੍ਰਵਾਸੀਆਂ ਵੱਲੋਂ ਮੋਹਾਲ਼ੀ ਵਿਖੇ ਮੰਦਰੋਂ ਵਾਪਸ ਮੁੜੇ ਨੌਜਵਾਨ ਦੇ ਕਤਲ ਦੀ ਖ਼ਬਰ ਸੁਣ ਮਨ ਵਿਆਕੁਲ ਹੋ ਉੱਠਿਆ। ਮੇਰੇ ਮਨ ਦੇ ਚਿਤਰਪਟ 'ਤੇ ਗੈਂਗਸਟਰਵਾਦ ਭਾਰੂ ਹੋਣ ਲਗਦਾ ਹੈ। ਜਦੋਂ ਇਹ ਮਿਹਣੋਂ-ਮਿਹਣੀਂ ਹੁੰਦੇ ਹਨ ਤਾਂ ਕਾਅੜ-ਕਾਅੜ ਚੱਲਦੀਆਂ ਗੋਲ਼ੀਆਂ ਮਨੁੱਖੀ ਖ਼ੂਨ ਨਾਲ਼ ਧਰਤੀ ਲਾਲੋ-ਲਾਲ ਕਰ ਜਾਂਦੀਆਂ ਹਨ। ਵਿਆਹਾਂ ਵਿੱਚ ਬੀਅ ਦਾ ਲੇਖਾ ਪਾ ਜਾਂਦੀਆਂ ਜਾਂਦੀਆਂ ਹਨ, ਜਿਵੇਂ ਤਰਨਤਾਰਨ ਦੇ ਇੱਕ ਵਿਆਹ ਵਿੱਚ ਇੱਕ ਸਰਪੰਚ ਦੇ ਕਤਲ ਨਾਲ਼ ਹੋਇਆ।

ਸੰਗੀਤ ਨਾਲ਼ ਜੁੜੀਆਂ ਹਸਤੀਆਂ ਦਾ ਵੀ ਪੰਥ ਨਿਰਾਲਾ ਹੀ ਹੈ। ਟਰੇਡ ਤੇ ਟੈਰਿਫ ਵਿੱਚ ਇਕੱਲੇ ਟਰੰਪ ਹੀ ਨਹੀਂ ਘਿਰੇ ਹੋਏ, ਹੋਰ ਵੀ ਬਹੁਤ ਹਨ। ਪਿਛਲੇ ਦਿਨੀਂ ਸੁਰਾਂ ਦੇ ਬਾਦਸ਼ਾਹ ਜਲੰਧਰੀਏ ਗਾਇਕਾਂ, ਜਿਸ ਤਰ੍ਹਾਂ ਨਛੱਤਰ ਗਿੱਲ ਨੂੰ ਭੰਡਣ ਦਾ ਬੀੜਾ ਚੁੱਕਿਆ, ਵਿਚਾਰੇ ਖੁਦ ਹੀ ਭੰਡੇ ਗਏ। ਭਲਾ ਇਹ ਕਿਸਮਤ ਦਾ ਧੰਨਵਾਦ ਕਿਉਂ ਨਹੀਂ ਕਰਦੇ, ਜਿਸ ਕੁੱਲੀਆਂ ਤੋਂ ਕੋਠੀਆਂ ਤੱਕ ਪੁਚਾ ਦਿੱਤਾ। ਪੈਸਿਆਂ ਦੀ ਖਣ-ਖਣ ਮਿਹਣੋਂ-ਮਿਹਣੀਂ ਹੋਣ ਲਈ ਬੇਵੱਸ ਕਰਦੀ ਰਹਿੰਦੀ ਹੈ ਮਨੁੱਖ ਨੂੰ। ਬਾਈ ਦਲੇਰ ਸਿੰਘ ਨਾਲ਼ ਹੋਈ ਗੱਲਬਾਤ ਚੇਤੇ ਵਿੱਚ ਉੱਭਰੀ ਹੈ। ਉਹ ਕਹਿ ਰਹੇ ਸਨ, 'ਛੋਟੇ ਭਾਈ ਸਿੱਧੂ ਮੂਸੇਆਲ਼ੇ ਦੇ ਮਾਪੇ, ਸਰਕਾਰ ਤੇ ਬੰਟੀ ਬੈਂਸ ਨਾਲ਼ ਮਿਹਣੋਂ-ਮਿਹਣੀ ਕਿਉਂ ਨਾ ਹੋਣ ? ਪੁੱਤ ਦੇ ਜਵਾਨੀ ਵਿੱਚ ਉੱਠੇ ਜਨਾਜ਼ੇ ਦਾ ਸੀਨ ਉਹ ਕਿਵੇਂ ਭੁਲਾਉਣ ? ਪੁੱਤ ਦੀ ਗਾਇਕੀ ਨੇ ਕੁਬੇਰ ਦੇ ਖਜ਼ਾਨੇ ਦੇ ਬੰਦ ਦਰਵਜ਼ਿਆਂ ਦੇ ਕਪਾਟ ਖੋਲ੍ਹ ਦਿੱਤੇ। ਇਸ ਕਮਾਈ ਦੀ ਅੰਨ੍ਹੀ ਚਮਕ-ਦਮਕ ਨੇ ਸੰਗੀਤਕ ਟਰੇਡ ਓਹਦੇ ਆਲ਼ੇ-ਦੁਆਲ਼ੇ ਮੰਡਰਾਉਣ ਲਾਇਆ। ਜਿਉਂਦੇ ਜੀਅ ਉਹ ਵੀ ਆਪਣੇ ਗੀਤਾਂ ਰਾਹੀਂ, ਸਟੇਜ ਸ਼ੋਆਂ ਦੌਰਾਨ ਆਪਣੇ ਸਮਕਾਲੀਆਂ ਨਾਲ਼ ਮਿਹਣੋਂ-ਮਿਹਣੀਂ ਹੁੰਦਾ ਰਿਹਾ।' ਓਹਦੀ ਗੱਲਬਾਤ ਸੁਣਦਾ ਸੁਣਦਾ ਮੇਰੇ ਮਨ ਵਿੱਚ ਪਤਾ ਨਹੀਂ ਕਦੋਂ ਅਕਬਰ ਦੇ ਦਰਬਾਰੀ ਗਾਇਕ ਤਾਨਸੈਨ ਆ ਬੈਠਦੇ ਹਨ ਤੇ ਨਾਲ਼ ਹੀ ਓਹਦੇ ਗੁਰੂ ਸਵਾਮੀ ਹਰੀਦਾਸ ਜੀ। ਤਾਨਸੈਨ ਅਕਬਰ ਲਈ ਗਾਉਂਦੇ ਸਨ ਤੇ ਸਵਾਮੀ ਹਰੀਦਾਸ ਕੁਦਰਤ ਲਈ, ਆਪਣੇ ਆਪ ਲਈ। 'ਵਾਹ!' ਮੇਰੇ ਮੂੰਹੋਂ ਨਿਕਲ਼ਦਾ ਹੈ।ਯੂਟਿਊਬ ਫਰੋਲਦਿਆਂ ਇੱਕ ਹੋਰ ਵੀਡੀਓ ਚੱਲਣ ਲਗਦੀ ਹੈ। ਬੀਬੀ ਰਣਜੀਤ ਕੌਰ ਗਾ ਰਹੇ ਹਨ, 'ਤੇਰੇ ਵਿੱਚ ਵਲ਼ ਜਿੰਨੇ ਪਗੜੀ ਦੇ ਪੇਚ ਵੇ/ ਤੇਰਾ ਵਸ ਚੱਲੇ ਤਾਂ ਤੂੰ ਆਵੇਂ ਮੈਨੂੰ ਵੇਚ ਵੇ/ ਲੱਲੇ-ਫੱਫੇ ਮਾਰ ਲੈ ਗਿਉਂ ਡੰਡੀਆਂ ਲੁਹਾ ਕੇ/ ਮੇਰੀ ਇੱਕ ਨਾ ਚੱਲੀ ਹੁਸ਼ਿਆਰੀ/ ਮਿਹਣੋਂ-ਮਿਹਣੋਂ ਹੋ ਕੇ ਟੁੱਟ ਗਈ ।'

ਸੰਪਰਕ : 98144 30874

# ਜ਼ਿੰਦਗੀ ਹੌਸਲੇ ਨਾਲ ਜਿਉਣ ਦਾ ਨਾਂਅ ਹੈ...

**ਗੁਰਬਿੰਦਰ ਸਿੰਘ ਮਾਣਕ**

ਜੀਵਨ ਦੀ ਦੌੜ ਵਿਚ ਹਫਿਆ ਹੋਇਆ ਅਜੋਕਾ ਮਾਨਵ ਅਨੇਕਾਂ ਸਰੀਰਕ, ਮਾਨਸਿਕ ਤੇ ਹੋਰ ਕਈ ਆਪ ਸਹੇੜੇ ਰੋਗਾਂ ਦਾ ਸ਼ਿਕਾਰ ਹੋ ਕੇ, ਲਗਾਤਾਰ ਤਣਾਓ ਭਰਿਆ ਜੀਵਨ ਗੁਜ਼ਾਰ ਰਿਹਾ ਹੈ। ਇਨ੍ਹਾਂ ਤਲਖੀਆਂ ਭਰਪੂਰ ਸਮਿਆਂ ਵਿਚ ਆਤਮਹੱਤਿਆ ਦਾ ਰੁਝਾਨ ਡੂੰਘੀ ਚਿੰਤਾ ਦਾ ਵਿਸ਼ਾ ਬਣਦਾ ਜਾ ਰਿਹਾ ਹੈ। ਹਰ ਰੋਜ਼ ਅਖਬਾਰਾਂ ਵਿਚ ਖੁਦਕੁਸ਼ੀਆਂ ਦੀਆਂ ਖਬਰਾਂ ਪੜ੍ਹ ਕੇ, ਹਰ ਪੜ੍ਹਨ-ਸੁਣਨ ਵਾਲੇ ਦਾ ਹਿਰਦਾ ਵਲੂੰਧਰਿਆ ਜਾਂਦਾ ਹੈ। ਸਕੂਲ ਪੜ੍ਹਦੇ ਮਸੂਮ ਬੱਚਿਆਂ ਤੋਂ ਲੈ ਕੇ, ਜ਼ਿੰਦਗੀ ਵਿਚ ਪ੍ਰਵਾਨ ਚੜ੍ਹੇ ਮਰਦ-ਔਰਤਾਂ ਬਾਰੇ ਅਜਿਹੀਆਂ ਖਬਰਾਂ ਪੜ੍ਹ ਕੇ ਇਹ ਮਹਿਸੂਸ ਹੁੰਦਾ ਹੈ ਕਿ ਜ਼ਿੰਦਗੀ ਦੀਆਂ ਤਲਖ-ਹਕੀਕਤਾਂ ਦਾ ਸਾਹਮਣਾ ਕਰਨ ਤੋਂ ਭਗੌੜੇ ਹੋਏ ਇਨ੍ਹਾਂ ਮਨੁੱਖਾਂ ਨੇ ਜੀਵਨ ਦੀ ਖੂਬਸੂਰਤੀ ਨੂੰ ਸਮਝਣ ਵਿਚ ਕਿੰਨੀ ਨਾਦਾਨੀ ਕੀਤੀ ਹੈ। ਜ਼ਰਾ ਕੁ ਸੋਚ ਕੇ ਦੇਖੋ ਕਿ ਕੁਦਰਤ ਵੱਲੋਂ ਬਖਸ਼ੀ ਇਹ ਅਨਮੋਲ ਜ਼ਿੰਦਗੀ ਏਨੀ ਸਸਤੀ ਨਹੀਂ ਹੈ ਕਿ ਕਿਸੇ ਮੁਸੀਬਤ ਦਾ ਟਾਕਰਾ ਕਰਨ ਦੀ ਥਾਂ ਇਸ ਨੂੰ ਆਪਣੇ ਹੱਥੀਂ ਸਦਾ ਲਈ ਖਤਮ ਕਰ ਦਿੱਤਾ ਜਾਵੇ।

ਜੇ ਖੁਸ਼ੀਆਂ ਤੇ ਸੁੱਖ ਜੀਵਨ ਦਾ ਹਿੱਸਾ ਹਨ ਤਾਂ ਦੁੱਖ, ਮੁਸੀਬਤਾਂ, ਕਸ਼ਟ ਤੇ ਪਰੇਸ਼ਾਨੀਆਂ ਵੀ ਤਾਂ ਇਸੇ ਜੀਵਨ ਦਾ ਭਾਗ ਹਨ। ਸਮਾਂ ਹਮੇਸ਼ਾ ਹੀ ਮਨੁੱਖੀ ਮਨ ਦੀ ਭਾਵਨਾ ਅਨੁਸਾਰ ਕਦੇ ਇਕੋ ਜਿਹਾ ਨਹੀਂ ਰਹਿੰਦਾ, ਇਹ ਨਿਰੰਤਰ ਬਦਲਦਾ ਰਹਿੰਦਾ ਹੈ। ਇਸ ਤਬਦੀਲੀ ਵਿਚ ਹੀ ਜੀਵਨ ਹੈ। ਜਿਸ ਨੇ ਜੀਵਨ ਦੀ ਇਸ ਤੋਰ ਨੂੰ ਸਮਝ ਲਿਆ, ਉਹ ਹੀ ਜੀਵਨ ਦਾ ਆਨੰਦ ਮਾਣ ਸਕਦਾ ਹੈ।

ਸਮਾਜ ਵੱਲ ਗਹੁ ਨਾਲ ਨਜ਼ਰ ਮਾਰ ਕੇ ਦੇਖੀਏ ਤਾਂ ਕਿਸੇ ਵੀ ਮਨੁੱਖ ਦਾ ਜੀਵਨ ਸਦਾ ਖੁਸ਼ਗਵਾਰ ਜਾਂ ਉਦਾਸ ਨਹੀਂ ਰਹਿੰਦਾ। ਉਤਰਾਵਾਂ-ਚੜ੍ਹਾਵਾਂ ਦੀਆਂ ਲਹਿਰਾਂ ਆਉਂਦੀਆਂ ਰਹਿੰਦੀਆਂ ਹਨ। ਜਦੋਂ ਜੀਵਨ ਵਿਚ ਖੁਸ਼ੀਆਂ ਰੂਪੀ ਗੁਲਾਬ ਖਿੜਦੇ ਹਨ ਤਾਂ ਮਨੁੱਖ ਮੰਤਰ-ਮੁਗਧ ਹੋਇਆ, ਆਪਣੇ ਆਲੇ-ਦੁਆਲੇ ਪਸਰੀਆਂ ਗਮੀਆਂ ਤੇ ਉਦਾਸੀਆਂ ਤੋਂ ਬਿਲਕੁਲ ਬੇਖਬਰ ਹੋ ਜਾਂਦਾ ਹੈ, ਪਰ ਜਦੋਂ ਗਮਾਂ ਤੇ ਦੁਸ਼ਵਾਰੀਆਂ ਦੇ ਬੱਦਲ ਚੜ੍ਹ ਆਉਂਦੇ ਹਨ ਤਾਂ ਇਸ ਕਦਰ ਉਤੇਜਿਤ ਹੋ ਜਾਂਦਾ ਹੈ ਕਿ ਹੌਸਲਾ ਹਾਰ ਬਹਿੰਦਾ ਹੈ ਤੇ ਕਈ ਵਾਰ ਉਦਾਸੀ ਦੇ ਆਲਮ ਵਿਚ ਖੁਦਕੁਸ਼ੀ ਵਰਗਾ ਸਿਰੇ ਦਾ ਕਦਮ ਚੁੱਕਣ ਦੇ ਰਾਹ ਤੁਰ ਪੈਂਦਾ ਹੈ। ਕਈ ਵਾਰ ਸਮੱਸਿਆ ਏਨੀ ਗੁੰਝਲਦਾਰ ਤੇ ਡਰਾਉਣੀ ਨਹੀਂ ਹੁੰਦੀ ਕਿ ਉਸ ਦਾ ਕੋਈ ਹੱਲ ਹੀ ਨਾ ਨਿਕਲ ਸਕਦਾ ਹੋਵੇ। ਆਪਣੇ ਮਨ ਨੂੰ ਤਕੜਾ ਕਰਕੇ ਹੌਸਲੇ ਨਾਲ ਕਿਸੇ ਭਰਾ-ਭੈਣ, ਰਿਸ਼ਤੇਦਾਰ, ਦੋਸਤ-ਮਿੱਤਰ, ਸੱਜਣ ਪਿਆਰੇ ਨਾਲ ਮਨ ਦੀ ਗੱਲ ਖੋਲ੍ਹਿਆਂ ਪ੍ਰੇਸ਼ਾਨੀ ਵਿੱਚੋਂ ਨਿਕਲਣ ਦਾ ਕੋਈ ਰਾਹ ਲੱਭਣ ਦੀਆਂ ਕੋਸ਼ਿਸ਼ਾਂ ਨਾਲ ਕਈ ਵਾਰ ਅਜਿਹਾ ਸਬੱਬ ਬਣ ਜਾਂਦਾ ਹੈ ਕਿ ਆਸ ਦੀ ਕੋਈ ਕਿਰਨ ਦਿਖਾਈ ਦੇਣ ਲੱਗ ਜਾਂਦੀ ਹੈ।

ਕੁਝ ਪਰੇਸ਼ਾਨੀਆਂ ਅਤੇ ਮਾਨਸਿਕ ਤਣਾਓ ਮਨੁੱਖ ਨੇ ਆਪ ਸਹੇੜੇ ਹੋਏ ਹਨ। ਮਨੁੱਖ ਨੂੰ ਬਹੁਤ ਕੁਝ ਹੁੰਦਿਆਂ ਹੋਇਆਂ ਵੀ ਸਬਰ ਜਾਂ ਸੰਤੁਸ਼ਟੀ ਨਹੀਂ ਹੈ। ਹੋਰ-ਹੋਰ ਪ੍ਰਾਪਤ ਕਰਨ ਦੀ ਲਾਲਸਾ ਵਿਚ ਉਹ ਕਈ ਵਾਰ ਸਭ ਹੱਦਾਂ-ਬੰਨੇ ਟੱਪ ਜਾਂਦਾ ਹੈ। ਅਜੋਕੇ ਮਨੁੱਖ ਨੇ ਜੀਵਨ ਦੀਆਂ ਲੋੜਾਂ ਨੂੰ ਏਨਾ ਵਧਾ ਲਿਆ ਹੈ ਕਿ ਇਨ੍ਹਾਂ ਖਾਹਿਸ਼ਾਂ ਦੀ ਪੂਰਤੀ ਲਈ ਉਹ ਹਰ ਜਾਇਜ਼-ਨਜਾਇਜ਼ ਵਸੀਲਾ ਵਰਤ ਕੇ ਧਨ ਪ੍ਰਾਪਤ ਕਰਨ ਦੇ ਰਾਹ ਤੁਰਿਆ ਹੋਇਆ ਹੈ। ਕਈ ਮਨੁੱਖ ਕਰਜ਼ਾ ਚੁੱਕ ਕੇ ਉਸ ਦੀ ਯੋਗ ਵਰਤੋਂ ਨਾ ਕਰਨ ਕਰਕੇ ਸੰਕਟ ਵਿਚ ਫਸ ਜਾਂਦੇ ਹਨ। ਜਦੋਂ ਮਨੁੱਖ ਕਿਸੇ ਗੱਲ ਨੂੰ ਵਿਚਾਰੇ ਬਿਨਾਂ ਆਪਣੇ ਵਸੀਲਿਆਂ ਤੋਂ ਵੱਧ ਖਰਚ ਕਰਨ ਦੇ ਰਾਹ ਤੁਰ ਪਵੇ ਤਾਂ ਨਤੀਜਾ ਤਾਂ ਮਾੜਾ ਹੋਵੇਗਾ ਹੀ। ਕਰਜ਼ੇ ਦਾ ਜਾਲ ਲਗਾਤਾਰ ਵਧਣ ਕਾਰਨ ਮਨੁੱਖ ਮਾਨਸਿਕ ਪ੍ਰੇਸ਼ਾਨੀ ਨਾਲ ਗ੍ਰੱਸਿਆ ਜਾਂਦਾ ਹੈ ਤੇ ਸੋਚਾਂ ਦੇ ਸਮੁੰਦਰ ਵਿਚ ਭਟਕਦਾ ਉਹ ਬਹੁਤੀ ਵਾਰ ਖੁਦਕੁਸ਼ੀ ਵਿੱਚੋਂ ਛੁਟਕਾਰਾ ਭਾਲਦਾ ਹੈ। ਅਜਿਹੇ ਸੰਕਟ ਵਿਚ ਉਲਝੇ ਮਨੁੱਖ ਕਈ ਵਾਰ ਕੁਝ ਵੀ ਹਾਂ-ਵਾਚੀ ਦੇਖਣ ਤੋਂ ਅਸਮਰੱਥ ਹੋ ਜਾਂਦੇ ਹਨ ਤੇ ਨਿਰਾਰਥਕ ਸੋਚਾਂ ਦੀ ਘੁੰਮਣ-ਘੇਰੀ ਵਿਚ ਗੋਤੇ ਖਾਂਦੇ, ਆਤਮ-ਹੱਤਿਆ ਨੂੰ ਹੀ ਇਕੋ-ਇਕ ਹੱਲ ਸਮਝ ਲੈਂਦੇ ਹਨ ਤੇ ਆਪਣੇ ਪਰਵਾਰਾਂ ਨੂੰ ਪਰੇਸ਼ਾਨੀਆਂ ਦੇ ਗਹਿਰੇ ਸਾਗਰ ਵਿਚ ਭਟਕਣ ਲਈ ਛੱਡ ਜਾਂਦੇ ਹਨ।

ਮਿਹਨਤ ਤੇ ਮੁਸ਼ੱਕਤ ਨਾਲ ਲਹੂ-ਪਸੀਨਾ ਇਕ ਕਰਦੇ ਕਿਸਾਨਾਂ ਦੀਆਂ ਲਗਾਤਾਰ ਹੋ ਰਹੀਆਂ ਖੁਦਕੁਸ਼ੀਆਂ, ਸੰਵੇਦਨਾ ਨਾਲ ਭਰੇ ਹਰ ਮਨ ਨੂੰ ਵਲੂੰਧਰ ਰਹੀਆਂ ਹਨ। ਕਦੇ ਨਕਲੀ ਬੀਜ, ਕਦੇ ਨਕਲੀ ਦਵਾਈਆਂ, ਕਦੇ ਕੁਦਰਤੀ ਕਰੋਪੀਆਂ ਤੇ ਪਾਲੀ ਫਸਲ ਦਾ ਯੋਗ ਮੁੱਲ ਨਾ ਮਿਲਣ ਵਰਗੇ ਸੰਕਟ ਕਿਸਾਨ ਦਾ ਸਾਹ ਸੂਤ ਲੈਂਦੇ ਹਨ। ਕਰਜ਼ੇ ਦੀਆਂ ਟੁੱਟੀਆਂ ਕਿਸ਼ਤਾਂ, ਵਿਆਹ-ਸ਼ਾਦੀਆਂ ਤੇ ਘਰ-ਪਰਵਾਰ ਦੇ ਅਨੇਕਾਂ ਖਰਚੇ ਪੂਰੇ ਕਰਨ ਦੀਆਂ ਜਮ੍ਹਾਂ-ਤਕਸੀਮਾਂ ਵਿਚ ਉਲਝਿਆ ਧਰਤੀ-ਪੁੱਤਰ ਕਈ ਵਾਰ ਹਾਰ ਜਾਂਦਾ ਹੈ ਤੇ ਫਸਲ ਦੇ ਕੀੜਿਆਂ ਨੂੰ ਮਾਰਨ ਵਾਲੀ ਜ਼ਹਿਰ ਦਾ ਘੁੱਟ ਭਰ ਕੇ ਆਪ ਤਾਂ ਮੁਕਤ ਹੋ ਜਾਂਦਾ ਹੈ, ਪਰ ਆਪਣੇ ਪਰਵਾਰ ਤੇ ਧੀਆਂ-ਪੁੱਤਰਾਂ ਨੂੰ ਗਹਿਰੇ ਦੁੱਖਾਂ-ਦਰਦਾਂ ਦੇ ਥਪੇੜੇ ਖਾਣ ਲਈ ਛੱਡ ਜਾਂਦਾ ਹੈ। ਇਸ ਗੱਲ ਵਿਚ ਕੋਈ ਦੋ ਰਾਵਾਂ ਨਹੀਂ ਹੋ ਸਕਦੀਆਂ ਕਿ ਕਿਸਾਨੀ ਬਹੁਤ ਬਦਤਰ ਸਥਿਤੀ ਵਿਚ ਹੈ, ਪਰ ਖੁਦਕੁਸ਼ੀ ਵਰਗਾ ਸਿਰੇ ਦਾ ਕਦਮ ਜਿੱਥੇ ਕੁਦਰਤ ਦੇ ਨੇਮਾਂ ਦੀ ਖਿਲਾਫ-ਵਰਜ਼ੀ ਹੈ, ਉੱਥੇ ਕਿਸੇ ਮਨੁੱਖ ਵੱਲੋਂ ਦੁਸ਼ਵਾਰੀਆਂ ਦਾ ਸਾਹਮਣਾ ਕਰਨ ਦੀ ਥਾਂ ਜ਼ਿੰਦਗੀ ਅੱਗੇ ਹਾਰ ਜਾਣ ਦੀ ਨਮੋਸ਼ੀ ਦਾ ਸਬੱਬ ਵੀ ਬਣਦਾ ਹੈ। ਇਸ ਰਾਹ ਪਿਆਂ ਕੋਈ ਹੱਲ ਤਾਂ ਕੀ ਨਿਕਲਣਾ ਹੈ, ਸਗੋਂ ਦਰਦਾਂ ਦੀ ਕੁਲਹਿਣੀ ਰਾਤ ਬਹੁਤ ਲੰਮੀ ਹੋ ਜਾਂਦੀ ਹੈ।

ਕਦੇ-ਕਦਾਈਂ ਕਿਸੇ ਮੁੱਦੇ ਨੂੰ ਲੈ ਕੇ ਅਕਸਰ ਹੀ ਪਰਵਾਰਾਂ ਵਿਚ ਵਿਚਾਰਾਂ ਦਾ ਵਖਰੇਵਾਂ ਹੋ ਜਾਣਾ ਸੁਭਾਵਿਕ ਵਰਤਾਰਾ ਹੈ। ਉਂਜ ਵੀ ਸਿਆਣੇ ਕਹਿੰਦੇ ਹਨ ਕਿ ਜਿੱਥੇ ਦੋ ਭਾਂਡੇ ਹੋਣ, ਉਹ ਕਦੇ-ਕਦਾਈਂ ਖੜਕ ਹੀ ਪੈਂਦੇ ਹਨ, ਪਰ ਭਾਂਡਿਆਂ ਨੂੰ ਬਹੁਤੇ ਚਿੱਬ ਨਹੀਂ ਪੈਣ ਦੇਣੇ ਚਾਹੀਦੇ ਤੇ ਗਲਤਫਹਿਮੀ ਦੂਰ ਕਰਨ 'ਚ ਹੀ ਭਲਾਈ ਹੈ। ਅਕਸਰ ਹੀ ਸੂਝ-ਸਿਆਣਪ ਤੇ ਸਹਿਣਸ਼ੀਲਤਾ ਦੀ ਘਾਟ ਕਾਰਨ ਗੁੱਸੇ ਤੇ ਉਤੇਜਨਾ ਵਿਚ ਕਈ ਵਾਰ ਪਤੀ-ਪਤਨੀ ਨਿੱਕੀ ਜਿਹੀ ਗੱਲ ਨੂੰ ਗਹਿਰੇ ਤਣਾਓ ਵਿਚ ਬਦਲ ਕੇ ਸੰਕਟ ਵਿਚ ਪੈ ਜਾਂਦੇ ਹਨ। ਤਾਹਨਿਆਂ-ਮਿਹਣਿਆਂ ਤੇ ਵਿਸ਼ਵਾਸ ਦੀ ਤੰਦ ਟੁੱਟਣ ਨਾਲ ਖੁਦਕੁਸ਼ੀ ਵਰਗਾ ਮੂਰਖਾਨਾ ਕਦਮ ਚੁੱਕ ਕੇ ਕਈ ਘਰ ਬਰਬਾਦ ਹੋ ਜਾਂਦੇ ਹਨ। ਨਿੱਤ-ਦਿਨ ਅਤਿ ਦੀਆਂ ਦੁਖਦਾਈ ਘਟਨਾਵਾਂ ਵਾਪਰ ਰਹੀਆਂ ਹਨ। ਬੇਰਹਿਮ ਲੋਕ ਆਪ ਖੁਦਕੁਸ਼ੀ ਕਰਨ ਤੋਂ ਪਹਿਲਾਂ ਆਪਣੇ ਮਸੂਮ ਬੱਚਿਆਂ ਨੂੰ ਵੀ ਆਪਣੇ ਹੱਥੀਂ ਜ਼ਹਿਰ ਦੇ ਕੇ ਮਾਰਨ ਦਾ ਦਿਲ-ਦਹਿਲਾਉਣ ਵਾਲਾ ਕਾਰਾ ਕਰ ਜਾਂਦੇ ਹਨ।

ਜੇ ਕੋਈ ਕਿਸੇ ਨੂੰ ਜੀਵਨ ਦੇ ਨਹੀਂ ਸਕਦਾ ਤਾਂ ਕਿਸੇ ਦੀ ਜ਼ਿੰਦਗੀ ਲੈਣ ਦਾ ਵੀ ਉਸ ਨੂੰ ਕੀ ਹੱਕ ਹੈ। ਮਾਪੇ ਤਾਂ ਆਪਣੇ ਬੱਚਿਆਂ ਦੀ ਲੰਮੀ ਉਮਰ ਲਈ ਦੁਆਵਾਂ ਕਰਦੇ ਹਨ, ਪਰ ਮੂਰਖ ਲੋਕ ਆਪਣੇ ਹੱਥੀਂ ਬੱਚਿਆਂ ਨੂੰ ਮਾਰਨ ਦਾ ਜਿਗਰਾ ਪਤਾ ਨਹੀਂ ਕਿਵੇਂ ਕਰ ਲੈਂਦੇ ਹਨ। ਪਰਵਾਰਾਂ ਵੱਲੋਂ ਸਮੂਹਿਕ ਆਤਮ-ਹੱਤਿਆ ਕਰਨ ਦੀਆਂ ਦਰਦਮਈ ਘਟਨਾਵਾਂ ਨਾਲ ਵੀ ਪੂਰਾ ਸਮਾਜ ਦਹਿਲ ਜਾਂਦਾ ਹੈ। ਸੋਸ਼ਲ ਮੀਡੀਆ ਦੀ ਇਸ ਤੋਂ ਵੱਧ ਦੁਰਵਰਤੋਂ ਕੀ ਹੋ ਸਕਦੀ ਹੈ ਕਿ ਹੁਣ ਖੁਦਕੁਸ਼ੀ ਕਰਨ ਵਾਲਾ ਵੀ 'ਲਾਇਵ' ਹੋ ਕੇ ਪਹਿਲਾਂ ਸਮਾਜ ਨੂੰ ਆਪਣਾ ਦਰਦ ਦੱਸਦਾ ਹੈ ਤੇ ਫਿਰ ਮੌਤ ਨੂੰ ਗਲੇ ਲਾ ਲੈਂਦਾ ਹੈ। ਸੰਕਟ ਕਿੰਨਾ ਵੀ ਗਹਿਰਾ ਹੋਵੇ, ਪਰ ਆਸਾਂ ਦੇ ਸਭ ਦੀਵੇ ਬੁਝਾ ਕੇ, ਮੌਤ ਦੀ ਅੰਨ੍ਹੀ ਗਲੀ ਵੱਲ ਤੁਰ ਪੈਣਾ ਕਿਸੇ ਤਰ੍ਹਾਂ ਵਾਜਬ ਨਹੀਂ ਕਿਹਾ ਜਾ ਸਕਦਾ।

ਕਿਹੋ ਜਿਹੇ ਨਿੱਘਰੇ ਸਮਿਆਂ ਵਿਚ ਜੀਅ ਰਹੇ ਹਾਂ ਕਿ ਦਸ-ਬਾਰਾਂ ਸਾਲਾਂ ਦੀ ਉਮਰ ਦੇ ਬੱਚੇ ਵੀ ਮਾਪਿਆਂ ਤੇ ਅਧਿਆਪਕਾਂ ਦੇ ਝਿੜਕਣ ਤੇ ਆਤਮ-ਹੱਤਿਆ ਦੇ ਰਾਹ ਤੁਰ ਪੈਂਦੇ ਹਨ। ਜਿਸ ਬੱਚੇ ਨੂੰ ਅਜੇ ਜ਼ਿੰਦਗੀ ਤੇ ਮੌਤ ਦੇ ਅਰਥਾਂ ਦੀ ਵੀ ਸੋਝੀ ਨਹੀਂ ਹੁੰਦੀ, ਉਹ ਖੁਦਕੁਸ਼ੀ ਦੇ ਰਾਹ ਪੈ ਜਾਵੇ ਤਾਂ ਮਨ ਸੋਚਣ ਲਈ ਮਜਬੂਰ ਹੋ ਜਾਂਦਾ ਹੈ ਕਿ ਅਸੀਂ ਕਿਹੜੇ ਰਾਹ ਪੈ ਗਏ ਹਾਂ ? ਪ੍ਰੀਖਿਆ ਵਿਚ ਅਸਫਲ ਹੋਣ 'ਤੇ ਕਿਸੇ ਬੱਚੇ ਵੱਲੋਂ ਖੁਦਕੁਸ਼ੀ ਕਰਨ ਦੀ ਸੋਚ ਬਹੁਤ ਭਿਆਨਕ ਵਰਤਾਰਾ ਹੈ। ਸਮਾਜ ਵਿਚ ਖੁਦਕੁਸ਼ੀ ਦੇ ਮਾਮਲਿਆਂ ਦੀ ਗਿਣਤੀ ਲਗਾਤਾਰ ਵਧਣ ਕਾਰਨ ਮਹੌਲ ਏਨਾ ਨਿੱਘਰ ਗਿਆ ਹੈ ਕਿ ਅੱਲ੍ਹੜ ਉਮਰ ਦੇ ਬੱਚੇ ਵੀ ਵੱਡਿਆਂ ਨੂੰ ਦੇਖ ਕੇ ਉਸੇ ਰਾਹ ਤੁਰਦੇ ਜਾ ਰਹੇ ਹਨ। ਸਮਾਜਿਕ ਮਾਨਤਾਵਾਂ ਨੂੰ ਉਲੰਘ ਕੇ ਕਈ ਵਿਆਹੇ-ਵਰ੍ਹੇ ਮਰਦ/ਔਰਤਾਂ ਨਜਾਇਜ਼ ਸੰਬੰਧਾਂ ਕਾਰਨ ਬਦਨਾਮੀ ਦੇ ਡਰੋਂ ਇਕੱਠੇ ਆਤਮਹੱਤਿਆ ਕਰਕੇ ਸਮਾਜ ਨੂੰ ਨਿਘਾਰ ਤੇ ਨਿਰਾਸ਼ਾ ਵੱਲ ਧੱਕ ਰਹੇ ਹਨ। ਜ਼ਿੰਦਗੀ ਦੇ ਸਭ ਸੁੱਖ ਮਾਣਦਿਆਂ ਵੀ ਕਈ ਵਿਅਕਤੀ ਅਜੋਕੀ ਤਣਾਓਗ੍ਰਸਤ ਜੀਵਨ-ਜਾਚ ਅਤੇ ਅੰਤਰਮੁਖੀ ਵਿਵਹਾਰ ਕਾਰਨ ਕੀਮਤੀ ਜ਼ਿੰਦਗੀ ਨੂੰ ਭੰਗ ਦੇ ਭਾੜੇ ਗੁਆ ਬਹਿੰਦੇ ਹਨ।

ਕਦੇ ਸੋਚ ਕੇ ਦੇਖੋ ਬੇਹੱਦ ਅਨਮੁੱਲੀ ਤੇ ਖੂਬਸੂਰਤ ਹੈ ਜ਼ਿੰਦਗੀ। ਦੁੱਖ, ਤਕਲੀਫਾਂ, ਸੰਕਟ ਤੇ ਪਰੇਸ਼ਾਨੀਆਂ ਵੀ ਜੀਵਨ ਦਾ ਹਿੱਸਾ ਹਨ ਤੇ ਇਨ੍ਹਾਂ ਵਿੱਚੋਂ ਨਿਕਲਣ ਲਈ ਕੋਈ ਰਾਹ ਤਲਾਸ਼ਣਾ ਹੀ ਸਿਆਣਪ ਹੈ। ਆਪਣੇ ਦੁਆਲੇ ਸਿਰਜੇ ਖੋਲ ਵਿੱਚੋਂ ਬਾਹਰ ਨਿਕਲ ਕੇ ਕੁਦਰਤ ਦੀ ਖੂਬਸੂਰਤੀ ਨੂੰ ਮਾਣੀਏ, ਆਲੇ-ਦੁਆਲੇ ਵਸਦੇ ਅਨੇਕਾਂ ਭਲੇ ਲੋਕਾਂ ਦੀ ਸੰਗਤ ਕਰਦਿਆਂ ਕੁਝ ਸੁਣੀਏ, ਕੁਝ ਕਹੀਏ, ਆਪਣੇ ਦੁੱਖ ਤੋਂ ਉੱਪਰ ਉੱਠ ਕੇ ਆਪਣੇ ਤੋਂ ਵੱਧ ਕਿਸੇ ਦੁਖੀ ਬਾਰੇ ਜਾਣੀਏ ਤਾਂ ਮਨ ਦੀ ਹਾਲਤ ਬਦਲ ਜਾਂਦੀ ਹੈ। ਜ਼ਿੰਦਗੀ ਇਕ ਵਾਰ ਹੀ ਮਿਲਣੀ ਹੈ ਤੇ ਕਿਸੇ ਦੁੱਖ ਵਿਚ ਇਸ ਵੱਲ ਪਿੱਠ ਕਰ ਲੈਣੀ ਕੁਦਰਤ ਤੇ ਜ਼ਿੰਦਗੀ ਦੋਵਾਂ ਦਾ ਅਪਮਾਨ ਹੈ।

ਮੋਬਾ. 98153-56086

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134
Printed and Published by Printer, Publisher and Editor : Chand Singh @ Chand Fatehpuri for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.
ਪ੍ਰਕਾਸ਼ਕ, ਛਾਪਕ ਤੇ ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਜ਼ਿੰਦਗੀ ਦੀਆਂ ਦੁਸ਼ਵਾਰੀਆਂ ਨਾਲ ਜੂਝਦੇ ਪਾਤਰਾਂ ਦੀ ਗਾਥਾ

## ਜ਼ਿੰਦਗੀ

(ਨਾਵਲ)
**ਜ਼ਿੰਦਰ**
**ਕੁਲ ਸਫੇ-168, ਕੀਮਤ-25 ਰੁਪਏ**
**ਸੰਗਮ ਪਬਲਿਕੇਸ਼ਨਜ਼, ਪਟਿਆਲਾ**






**ਫੋਕਸ**

**ਚਰਚਾ ਇਕ ਪੁਸਤਕ ਦੀ**

**ਡਾ. ਭੁਪਿੰਦਰ ਕੌਰ**

ਪੰਜਾਬੀ ਸਾਹਿਤ ਵਿੱਚ ਜਿੰਦਰ ਕਿਸੇ ਜਾਣ-ਪਛਾਣ ਦਾ ਮੁਥਾਜ ਨਹੀਂ ਹੈ। ਪਿਛਲੇ ਕਾਫ਼ੀ ਅਰਸੇ ਤੋਂ ਲਿਖਦੇ ਆ ਰਹੇ ਜਿੰਦਰ ਨੂੰ ਅਸੀਂ ਬਤੌਰ ਕਹਾਣੀਕਾਰ ਵਜੋਂ ਜਾਣਦੇ ਹਾਂ। 'ਜ਼ਿੰਦਗੀ' ਜਿੰਦਰ ਦੀ ਪਲੇਠੀ ਨਾਵਲ ਰਚਨਾ ਹੈ। ਨਾਵਲਕਾਰ ਨੇ ਇਸ ਨਾਵਲ ਨੂੰ ਆਸਟ੍ਰੇਲੀਆ ਦੇ ਅਮਨਦੀਪ ਸਿੰਘ ਜੈਤਕਾ ਨੂੰ ਸਮਰਪਿਤ ਕੀਤਾ ਹੈ। ਨਾਵਲ ਅੱਜ ਦੇ ਮਨੁੱਖ ਦੀ ਜ਼ਿੰਦਗੀ ਦੀ ਬਾਤ ਪਾਉਂਦਾ ਹੈ ਕਿ ਇੰਨੀ ਮਿਹਨਤ-ਮੁਸ਼ੱਕਤ ਕਰਨ ਦੇ ਬਾਵਜੂਦ ਮਨੁੱਖ ਨੂੰ ਕਿਤੇ ਸਕੂਨ ਨਹੀਂ ਹੈ। ਕਿਤੇ ਤਾਂ ਇੰਗਲੈਂਡ ਵਿੱਚ ਰਹਿ ਰਹੇ ਵਿਜੈ ਕੰਡਾ ਅੰਦਰ ਆਪਣੀ ਧਰਤ, ਆਪਣੇ ਪਰਵਾਰ ਪ੍ਰਤੀ ਖਿੱਚ ਹੈ, ਬੇਚੈਨੀ ਹੈ ਤੇ ਕਿਤੇ ਇਸ ਧਰਤੀ 'ਤੇ ਰਹਿ ਰਹੇ ਉਸ ਦੇ ਭਰਾ ਰਮੇਸ਼ ਦੀ ਖਿੱਚ ਸਿਰਫ਼ ਤੇ ਸਿਰਫ਼ ਪੈਸਾ ਹੈ। ਨਾਵਲ ਵਿਅੰਗ ਕਰਦਾ ਹੈ ਸਿਸਟਮ 'ਤੇ। ਕੋਈ ਸਮਾਂ ਸੀ ਜਦੋਂ ਮਨੁੱਖ ਸਿਰਫ਼ ਪੈਸੇ ਕਮਾਉਣ ਲਈ ਪਰਵਾਸ ਧਾਰਦਾ ਸੀ, ਲੇਕਿਨ ਇੱਕ ਐਸਾ ਸਮਾਂ ਵੀ ਆਇਆ ਜਦੋਂ ਮਨੁੱਖ ਇੱਥੇ ਦੇ ਸਿਸਟਮ ਤੋਂ ਦੁਖੀ ਹੋ ਕੇ ਪਰਵਾਸ ਧਾਰਨ ਕਰਨ ਲੱਗਾ। ਜਦੋਂ ਵਿਜੈ ਵਰਗੇ ਪੜ੍ਹੇ-ਲਿਖੇ, ਟਾਪਰ, ਕਈ ਸਾਲਾਂ ਦਾ ਤਜਰਬਾ ਰੱਖਣ ਦੇ ਬਾਵਜੂਦ ਚੰਗੀ ਨੌਕਰੀ ਤੋਂ ਵਾਂਝੇ ਰਹਿੰਦੇ ਹਨ, ਕਿਉਂਕਿ ਉਸ ਨੂੰ ਚਾਪਲੂਸੀ ਨਹੀਂ ਆਉਂਦੀ। ਮੈਥ ਵਾਲੇ ਸਾਗਰ ਨੇ ਸਮਝਾਇਆ, ਵਿਜੈ ਕਾਕਾ ਨੌਕਰੀ ਕੱਲੀ ਲਿਆਕਤ ਨਾਲ ਨ੍ਹੀ ਹੁੰਦੀ। ਤੂੰ ਆਪਣੇ ਹੈੱਡ ਤੇ ਪ੍ਰਿੰਸੀਪਲ ਦੀ ਚਮਚਾਗਿਰੀ ਕਰਨੀ ਸ਼ੁਰੂ ਕਰ ਦੇ, ਫਿਰ ਤੇਰੀਆਂ ਪੰਜੇ ਉਂਗਲਾਂ ਘਿਓ ਵਿੱਚ ਹੋਣਗੀਆਂ।' ਉਸ ਕੋਲ ਜੈੱਕ ਨਹੀਂ ਹੈ, ਸਿਫਾਰਸ਼ ਨਹੀਂ ਹੈ।ਇਨ੍ਹਾਂ ਬਿਨਾਂ ਨੌਕਰੀ ਨਹੀਂ ਮਿਲਦੀ। ਜਦੋਂ ਵਿਜੈ ਨੂੰ ਨੌਕਰੀ ਨਹੀਂ ਮਿਲਦੀ ਤਾਂ ਉਸ ਨੂੰ ਰੋਂਦਿਆਂ ਵੇਖ ਕੇ ਉਸ ਦਾ ਪਿਤਾ ਉਸ ਨੂੰ ਕਹਿੰਦਾ ਹੈ, ਪੁੱਤ ਜਿਸ ਦੇਸ਼ ਵਿਚ ਇੰਨੇ ਪੜ੍ਹੇ-ਲਿਖੇ ਦਾ ਇਹ ਹਸ਼ਰ ਹੋਵੇ, ਉਸ ਦੇਸ਼ ਬਾਰੇ ਕੀ ਕਿਹਾ ਜਾ ਸਕਦਾ........ ਇਸ ਦੇਸ਼ ਤੋਂ ਬਾਹਰ ਨਿਕਲ ਜਾ। ਕਹਾਣੀ ਦਾ ਪਿਤਾ ਖ਼ੁਦ ਆਪਣੇ ਪੁੱਤਰ ਨੂੰ ਇਸ ਸਿਸਟਮ ਵਿੱਚੋਂ ਬਾਹਰ ਨਿਕਲ ਕੇ ਕਿਤੇ ਦੂਰ ਜਾਣ ਦੀ ਸਲਾਹ ਦਿੰਦਾ ਹੈ। ਮਨੁੱਖ ਆਪਣੀ ਜ਼ਿੰਦਗੀ ਦੇ ਸਫ਼ਰ ਨੂੰ ਸਮਝ ਵੀ ਨਹੀਂ ਸਕਿਆ।ਮੁਕੇਸ਼ ਦਾ ਉਹ ਗੀਤ 'ਜ਼ਿੰਦਗੀ ਕਾ ਸਫ਼ਰ ਹੈ ਯੇਹ ਕੈਸਾ ਸਫਰ, ਕੋਈ ਸਮਝਾ ਨਹੀਂ, ਕੋਈ ਜਾਨਾ ਨਹੀ।' ਨਾ ਸਮਝ ਆਉਣ ਵਾਲੀ ਜ਼ਿੰਦਗੀ ਦੀ ਗੱਲ ਕਰਦਾ ਹੈ। ਸੋ ਜ਼ਿੰਦਗੀ ਭਰ ਮਨੁੱਖ ਸਫ਼ਰ ਵਿੱਚ ਹੀ ਰਹਿੰਦਾ ਹੈ ਇਸ ਨੂੰ ਕੋਈ ਵੀ ਸਮਝ ਨਹੀਂ ਸਕਿਆ। ਨਾਵਲ ਇੰਗਲੈਂਡ ਵਿੱਚ ਰਹਿ ਰਹੇ ਵਿਜੈ ਦੀ ਜ਼ਿੰਦਗੀ ਤੇ ਆਪਣੀ ਧਰਤੀ 'ਤੇ ਰਹਿ ਰਹੇ ਰਮੇਸ਼ ਦੀ ਜ਼ਿੰਦਗੀ 'ਤੇ ਚਾਨਣਾ ਪਾਉਂਦਾ ਹੈ ਤੇ ਦੋਹਾਂ ਵਿੱਚ ਅੰਤਰ ਵੀ ਦੱਸਦਾ ਹੈ। ਵਿਜੈ ਆਪਣੀ ਸਾਰੀ ਜ਼ਿੰਦਗੀ ਪਤਨੀ, ਬੱਚਿਆਂ ਨੂੰ ਇੰਗਲੈਂਡ ਪਹੁੰਚਾਉਣ ਤੇ ਪੱਕੇ ਪੈਰੀਂ ਹੋਣ 'ਤੇ ਲਾ ਦਿੰਦਾ ਹੈ। ਇਸ ਦੌਰਾਨ ਰਮੇਸ਼ ਵੀ ਕਾਫੀ ਜਾਇਦਾਦ ਬਣਾ ਲੈਂਦਾ ਹੈ। ਵਿਜੈ ਘਰ ਤੋਂ ਦੂਰ ਰਹਿ ਕੇ ਵੀ ਮਾਪਿਆਂ ਤੇ ਭੈਣ ਨਾਲ ਜੁੜਿਆ ਰਹਿੰਦਾ ਹੈ, ਪਰ ਰਮੇਸ਼ ਨੇੜੇ ਰਹਿ ਕੇ ਵੀ ਮਾਪਿਆਂ ਨਾਲ ਸਾਂਝ ਨਹੀਂ ਬਣਾ ਪਾਇਆ, ਕਿਉਂਕਿ ਉਸ ਦੀ ਜ਼ਿੰਦਗੀ ਤਾਂ ਸਿਰਫ਼ ਪੈਸਾ ਹੀ ਸੀ। ਮਾਂ ਰਮੇਸ਼ ਨਾਲ ਮੋਹ ਕਰਦੀ ਸੀ, ਪਰ ਰਮੇਸ਼ ਨੇ ਉਸ ਦੇ ਪਿਆਰ ਦੀ ਵੀ ਕਦਰ ਨਹੀਂ ਪਾਈ। ਮਾਂ ਬਹੁਤ ਬਿਮਾਰ ਹੋ ਗਈ, ਉਸ ਨੂੰ ਯਾਦ ਕਰਦੀ ਰਹੀ, ਪਰ ਉਹ ਉਸ ਨੂੰ ਮਿਲਣ ਵੀ ਨਹੀਂ ਗਿਆ। ਜਦੋਂ ਉਸ ਦੀ ਮੌਤ ਹੋ ਗਈ, ਵਿਜੈ ਇੰਗਲੈਂਡ ਤੋਂ ਆ ਗਿਆ, ਪਰ ਉਹ ਨੇੜੇ ਹੁੰਦਿਆਂ ਵੀ ਨਹੀਂ ਪਹੁੰਚਿਆ। ਸਿਸਟਮ ਤੋਂ ਪਰੇਸ਼ਾਨ ਵਿਜੈ ਇੰਗਲੈਂਡ ਵਿੱਚ ਰਹਿ ਰਹੇ ਆਪਣੇ ਦੋਸਤ ਸੁਰਜਨ ਦੀ ਮਦਦ ਨਾਲ ਪਰਵਾਸ ਧਾਰਨ ਵਿੱਚ ਕਾਮਯਾਬ ਹੋ ਜਾਂਦਾ ਹੈ। ਉੱਥੇ ਪਹੁੰਚ ਕੇ ਪਹਿਲਾਂ ਬਲਜਿੰਦਰ ਸਿੰਘ ਤੇ ਚਰਨਜੀਤ ਕੌਰ ਨਾਲ ਕੰਮ ਕਰਦਾ ਹੈ, ਫਿਰ ਡਿਕਨਜ਼ ਨਰਸਿੰਗ ਹੋਮ ਤੇ ਅੰਤ ਵੱਚ ਹੀਥਰੋ ਏਅਰਪੋਰਟ ਵਿੱਚ ਕੰਮ ਕਰਦਾ ਹੈ। ਜ਼ਿੰਦਗੀ ਭਰ ਮਿਹਨਤ-ਮੁਸ਼ੱਕਤ ਕੀਤੀ, ਪਰ ਘਰ ਨਹੀਂ ਬਣਾ ਸਕਿਆ। ਇਸ ਦੇ ਉਲਟ ਰਮੇਸ਼ ਨੇ ਇਕ ਦੁਕਾਨ ਤੋਂ ਬਾਅਦ ਦੂਜੀ 'ਤੇ ਵੀ ਕਬਜ਼ਾ ਕਰ ਲਿਆ, ਜਾਇਦਾਦ ਬਣਾ ਲਈ, ਪਰ ਉਸ ਦੀ ਲਾਲਸਾ ਫਿਰ ਵੀ ਪੂਰੀ ਨਹੀਂ ਹੁੰਦੀ।ਨਾਵਲ ਜ਼ਿੰਦਗੀ ਦੀਆਂ ਕੁਝ ਕੌੜੀਆਂ ਸੱਚਾਈਆਂ ਪਾਠਕਾਂ ਦੇ ਰੂਬਰੂ ਕਰਦਾ ਹੈ। ਵਿਜੈ ਅੰਕਲ ਰਾਜਕੁਮਾਰ ਗੋਗਨਾ ਦੇ ਨਜ਼ਰੀਏ ਬਾਰੇ ਕਹਿੰਦਾ ਹੈ, ਇੰਗਲੈਂਡ ਵਿੱਚ ਇੱਕ ਕਹਾਵਤ ਹੈ-'ਜ਼ਿੰਦਗੀ ਬੰਦੀ ਏ', ਇੱਥੋਂ ਦੇ ਰਾਜਨੀਤਕ ਸਿਸਟਮ ਨੇ ਬੰਦੇ 'ਤੇ ਬਾਜ਼ਾਰ ਐਨਾ ਭਾਰੂ ਕਰ ਰੱਖਿਆ ਕਿ ਉਹ ਜ਼ਿੰਦਗੀ ਜਿਉ ਤਾਂ ਸਕਦਾ ਹੀ ਨ੍ਹੀਂ। ਇੰਗਲੈਂਡ ਵਿੱਚ ਰਹਿੰਦਿਆਂ ਵਿਜੈ ਸਤਿਆ ਨੂੰ ਇੱਕ ਵਾਰ ਕਹਿੰਦਾ, ਕਾਹਦੀ ਜ਼ਿੰਦਗੀ ਕੋਈ ਸਾਡੀ, ਕਦੇ ਖੁੱਲ੍ਹ ਖੇਡ ਦੇਖੀ ਕਿ ਨਹੀਂ। ਕਦੇ ਆਪਣੀ ਪਸੰਦ ਦੀ ਚੀਜ਼ ਖਰੀਦ ਕੇ ਨਹੀਂ ਦੇਖੀ। ਨਾ ਪਸੰਦ ਦੇ ਕੱਪੜੇ ਪਾ ਕੇ ਦੇਖੇ। ਸਾਰੀ ਜ਼ਿੰਦਗੀ ਵਿਜੈ ਜ਼ਿੰਦਗੀ ਨਾਲ ਜੂਝਦਾ ਰਿਹਾ, ਪਰ ਜ਼ਿੰਦਗੀ ਆਪਣੀ ਹੋ ਹੀ ਨਹੀਂ ਸਕੀ। ਜਿਸ ਪਰਵਾਰ ਤੇ ਜਿਨ੍ਹਾਂ ਬੱਚਿਆਂ ਲਈ ਉਸ ਨੇ ਇੰਨੀ ਮੁਸ਼ੱਕਤ ਕੀਤੀ ਤਾਂ ਕਿ ਉਹਨਾਂ ਦਾ ਭਵਿੱਖ ਵਧੀਆ ਹੋ ਸਕੇ, ਉਹ ਬੱਚੇ ਵੀ ਉਸ ਦੇ ਹੱਥ ਵਿੱਚ ਨਹੀਂ ਰਹੇ। ਕਰਜ਼ਾ ਲੈ ਕੇ ਘਰ ਬਣਾਇਆ, ਪਰ ਉਸ ਦੀਆਂ ਕਿਸ਼ਤਾਂ ਦੇਣੀਆਂ ਔਖੀਆਂ ਹੋ ਰਹੀਆਂ ਸਨ। ਸੋਚਦਾ ਸੀ ਬੱਚੇ ਵੀ ਕੰਮ ਕਰਨਗੇ, ਮਦਦ ਕਰਨਗੇ, ਕਿਸ਼ਤਾਂ ਦਿੱਤੀਆਂ ਜਾਣਗੀਆਂ। ਬੱਚਿਆਂ ਤੋਂ ਆਸ ਲਾਈ, ਪਰ ਨਿਰਾਸ਼ਾ ਹੀ ਪੱਲੇ ਪਈ। ਬੱਚੇ ਕੁਝ ਸੁਣਨ ਲਈ ਤਿਆਰ ਹੀ ਨਹੀਂ। ਉਸ ਦਾ ਬੇਟਾ ਸੰਦੀਪ ਕਹਿੰਦਾ, ਮੌਮ ਜਦੋਂ ਵੀ ਤੈਨੂੰ ਤੇ ਡੈਡ ਨੂੰ ਵੇਲਾ ਮਿਲਦਾ ਤਾਂ ਮੇਰੇ 'ਤੇ ਅਹਿਸਾਨ ਵਿਖਾਉਣ ਬੈਠ ਜਾਂਦੇ ਹੋ। ਮੈਂ ਤੁਹਾਡੇ ਫੈਸਲਿਆਂ ਦਾ ਬਿਲਕੁਲ ਜ਼ਿੰਮੇਵਾਰ ਨਹੀਂ ਹਾਂ। ਮੈਂ ਇੱਥੇ ਕਿਰਾਇਆ ਦੇ ਰਿਹਾਂ । ਮੈਂ ਤੁਹਾਡੇ ਘਰ ਰਹਿੰਦਾ ਹੀ ਨਹੀਂ, ਮੈਂ ਕਿਉਂ ਕਿਰਾਇਆ ਦੇਵਾਂ। ਨਾਲੇ ਮੈਂ ਹੁਣੇ ਕਾਰ ਲਈ ਹੈ। ਮੇਰੇ ਕੋਲ ਵਾਧੂ ਪੈਸੇ ਹੈ ਨ੍ਹੀਂ। ਇਕ ਥਾਂ ਹੋਰ ਸੰਦੀਪ ਦੀ ਸੋਚ ਦਾ ਪਤਾ ਲਗਦਾ ਜਦੋਂ ਉਹ ਕਹਿੰਦਾ, ਡੈਡ ਤੁਹਾਡੀ ਪੀੜ੍ਹੀ ਦੀ ਇਹੋ ਪ੍ਰੋਬਲਮ ਹੈ ਕਿ ਤੁਸੀਂ ਓਨਰਸ਼ਿਪ ਵੱਲ ਦੌੜਦੇ ਹੋ। ਇਹ ਬਹੁਤ ਪੁਰਾਣੀ ਤੇ ਘਟੀਆ ਸੋਚ ਅੱਜ ਵਿੱਚ ਜਿਉਣਾ ਸਿੱਖੋ। ਬੱਚਿਆਂ ਦਾ ਅੰਗਰੇਜ਼ਾਂ ਵਾਲਾ ਲਹਿਜ਼ਾ ਅੰਗਰੇਜ਼ਾਂ ਦੀ ਸੋਚ ਤੇ ਅਸਰ ਨੂੰ ਦਰਸਾਉਂਦਾ ਹੈ। ਜਦੋਂ ਵਿਜੈ ਆਪਣੇ ਭਾਪਾ ਜੀ ਨਾਲ ਆਪਣੇ ਬੱਚਿਆਂ ਬਾਰੇ ਆਪਣਾ ਦੁੱਖ-ਸੁੱਖ ਸਾਂਝਾ ਕਰਦਾ ਹੈ ਕਿ ਉਹ ਦੋਵੇਂ ਉਹਨਾਂ ਦੀ ਮਦਦ ਨਹੀਂ ਕਰਦੇ ਤਾਂ ਭਾਪਾ ਜੀ ਤਿੰਨਾਂ ਪੀੜ੍ਹੀਆਂ ਵਿਚਲੇ ਅੰਤਰ ਨੂੰ ਸਮਝਾਉਂਦਿਆਂ ਕਹਿੰਦੇ ਹਨ, ਤੂੰ ਮੇਰੇ ਵੱਲ ਦੇਖ ਉਂਕਾਰ ਪੈਲੇਸ ਦੇ ਸਾਹਮਣੇ ਪਲਾਟ ਲਿਆ। ਦੋ ਦੁਕਾਨਾਂ ਖਰੀਦੀਆਂ।ਕੁੜੀ ਦਾ ਵਿਆਹ ਕੀਤਾ। ਤੁਹਾਨੂੰ ਦੋਹਾਂ ਨੂੰ ਪੜ੍ਹਾਇਆ। ਨਾ ਤੂੰ ਤੇ ਨਾ ਹੀ ਰਮੇਸ਼ ਨੇ ਆਪਣੇ ਵਿਆਹ 'ਤੇ ਇਕ ਆਨਾ ਵੀ ਖਰਚਿਆ। ਮੈਂ ਆਪਣਾ ਮੂੰਹ ਬੰਨ੍ਹ ਲਿਆ। ਕਿਸੇ ਕੋਲੋਂ ਪੈਸੇ ਉਧਾਰ ਨ੍ਹੀ ਮੰਗੇ।

........ ..........ਆਪਣਿਆਂ ਮੁੰਡਿਆਂ ਬਾਰੇ ਤਾਂ ਭੁੱਲ ਜਾਓ ਇਹ ਤੁਹਾਡੇ ਨਹੀਂ, ਗੋਰਿਆਂ ਦੇ ਮੁੰਡੇ ਨੇ, ਤੁਸੀਂ ਆਪਣਾ ਆਪ ਨਿਬੇੜੋ, ਸੋਚੋ ਕਿ ਘਰ ਕਿੱਦਾਂ ਲੈ ਸਕਦੇ ਹੋ। ਵਿਜੈ ਦੁਖੀ ਸੀ ਕਿ ਅਗਲੀ ਪੀੜ੍ਹੀ ਆਪਣੀ ਜ਼ਿੰਦਗੀ ਵਿੱਚ ਕੋਈ ਵੀ ਦਖਲਅੰਦਾਜ਼ੀ ਪਸੰਦ ਨਹੀਂ ਕਰਦੀ।ਸੱਚ ਤਾਂ ਇਹ ਹੈ ਕਿ ਸਾਡੀ ਪੀੜ੍ਹੀ ਦੋਹਾਂ ਪੀੜ੍ਹੀਆਂ ਵਿੱਚ ਦੱਬੀ ਹੋਈ ਸੀ। ਸਾਡੀ ਪਹਿਲੀ ਪੀੜ੍ਹੀ ਆਪਣੀ ਗੱਲ ਸਾਡੇ ਤੋਂ ਮਨਵਾਉਂਦੀ ਸੀ।ਸਾਡੀ ਅਗਲੀ ਪੀੜ੍ਹੀ ਸਾਡੀ ਕੋਈ ਵੀ ਗੱਲ ਸੁਣਨ ਨੂੰ ਤਿਆਰ ਨਹੀਂ।ਰਮੇਸ਼ ਨੇ ਬੇਸ਼ੱਕ ਜਾਇਦਾਦ ਬਣਾ ਲਈ, ਪਰ ਬੱਚੇ ਉਸ ਦੇ ਵੀ ਉਸ ਦੇ ਕਹਿਣੇ ਵਿੱਚ ਨਹੀਂ ਰਹੇ। ਉਸ ਦੀ ਧੀ ਸਰਿਤਾ ਮਹਿਤਪੁਰ ਦੇ ਮੋਚੀਆਂ ਦੇ ਮੁੰਡੇ ਨਾਲ ਦੌੜ ਗਈ ਤੇ ਕੋਰਟ ਮੈਰਿਜ ਕਰਵਾ ਲਈ। ਰਮੇਸ਼ ਨੇ ਬਥੇਰੀ ਦੌੜ-ਭੱਜ ਕੀਤੀ, ਪਰ ਬੱਚਿਆਂ ਦੇ ਬਾਲਗ ਹੋਣ ਕਰਕੇ ਕੁਝ ਨਹੀਂ ਬਣ ਸਕਿਆ, ਕਿਉਂਕਿ ਮੋਚੀ ਦੇ ਨਾਲ ਉਸ ਦੀ ਸਾਰੀ ਬਰਾਦਰੀ ਖੜੀ ਸੀ। ਰਮੇਸ਼ ਜਿਸ ਨੇ ਪੈਸੇ ਨੂੰ ਹੀ ਆਪਣੀ ਜ਼ਿੰਦਗੀ ਬਣਾ ਰੱਖਿਆ ਸੀ, ਰਿਸ਼ਤਿਆਂ ਦੀ ਕਦਰ ਨਾ ਕੀਤੀ। ਸਰਿਤਾ ਵੱਲੋਂ ਕੀਤੀ ਗਈ ਇਸ ਹਰਕਤ ਦਾ ਉਸ 'ਤੇ ਐਸਾ ਅਸਰ ਹੋਇਆ, ਐਸਾ ਧੱਕਾ ਲੱਗਾ ਕਿ ਉਸ ਨੂੰ ਅਧਰੰਗ ਹੋ ਗਿਆ। ਭਾਪਾ ਜੀ ਨੇ ਵੀ ਜਦੋਂ ਇਹ ਗੱਲ ਸੁਣੀ, ਉਹਨਾਂ ਦੀ ਵੀ ਅਚਾਨਕ ਤਬੀਅਤ ਖਰਾਬ ਹੋ ਗਈ। ਹਾਰਟ ਅਟੈਕ ਕਾਰਨ ਐਂਬੂਲੈਂਸ ਬੁਲਾਉਣੀ ਪਈ, ਪਰ ਵਿਜੈ ਜ਼ਿੰਦਗੀ ਦੇ ਸੰਘਰਸ਼ ਭਰੀ ਜ਼ਿੰਦਗੀ ਤੋਂ ਮਜਬੂਰ ਉਹਨਾਂ ਨਾਲ ਹਸਪਤਾਲ ਵੀ ਨਾ ਜਾ ਸਕਿਆ ਤੇ ਸੰਦੀਪ ਨੂੰ ਹਸਪਤਾਲ ਜਾਣ ਲਈ ਕਿਹਾ, ਕਿਉਂਕਿ ਉਸ ਦਾ ਕੰਮ 'ਤੇ ਜਾਣਾ ਬਹੁਤ ਜ਼ਰੂਰੀ ਸੀ। ਇਸ ਤਰ੍ਹਾਂ ਪੂਰਾ ਨਾਵਲ ਜ਼ਿੰਦਗੀ ਦੀ ਜੱਦੋ-ਜਹਿਦ ਨੂੰ, ਜ਼ਿੰਦਗੀ ਦੀਆਂ ਦੁਸ਼ਵਾਰੀਆਂ ਨੂੰ ਚਿੱਤਰਦਾ ਹੈ। ਭਾਵੇਂ ਉਹ ਰਮੇਸ਼ ਦੀ ਜ਼ਿੰਦਗੀ ਸੀ ਜਾਂ ਵਿਜੈ ਦੀ ਜ਼ਿੰਦਗੀ। ਕਈ ਵੰਗਾਰਾਂ ਆਉਂਦੀਆਂ ਤੇ ਇਹ ਪਾਤਰ ਉਹਨਾਂ ਨਾਲ ਜੂਝਦੇ। ਪੂਰਾ ਨਾਵਲ ਜ਼ਿੰਦਗੀ ਦੇ ਆਲੇ-ਦੁਆਲੇ ਘੁੰਮਦਾ ਹੈ। ਨਾਵਲ ਦਾ ਕਥਾਨਕ ਇੰਨਾ ਸੰਘਣਾ ਹੈ ਕਿ ਅਸੀਂ ਪਾਤਰਾਂ ਦੇ ਨਾਲ ਕਦੀ ਪੰਜਾਬ ਦੇ ਤੇ ਕਦੀ ਇੰਗਲੈਂਡ ਦੇ ਹਾਲਾਤ ਨੂੰ ਦੇਖਦੇ ਹਾਂ, ਮਹਿਸੂਸ ਕਰਦੇ ਹਾਂ। ਉਤਮ-ਪੁਰਖ ਵਿੱਚ ਲਿਖਿਆ ਹੋਇਆ ਇਹ ਨਾਵਲ ਵਿਜੈ ਵਰਗੇ ਉਹਨਾਂ ਪਾਤਰਾਂ ਦੀ ਕਹਾਣੀ ਹੈ, ਜਿਸ ਨੂੰ ਆਪਣੇ ਗਲਤ ਸਿਸਟਮ ਕਰਕੇ ਆਪਣਾ ਘਰ ਪਰਵਾਰ ਛੱਡਣਾ ਪਿਆ, ਪਰ ਨਵੇਂ ਸਿਸਟਮ ਵਿੱਚ ਰਹਿ ਕੇ ਉਸ ਦੇ ਬੱਚੇ ਉਸ ਦੇ ਨਹੀਂ ਰਹੇ, ਉਹ ਗੋਰਿਆਂ ਦੇ ਬੱਚੇ ਹੋ ਗਏ, ਗੋਰਿਆਂ ਦੀ ਸੋਚ ਦੇ ਬੱਚੇ ਹੋ ਗਏ, ਜੋ ਅੱਜ ਵਿੱਚ ਜਿਉਣਾ ਚਾਹੁੰਦੇ ਹਨ, ਜੋ ਭਵਿੱਖ ਵਿੱਚ ਕੁਝ ਵੀ ਜੋੜ ਕੇ ਰੱਖਣ ਦੇ ਹੱਕ ਵਿੱਚ ਨਹੀਂ ਹੈ। ਖੁੱਲ੍ਹਾਂ ਭਰੇ ਇਸ ਨਵੇਂ ਮਾਹੌਲ ਵਿੱਚ ਹਰ ਕੋਈ ਖੁੱਲ੍ਹ ਮਾਨਣਾ ਚਾਹੁੰਦਾ ਹੈ। ਸੁਰਜਨ ਦੀ ਪਤਨੀ ਦੀਪੀ, ਬਲਜਿੰਦਰ ਦੀ ਚਰਨਜੀਤ, ਵਿਜੈ ਖੁਦ ਚਰਨਜੀਤ ਨਾਲ ਸੰਬੰਧ ਰੱਖਦਾ ਹੈ। ਪਰਵਾਰ ਦੀ ਪੀ ਆਰ ਹੋਣ ਦੇ ਬਾਵਜੂਦ ਵਿਜੈ ਆਪਣੇ ਆਪ ਨੂੰ ਅਧੂਰਾ ਮੰਨਦਾ ਹੈ ਪਰ ਸੁਰਜਨ ਦੀ ਨਜ਼ਰ ਵਿੱਚ ਉਹ ਪੂਰਾ ਹੈ। ਸੁਰਜਨ ਦਾ ਕਹਿਣਾ ਸੀ, ਆਪਾਂ ਸਾਰੇ ਹੀ ਅਧੂਰੇ ਹਾਂ। ਉਹ ਕਹਿੰਦੇ ਹੁੰਦੇ ਨੇ-ਸਭੀ ਕੋ ਮੁਕੰਮਲ ਜਹਾਂ ਨਹੀਂ ਮਿਲਤਾ, ਕਿਸੀ ਕੋ ਜ਼ਮੀ ਨਹੀਂ ਮਿਲਤੀ, ਕਿਸੀ ਕੋ ਆਸਮਾਂ ਨਹੀਂ ਮਿਲਤਾ, ਅਧੂਰਾ ਤਾਂ ਮੈਂ ਹਾਂ। ਤੂੰ ਤਾਂ ਸਗੋਂ ਪੂਰਾ ਏਂ......... ਸਤਿਆ ਵਰਗੀ ਤੇਰੇ ਕੋਲ ਬੀਵੀ ਇਸ ਤੋਂ ਵੱਧ ਕਿ ਤੇਰੇ ਕੋਲ ਕੀ ਹੋ ਸਕਦਾ ਮੇਰੇ ਵੱਲ ਦੇਖ ਦੀਪੀ ਦਮੂਹੀ ਸੱਪਣੀ ਏ ਉਹਦਾ ਫੱਨ ਚੁੱਕਿਆ ਹੀ ਰਹਿੰਦਾ।ਸਿੱਧੀ ਸਿਰ 'ਚ ਡੰਗ ਮਾਰਨ ਨੂੰ ਤਿਆਰ ਬੈਠੀ ਹੁੰਦੀ ਇਹ ਠੀਕ ਸੀ ਕਿ ਸੱਤਿਆ ਦੀਪੀ ਤੇ ਚਰਨਜੀਤ ਵਰਗੀ ਨਹੀਂ ਸੀ, ਫਿਰ ਵੀ ਵਿਜੈ ਬਹੁਤ ਬੇਚੈਨੀ ਦੇ ਆਲਮ ਵਿੱਚ ਰਹਿੰਦਾ ਸੀ। ਨਾਵਲ ਦੱਸਦਾ ਹੈ ਕਿ ਜ਼ਿੰਦਗੀ ਇਸੇ ਲਈ ਔਖੀ ਲੱਗਦੀ ਹੈ ਕਿ ਅਸੀਂ ਆਪਣੇ ਵਰਤਮਾਨ ਵਿੱਚ ਨਹੀਂ ਜਿਉਂਦੇ, ਅਸੀਂ ਭਵਿੱਖ ਲਈ ਕਿੰਨਾ ਹੀ ਸਰਮਾਇਆ ਇਕੱਠਾ ਕਰਨ ਵਿੱਚ ਲੱਗੇ ਰਹਿੰਦੇ ਹਾਂ ਤੇ ਇਸ ਜੱਦੋ-ਜਹਿਦ ਵਿੱਚ ਸਾਡਾ ਆਪਣਾ ਸਰਮਾਇਆ ਸਾਡੇ ਬੱਚੇ ਸਾਡੇ ਹੱਥੋਂ ਨਿਕਲ ਜਾਂਦੇ। ਜਿੰਦਰ ਦਾ ਇਹ ਨਾਵਲ ਸਮਾਜ ਦੇ ਇੱਕ ਕੌੜੇ ਸੱਚ ਨੂੰ ਪਾਠਕਾਂ ਦੇ ਰੂਬਰੂ ਕਰਦਾ ਹੈ।

ਭਾਵੇਂ ਆਪਣੀ ਧਰਤੀ 'ਤੇ ਰਹੋ ਜਾਂ ਬਗਾਨੀ 'ਤੇ ਅਗਲੀ ਪੀੜ੍ਹੀ ਦੀ ਸੋਚ ਪੁਰਾਣੀ ਪੀੜ੍ਹੀ ਨਾਲ ਮੇਲ ਹੀ ਨਹੀਂ ਖਾਂਦੀ। ਨਾਵਲ ਦਾ ਆਰੰਭ ਸੁਪਨਿਆਂ ਦੇ ਆਉਣ ਤੋਂ ਹੁੰਦਾ ਹੈ। ਵਿਜੈ ਕੰਡਾ ਦੀ ਬੇਚੈਨੀ ਤੋਂ ਪਤਾ ਲਗਦਾ ਹੈ। ਉਹ ਸੁਪਨੇ ਵਿੱਚ ਵੀ ਕੋਈ ਗੁਆਚੀ ਚੀਜ਼ ਦੀ ਭਾਲ ਵਿੱਚ ਰਹਿੰਦਾ ਹੈ। ਸ਼ਾਇਦ ਉਹ ਜ਼ਿੰਦਗੀ ਹੀ ਹੈ, ਜਿਸ ਦੀ ਭਾਲ ਉਸ ਨੂੰ ਬੇਚੈਨ ਕਰ ਦਿੰਦੀ ਹੈ।ਜ਼ਿੰਦਗੀ ਵਿੱਚ ਵਾਪਰੀਆਂ ਘਟਨਾਵਾਂ ਦਾ ਮਨ 'ਤੇ ਸਦੀਵੀ ਅਸਰ ਹੁੰਦਾ ਹੈ। ਚੇਤਨਾ ਪ੍ਰਵਾਹ ਦੀ ਜੁਗਤ ਨਾਲ ਨਾਵਲ ਦੀ ਕਹਾਣੀ ਰੇੜ੍ਹੇ ਪੈਂਦੀ ਹੈ, ਕਿਉਂਕਿ ਸਾਰਾ ਨਾਵਲ ਜ਼ਿੰਦਗੀ ਦੇ ਆਲੇ-ਦੁਆਲੇ ਘੁੰਮਦਾ ਹੈ। ਭਾਵੇਂ ਉਹ ਜ਼ਿੰਦਗੀ ਗਿਰਧਾਰੀ ਲਾਲ ਦੀ ਸੀ, ਜਿਸ ਨੇ ਆਪਣੀ ਕਮਾਈ ਨਾਲ ਘਰ ਦੇ ਸਾਰੇ ਕਾਰਜ ਕੀਤੇ, ਭਾਵੇਂ ਉਹ ਜ਼ਿੰਦਗੀ ਰਮੇਸ਼ ਦੀ ਤੇ ਵਿਜੈ ਦੀ ਸੀ, ਭਾਵੇਂ ਉਹ ਜ਼ਿੰਦਗੀ ਤੀਜੀ ਪੀੜ੍ਹੀ ਦੀ ਸੀ, ਜੋ ਪਿਛਲੀਆਂ ਪੀੜ੍ਹੀਆਂ ਦੇ ਕਹਿਣ ਵਿੱਚ ਨਹੀਂ ਸੀ। ਆਪਣੀ ਮਨਮਰਜ਼ੀ ਵਾਲੀ ਜ਼ਿੰਦਗੀ ਜਿਉਣ ਵਾਲੀ ਇਹ ਪੀੜ੍ਹੀ ਆਪਣੀ ਜ਼ਿੰਦਗੀ ਵਿੱਚ ਕਿਸੇ ਕਿਸਮ ਦੀ ਦਖਲਅੰਦਾਜ਼ੀ ਪਸੰਦ ਨਹੀਂ ਕਰਦੇ। ਸੋ ਸਾਰਾ ਨਾਵਲ ਜ਼ਿੰਦਗੀ ਦੇ ਆਲੇ-ਦੁਆਲੇ ਘੁੰਮਦਾ ਹੈ। ਇਸ ਦਾ ਨਾਂਅ ਵੀ ਢੁਕਵਾਂ ਹੈ।ਜਿੰਦਰ ਦਾ ਇਹ ਨਾਵਲ ਯਥਾਰਥਵਾਦੀ ਨਾਵਲ ਵਿਜੈ ਰਮੇਸ਼ ਵਰਗੇ ਉਨ੍ਹਾਂ ਪਾਤਰਾਂ ਦੀ ਕਹਾਣੀ ਹੈ, ਜਿਨ੍ਹਾਂ ਨੇ ਜ਼ਿੰਦਗੀ ਨੂੰ ਆਪਣਾ ਬਣਾਉਣਾ ਚਾਹਿਆ, ਪਰ ਜ਼ਿੰਦਗੀ ਉਹਨਾਂ ਦੀ ਆਪਣੀ ਨਾ ਬਣ ਸਕੇ।ਪੜ੍ਹਨ ਵਾਲਾ ਨਾਵਲ ਹੈ।ਆਸ ਹੈ ਕਹਾਣੀਆਂ ਦੀ ਤਰ੍ਹਾਂ ਇਸ ਨਾਵਲ ਨੂੰ ਵੀ ਪਾਠਕਾਂ ਵੱਲੋਂ ਭਰਪੂਰ ਹੁੰਗਾਰਾ ਮਿਲੇਗਾ।

*ਸੰਪਰਕ-98555-95818*

# ਵਿੱਦਿਅਕ ਢਾਂਚੇ ਨੂੰ ਕਟਹਿਰੇ 'ਚ ਖੜ੍ਹਾ ਕਰਦੀ ਕਿਤਾਬ

## ਅਧਿਆਪਕ ਦੇ ਨਾਂ ਖ਼ਤ

**ਲੇਖਕ : ਬਾਰਬੀਆਨਾ ਸਕੂਲ ਦੇ ਅੱਠ ਬੱਚੇ**
**ਅਨੁ : ਡਾਕਟਰ ਬਲਜਿੰਦਰ**
**ਮੁੱਲ : 250 ਰੁਪਏ, ਸਫੇ : 200**
**ਗੋਰਕੀ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ**

**ਸਾਹਿਤ ਚਿੰਤਨ**

**ਡਾ. ਬਲਜਿੰਦਰ**

ਇੱਕ ਔਰਤ ਅਧਿਆਪਕ ਨੇ ਪਹਿਲੀ ਸੰਸਾਰ ਜੰਗ ਤੋਂ ਪਹਿਲਾਂ ਦਾ ਇਤਿਹਾਸ ਪੜ੍ਹਾਇਆ। ਉਹ ਠੀਕ ਉਸੇ ਨੁਕਤੇ 'ਤੇ ਆ ਕੇ ਰੁਕ ਗਈ, ਜਿਸ ਤੋਂ ਅੱਗੇ ਦੀ ਸਾਡੀ ਜ਼ਿੰਦਗੀ ਨਾਲ ਸਕੂਲ ਨੇ ਸਾਨੂੰ ਜੋੜਨਾ ਸੀ। ਪੂਰੇ ਸਾਲ ਉਹਨੇ ਸਾਡੀ ਕਲਾਸ 'ਚ ਕੋਈ ਵੀ ਅਖਬਾਰ ਪੜ੍ਹ ਕੇ ਨਹੀਂ ਸੁਣਾਇਆ।

ਸ਼ਾਇਦ ਉਹਦੀਆਂ ਅੱਖਾਂ ਸਾਹਵੇਂ ਫਾਸ਼ੀਵਾਦ ਦੇ ਉਸ ਦੌਰ ਦਾ ਇਹ ਇਸ਼ਤਿਹਾਰ ਘੁੰਮ ਰਿਹਾ ਹੋਊ: ਇੱਥੇ ਸਿਆਸਤ ਦੀ ਗੱਲ ਕਰਨਾ ਮਨ੍ਹਾ ਹੈ।

ਸਰੀਰਕ ਸਿੱਖਿਆ ਦੇ ਇਮਤਿਹਾਨ ਮੌਕੇ ਸਾਡੇ ਇੱਕ ਅਧਿਆਪਕ ਨੇ ਸਾਡੇ ਵੱਲ ਇੱਕ ਗੇਂਦ ਵਗਾਹ ਕੇ ਮਾਰਦਿਆਂ ਕਿਹਾ : 'ਬਾਸਕਟਬਾਲ ਖੇਡੋ।' ਪਰ ਸਾਨੂੰ ਇਹ ਖੇਡ ਖੇਡਣੀ ਨਹੀਂ ਆਉਂਦੀ ਸੀ। ਅਧਿਆਪਕ ਨੇ ਸਾਡੇ ਵੱਲ ਫਿਟਲਾਹਨਤ ਦੀ ਤੱਕਣੀ ਨਾਲ ਤੱਕਿਆ, ਇਉਂ ਲੱਗਦਾ ਸੀ ਜਿਵੇਂ ਕਹਿ ਰਿਹਾ ਹੋਵੇ- 'ਬੇਚਾਰੇ!' ਉਹ ਅਧਿਆਪਕ ਵੀ ਥੋੜੇ 'ਚੋਂ ਈ ਆ। ਉਹਦੇ ਲਈ ਰਵਾਇਤੀ ਆਚਾਰ-ਵਿਹਾਰ 'ਚ ਨਿਪੁੰਨ ਹੋਣਾ ਐਨਾ ਮਾਅਨੇ ਰੱਖਦਾ ਆ। ਉਸਨੇ ਹੈੱਡਮਾਸਟਰ ਨੂੰ ਕਿਹਾ ਕਿ ਇਹਨਾਂ ਨੇ ਕਿਸੇ ਵੀ ਕਿਸਮ ਦੀ 'ਸਰੀਰਕ ਸਿੱਖਿਆ' ਗ੍ਰਹਿਣ ਨਹੀਂ ਕੀਤੀ, ਇਸਲਈ ਇਹਨਾਂ ਨੂੰ ਇਮਤਿਹਾਨ ਦੁਬਾਰਾ ਦੇਣਾ ਪਊ।

ਉਸ ਅਧਿਆਪਕ ਲਈ ਇਹ ਗੱਲ ਕੋਈ ਮਾਅਨੇ ਨਹੀਂ ਰੱਖਦੀ ਕਿ ਅਸੀਂ ਸ਼ਾਹਬਲੂਤ (ਯੂਰਪੀ ਮੁਲਕਾਂ ਅੰਦਰ ਬਹੁਤ ਲੰਬਾ ਤੇ ਮਜ਼ਬੂਤ ਦਰੱਖਤ ਓਕ) ਦੇ ਰੁੱਖ 'ਤੇ ਚੜ੍ਹ ਸਕਦੇ ਹਾਂ। ਉਸ 'ਤੇ ਚੜ੍ਹ ਕੇ ਅਸੀਂ ਆਪਣੇ ਦੋਨਾਂ ਹੱਥਾਂ 'ਚ ਕੁਹਾੜੀ ਫੜ ਕੁਅੰਟਲ ਪੱਕੇ ਭਾਰ ਵਾਲੀ ਟਾਹਣੀ ਨੂੰ ਵੱਢ ਕੇ ਤੇ ਫਿਰ ਉਸ ਟਾਹਣੀ ਨੂੰ ਬਰਫ਼ ਉੱਤੋਂ ਦੀ ਘੜੀਸਦਿਆਂ ਆਪਣੀ ਮਾਂ ਦੇ ਚੁੱਲ੍ਹੇ ਮੂਹਰੇ ਲਿਜਾ ਕੇ ਟਿਕਾ ਸਕਦੇ ਹਾਂ।




ਫਲੋਰੈਂਸ ਸ਼ਹਿਰ ਦੇ ਇੱਕ ਬੰਦੇ ਬਾਰੇ ਮੈਨੂੰ ਪਤਾ ਲੱਗਿਆ ਹੈ ਕਿ ਉਹ ਆਪਣੇ ਘਰ ਦੀ ਉੱਪਰਲੀ ਮੰਜ਼ਲ 'ਤੇ ਜਾਣ ਲਈ ਤਾਂ ਲਿਫਟ ਵਰਤਦਾ ਹੈ ਪਰ ਉਹਨੇ ਇੱਕ ਮਹਿੰਗਾ ਜਿਹਾ ਯੰਤਰ (ਜੁਗਾੜ) ਖਰੀਦ ਕੇ ਲਿਆਂਦਾ ਹੋਇਆ ਹੈ ਜੀਹਨੂੰ ਚਲਾ ਕੇ ਉਹ ਕਿਸ਼ਤੀ ਚਲਾਉਣ ਦਾ ਸਵਾਂਗ ਰਚਦਾ ਹੈ। ਸਰੀਰਕ ਸਿੱਖਿਆ ਦੇ ਪੇਪਰਾਂ 'ਚ ਨੰਬਰ ਦੇਣ ਲੱਗੇ ਤਾਂ ਤੁਸੀਂ ਅਜਿਹੇ ਬੰਦੇ ਨੂੰ ਪਹਿਲਾ ਦਰਜਾ ਦੇ ਦਿੰਦੇ ਹੋ।

ਇਹ ਕੋਈ ਨਾਵਲ ਦਾ ਅਧਿਆਏ ਨਹੀਂ ਹੈ। ਇਹ ਇੱਕ ਨਿੱਕੀ ਜਿਹੀ ਕਿਤਾਬ ਦੇ ਨਿੱਕੇ-ਨਿੱਕੇ ਅੰਸ਼ ਹਨ। ਕੋਈ ਚੁਟਕਲੇ ਨਹੀਂ ਹਨ, ਨਾ ਹੀ ਹਨ-ਇਸ 'ਚ ਕਬਿੱਤ। ਇਹ ਕਿਤਾਬ ਅਜਿਹੇ ਸੈਂਕੜੇ ਅੰਸ਼ਾਂ ਨਾਲ ਭਰੀ ਪਈ ਹੈ। ਕੋਈ ਇੱਕ ਬੰਦੇ ਦੀ ਇਹ ਕਹਾਣੀ ਨਹੀਂ ਹੈ। ਇਸ ਜਹਾਨ 'ਚ ਰਹਿਣ ਵਾਲਾ ਹਰ ਸ਼ਖਸ ਹੀ ਇਸ ਦਾ ਕਿਰਦਾਰ ਹੈ। ਕਿਤਾਬ ਨੂੰ ਪੜ੍ਹਨ ਬੈਠਣ ਦੀ ਹੀ ਦੇਰ ਹੈ ਕਿ ਤੁਸੀਂ ਇਸਨੂੰ ਪੜ੍ਹ ਕੇ ਮੁਕਾਇਆਂ ਬਿਨਾਂ ਰੁਕ ਹੀ ਨਹੀਂ ਸਕਦੇ।

ਲੱਗਭੱਗ ਸੌ ਕੁ ਸਫਿਆਂ ਦੀ ਮੂਲ ਰੂਪ 'ਚ ਇਤਾਲਵੀ ਭਾਸ਼ਾ ਦੀ 1966-67 'ਚ ਛਪੀ ਇਹ ਕਿਤਾਬ ਮੁੱਖ ਰੂਪ 'ਚ ਗੱਲ ਕਰਦੀ ਹੈ- ਰਵਾਇਤੀ ਵਿੱਦਿਅਕ ਢਾਂਚੇ ਦੀ, ਵਿਦਿਆਰਥੀਆਂ ਦੀ ਯੋਗਤਾ ਦੀ, ਉਹਨਾਂ ਦੇ ਪਰਵਾਰਕ ਪਿਛੋਕੜ ਦੀ, ਉਹਨਾਂ ਨੂੰ ਪੜ੍ਹਨ ਲਈ ਮਿਲਣ ਵਾਲੀਆਂ ਸਹੂਲਤਾਂ ਦੀ, ਉਹਨਾਂ ਨਾਲ ਹੁੰਦੇ ਭੇਦਭਾਵ ਦੀ, ਉਹਨਾਂ ਦੇ ਪਰਵਾਰਾਂ ਦੀ ਆਰਥਿਕ-ਸਮਾਜਿਕ ਹੈਸੀਅਤ ਦੀ, ਉਹਨਾਂ ਦੀਆਂ ਟਿਊਸ਼ਨਾਂ ਦੀ, ਭਾਸ਼ਾ ਦੀ, ਬੋਲੀ ਦੀ, ਗਣਿਤ ਦੀ, ਅਲਜ਼ਬਰੇ ਦੀ, ਖੇਤਾਂ ਦੀ, ਅਧਿਆਪਕਾਂ ਦੀ ਤੇ ਉਹਨਾਂ ਨੂੰ ਪੜ੍ਹਾਏ ਜਾਣ ਵਾਲੇ ਸਿਲੇਬਸਾਂ ਦੀ, ਲੋਕ ਸਰੋਕਾਰਾਂ ਦੀ, ਮਜ਼ਦੂਰਾਂ ਦੀ ਤੇ ਉਹਨਾਂ ਦੇ ਬੱਚਿਆਂ ਦੀ ਜਿਹੜੇ ਪੜ੍ਹਨ ਲਈ ਰਵਾਇਤੀ ਸਕੂਲਾਂ 'ਚ ਜਾਂਦੇ ਹਨ, ਕਿਸਾਨਾਂ ਦੇ ਬੱਚਿਆਂ ਦੀ, ਪਾਦਰੀਆਂ ਦੇ ਰੋਲ ਦੀ, ਬਾਈਬਲ ਦੀ, ਲੈਟਿਨ ਭਾਸ਼ਾ ਦੀ, ਯੂਨਾਨੀ ਭਾਸ਼ਾ ਦੀ, ਫਾਸ਼ੀਵਾਦ ਦੀ। ਇਸ ਕਿਤਾਬ ਵਿਚਲੀ ਸਾਰੀ ਸਮੱਗਰੀ ਦੇ ਵਿਸ਼ਿਆਂ ਨੂੰ ਇਸ ਛੋਟੀ ਜਿਹੀ ਲਿਖਤ ਅੰਦਰ ਟੋਹਿਆ ਵੀ ਨਹੀਂ ਜਾ ਸਕਦਾ।

ਅਧਿਆਪਕ ਦੇ ਨਾਂਅ ਖ਼ਤ ਨਾਂਅ ਦੀ ਇਹ ਛੋਟੀ ਜਿਹੀ ਪੁਸਤਕਾ ਸਾਨੂੰ ਉਹਨਾਂ ਹਾਲਤਾਂ ਦੇ ਰੂਬਰੂ ਕਰ ਦਿੰਦੀ ਹੈ, ਜਿਹੜੇ ਹਰ ਗਰੀਬ ਮੁਲਕ ਦੇ ਬਸ਼ਿੰਦਿਆਂ ਦੇ ਬੱਚੇ ਝੱਲ ਰਹੇ ਹਨ। ਇਹ ਕਿਤਾਬ ਸਿਰਫ ਬੱਚਿਆਂ ਦੀ ਤ੍ਰਾਸਦੀ ਹੀ ਬਿਆਨ ਨਹੀਂ ਕਰਦੀ, ਬਲਕਿ ਇਸ ਤ੍ਰਾਸਦੀ ਦੇ ਪਿੱਛੇ ਛਿਪੇ ਕਾਰਨਾਂ 'ਤੇ ਵੀ ਉਂਗਲ ਧਰਦੀ ਹੈ ਤੇ ਅਖੀਰ 'ਚ ਹਰ ਸੰਭਵ ਵਿਸ਼ੇ 'ਤੇ ਆਪਣੇ ਸੁਝਾਅ ਵੀ ਦਿੰਦੀ ਹੈ।

ਪੁਸਤਕ ਵਿਚਲੀ ਭਾਸ਼ਾ ਦਾ ਪ੍ਰਵਾਹ ਬਹੁਤ ਸਹਿਜ ਹੈ। ਪਾਣੀ ਦੀ ਰਵਾਨਗੀ ਵਾਲੀ ਵਾਰਤਕ ਹੈ। ਕੋਈ ਗੁੰਝਲਦਾਰ ਸ਼ਬਦ-ਜਾਲ ਨਹੀਂ ਹੈ। ਲੋਕਾਂ ਦੀ ਸਮਝ 'ਚ ਆਉਣ ਵਾਲੀ ਬੋਲੀ ਵਰਤੀ ਗਈ ਹੈ।

ਇਹ ਗੱਲ ਨਹੀਂ ਕਿ ਇਹਦੇ ਅੰਦਰ ਕੋਈ ਬਿਨਾਂ ਸਿਰਪੈਰ ਤੋਂ ਹੀ ਗੱਲਾਂ ਕਹੀਆਂ ਗਈਆਂ ਹਨ। ਆਪਣੀ ਗੱਲ ਨੂੰ ਵਾਜਬੀਅਤ ਬਖਸ਼ਣ ਲਈ ਅੰਕੜੇ ਤੇ ਸਾਰਣੀਆਂ ਦਿੱਤੀਆਂ ਗਈਆਂ ਹਨ। ਅਧਿਆਪਕਾਂ ਦੀ ਪੜ੍ਹਾਈ 'ਤੇ ਵੀ ਸਿਰਜਣਾਤਮਕ ਟੀਕਾ ਕੀਤਾ ਗਿਆ ਹੈ ਕਿ ਕਿਵੇਂ ਇਹ ਸਿੱਖਿਆ ਹਕੀਕਤਾਂ ਤੋਂ ਕੋਹਾਂ ਦੂਰ ਹੈ।

ਇਹਦੇ 'ਚ ਹੈਰਾਨ ਹੋਣ ਵਾਲੀ ਗੱਲ ਹੈ ਕਿ ਇਸ ਪੁਸਤਕ ਦੇ ਰਚੈਤਾ ਕੋਈ ਬਹੁਤੀ ਉੱਚ-ਦਰਜੇ ਦੀ ਪੜ੍ਹਾਈ ਕਰਕੇ ਕਿਸੇ ਯੂਨੀਵਰਸਿਟੀਆਂ 'ਚ ਲੱਗੇ ਪ੍ਰੋਫੈਸਰ ਆਦਿ ਜਾਂ ਮਸ਼ਹੂਰ ਕਾਲਜਾਂ ਦੇ ਵਿਦਿਆਰਥੀ/ਅਧਿਆਪਕ ਨਹੀਂ ਹਨ। ਇਹ ਤਾਂ ਤੇਰਾਂ ਤੋਂ ਪੰਦਰਾਂ ਸਾਲਾਂ ਦੇ ਵਿਚਵਿਚਾਲੜੀ ਉਮਰ ਦੇ ਅੱਠ ਚੋਬਰ ਹਨ। ਜਿਹੜੇ ਇਟਲੀ ਦੇ ਮਸ਼ਹੂਰ ਸ਼ਹਿਰ ਫਰਾਂਸਿਸ ਸ਼ਹਿਰ ਤੋਂ ਪੰਜਾਹ ਕਿਲੋਮੀਟਰ ਦੂਰਦਰਾਜ ਦੇ ਦੁਰਗਮ ਰਾਹਾਂ ਵਾਲੇ ਪਹਾੜਾਂ 'ਚ ਸਥਿਤ ਬਾਰਬੀਆਨਾ ਪਿੰਡ ਦੇ ਸਕੂਲ ਦੇ ਵਿਦਿਆਰਥੀ ਹਨ। ਇਸੇ ਪਿੰਡ ਦੇ ਨਾਂਅ 'ਤੇ ਹੀ ਇਸ ਕਿਤਾਬ ਦਾ ਉੱਪ ਸਿਰਲੇਖ ਬਾਰਬੀਆਨਾ ਸਕੂਲ ਦੇ ਬੱਚੇ ਰੱਖਿਆ ਗਿਆ ਹੈ। ਇਹਨਾਂ ਵਿਦਿਆਰਥੀਆਂ ਨੂੰ ਸਰਕਾਰੀ ਸਕੂਲਾਂ ਵਾਲੀਆਂ ਕੋਈ ਸਹੂਲਤਾਂ ਉਪਲੱਬਧ ਨਹੀਂ ਸਨ। ਬਾਰਬੀਆਨਾ ਸਕੂਲ 'ਚ ਉਹ ਬੱਚੇ ਹੀ ਪੜ੍ਹਨ ਲਈ ਆਏ ਸਨ, ਜਿਹਨਾਂ ਨੂੰ ਜਾਂ ਤਾਂ ਸਰਕਾਰੀ ਸਕੂਲਾਂ ਵਿੱਚ ਪੜ੍ਹਾਏ ਜਾਣ ਵਾਲੇ ਵਿਸ਼ਿਆਂ 'ਚ ਜਮ੍ਹਾ ਈ ਕੋਈ ਰੁਚੀ ਨਹੀਂ ਸੀ ਜਾਂ ਫਿਰ ਉਹਨਾਂ ਨੂੰ ਇਹਨਾਂ ਸਕੂਲਾਂ 'ਚ ਫੇਲ੍ਹ ਕਰ ਦਿੱਤਾ ਗਿਆ ਸੀ। ਇਹਨਾਂ ਬੱਚਿਆਂ ਨੂੰ ਤੰਗ ਤੇ ਨਿਰਉਤਸ਼ਾਹਤ ਕੀਤਾ ਗਿਆ ਸੀ, ਪਰ ਇਹਨਾਂ ਹੀ ਬੱਚਿਆਂ ਨੂੰ ਲੈ ਕੇ ਇਸ ਪਿੰਡ 'ਚ ਸਥਿਤ ਚਰਚ ਦੇ ਪਾਦਰੀ ਫਾਦਰ ਡਾੱਨ

● **ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ**

## ਸਾਹਿਤ ਤੇ ਸਮਾਜ : ਵਿਭਿੰਨ ਸਰੋਕਾਰ

(ਆਲੋਚਨਾ)
**ਡਾ. ਜਸਵਿੰਦਰ ਕੌਰ ਬਿੰਦਰਾ**
**ਮੁੱਲ : 300, ਸਫ਼ੇ : 176**
**ਸਾਹਿਤਯਸ਼ਿਲਾ ਪ੍ਰਕਾਸ਼ਨ, ਦਿੱਲੀ**

ਜਿਵੇਂ ਸਾਹਿਤ ਦਾ ਸਿੱਧਾ ਸੰਬੰਧ ਸਮਾਜ ਨਾਲ ਹੁੰਦਾ ਹੈ, ਉਸੇ ਤਰ੍ਹਾਂ ਆਲੋਚਨਾ ਦਾ ਸਬੰਧ ਸਾਹਿਤ ਨਾਲ ਹੁੰਦਾ ਹੈ। ਸਾਹਿਤ ਅਤੇ ਸਮਾਜ ਦੇ ਸਰੋਕਾਰਾਂ ਨਾਲ ਜੋੜ ਕੇ ਜਸਵਿੰਦਰ ਕੌਰ ਬਿੰਦਰਾ ਹੁਰਾਂ ਕੁਝ ਲੇਖ ਲਿਖੇ ਹਨ, ਜਿਨ੍ਹਾਂ ਨੂੰ ਹੱਥਲੀ ਪੁਸਤਕ ਵਿੱਚ ਪ੍ਰਕਾਸ਼ਤ ਕੀਤਾ ਗਿਆ ਹੈ। ਡਾ. ਬਿੰਦਰਾ ਕਈ ਸਾਲਾਂ ਤੋਂ ਕਹਾਣੀ, ਨਾਵਲ ਤੇ ਕਵਿਤਾ ਦੀ ਸਮੀਖਿਆ ਕਰਦੀ ਆ ਰਹੀ ਹੈ। ਮਾਨਵੀ ਮੁੱਲਾਂ ਨੂੰ ਲੈ ਕੇ ਉਹ ਰਚਨਾ ਦੀਆਂ ਅੰਦਰੂਨੀ ਪਰਤਾਂ ਦਾ ਵਿਸ਼ਲੇਸ਼ਣ ਕਰਦੀ ਹੈ। ਉਸ ਦੀ ਆਲੋਚਨਾ ਦਾ ਮੁੱਖ ਝੁਕਾਅ ਭਾਵੇਂ ਵਿਆਖਿਆ ਮੂਲਕ ਹੁੰਦਾ ਹੈ ਪ੍ਰੰਤੂ ਉਹ ਰਚਨਾ ਦੀਆਂ ਖਾਮੋਸ਼ ਧੁੰਨੀਆਂ ਨੂੰ ਸਾਦੀ ਭਾਸ਼ਾ ਵਿੱਚ ਪੇਸ਼ ਕਰਨ ਦੀ ਮੁਹਾਰਤ ਰੱਖਦੀ ਹੈ। ਉਹ ਪੁਸਤਕ ਦੇ ਲਿਖੇ 'ਦੋ ਸ਼ਬਦ' ਵਿੱਚ ਵੀ ਕਹਿੰਦੀ ਹੈ ਕਿ ਮੈਂ ਪੰਜਾਬੀ ਸਾਹਿਤ ਦੀ ਹਰ ਵੰਨਗੀ ਉਤੇ ਲਿਖਿਆ ਤੇ ਖਾਸ ਕਰ ਕਹਾਣੀ, ਨਾਵਲ ਦੇ ਵਿਸ਼ਲੇਸ਼ਣ ਤੇ ਡੂੰਘੀਆਂ ਪਰਤਾਂ ਨੂੰ ਫਰੋਲਣ ਵਿੱਚ ਮਹਾਰਤ ਹਾਸਲ ਕੀਤੀ।




ਇਸ ਪੁਸਤਕ ਦੇ ਡਾ. ਬਿਦਰਾ ਨੇ ਦੋ ਭਾਗ ਕੀਤੇ ਹਨ। ਪਹਿਲੇ ਭਾਗ ਵਿੱਚ ਉਹ ਲੇਖ ਸ਼ਾਮਿਲ ਕੀਤੇ ਗਏ ਹਨ ਜਿਹੜੇ ਵੱਖ ਵੱਖ ਵਿਸ਼ਿਆ ਨਾਲ ਸਬੰਧ ਰੱਖਦੇ ਹਨ। ਬੱਚੇ ਅਤੇ ਸਾਹਿਤ, ਭਾਰਤ ਬਾਰੇ ਖੋਜ, ਵਾਤਾਰਵਣ ਤੇ ਸਾਹਿਤ, ਮਹਾਤਮਾ ਗਾਂਧੀ, ਮਹਿਲਾਵਾਂ ਦੀ ਸਥਿਤੀ, ਨੇਤਰਦਾਨ, ਭਾਰਤ ਛੱਡੋ ਅੰਦੋਲਨ, ਸਾਹਿਤ ਅਤੇ ਮੀਡੀਆ, ਸਦਭਾਵਨਾ, ਸਿੱਖ ਇਸਤਰੀਆਂ, ਨਾਰੀ ਸਸ਼ਕਤੀਕਰਣ ਆਦਿ ਵਿਸ਼ਿਆ ਉੱਤੇ ਪੁਸਤਕ ਵਿੱਚ ਲੇਖ ਹਨ।

'ਬੱਚੇ ਸਾਹਿਤ ਅਤੇ ਕਲਾ ਖੇਤਰ' ਉਸ ਦਾ ਬਾਲ ਮਨੋਵਿਗਿਆਨ ਨੂੰ ਸਮਝਣ ਵਾਲਾ ਮਹੱਤਵਪੂਰਨ ਲੇਖ ਹੈ। ਲੇਖਕ ਦੱਸਦੀ ਹੈ ਕਿ ਕਿਵੇਂ ਬੱਚਿਆਂ ਦਾ ਮਾਨਸਿਕ ਵਿਕਾਸ ਕੀਤਾ ਜਾ ਸਕਦਾ ਹੈ ਅਤੇ ਕਿਵੇਂ ਬੱਚਿਆ ਅੰਦਰ ਉਸਾਰੂ ਰੁੱਚੀਆਂ ਪੈਦਾ ਕੀਤੀਆਂ ਜਾ ਸਕਦੀਆਂ ਹਨ। ਬਾਲ ਸਾਹਿਤ ਬੱਚਿਆਂ ਦੀ ਬੌਧਿਕ ਸਮਰੱਥਾ ਵਧਾ ਸਕਦਾ ਹੈ। ਲੇਖਕ ਇਹ ਵੀ ਧਾਰਨਾ ਦਿੰਦੀ ਹੈ ਕਿ ਬੱਚੇ ਮੋਬਾਇਲ, ਕੰਪਿਊਟਰ ਤੇ ਸਾਹਿਤ ਨਾਲ ਜੁੜ ਕੇ ਵੱਡੀਆਂ ਮੱਲਾਂ ਮਾਰ ਸਕਦੇ ਹਨ। ਭਾਰਤ ਦੇ ਨਾਮਕਰਣ ਬਾਰਾ 'ਭਾਰਤਨਾਮਾ-ਭਾਰਤ ਨਾਂ ਦੀ ਖੋਜ' ਲੇਖ ਵਿੱਚ ਜ਼ਿਕਰ ਕੀਤਾ ਹੈ। 'ਬੀਬੀ ਵੀਰੋ-ਸਪੁੱਤਰੀ ਤੋਂ ਮਾਤਾ ਤੱਕ ਦਾ ਸਫ਼ਰ' ਲੇਖ 'ਚ ਛੇਵੇਂ ਗੁਰੂ ਹਰਿਗੋਬਿੰਦ ਦੀ ਸਪੁੱਤਰੀ 'ਬੀਬੀ ਵੀਰੋ' ਦਾ ਜੀਵਨ ਸਫ਼ਰ ਬਿਆਨ ਕੀਤਾ ਹੈ। 'ਸਿੱਖ ਇਸਤਰੀਆਂ' ਵਾਲੇ ਲੇਖ ਵਿੱਚ ਸਿੱਖ ਨਾਰੀਆਂ ਨੂੰ ਪਰੰਪਰਾ, ਵਿਰਸਾ ਤੇ ਸਮਕਾਲ ਦੇ ਸੰਦਰਭ ਵਿੱਚ ਸਮਝਿਆ ਹੈ। 'ਵਾਤਾਵਰਣ ਅਤੇ ਸਾਹਿਤ' ਲੇਖ ਵਿੱਚ ਗੁਰਬਾਣੀ ਦੇ ਹਵਾਲਿਆਂ ਨਾਲ ਆਪਣੀਆਂ ਕੁਝ ਧਾਰਨਾਵਾਂ ਪੇਸ਼ ਕੀਤੀਆਂ ਹਨ। 'ਮਹਾਤਮਾ ਗਾਂਧੀ-ਜੀਵਨ ਤੇ ਦਰਸ਼ਨ' ਲੇਖ ਗਾਂਧੀ ਜੇ ਜੀਵਨ ਦਰਸ਼ਨ ਨੂੰ ਪੇਸ਼ ਕਰਦਾ ਹੈ। 'ਭਾਰਤ ਛੱਡੋ ਅੰਦੋਲਨ' ਲੇਖ 'ਚ ਵੀ ਲੇਖਕਾਂ ਨੇ ਗਾਂਧੀ ਦੇ ਸੰਦਰਭ ਵਿੱਚ ਸਮਝਣ ਦਾ ਉਪਰਾਲਾ ਕੀਤਾ ਹੈ। 'ਮਹਿਲਾਵਾਂ ਦਾ ਉਚਿਤ ਸਥਾਨ' ਲੇਖ ਬਜ਼ਾਰਵਾਦ, ਭੋਗਵਾਦੀ ਰੁਚੀਆਂ, ਚੈਨਲਾਂ ਦੀ ਚਕਾਚੌਂਧ ਦੀ ਗ੍ਰਫਿਤ, ਪਰਿਵਾਰ, ਔਰਤਾਂ ਦਾ ਗਲੈਮਰ ਜੀਵਨ ਆਦਿ ਮੁੱਦਿਆਂ ਦੇ ਸੰਦਰਭ ਵਿੱਚ ਨਾਰੀ ਦੇ ਅਸਤਿਤਵ ਦਾ ਵਿਸ਼ਲੇਸ਼ਣ ਕੀਤਾ ਗਿਆ ਹੈ। 'ਨਾਰੀ ਸਸ਼ਕਤੀਕਰਣ ਤੇ ਸਮਾਜਕ ਬਰਾਬਰੀ' ਲੇਖ ਵਿੱਚ ਨਾਰੀ ਹੋਂਦ ਦੀ ਪੜਚੋਲ ਕੀਤੀ ਗਈ ਹੈ। ਅਗਲੇ ਲੇਖਾਂ ਵਿੱਚ ਨੇਤਰਦਾਨ ਨੂੰ ਸਮਝਣ ਦਾ ਯਤਨ ਕੀਤਾ ਗਿਆ। 'ਭਾਰਤ ਸਾਹਿਤ ਅਤੇ ਮੀਡੀਆ' ਵਿੱਚ ਸਾਹਿਤ ਦਾ ਮੀਡੀਏ ਵਿੱਚ ਸਥਾਨ ਬਾਰੇ ਚਰਚਾ ਕੀਤੀ ਗਈ ਹੈ। ਜੇਕਰ ਇਨ੍ਹਾਂ ਲੇਖਾਂ ਨੂੰ ਡਾ. ਬਿੰਦਰਾ ਹੋਰ ਵਿਸਥਾਰ ਦੇ ਦਿੰਦੀ ਤਾਂ ਲੇਖਾਂ ਵਿੱਚ ਕਈ ਪੱਖ ਵਿਸਥਾਰ ਨਾਲ ਸਮੇਟੇ ਜਾ ਸਕਦੇ ਸਨ।

ਦੂਜੇ ਭਾਗ ਵਿੱਚ ਪੰਜਾਬੀ ਕਹਾਣੀ ਨਾਲ ਸਬੰਧਤ ਲੇਖ ਮਹੱਤਵਪੂਰਨ ਹਨ। 'ਇੱਕਵੀਂ ਸਦੀ ਦੀ ਪੰਜਾਬੀ ਕਹਾਣੀ ਵਿਚਲੇ ਨਾਰੀ ਸਰੋਕਾਰ' ਵਿੱਚ ਨਾਰੀ ਦੀ ਪੰਜਾਬੀ ਕਹਾਣੀ ਵਿੱਚ ਸਪੇਸ ਦਾ ਵਿਸ਼ਲੇਸ਼ਣ ਕੀਤਾ ਹੈ। ਕੁਝ ਕਹਾਣੀਆਂ ਦੇ ਹਵਾਲਿਆਂ ਨਾਲ ਉਸ ਨੇ ਆਪਣੀਆਂ ਧਾਰਨਾਵਾਂ ਪੇਸ਼ ਕੀਤੀਆਂ ਹਨ। 'ਕਹਾਣੀ ਰਚਣ ਤੇ ਪਰਖਣ ਸੰਬੰਧੀ' ਲੇਖ ਵਿੱਚ ਕੁਝ ਨਵੇਂ ਵਿਸ਼ੇ, ਨਵੇਂ ਕਰਾਫਟ ਅਤੇ ਨਵੇਂ ਪਾਤਰਾਂ ਵਾਲੀਆਂ ਕਹਾਣੀਆਂ ਦੇ ਹਵਾਲਿਆਂ ਨੇ ਜ਼ਿਕਰ ਕੀਤਾ ਹੈ। 'ਸਮਲਿੰਗੀ ਸੰਬੰਧਾਂ ਦੀਆਂ ਪਰਤਾਂ ਹੇਠ' ਲੇਖ ਮਹੱਤਵਪੂਰਨ ਹੈ। ਡਾ. ਬਿੰਦਰਾ ਨੇ ਹਿੰਦੀ ਤੇ ਪੰਜਾਬੀ ਕਹਾਣੀਆਂ ਦੇ ਹਵਾਲਿਆਂ ਨਾਲ ਇਸ ਵਰਤਾਰੇ ਨੂੰ ਸਮਝਣ ਦਾ ਯਤਨ ਕੀਤਾ ਹੈ। ਲੇਖਕ ਬੜੀ ਸਮਰੱਥਾ ਨਾਲ ਇਨ੍ਹਾਂ ਵਿਸ਼ਿਆ ਨੂੰ ਪੇਸ਼ ਕਰ ਰਹੇ ਹਨ। 'ਪੰਜਾਬੀ ਕਹਾਣੀ ਸੰਬੰਧੀ ਕੁਝ ਵਿਚਾਰ' ਲੇਖ ਵਿੱਚ ਬਿੰਦਰਾ ਹੁਰਾਂ ਪੰਜਾਬੀ ਕਹਾਣੀ ਦੇ ਮੁੱਖ ਟਰੈਂਡਾ ਦਾ ਅਧਿਐਨ ਕੀਤਾ ਹੈ। ਪੰਜਾਬੀ ਕਹਾਣੀ ਵਿੱਚ ਆ ਰਹੇ ਤਿੰਨ ਨੁਕਤਿਆ ਦੀ ਗੱਲ ਕੀਤੀ ਗਈ ਹੈ। ਪਹਿਲਾ ਨੁਕਤਾ ਬੋਲਡਾ ਵਿਸ਼ੇ, ਦੂਜਾ ਬੰਦੇ ਦੀ ਉੱਥਲ-ਪੁੱਥਲ, ਸੰਘਰਸ਼ ਤੇ ਟੁੱਟ ਭੱਜ ਤੀਜਾ ਦੈਹਿਕ ਸੰਬੰਧਾਂ ਦੀਆਂ ਵੱਖ ਵੱਖ ਪਰਤਾਂ, ਬੋਲਡਨਸ ਵਰਗੇ ਤੱਤਾਂ ਨੂੰ ਸਮਝਣ ਦਾ ਯਤਨ ਕੀਤਾ ਗਿਆ ਹੈ। ਕਾਹਲ, ਧੜੇਬੰਦੀ, ਪ੍ਰਮੋਸ਼ਨ ਵਰਗੇ ਵਰਤਾਰਿਆਂ ਦਾ ਜ਼ਿਕਰ ਵੀ ਲੇਖ ਵਿੱਚ ਕੀਤਾ ਗਿਆ ਹੈ। ਟਰੈਂਡ ਸੈੱਟ ਕਰਨ ਵਾਲੀਆਂ ਕਹਾਣੀਆਂ ਦੇ ਹਵਾਲੇ ਵੀ ਲੇਖ ਵਿੱਚ ਦਿੱਤੇ ਗਏ ਹਨ। ਲੇਖਕ ਇਹ ਗੱਲ ਵੀ ਸਵੀਕਾਰ ਕਰਦੀ ਹੈ ਕਿ ਕੋਈ ਵੀ ਕਹਾਣੀ ਨੂੰ ਸਥਾਪਿਤ ਨਹੀਂ ਕਰ ਸਕਦਾ। ਚੰਗੀ ਕਹਾਣੀ ਆਪਣੇ ਆਪ ਹੀ ਸਥਾਪਤ ਹੋ ਜਾਂਦੀ ਹੈ। ਇਸ ਭਾਗ ਵਿੱਚ ਕੁਝ ਕਿਤਾਬਾਂ ਬਾਰੇ ਲੇਖ ਵੀ ਹਨ। ਪਰਗਟ ਸਿੰਘ ਸਤੌਜ (ਨਾਚ ਫ਼ਰੋਸ਼), ਅਮਰਜੀਤ ਕੌਂਕੇ (ਬਚਿਆ ਰਹੇਗਾ ਸਾਰਾ ਕੁਝ), ਜਸਵੀਰ ਰਾਣਾ (ਮੈਂ ਤੇ ਮੇਰੀ ਖ਼ਾਮੋਸ਼ੀ), ਹਰਜੀਤ ਕੌਰ ਵਿਰਕ (ਇਕ ਟੋਟਾ ਜਨਮ ਭੂਮੀ, ਘੱਗਰ ਕੰਢੇ ਦੇ ਕਜ਼ਾਕ), ਜਸਵਿੰਦਰ ਰੱਤੀਆਂ (ਕੂੰਜਾਂ) ਆਦਿ ਨਾਵਲ / ਕਹਾਣੀਆਂ ਸੰਗ੍ਰਹਿਾ ਬਾਰੇ ਸਮੀਖਿਆ ਨਿਬੰਧ ਹਨ। ਸਮੁੱਚੀ ਪੁਸਤਕ ਵਿੱਚ ਇਹ ਪ੍ਰਭਾਵ ਉਭਰਦਾ ਹੈ ਕਿ ਡਾ. ਜਸਵਿੰਦਰ ਕੌਰ ਬਿੰਦਰਾ ਨੇ ਆਪਣੇ ਤਰੀਕੇ ਨਾਲ ਸਾਹਿਤ ਦੀ ਵਿਆਖਿਆ ਕੀਤੀ ਹੈ। ਉਹ ਵੱਖ ਵੱਖ ਵਾਦਾ ਦੇ ਅਧਾਰ ਤੇ ਸਾਹਿਤ ਦਾ ਵਿਸ਼ਲੇਸ਼ਣ ਨਹੀਂ ਕਰਦੀ ਬਲਕਿ ਉਹਦੀਆਂ ਆਪਣੀਆਂ ਧਾਰਨਾਵਾਂ ਤੇ ਟੂਲਜ਼ ਹਨ। ਜਿਨ੍ਹਾਂ ਵਿੱਚ ਸਾਦਗੀ ਲੁਕੀ ਹੋਈ ਹੈ। ਡਾ. ਬਿੰਦਰਾ ਇਕ ਸਿਰੜੀ ਕਲਮਕਾਰ ਹੈ।

**- ਡਾ. ਸੁਖਪਾਲ ਕੌਰ ਸਮਰਾਲਾ**
ਸੰਪਰਕ : 97797-18007

# ਪੁਸਤਕ ਰੀਵਿਊ

## ਕੁਆਰਨਟਾਈਨ ਅਤੇ ਹੋਰ ਕਹਾਣੀਆਂ

(ਅਨੁਵਾਦ ਅਤੇ ਸੰਪਾਦਨ)
**ਅਰਤਿੰਦਰ ਸੰਧੂ**
**ਪੰਨੇ: 157 ਮੁੱਲ : 400 ਰੁਪਏ**
**ਨਵਯੁੱਗ ਪਬਲਿਸ਼ਰਜ਼, ਨਵੀਂ ਦਿੱਲੀ**

ਅਰਤਿੰਦਰ ਸੰਧੂ 'ਏਕਮ' ਨਾਂਅ ਦੀ ਨਾਮਵਰ ਪੰਜਾਬੀ ਸਾਹਿਤਕ ਪੱਤ੍ਰਿਕਾ ਦੀ ਸੰਪਾਦਕਾ ਹੈ। ਇਸ ਮੈਗਜ਼ੀਨ ਵਿੱਚ ਛਾਪਣ ਲਈ ਉਸ ਨੇ ਜਿਨ੍ਹਾਂ ਕਹਾਣੀਆਂ ਦਾ ਅਨੁਵਾਦ ਕੀਤਾ, ਇਸ ਪੁਸਤਕ ਵਿੱਚ ਉਹਨਾਂ ਕਹਾਣੀਆਂ ਦਾ ਸੰਗ੍ਰਹਿ ਹੈ। ਇਹ ਕਹਾਣੀਆਂ ਹਿੰਦੀ ਮੈਗਜ਼ੀਨਾਂ ਜਾਂ ਪੁਸਤਕਾਂ ਵਿੱਚ ਪ੍ਰਕਾਸ਼ਤ ਹੋ ਚੁੱਕੀਆਂ ਹਨ ਅਤੇ ਇਹ ਕਹਾਣੀਆਂ ਵਸਤੂਵਾਦੀ ਯੁਗ ਵਿੱਚ ਸਮਾਜਿਕ ਕਦਰਾਂ-ਕੀਮਤਾਂ ਦੇ ਨਿਘਾਰ ਅਤੇ ਮਨੁੱਖੀ ਜੀਵਨ ਵਿੱਚ ਮਾਨਵੀ ਸੰਵੇਦਨਾਵਾਂ ਦੀਆਂ ਪਰਤਾਂ ਨੂੰ ਬਿਆਨ ਕਰਦੀਆਂ ਹਨ। ਹਿੰਦੀ ਦੇ ਨਾਮਵਰ ਕਹਾਣੀਕਾਰਾਂ ਦੀਆਂ 17 ਕਹਾਣੀਆਂ ਇਸ ਪੁਸਤਕ ਵਿੱਚ ਸ਼ਾਮਿਲ ਕੀਤੀਆਂ ਗਈਆਂ ਹਨ। ਮੁਕਤੀ ਬੋਧ (ਬ੍ਰਹਮਰਾਖਸ਼ ਦਾ ਸ਼ਾਗਿਰਦ ਅਤੇ ਕਲਾਡ ਈਥਰਲੀ), ਸੂਰਯਬਾਲਾ (ਸੂਬੇਦਾਰਨੀ ਦਾ ਪੋਤਾ ਅਤੇ ਸ਼ਰੀਕਣੀ) ਅਤੇ ਮਨੀਸ਼ ਵੈਦ (ਘੜੀਸਾਜ਼ ਅਤੇ ਖਿਰਨੀ) ਦੀਆਂ ਦੋ-ਦੋ ਕਹਾਣੀਆਂ ਇਹਨਾਂ 17 ਕਹਾਣੀਆਂ ਵਿੱਚ ਸ਼ਾਮਲ ਹਨ। ਇਸ ਤੋਂ ਇਲਾਵਾ ਅਸਗਰ ਵਜਾਹਤ (ਪੜ੍ਹਾਈ ਦੇ ਨੁਕਸਾਨ), ਰਜਿੰਦਰ ਸਿੰਘ ਬੇਦੀ (ਕੁਆਰਨਟਾਈਨ), ਫਹਿਮੀਦਾ ਰਿਆਜ਼ (ਝਨੂੰ ਨੂੰ ਚਿੱਠੀ ਮਿਲੀ), ਅਸ਼ੋਕ ਭੌਮਿਕ (ਜੀਵਨਪੁਰ ਹਾਟ ਜੰਕਸ਼ਨ-2), ਗਿਆਨਪ੍ਰਕਾਸ਼ ਵਿਵੇਕ (ਗਵਰਨੈਸ), ਸ਼ਿਵਾਨੀ (ਲਾਲ ਹਵੇਲੀ), ਸ਼ੇਖਰ ਜੋਸ਼ੀ (ਦਾਜੂ), ਕਮਲ (ਜਹੇਰਥਾਨ), ਰਵਿੰਦਰ ਕਾਤਯਾਯਨ (ਪਾਨੀ ਬਾਈ), ਕ੍ਰਿਸ਼ਨ ਕਲਪਿਤ (ਨਵਾਂ ਗਊਦਾਨ) ਅਤੇ ਅਨੁਕ੍ਰਿਤੀ ਉਪਾਧਿਆਇ (ਰੈਸਟ ਰੂਮ) ਦੀ ਇੱਕ ਇੱਕ ਕਹਾਣੀ ਇਸ ਸੰਗ੍ਰਹਿ ਵਿੱਚ ਸ਼ਾਮਲ ਹੈ। ਇਹਨਾਂ ਕਹਾਣੀਆਂ ਦੇ ਵਿਸ਼ਿਆਂ ਦੀ ਗੱਲ ਕੀਤਿਆਂ ਪਹਿਲੀ ਕਹਾਣੀ 'ਪੜ੍ਹਾਈ ਦੇ ਨੁਕਸਾਨ' ਅਸਗਰ ਵਜਾਹਤ ਦੁਆਰਾ ਵਿਅੰਗ ਰੂਪ ਵਿੱਚ ਲਿਖੀ ਕਹਾਣੀ ਹੈ, ਜੋ ਕਈ ਸੰਵੇਦਨਸ਼ੀਲ ਵਿਸਿਆਂ ਨੂੰ ਛੋਂਹਦੀ ਹੈ, ਜਦੋਂ ਕਿ ਦੂਜੀ ਕਹਾਣੀ ਰਜਿੰਦਰ ਸਿੰਘ ਬੇਦੀ ਦੀ ਕਹਾਣੀ 'ਕੁਆਰਨਟਾਈਨ' ਸੌ ਸਾਲ ਪਹਿਲਾਂ ਪਲੇਗ ਰੋਗ ਫੈਲਣ ਸਮੇਂ ਦੇ ਹਾਲਾਤਾਂ ਨੂੰ ਵਿਸ਼ਾ ਬਣਾ ਕੇ ਲਿਖੀ ਗਈ ਹੈ।




ਕਹਾਣੀ 'ਝਨੂੰ ਨੂੰ ਚਿੱਠੀ ਮਿਲੀ' ਅਸਲ ਵਿੱਚ ਉਰਦੂ ਕਹਾਣੀ ਹੈ, ਜਿਸ ਦਾ ਹਿੰਦੀ ਅਨੁਵਾਦ ਤੋਂ ਪੰਜਾਬੀ ਰੂਪ ਕੀਤਾ ਗਿਆ ਹੈ। ਇਹ ਕਹਾਣੀ ਧਰਮ ਦੀ ਕੱਟੜਤਾ ਅਤੇ ਔਰਤ ਦੀ ਸਥਿਤੀ ਦੀ ਗੱਲ ਕਰਦੀ ਹੈ, ਜਦੋਂ ਕਿ ਅਸ਼ੋਕ ਭੌਮਿਕ ਦੀ ਕਹਾਣੀ 'ਜੀਵਨਪੁਰ ਹਾਟ ਜੰਕਸ਼ਨ-2' 1984 ਵਿੱਚ ਹੋਏ ਦਿੱਲੀ ਦੰਗਿਆਂ 'ਤੇ ਅਧਾਰਤ ਹੈ। ਮੁਕਤੀ ਬੋਧ ਦੀ ਪਹਿਲੀ ਕਹਾਣੀ 'ਬ੍ਰਹਮਰਾਖਸ਼ ਦਾ ਸ਼ਾਗਿਰਦ' ਅਧਿਆਪਕ ਦੀਆਂ ਜ਼ਿੰਮੇਵਾਰੀਆਂ ਅਤੇ ਉਸ ਦੀਆਂ ਸਿੱਖਿਆਵਾਂ ਨੂੰ ਕੇਂਦਰ ਵਿੱਚ ਰੱਖ ਕੇ ਲਿਖੀ ਗਈ ਹੈ, ਜਦੋਂ ਕਿ ਉਸ ਦੇ ਦੂਸਰੀ ਕਹਾਣੀ 'ਕਲਾਡ ਈਥਰਲੀ' ਜਪਾਨ ਦੇ ਸ਼ਹਿਰ ਹੀਰੋਸ਼ੀਮਾ 'ਤੇ ਬੰਬ ਸੁੱਟੇ ਜਾਣ ਸਮੇਂ ਦੇ ਘਟਨਾਵਾਂ ਨੂੰ ਵਿਸ਼ਾ ਬਣਾਉਂਦੀ ਹੈ। ਸੂਰਯਬਾਲਾ ਦੀ ਪਹਿਲੀ ਕਹਾਣੀ 'ਸੂਬੇਦਾਰਨੀ ਦਾ ਪੋਤਾ' ਨੌਜਵਾਨਾਂ ਦੇ ਸੰਘਰਸ਼ਸ਼ੀਲ ਪਰਵਾਸੀ ਜੀਵਨ ਅਤੇ ਪਿੱਛੇ ਰਹਿ ਗਏ ਮਾਪਿਆਂ ਦੀ ਇਕੱਲਤਾ 'ਤੇ ਆਧਾਰਿਤ ਹੈ, ਜਦੋਂ ਕਿ ਉਸ ਦੀ ਦੂਸਰੀ ਕਹਾਣੀ 'ਸ਼ਰੀਕਣੀ' ਇੱਕ ਔਰਤ ਦੇ ਆਪਣੇ ਪਤੀ ਨੂੰ ਰੋਗ ਮੁਕਤ ਕਰਨ ਦੇ ਸੰਘਰਸ਼ ਦੀ ਕਹਾਣੀ ਹੈ। ਮਨੀਸ਼ ਵੈਦ ਦੀ ਕਹਾਣੀ 'ਘੜੀ ਸਾਜ਼' ਜੀਵਨ ਵਿੱਚ ਘੜੀ ਅਤੇ ਵਕਤ ਦੀ ਮਹੱਤਤਾ ਨੂੰ ਦਰਸਾਉਂਦੀ ਹੈ, ਜਦੋਂ ਕਿ ਉਸ ਦੀ ਦੂਸਰੀ ਕਹਾਣੀ 'ਖਿਰਨੀ' ਬਚਪਨ ਦੇ ਸਾਥੀਆਂ ਦੇ ਮੋਹ ਪਿਆਰ ਦੀ ਕਹਾਣੀ ਹੈ।

ਗਿਆਨ ਪ੍ਰਕਾਸ਼ ਵਿਵੇਕ ਦੀ ਕਹਾਣੀ 'ਗਵਰਨੈਸ' ਬਾਹਰੀ ਅਤੇ ਜ਼ਾਹਰੀ ਸੁੰਦਰਤਾ ਦੀ ਤੁਲਨਾ ਕਰਦੀ ਕਹਾਣੀ ਹੈ, ਜਦੋਂ ਕਿ ਸ਼ਿਵਾਨੀ ਦੇ ਕਹਾਣੀ 'ਲਾਲ ਹਵੇਲੀ' ਭਾਰਤ ਪਾਕਿਸਤਾਨ ਵੰਡ ਸਮੇਂ ਹੋਏ ਦੰਗਿਆਂ ਅਤੇ ਨੂੰ ਵਿਸ਼ਾ ਬਣਾਉਂਦੀ ਹੈ। ਸ਼ੇਖਰ ਜੋਸ਼ੀ ਦੀ ਕਹਾਣੀ 'ਦਾਜੂ' ਇੱਕ ਪਹਾੜੀ ਬਾਬੂ ਦੇ ਮੁੰਬਈ ਜਾ ਵਸਣ ਕੀਤੇ ਜਾਣ ਵਾਲੇ ਸੰਘਰਸ਼ ਦੀ ਕਹਾਣੀ ਹੈ, ਜਦੋਂ ਕਿ ਕਹਾਣੀ 'ਜਹੇਰਥਾਨ' ਬਾਸਕੋ ਨਾਂਅ ਦੇ ਆਦਿਵਾਸੀ ਦੇ ਮੁੰਬਈ ਜਾ ਉਥੋਂ ਦੀ ਜ਼ਿੰਦਗੀ ਨੂੰ ਅਪਣਾਉਣ ਦੀ ਕਹਾਣੀ ਹੈ। ਕਹਾਣੀ 'ਪਾਣੀ ਬਾਈ' ਪਾਣੀ ਦੇ ਸੰਕਟ ਨੂੰ ਚਿਤਰਤ ਕਰਦੀ ਹੈ ਅਤੇ ਕਹਾਣੀ 'ਨਵਾਂ ਗਊ ਦਾਨ' ਧਰਮ ਦੇ ਨਾਂਅ 'ਤੇ ਕੀਤੀ ਜਾਣ ਵਾਲੀ ਲੁੱਟ-ਖਸੁੱਟ ਨੂੰ ਵਿਸ਼ਾ ਬਣਾਇਆ ਹੈ। ਇਸ ਸੰਗ੍ਰਹਿ ਦੀ ਅੰਤਮ ਕਹਾਣੀ ਰੈੱਸਟ ਰੂਮ ਸਫ਼ਰ ਦੌਰਾਨ ਹੋਣ ਵਾਲੀਆਂ ਘਟਨਾਵਾਂ ਦੀ ਕਹਾਣੀ ਹੈ। ਇਸ ਢੰਗ ਨਾਲ਼ ਇਹ ਪੁਸਤਕ ਵਿਭਿੰਨ ਕਿਸਮ ਦੇ ਵਿਸ਼ਿਆਂ ਨੂੰ ਲੈ ਕੇ ਵਿਲੱਖਣਤਾਵਾਂ ਭਰਪੂਰ ਕਹਾਣੀਆਂ ਦਾ ਇਕ ਸੰਗ੍ਰਹਿ ਬਣ ਜਾਂਦਾ ਹੈ। ਪਾਠਕਾਂ ਦੇ ਭਰਪੂਰ ਹੁੰਗਾਰੇ ਦਾ ਆਸ ਕੀਤੀ ਜਾਂਦੀ ਹੈ।

**— ਡਾ. ਸੰਦੀਪ ਰਾਣਾ**

## ਚਿੜੀਆਂ ਬੋਲ ਪਈਆਂ...

(ਬਾਲ ਕਹਾਣੀ ਸੰਗ੍ਰਹਿ)
**ਡਾ. ਸਾਧੂ ਰਾਮ ਲੰਗੇਆਣਾ**
**ਸਫ਼ੇ : 80**
**ਲੋਕਗੀਤ ਪ੍ਰਕਾਸ਼ਨ, ਲੁਧਿਆਣਾ**

ਡਾ. ਸਾਧੂ ਰਾਮ ਲੰਗੇਆਣਾ ਦੀਆਂ ਰਚਨਾਵਾਂ ਅਕਸਰ ਵੱਖੋ-ਵੱਖਰੇ ਅਖ਼ਬਾਰਾਂ ਅਤੇ ਮੈਗਜ਼ੀਨਾਂ 'ਚ ਪ੍ਰਕਾਸ਼ਿਤ ਹੁੰਦੀਆਂ ਰਹਿੰਦੀਆਂ ਹਨ।ਪੰਜ ਤੋਂ ਬਾਰਾਂ ਸਾਲ ਆਯੂ ਗੁੱਟ ਲਈ ਸਿਰਜੀ ਗਈ ਇਸ ਹੱਥਲੀ ਪੁਸਤਕ 'ਚਿੜੀਆਂ ਬੋਲ ਪਈਆਂ' 'ਚ 22 ਬਾਲ ਕਹਾਣੀਆਂ ਦੀ ਸਾਂਝ ਹੈ। ਡਾ. ਸਾਧੂ ਰਾਮ ਲੰਗੇਆਣਾ ਦੀ ਇਹ ਦਸਵੀਂ ਮੌਲਿਕ ਪੁਸਤਕ ਹੈ।ਬਾਲ ਸਾਹਿਤ ਦੀ ਸਿਰਜਣਾ ਕਰਨਾ ਬਹੁਤ ਹੀ ਮਿਹਨਤ ਅਤੇ ਸੂਝ-ਬੂਝ ਭਰਭੂਰ ਕਾਰਜ ਹੈ।ਇਸ ਪੁਸਤਕ 'ਚ ਸ਼ਾਮਲ ਕਹਾਣੀਆਂ ਕਿਸੇ ਨਾ ਕਿਸੇ ਸੰਦੇਸ਼ ਨੂੰ ਮੁੱਖ ਰੱਖ ਕੇ ਸਿਰਜੀਆਂ ਗਈਆਂ ਹਨ ਜਿਹੜੀਆਂ ਕਿਸੇ ਨਾ ਕਿਸੇ ਸਮੱਸਿਆ ਨੂੰ ਉਭਾਰਦੀਆਂ ਹੋਈਆਂ ਉਹਨਾਂ ਨੂੰ ਹੱਲ ਕਰਨ ਵੱਲ ਸੰਕੇਤ ਕਰਦੀਆਂ ਹਨ। ਕਹਾਣੀ ਸੰਗ੍ਰਹਿ ਦੀਆਂ ਬਹੁਤੀਆਂ ਕਹਾਣੀਆਂ ਵੰਨ- ਸੁਵੰਨੇ ਜਨੌਰਾਂ ਨੂੰ ਆਧਾਰ ਬਣਾ ਕੇ ਸਿਰਜੀਆਂ ਗਈਆਂ ਹਨ।ਹਰ ਕਹਾਣੀ ਕੋਈ ਨਾ ਕੋਈ ਸਿੱਖਿਆ ਪ੍ਰਦਾਨ ਕਰਦੀ ਹੋਈ ਬਾਲਾਂ ਨੂੰ ਆਪਣੇ ਨਾਲ਼-ਨਾਲ਼ ਤੋਰਦੀ ਹੈ। ਜਿਵੇਂ ਕਿ 'ਅੱਪੂ ਅੰਕਲ ਤੇ ਜੰਗਲੀ ਚੂਹਾ' ਕਹਾਣੀ ਆਪਸੀ ਸਹਿਯੋਗ ਅਤੇ ਮਿਲਵਰਤਨ ਨੂੰ ਪ੍ਰੇਰਦੀ ਹੋਈ ਘੁਮੰਡ ਤੋਂ ਦੂਰ ਰਹਿਣ ਲਈ ਉਤਸ਼ਾਹਿਤ ਕਰਦੀ ਹੈ।ਇਸ ਪੁਸਤਕ ਦੀ ਮੁੱਖ ਕਹਾਣੀ 'ਚਿੜੀਆਂ ਬੋਲ ਪਈਆਂ' ਬਾਲਾਂ ਦੇ ਨਾਲ-ਨਾਲ਼ ਵੱਡਿਆਂ ਦੇ ਮਨਾਂ ਵਿੱਚ ਪੰਛੀਆਂ ਪ੍ਰਤੀ ਸਨੇਹ ਜਗਾਉਣ ਦੇ ਨਾਲ਼-ਨਾਲ਼ ਗਰਮੀਆਂ ਦੇ ਦਿਨਾਂ ਵਿੱਚ ਉਹਨਾਂ ਲਈ ਪਾਣੀ-ਦਾਣੇ ਦੇ ਪ੍ਰਬੰਧ ਲਈ ਸੇਧ ਦਿੰਦੀ ਹੈ। 'ਕਰਮਾਂ ਵਾਲ਼ੀ ਮਾਂ', 'ਮਿੰਟੂ ਦੀ ਪਤੰਗਬਾਜ਼ੀ' ਅਜੋਕੇ ਸਮੇਂ 'ਚ ਮਨਫ਼ੀ ਹੋ ਰਹੇ ਰਿਸ਼ਤਿਆਂ ਦੇ ਨਿੱਘ ਵੱਲ ਇਸ਼ਾਰਾ ਕਰਦੀਆਂ ਹੋਈਆਂ, ਰਿਸ਼ਤਿਆਂ ਲਈ ਇੱਜ਼ਤ ਅਤੇ ਮੋਹ ਨੂੰ ਤਰਜ਼ੀਹ ਦਿੰਦੀਆਂ ਹੋਈਆਂ, ਮਨਾਂ ਨੂੰ ਆਪਸੀ ਸਾਂਝਾਂ 'ਚ ਬੰਨ੍ਹਣ ਦਾ ਯਤਨ ਕਰਦੀਆਂ ਪ੍ਰਤੀਤ ਹੁੰਦੀਆਂ ਹਨ।ਬਾਲ ਕਹਾਣੀਆਂ 'ਕੁਦਰਤੀ ਰਿਸ਼ਤਿਆਂ ਦੀ ਚੀਸ', 'ਪਾਣੀ ਦੀ ਅਹਿਮੀਅਤ', 'ਕੁਦਰਤ ਦੇ ਅਜਬ ਨਜ਼ਾਰੇ' ਬੱਚਿਆਂ ਨੂੰ ਕੁਦਰਤ ਨਾਲ਼ ਜੋੜਦੀਆਂ ਹੋਈਆਂ, ਕੁਦਰਤ ਪ੍ਰਤੀ ਸਨੇਹ ਪੈਦਾ ਕਰਦੀਆਂ ਹੋਈਆਂ, ਵਾਤਾਵਰਨ ਦੀ ਸਾਂਭ-ਸੰਭਾਲ ਕਰਨ ਬਾਰੇ ਸੁਚੇਤ ਕਰਦੀਆਂ ਹਨ।




ਪੁਸਤਕ ਵਿਚਲੀਆਂ ਕਹਾਣੀਆਂ ਬੱਚਿਆਂ 'ਚ ਸੰਜਮ, ਮਿਹਨਤ, ਸੋਚ-ਵਿਚਾਰ ਨਾਲ਼ ਕੰਮ ਕਰਨ, ਹਰ ਕਿਸੇ ਦਾ ਭਲਾ ਸੋਚਣਾ, ਝੂਠ ਅਤੇ ਚੋਰੀ ਵਰਗੀਆਂ ਅਲਾਮਤਾਂ ਤੋਂ ਦੂਰ ਰਹਿਣ ਆਦਿ ਸਿੱਖਿਆਵਾਂ ਨਾਲ਼ ਭਰਪੂਰ ਹਨ। ਕਹਾਣੀਆਂ ਦੀ ਸ਼ਬਦਾਵਲੀ ਵਧੀਆ ਅਤੇ ਦਿਲਚਸਪ ਹੈ ਪਰ ਪਰੂਫ਼ ਰੀਡਿੰਗ ਦੀ ਘਾਟ ਰੜਕਦੀ ਹੈ। ਇਸ ਵੱਲ ਧਿਆਨ ਦੇਣ ਦੀ ਲੋੜ ਹੈ। ਪੁਸਤਕ ਲਈ ਡਾ. ਸਾਧੂ ਰਾਮ ਲੰਗੇਆਣਾ ਨੂੰ ਬਹੁਤ-ਬਹੁਤ ਮੁਬਾਰਕ।

**- ਮਨਦੀਪ ਰਿੰਪੀ, ਰੋਪੜ**

# ਰਾਮ ਸਰੂਪ ਅਣਖੀ ਦੀ 16ਵੀਂ ਬਰਸੀ ਮੌਕੇ ਨਾਟਕ ਤੇ ਸਾਹਿਤਕ ਸਮਾਗਮ

## ਭਗਵੰਤ ਰਸੂਲਪੁਰੀ ਨੂੰ ਰਾਮ ਸਰੂਪ ਅਣਖੀ ਯਾਦਗਾਰੀ ਪੁਰਸਕਾਰ-2024 ਨਾਲ ਨਿਵਾਜਿਆ

**ਬਰਨਾਲਾ** : ਰਾਮ ਸਰੂਪ ਅਣਖੀ ਸਾਹਿਤ ਸਭਾ (ਰਜਿ.) ਧੌਲਾ ਵੱਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਧੌਲਾ ਦੇ ਸਹਿਯੋਗ ਨਾਲ ਰਾਮ ਸਰੂਪ ਅਣਖੀ ਜੀ ਦੀ 16ਵੀਂ ਬਰਸੀ ਮਨਾਈ ਗਈ।ਬਰਸੀ ਮੌਕੇ ਕਰਵਾਏ ਗਏ ਸਾਹਿਤਕ ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਹਲਕਾ ਵਿਧਾਇਕ ਭਦੌੜ ਲਾਭ ਸਿੰਘ ਉਗੋਕੇ ਨੇ ਹਾਜ਼ਰੀ ਲਵਾਈ ਅਤੇ ਸਮਾਗਮ ਦੀ ਪ੍ਰਧਾਨਗੀ ਪ੍ਰੋਫੈਸਰ ਆਫ ਪ੍ਰੈਕਟਸ ਤੇ ਰਾਈਟਰ ਆਫ ਚੇਅਰ ਵਰਧਾ ਯੂਨੀਵਰਸਿਟੀ ਨਿੰਦਰ ਘੁਗਿਆਣਵੀ ਨੇ ਕੀਤੀ। ਮੁੱਖ ਮਹਿਮਾਨ ਵਿਧਾਇਕ ਲਾਭ ਸਿੰਘ ਉਗੋਕੇ ਨੇ ਕਿਹਾ ਕਿ ਉਨ੍ਹਾਂ ਦੇ ਪੁਰਖਿਆਂ ਦਾ ਪਿੰਡ ਵੀ ਰਾਮ ਸਰੂਪ ਅਣਖੀ ਜੀ ਵਾਲਾ ਹੀ ਹੈ।ਸੋ ਮੇਰੇ ਲਈ ਵੀ ਮਾਣ ਵਾਲੀ ਗੱਲ ਹੈ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਰਾਮ ਸਰੂਪ ਅਣਖੀ ਜੀ ਦੇ ਨਾਮ ਪਰ 45 ਲੱਖ ਦੀ ਆਧੁਨਿਕ ਲਾਇਬ੍ਰੇਰੀ ਬਣਾਈ ਗਈ ਹੈ।ਇਸ ਮੌਕੇ ਨਿੰਦਰ ਘੁਗਿਆਣਵੀ ਨੇ ਅਣਖੀ ਨਾਲ ਬਿਤਾਏ ਪਲਾਂ ਅਤੇ ਪੰਜਾਬੀ ਸਾਹਿਤਕ ਸਮਾਗਮਾਂ ਤੇ ਕੁੰਜੀਵਤ ਭਾਸ਼ਣ ਦਿੱਤਾ।ਉਨ੍ਹਾਂ ਨੇ ਸਾਹਿਤ ਸਭਾ ਧੌਲਾ ਦੀ ਸਲਾਘਾ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਆਪਣੇ ਮਰਹੂਮ ਲੇਖਕ ਨੂੰ ਜਿਉਂਦਾ ਰੱਖਿਆ ਹੈ।ਉਨ੍ਹਾਂ ਕਿਹਾ ਕਿ ਅੱਜ ਸਮਾਂ ਅਜਿਹਾ ਹੈ ਲੇਖਕ ਨੂੰ ਉਸ ਦੀ ਮੌਤ ਪਿੱਛੋਂ ਕੋਈ ਯਾਦ ਤੱਕ ਨਹੀਂ ਕਰਦਾ।ਸਭਾ ਦੇ ਸਰਪ੍ਰਸਤ ਗੁਰਸੇਵਕ ਸਿੰਘ ਧੌਲਾ, ਸਭਾ ਪ੍ਰਧਾਨ ਬੇਅੰਤ ਸਿੰਘ ਬਾਜਵਾ ਅਤੇ ਜਨਰਲ ਸਕੱਤਰ ਅਮਨਦੀਪ ਸਿੰਘ ਮਾਰਕੰਡਾ ਨੇ ਸਭਾ ਵੱਲੋਂ ਕੀਤੀਆਂ ਗਈ ਹੁਣ ਤੱਕ ਗਤੀਵਿਧੀਆਂ ਬਾਰੇ ਚਾਨਣਾ ਪਾਇਆ ਗਿਆ।ਸਮਾਗਮ ਦੌਰਾਨ ਉੱਘੇ ਕਹਾਣੀਕਾਰ ਭਗਵੰਤ ਰਸੂਲਪੁਰੀ ਨੂੰ ਰਾਮ ਸਰੂਪ ਅਣਖੀ ਯਾਦਗਾਰੀ ਪੁਰਸਕਾਰ-2024 ਨਾਲ ਨਿਵਾਜਿਆ ਗਿਆ।ਜਿਸ ਵਿੱਚ 11 ਹਜ਼ਾਰ ਨਗਦ ਰਾਸ਼ੀ, ਸ਼ਾਲ ਅਤੇ ਪੁਰਸਕਾਰ ਚਿੰਨ੍ਹ ਸ਼ਾਮਲ ਸੀ।ਉੱਘੇ ਨਾਟਕਕਾਰ ਡਾ. ਸੋਮਪਾਲ ਹੀਰਾ ਨੇ ਆਪਣੇ ਨਾਟਕੀ ਪੇਸ਼ਕਾਰੀ ਦੌਰਾਨ 'ਭਾਸ਼ਾ ਵਹਿਣਾ ਦਰਿਆ' ਰਾਹੀਂ ਦਰਸ਼ਕਾਂ ਦੇ ਮਨਾਂ 'ਤੇ ਡੂੰਘੀ ਛਾਪ ਛੱਡੀ।ਕਵੀ ਦਰਬਾਰ ਮੌਕੇ ਜਸਵੀਰ ਕੌਰ ਬਦਰਾ, ਸਰੋਜ, ਅਮਨਦੀਪ ਸਿੰਘ ਧੌਲਾ, ਲਖਵਿੰਦਰ ਸ਼ਰਮਾ, ਡਾ. ਰਾਮਪਾਲ ਸਾਹਪੁਰੀ, ਰਘਬੀਰ ਸਿੰਘ ਕੱਟੂ, ਦਵੀ ਸਿੱਧੂ, ਕੁਲਦੀਪ ਸਿੰਘ ਬੰਗੀ ਆਦਿ ਨੇ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ।ਇਸ ਮੌਕੇ ਸਰਬਜੀਤ ਸਿੰਘ ਕੈਨੇਡਾ, ਭੁਪਿੰਦਰ ਸਿੰਘ ਮਾਨ, ਕਹਾਣੀਕਾਰ ਅਮਰਜੀਤ ਮਾਨ, ਡਾ. ਭੁਪਿੰਦਰ ਸਿੰਘ ਬੇਦੀ, ਮਨਪ੍ਰੀਤ ਟਿਵਾਣਾ, ਡਿਪਟੀ ਡਾਇਰੈਕਟਰ ਨਵਦੀਪ ਗਿੱਲ, ਕੌਮੀ ਪੁਰਸਕਾਰ ਵਿਜੇਤਾ ਪਾਲੀ ਖਾਦਿਮ, ਡਾ. ਜਸਵਿੰਦਰ ਕੌਰ ਵੀਨੂੰ, ਡਾ. ਜਸਬੀਰ ਕੌਰ, ਡਾ. ਕਰਾਂਤੀ ਪਾਲ, ਪਵਨ ਪਰਿੰਦਾ, ਜ਼ਿਲ੍ਹਾ ਭਾਸ਼ਾ ਅਫ਼ਸਰ ਬਿੰਦਰ ਸਿੰਘ ਖੁੱਡੀ ਕਲਾਂ, ਡਾ. ਚਰਨਜੀਤ ਕੌਰ, ਪ੍ਰਿੰਸੀਪਲ ਸੁਖਵਿੰਦਰ ਸਿੰਘ, ਕਲਰਕ ਪ੍ਰਦੀਪ ਕੁਮਾਰ, ਲੈਕਚਰਾਰ ਵਿਜੈ ਕੁਮਾਰ, ਗੁਰਵਿੰਦਰ ਦਿਆਲਪੁਰਾ, ਰਾਜਵਿੰਦਰ ਰਾਜਾ, ਰਾਮ ਸਰੂਪ ਅਣਖੀ ਸਮਾਰਟ ਸਕੂਲ ਦੇ ਮੁੱਖ ਅਧਿਆਪਕ ਸ਼ੈਲੀ ਰਾਣੀ, ਮੈਡਮ ਗੁਰਜਿੰਦਰ ਕੌਰ, ਵਰਿੰਦਰ ਕੁਮਾਰ ਆਦਿ ਹਾਜ਼ਰ ਸਨ।



# ਤਰਸੇਮ ਲੰਡੇ ਦੀ ਕਿਤਾਬ 'ਉ-ਅ ਸਾਡਾ ਸਾਥੀ' ਲੋਕ ਅਰਪਣ

**ਮੋਗਾ** : ਸਾਹਿਤ ਸਭਾ ਲੰਡੇ ਵੱਲੋਂ ਸਾਹਿਤਕਾਰ ਤਰਸੇਮ ਲੰਡੇ ਦੀ ਪਲੇਠੀ ਬਾਲ ਕਿਤਾਬ 'ਉ-ਅ ਸਾਡਾ ਸਾਥੀ' ਤਰਸੇਮ ਲੰਡੇ ਦੇ ਗ੍ਰਹਿ ਵਿਖੇ ਲੋਕ ਅਰਪਣ ਕੀਤੀ ਗਈ, ਜਿਸ ਵਿੱਚ ਨਾਮਵਰ ਸਾਹਿਤਕਾਰਾਂ ਅਤੇ ਲੇਖਕਾਂ ਨੇ ਸ਼ਮੂਲੀਅਤ ਕੀਤੀ। ਤਰਸੇਮ ਲੰਡੇ ਨੇ ਆਪਣੀ ਕਿਤਾਬ ਉੱਪਰ ਵਿਚਾਰ ਪ੍ਰਗਟ ਕਰਦਿਆਂ ਦੱਸਿਆ ਕਿ ਇਸ ਕਿਤਾਬ ਵਿੱਚ ੳ ਤੋਂ ੜ ਤੱਕ ਅਨੇਕ ਸ਼ਬਦਾਂ ਦਾ ਇਸਤੇਮਾਲ ਕਰਕੇ ਉਹਨਾਂ ਉੱਪਰ ਕਵਿਤਾਵਾਂ ਲਿਖੀਆਂ ਗਈਆਂ ਹਨ। ਅਮਰ ਘੋਲੀਆ ਨੇ ਦੱਸਿਆ ਕਿ ਤਰਸੇਮ ਲੰਡੇ ਇੱਕ ਸੰਵੇਦਨਸ਼ੀਲ ਅਧਿਆਪਕ ਹਨ, ਜਿਸ ਨੇ ਕਲਾਸ ਰੂਮ ਦੀ ਚੌਦੇ ਤੋਂ ਬਾਹਰ ਨਿਕਲ ਬੱਚਿਆਂ ਲਈ ਨਿਵੇਕਲਾ ਕਾਰਜ ਕੀਤਾ। ਮਾਸਟਰ ਸ਼ਮਿੰਦਰ ਸਿੰਘ ਜਿਉਣਵਾਲਾ ਨੇ ਤਰਸੇਮ ਲੰਡੇ ਦੀ ਕਲਮ ਉੱਪਰ ਮਾਣ ਮਹਿਸੂਸ ਕੀਤਾ।ਚਰਨਜੀਤ ਗਿੱਲ ਸਮਾਲਸਰ ਨੇ ਵੀ ਤਰਸੇਮ ਲੰਡੇ ਦੀ ਕਿਤਾਬ ਉੱਪਰ ਵਿਸਤਾਰ ਸਹਿਤ ਵਿਚਾਰ ਚਰਚਾ ਕੀਤੀ। ਸਾਧੂ ਰਾਮ ਲੰਗਿਆਣਾ ਨੇ ਕਿਹਾ ਕਿ ਤਰਸੇਮ ਨੇ ਬੱਚਿਆਂ ਲਈ ਵਿਸ਼ੇਸ਼ ਉਪਰਾਲਾ ਕੀਤਾ ਹੈ। ਕਮਲਜੀਤ ਭੋਲਾ ਨੇ ਕਿਹਾ ਕਿ ਤਰਸੇਮ ਲੰਡੇ ਨੇ ਬਾਲ ਕਵਿਤਾਵਾਂ 'ਤੇ ਕਿਤਾਬ ਛਪਵਾਉਣ ਦੀ ਪਿਰਤ ਵਿੱਚੋਂ ਪਹਿਲ ਕਰਕੇ ਪਿੰਡ ਦਾ ਨਾਮ ਉੱਚਾ ਕੀਤਾ ਹੈ। ਗੁਰਜੰਟ ਕਲਸੀ, ਅਨੰਤ ਗਿੱਲ ਭਲੂਰ ਤੇ ਹੋਰਨਾਂ ਨੇ ਕਿਤਾਬ ਬਾਰੇ ਆਪਣੇ ਵਿਚਾਰ ਪ੍ਰਗਟ ਕੀਤੇ। ਇਸ ਦੌਰਾਨ ਜਸਕਰਨ ਲੰਡੇ ਨੇ ਸਟੇਜ ਸੰਚਾਲਨ ਦੀ ਭੂਮਿਕਾ ਬਾਖ਼ੂਬੀ ਨਿਭਾਈ ਅਤੇ ਆਏ ਹੋਏ ਸਾਹਿਤਕਾਰਾਂ ਦਾ ਧੰਨਵਾਦ ਕੀਤਾ।



# ਅਮਰਜੀਤ ਚਾਹਲ ਦੀ ਕਹਾਣੀ 'ਬਾਹਰ ਗਏ ਲੋਕ' 'ਤੇ ਚਰਚਾ

**ਸਰੀ** : ਬੀਤੇ ਐਤਵਾਰ ਪੰਜਾਬੀ ਲੇਖਕ ਮੰਚ ਵੈਨਕੂਵਰ ਦੀ ਮਹੀਨਾਵਾਰ ਮੀਟਿੰਗ ਪ੍ਰਸਿੱਧ ਸਾਹਿਤਕਾਰ ਸੁਰਜੀਤ ਕਲਸੀ ਦੀ ਪ੍ਰਧਾਨਗੀ ਹੇਠ ਸਥਾਨਕ ਪ੍ਰੋਗ੍ਰੈਸਿਵ ਕਲਚਰਲ ਸੈਂਟਰ ਵਿਖੇ ਹੋਈ। ਮੀਟਿੰਗ ਦੌਰਾਨ ਉੱਘੇ ਸਾਹਿਤਕਾਰ ਅਜਮੇਰ ਰੋਡੇ, ਸੁਖਵੰਤ ਹੁੰਦਲ, ਇੰਦਰਜੀਤ ਸਿੰਘ ਧਾਮੀ, ਕੁਲਦੀਪ ਗਰੇਵਾਲ, ਸੁਖਦਰਸ਼ਨ ਸਿੰਘ ਸਿੱਧੂ ਅਤੇ ਅਮਰਜੀਤ ਚਾਹਲ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਇਸ ਮੌਕੇ ਕਹਾਣੀਆਂ ਉੱਪਰ ਹੋਈ ਚਰਚਾ ਦੌਰਾਨ ਅਮਰਜੀਤ ਚਾਹਲ ਦੀ ਕਹਾਣੀ 'ਬਾਹਰ ਗਏ ਲੋਕ', ਪਰਮਿੰਦਰ ਸਵੈਚ ਦੀ ਕਹਾਣੀ 'ਤਿੜਕਿਆ ਖ਼ਾਬ' ਅਤੇ ਦੇਵਿੰਦਰ ਕੌਰ ਦੀ ਕਹਾਣੀ 'ਅਸੀਂ ਕਿਹੜਾ ਨਾਲ ਲੈ ਕੇ ਜਾਣਾ' ਉੱਪਰ ਆਲੋਚਨਾਤਮਕ ਵਿਚਾਰ ਚਰਚਾ ਹੋਈ। ਕਹਾਣੀਕਾਰਾਂ ਨੇ ਕਹਾਣੀਆਂ ਉੱਪਰ ਹੋਈ ਚਰਚਾ ਨੂੰ ਸਵੀਕਾਰ ਕਰਦਿਆਂ ਆਏ ਸੁਝਾਵਾਂ ਨੂੰ ਨੋਟ ਕੀਤਾ। ਮੀਟਿੰਗ ਦੌਰਾਨ ਸ਼ਾਨ ਗਿੱਲ ਨੇ ਆਪਣਾ ਗੀਤ ਤੁਰੰਨਮ ਵਿੱਚ ਪੇਸ਼ ਕੀਤਾ। ਕੁਲਵੰਤ ਸਹੋਤਾ ਨੇ ਸ਼ਾਨਦਾਰ ਗ਼ਜ਼ਲ ਪੇਸ਼ ਕੀਤੀ ਅਤੇ ਸੁਖਦੇਵ ਧੂਰੀ ਨੇ ਪੰਜਾਬ ਦੀ ਅਜੋਕੀ ਸਥਿਤੀ 'ਤੇ ਤਨਜ਼ ਕੱਸਦਿਆਂ ਆਪਣੀ ਕਵਿਤਾ 'ਚੋਣ ਦੰਗਲ' ਪੇਸ਼ ਕੀਤੀ। ਅਮਰੀਕ ਪਲਾਹੀ ਨੇ ਸਾਰਿਆਂ ਦਾ ਧੰਨਵਾਦ ਕੀਤਾ ਅਤੇ ਹਰ ਮੀਟਿੰਗ ਵਿੱਚ ਹਾਜ਼ਰੀ ਯਕੀਨੀ ਬਣਾਉਣ ਦੀ ਬੇਨਤੀ ਕੀਤੀ। ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਗ਼ਜ਼ਲਗੋ ਬਿੰਦੂ ਮਠਾੜੂ, ਪਰਮਿੰਦਰ ਸਵੈਚ, ਬੀਰ ਬਟਾਲਵੀ, ਕੁਲਦੀਪ ਗਰੇਵਾਲ, ਇੰਦਰਜੀਤ ਧਾਮੀ, ਬਲਬੀਰ ਸਿੰਘ ਸੰਘਾ, ਮਹਿੰਦਰਪਾਲ ਸਿੰਘ ਪਾਲ, ਦੇਵਿੰਦਰ ਕੌਰ, ਅਮਰੀਕ ਪਲਾਹੀ, ਜਸਵੀਰ ਮਾਨ, ਸੁਖਪ੍ਰੀਤ ਬੱਡੋਂ, ਸਾਧੂ ਬਿਲਿੰਗ, ਰਣਜੀਤ ਬਰਾੜ ਕੋਟੇ ਵਾਲਾ, ਗੁਰਦਰਸ਼ਨ ਬਾਦਲ, ਸੁਖਚਰਨ ਸਿੰਘ ਸਿੱਧੂ, ਪਰਵਿੰਦਰ ਕਿਕੂ ਅਤੇ ਪ੍ਰੇਮ ਦੀਪ ਸ਼ਾਮਲ ਹੋਏ।



# ਸਾਦਿਕ ਪਬਲੀਕੇਸ਼ਨਜ਼ ਵੱਲੋਂ 7 ਪੁਸਤਕਾਂ ਲੋਕ ਅਰਪਣ



**ਬਠਿੰਡਾ** : ਸਾਹਿਤਕ ਗਤੀਵਿਧੀਆਂ ਦੇ ਪ੍ਰਮੁੱਖ ਕੇਂਦਰ ਵਜੋਂ ਜਾਣੇ ਜਾਂਦੇ ਇੱਥੋਂ ਦੇ ਟੀਚਰਜ਼ ਹੋਮ ਵਿਖੇ ਸਾਦਿਕ ਪਬਲੀਕੇਸ਼ਨਜ਼ ਵੱਲੋਂ ਸਾਹਿਤਕ ਮੰਚ, ਸਾਹਨੇਵਾਲ ਦੇ ਸਹਿਯੋਗ ਨਾਲ ਪੁਸਤਕ ਲੋਕ ਅਰਪਣ, ਕਵੀ ਦਰਬਾਰ ਅਤੇ ਸਨਮਾਨ ਸਮਾਰੋਹ ਕਰਵਾਇਆ ਗਿਆ। ਇਸ ਸਮਾਰੋਹ ਦੀ ਪ੍ਰਧਾਨਗੀ ਪ੍ਰਵਾਸੀ ਸ਼ਾਇਰ ਸੰਤੋਖ ਮਿਨਹਾਸ ਨੇ ਕੀਤੀ। ਸਮਾਰੋਹ ਦੀ ਆਰੰਭਤਾ ਕਰਦਿਆਂ ਸੁਰਿੰਦਰਪ੍ਰੀਤ ਘਣੀਆਂ ਨੇ ਮਹਿਮਾਨ ਸ਼ਾਇਰਾਂ ਨੂੰ ਜੀ ਆਇਆਂ ਆਖਦਿਆਂ ਕਿਹਾ। ਇਸ ਮੌਕੇ ਵੱਖ-ਵੱਖ ਵਿਧਾਵਾਂ ਨਾਲ ਸੰਬੰਧਤ ਸੱਤ ਅਹਿਮ ਪੁਸਤਕਾਂ 'ਸ਼ਬਦ ਸੁਨੇਹੇ', 'ਦੋ ਪਲ', 'ਕੰਧਾਂ 'ਤੇ ਮੋਰ', 'ਦਾਨਿਸ਼ ਬਾਲ ਹਾਇਕੂ ਸੰਸਾਰ', 'ਅਦਿੱਖ ਕਲਮ', 'ਪੇਂਡੂ ਬਾਣੀ' ਲੋਕ ਅਰਪਿਤ ਕੀਤੀਆਂ ਗਈਆਂ। ਇਸ ਮੌਕੇ ਸੰਤੋਖ ਮਿਨਹਾਸ ਦੀ ਤੀਜੀ ਕਾਵਿ ਪੁਸਤਕ 'ਸ਼ਬਦ ਜੀਓ' ਹੈ ਅਤੇ ਰਸਾਲਾ 'ਪੰਜਾਬੀਅਤ' ਵੀ ਲੋਕ ਅਰਪਿਤ ਕੀਤਾ ਗਿਆ। ਲੋਕ ਅਰਪਿਤ ਹੋਈਆਂ ਪੁਸਤਕਾਂ ਬਾਰੇ ਜਾਣ-ਪਛਾਣ ਕਰਾਉਂਦਿਆਂ ਡਾਕਟਰ ਨਵਦੀਪ ਕੌਰ ਨੇ ਕਿਹਾ ਕਿ ਇਹਨਾਂ ਪੁਸਤਕਾਂ ਵਿੱਚ ਲੇਖਕਾਂ ਵੱਲੋਂ ਆਪਣੇ ਨਿੱਜੀ ਭਾਵ ਪ੍ਰਗਟ ਕਰਨ ਤੋਂ ਇਲਾਵਾ ਸਮਾਜਿਕ ਸਰੋਕਾਰਾਂ ਨੂੰ ਵੀ ਬਾਖੂਬੀ ਪੇਸ਼ ਕੀਤਾ ਗਿਆ ਹੈ। ਲਛਮਣ ਸਿੰਘ ਮਲੂਕਾ ਨੇ ਨਵੇਂ ਕਵੀਆਂ ਨੂੰ ਅਧਿਐਨ ਅਤੇ ਅਭਿਆਸ ਕਰਨ ਦੀ ਸਲਾਹ ਦਿੱਤੀ। ਪ੍ਰਿੰਸੀਪਲ ਮੋਨਿਕਾ ਸਿੰਘ ਨੇ ਕਿਹਾ ਕਿ ਬੇਸ਼ੱਕ ਉਸ ਦਾ ਵਿਸ਼ਾ ਅੰਗਰੇਜ਼ੀ ਭਾਸ਼ਾ ਹੈ, ਪਰ ਉਸ ਨੇ ਇੱਥੇ ਆ ਕੇ ਪੰਜਾਬੀ ਸ਼ਾਇਰੀ ਨੂੰ ਵੀ ਮਾਣਿਆ, ਜਾਣਿਆ ਅਤੇ ਸਮਝਿਆ ਹੈ। ਇਸ ਉਪਰੰਤ ਸੁਰਿੰਦਰ ਪ੍ਰੀਤ ਘਣੀਆਂ, ਜਗਜੀਤ ਸਿੰਘ ਕਾਉਣੀ, ਸੁਭਾਸ਼ ਸੋਲੰਕੀ, ਸ਼ਾਯਰ ਅਲੀ, ਮੀਤ ਬਠਿੰਡਾ, ਜਸਵੀਰ ਭਾਈਰੂਪਾ, ਕੁਲਦੀਪ ਮਨੂ, ਰਾਜਿੰਦਰ ਸਰਾਵਾਂ, ਜਸਕਰਨ ਜੱਸ, ਮਨਪ੍ਰੀਤ ਕੌਰ ਠੀਕਰੀਵਾਲਾ, ਕੁਲਦੀਪ ਸਿੰਘ ਦੀਪ, ਜਸਵਿੰਦਰ ਸਿੰਘ ਸੰਗਤ, ਐਡਵੋਕੇਟ ਅਮਨਦੀਪ ਕੌਰ, ਰਾਮ ਸਿੰਘ ਪਾਠਕ, ਜੱਸੀ ਧਰੌੜ ਸਾਹਨੇਵਾਲ, ਰਣਬੀਰ ਸਿੰਘ ਪ੍ਰਿੰਸ, ਮਨਪ੍ਰੀਤ ਕੌਰ ਜੱਸਲ, ਜੱਸੀ ਜੱਸਲ, ਸਿਕੰਦਰ ਮਾਨਵ, ਆਸਿਫ਼ ਅਲੀ ਮਹਿੰਦਰੂ, ਗੁਰਦੀਪ ਭਾਵਾ, ਕਾਲਾ ਸਰਾਵਾਂ ਅਤੇ ਰੁਪਿੰਦਰ ਸਿੰਘ ਨਿਵਾਹੂ ਨੇ ਆਪਣੀ ਨਵੇਂ ਭਾਵ ਬੋਧ ਦੀ ਸ਼ਾਇਰੀ ਨਾਲ ਸਰੋਤਿਆਂ ਦੇ ਮਨਾਂ ਨੂੰ ਸਰਸ਼ਾਰ ਕੀਤਾ। ਸਮਾਰੋਹ ਦੇ ਤੀਸਰੇ ਪੜਾਅ ਵਿੱਚ ਪ੍ਰਬੰਧਕਾਂ ਵੱਲੋਂ ਸਾਰੇ ਮਹਿਮਾਨ ਸ਼ਾਇਰਾਂ ਅਤੇ ਵਿਦਵਾਨਾਂ ਦਾ ਸਨਮਾਨ ਕੀਤਾ ਗਿਆ।

# 'ਬੰਦੂਕ ਤੋਂ ਕਲ਼ਮ ਤੱਕ' 'ਤੇ ਵਿਚਾਰ-ਚਰਚਾ

**ਜਲੰਧਰ** : ਸ਼ਾਇਰਾਂ ਦੀ ਦੁਨੀਆਂ ਵਲੋਂ ਵਿਰਸਾ ਵਿਹਾਰ ਜਲੰਧਰ ਵਿਖੇ ਕੇਂਦਰੀ ਪੰਜਾਬੀ ਲੇਖਕ ਸਭਾ ਸੇਖੋਂ (ਰਜਿ.) ਅਤੇ ਵਿਰਸਾ ਵਿਹਾਰ ਜਲੰਧਰ ਦੇ ਸਹਿਯੋਗ ਨਾਲ਼ ਸਮਾਗਮ ਕੀਤਾ ਗਿਆ। ਬੰਦੂਕ ਤੋਂ ਕਲ਼ਮ ਤੱਕ ਨਾਵਲ ਤੇ ਪ੍ਰਭਾਵਸ਼ੀਲ ਪਰਚਾ ਪੜ੍ਹਦੇ ਹੋਏ ਚਰਨਜੀਤ ਸਮਾਲਸਰ ਨੇ ਕਿਹਾ ਕਿ ਨਾਵਲ ਵਿਚ ਗੁਰਨਾਮ ਬਾਵਾ ਨੇ ਬਹੁਤ ਵਧੀਆ ਢੰਗ ਨਾਲ਼ ਘੱਟ ਸ਼ਬਦਾਂ ਵਿੱਚ ਖਾੜਕੂਵਾਦ ਦੀ ਲਹਿਰ ਬਾਰੇ ਵੱਡੀ ਗੱਲ ਕੀਤੀ ਹੈ।ਪ੍ਰੋ.ਸੰਧੂ ਵਰਿਆਣਵੀ ਨੇ ਆਪਣੇ ਪ੍ਰਧਾਨਗੀ ਭਾਸ਼ਣ ਵਿੱਚ ਕਿਹਾ ਕਿ ਸਾਰੇ ਬੁਲਾਰਿਆਂ ਨੇ ਗੁਰਨਾਮ ਬਾਵਾ ਦੇ ਨਾਵਲ ਬੰਦੂਕ ਤੋਂ ਕਲ਼ਮ ਤੱਕ ਦੀ ਬਣਤਰ ਤੇ ਬੁਣਤਰ ਬਾਰੇ, ਨਾਵਲ ਦੇ ਹਰ ਪੱਖ ਤੇ ਵਧੀਆ ਗੱਲ ਕੀਤੀ ਹੈ।

ਬਾਵਾ ਨੇ ਕਿਹਾ ਕਿ ਉਹ ਹਮੇਸ਼ਾਂ ਹੀ ਸਿਹਤਮੰਦ ਆਲੋਚਨਾ ਦਾ ਸੁਆਗਤ ਕਰਦਾ ਹੈ ਤੇ ਅੱਗੋਂ ਵੀ ਕਰਦਾ ਰਹੇਗਾ।ਅੰਤ ਵਿੱਚ ਹੋਏ ਕਵੀ ਦਰਬਾਰ ਵਿਚ ਮੋਹਨ ਮਤਿਆਲਵੀ, ਜਿੰਗਾ ਸਿੰਘ, ਸੁਮਨ ਸ਼ਾਮਪੁਰੀ ਸੰਪਾਦਕ ਦਰਪਣ, ਹਰਦਿਆਲ ਹੁਸ਼ਿਆਰਪੁਰੀ ਕੀਮਤੀ ਕੈਸਰ, ਮਨੋਜ ਫ਼ਗਵਾੜਵੀ, ਸੁਖਦੇਵ ਭੱਟੀ, ਸੁਖਦੇਵ ਸਿੰਘ ਗੰਧਵਾਂ, ਦਲਜੀਤ ਮਹਿਮੀ, ਕੁਲਵਿੰਦਰ ਸਿੰਘ ਦਿਲਗੀਰ,ਅਵਤਾਰ ਸਿੰਘ ਬਾਘਾਪੁਰਾਣਾ, ਉਰਮਲਜੀਤ ਸਿੰਘ ਵਾਲੀਆ, ਸੋਢੀ ਸੱਤੋਵਾਲੀ, ਰੂਪ ਦਬੁਰਜੀ , ਸੁਰਜੀਤ ਸਾਜਨ, ਤਰਸੇਮ ਜਲੰਧਰੀ, ਮਿੱਤਰ ਮਨਜੀਤ, ਰੀਤੂ ਕਲਸੀ, ਕੁਲਭੂਸ਼ਣ, ਜਗਦੀਸ਼ ਰਾਣਾ, ਗੁਰਦੀਪ ਸਿੰਘ ਸੈਣੀ, ਪਰਸ਼ੋਤਮ ਸਰੋਏ ਸੰਪਰਕ ਚਾਨਣ ਮੁਨਾਰਾ, ਕੁਲਵਿੰਦਰ ਗਾਖ਼ਲ, ਜੰਗੀਰ ਸਿੰਘ ਖੋਖਰ,ਹਰਜਿੰਦਰ ਜਿੰਦੀ, ਇੰਦਰਜੀਤ ਸਿੰਘ ਮਿਸ਼ਰੀ, ਜਗਦੀਸ਼ ਡਾਲੀਆ, ਜਗਦੀਸ਼ ਪ੍ਰੀਤਮ ਠੱਠੀਭਾਈ ਆਦਿ ਨੇ ਆਪਣੀਆਂ ਰਚਨਾਵਾਂ ਨਾਲ਼ ਖ਼ੂਬ ਰੰਗ ਬੰਨ੍ਹਿਆ। ਮੰਚ ਸੰਚਾਲਨ ਗੁਰਦੀਪ ਸੈਣੀ ਨੇ ਕੀਤਾ।



ਗੁਰਨਾਮ ਬਾਵਾ ਨੇ ਪੰਜਾਬ ਦੇ 1984 ਤੋਂ 1995-96 ਤਕ ਦੇ ਬਣੇ ਹਾਲਾਤ ਦਾ ਵਰਣਨ ਬੜੀ ਸੰਜੀਦਗੀ ਨਾਲ਼ ਕਰਦਿਆਂ ਸਰਕਾਰ ਅਤੇ ਪੁਲਿਸ ਦੇ ਵਰਤਾਰੇ ਤੇ ਤਿੱਖਾ ਵਿਅੰਗ ਕੀਤਾ ਹੈ। ਵਿਚਾਰ ਚਰਚਾ ਨੂੰ ਅੱਗੇ ਵਧਾਉਂਦਿਆਂ ਪ੍ਰੋ.ਬਲਦੇਵ ਸਿੰਘ ਬੱਲੀ ਨੇ ਕਿਹਾ ਕਿ ਗੁਰਨਾਮ ਬਾਵਾ ਦੇ ਇਸ ਨਾਵਲ ਦੀ ਮਨੁੱਖੀ ਮਾਨਵੀ ਸੋਚ ਹਨੇਰੇ ਤੋਂ ਚਾਨਣ ਵੱਲ ਨੂੰ ਤੁਰਦੀ ਹੈ। ਨਵਤੇਜ਼ ਗੜ੍ਹਦੀਵਾਲਾ ਨੇ ਚਰਚਾ ਨੂੰ ਵਿਸਥਾਰ ਦਿੰਦਿਆ ਕਿਹਾ ਕਿ ਗੁਰਨਾਮ ਬਾਵਾ ਨੇ ਨਾਵਲ ਵਿੱਚ ਘਟਨਾਵਾਂ ਦੀ ਲੜੀ ਨੂੰ ਬੜੀ ਖ਼ੂਬਸੂਰਤੀ ਅਤੇ ਤਕਨੀਕ ਨਾਲ ਆਪਸ ਵਿੱਚ ਜੋੜਿਆ ਹੈ। ਕੇ. ਸਾਧੂ ਸਿੰਘ ਨੇ ਕਿਹਾ ਕਿ

# ਹਰਜੀਤ ਸੰਧੂ ਦੀ ਕਿਤਾਬ 'ਤੇ ਚਰਚਾ

**ਅੰਮ੍ਰਿਤਸਰ** : ਰਾਬਤਾ ਮੁਕਾਲਮਾ ਕਾਵਿ-ਮੰਚ ਅੰਮ੍ਰਿਤਸਰ ਵੱਲੋਂ ਹਰਜੀਤ ਸਿੰਘ ਸੰਧੂ ਦੇ ਪਲੇਠੇ ਕਾਵਿ-ਸੰਗ੍ਰਹਿ 'ਥੱਕੇ-ਹਾਰੇ ਸ਼ਹਿਰ ਦੀ ਨੀਂਦ' ਉੱਪਰ ਭਾਈ ਵੀਰ ਸਿੰਘ ਨਿਵਾਸ ਅਸਥਾਨ ਵਿਖੇ ਵਿਚਾਰ ਚਰਚਾ ਕਰਵਾਈ ਗਈ । ਹਰਜੀਤ ਸਿੰਘ ਸੰਧੂ ਦੁਆਰਾ ਆਪਣੀਆਂ ਕਵਿਤਾਵਾਂ ਦਾ ਪਾਠ ਕੀਤਾ ਗਿਆ । ਉਪਰੰਤ ਡਾ. ਸੁਖਬੀਰ ਕੌਰ ਮਾਹਲ ਦੁਆਰਾ ਇਸ ਪੁਸਤਕ ਬਾਰੇ ਵਿਸਥਾਰ ਵਿੱਚ ਚਰਚਾ ਕਰਦਿਆਂ ਇਸ ਕਾਵਿ ਨੂੰ ਵੱਖਰੀ ਤਰ੍ਹਾਂ ਦੀ ਕਵਿਤਾ ਕਹਿੰਦਿਆਂ ਇਸ ਦੀ ਭਰਪੂਰ ਪ੍ਰਸ਼ੰਸਾ ਕੀਤੀ ਗਈ ।ਉਪਰੰਤ ਅਰਤਿੰਦਰ ਸੰਧੂ, ਪਰਮਿੰਦਰ ਕੌਰ ਹੁੰਦਲ, ਐੱਸ ਪ੍ਰਸ਼ੋਤਮ, ਸੁਮੀਤ, ਡਾ. ਮੋਹਨ ਬੇਗੋਵਾਲ, ਡਾ. ਕਾਬਲ ਸਿੰਘ, ਡਾ. ਭੁਪਿੰਦਰ ਸਿੰਘ ਫੇਰੂਮਾਨ ਨੇ ਵਿਚਾਰ ਚਰਚਾ ਨੂੰ ਅਗਾਂਹ ਤੋਰਿਆ ।ਸਭਾ ਦੇ ਕਨਵੀਨਰ ਜਗਤਾਰ ਗਿੱਲ ਨੇ ਆਏ ਮਹਿਮਾਨਾਂ ਨੂੰ ਜੀ ਆਇਆਂ ਕਿਹਾ । ਜਸਵੰਤ ਧਾਪ, ਹਰਮੀਤ ਆਰਟਿਸਟ, ਮਨਮੋਹਣ ਢਿੱਲੋਂ, ਵਜ਼ੀਰ ਸਿੰਘ ਰੰਧਾਵਾ, ਕੁਲਵੰਤ ਸਿੰਘ ਸੰਧੂ, ਰਾਜਖੁਸ਼ਵੰਤ ਸਿੰਘ ਸੰਧੂ, ਜਸਵੰਤ ਸਿੰਘ ਜੇਥਰ ਅਤੇ ਹਾਜ਼ਰ ਹੋਰ ਦੋਸਤਾਂ ਨੇ ਇਸ ਭਾਵਪੂਰਤ ਪੁਸਤਕ ਲਈ ਹਰਜੀਤ ਸਿੰਘ ਸੰਧੂ ਨੂੰ ਮੁਬਾਰਕਬਾਦ ਦਿੱਤੀ ।ਸਤਿੰਦਰ ਓਠੀ ਨੇ ਇਸ ਸਮਾਗਮ ਵਿੱਚ ਸ਼ਾਮਲ ਦੋਸਤਾਂ ਦਾ ਧੰਨਵਾਦ ਕੀਤਾ। ਸਮਾਗਮ ਦਾ ਮੰਚ ਸੰਚਾਲਨ ਸ਼ਾਇਰ ਮਲਵਿੰਦਰ ਨੇ ਕੀਤਾ ।



# ਗਿਆਨਦੀਪ ਮੰਚ ਵੱਲੋਂ ਸਮਾਗਮ ਕਰਵਾਇਆ

**ਪਟਿਆਲਾ** : ਗਿਆਨਦੀਪ ਸਾਹਿਤ ਸਾਧਨਾ ਮੰਚ (ਰਜਿ.) ਪਟਿਆਲਾ ਵੱਲੋਂ ਭਾਸ਼ਾ ਵਿਭਾਗ ਦੇ ਸੈਮੀਨਾਰ ਹਾਲ ਵਿੱਚ ਮਹੀਨਾਵਾਰ ਇੱਕ ਸਾਹਿਤਕ ਸਮਾਗਮ ਬੀਤੇ ਦਿਨੀਂ ਕਰਵਾਇਆ ਗਿਆ। ਸਮਾਗਮ ਦੀ ਸ਼ੁਰੂਆਤ ਕਰਦਿਆਂ ਮੰਚ ਦੇ ਸਕੱਤਰ ਗੁਰਚਰਨ ਸਿੰਘ ਚੰਨ ਪਟਿਆਲ਼ਵੀ ਨੇ ਕਵੀਆਂ ਨੂੰ ਆਪਣੀ ਕਵਿਤਾ ਪੇਸ਼ ਕਰਨ ਦਾ ਸੱਦਾ ਦਿੱਤਾ। ਮੰਚ ਦੇ ਸੀਨੀਅਰ ਮੀਤ ਪ੍ਰਧਾਨ ਕੁਲਵੰਤ ਸਿੰਘ ਨਾਰੀਕੇ ਨੇ ਕਿਹਾ ਕਿ ਲੇਖਕ ਅਜਿਹਾ ਲਿਖਣ, ਜਿਸ ਨਾਲ ਉਹਨਾਂ ਦੀਆਂ ਰਚਨਾਵਾਂ ਅਮਰ ਹੋ ਜਾਣ। ਸਮਾਗਮ ਦੌਰਾਨ ਸਰਬਸੰਮਤੀ ਨਾਲ ਗੁਰਚਰਨ ਸਿੰਘ ਚੰਨ ਪਟਿਆਲ਼ਵੀ ਨੂੰ ਗਿਆਨਦੀਪ ਸਾਹਿਤ ਸਾਧਨਾ ਮੰਚ (ਰਜਿ.) ਪਟਿਆਲਾ ਦਾ ਜਨਰਲ ਸਕੱਤਰ, ਦਰਸ਼ਨ ਸਿੰਘ ਦਰਸ਼ ਪਸਿਆਣਾ ਨੂੰ ਸਕੱਤਰ, ਗੁਰਪ੍ਰੀਤ ਢਿੱਲੋਂ ਨੂੰ ਸੰਯੁਕਤ ਸਕੱਤਰ ਨਿਯੁਕਤ ਕੀਤਾ ਗਿਆ।ਕਵਿਤਾ ਦੇ ਸੈਸ਼ਨ ਵਿੱਚ ਹਾਜ਼ਰ ਨਾਮਵਰ ਕਵੀਆਂ ਵਿੱਚੋਂ ਦਰਸ਼ਨ ਸਿੰਘ ਦਰਸ਼ ਪਸਿਆਣਾ, ਗੁਰਪ੍ਰੀਤ ਸਿੰਘ ਢਿੱਲੋਂ, ਰਾਜਬੀਰ ਸਿੰਘ ਮੱਲ੍ਹੀ, ਹਰਿਸੁਬੇਗ ਸਿੰਘ, ਇੰਜ. ਮੇਜਰ ਸਿੰਘ, ਇੰਦਰਪਾਲ ਸਿੰਘ, ਗੁਰਮੇਲ ਸਿੰਘ ਐੱਸ ਡੀ ਓ, ਜਸਵਿੰਦਰ ਕੌਰ, ਹਰਜੀਤ ਕੌਰ, ਜੱਗਾ ਰੰਗੂਵਾਲ, ਰਾਜੇਸ਼ਵਰ ਕੁਮਾਰ, ਗੁਰਪ੍ਰੀਤ ਲੰਗ, ਬਲਵੰਤ ਬੱਲੀ ਅਤੇ ਹਰਵਿੰਦਰ ਸਿੰਘ ਗੁਲਾਮ ਆਦਿ ਨੇ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ। ਅਭੈ ਰਾਵਤ, ਅਵਤਾਰ ਸਿੰਘ ਅਤੇ ਯੋਗਿੰਦਰ ਕੁਮਾਰ ਆਦਿ ਸ਼ਖ਼ਸੀਅਤਾਂ ਵੀ ਹਾਜ਼ਰ ਰਹੀਆਂ। ਫੋਟੋਗ੍ਰਾਫੀ ਦੇ ਫਰਜ਼ ਦਰਸ਼ਨ ਸਿੰਘ ਦਰਸ਼ ਪਸਿਆਣਾ ਵੱਲੋਂ ਬਾਖੂਬੀ ਨਿਭਾਏ ਗਏ।



# ਅਰਪਨ ਲਿਖਾਰੀ ਸਭਾ ਦੀ ਮੀਟਿੰਗ

**ਕੈਨੇਡਾ** : ਅਰਪਨ ਲਿਖਾਰੀ ਸਭਾ ਦੀ ਮੀਟਿੰਗ ਕੋਸੋ ਹਾਲ ਵਿਚ ਹੋਈ। ਪ੍ਰਧਾਨਗੀ ਸਤਨਾਮ ਸਿੰਘ ਸ਼ੇਰਗਿੱਲ, ਜਸਵੀਰ ਸਿਹੋਤਾ, ਪ੍ਰਿੰਸੀਪਲ ਚਰਨਦੀਪ ਕੌਰ ਅਤੇ ਤਰਲੋਕ ਚੁੱਘ ਨੇ ਕੀਤੀ। ਸਕੱਤਰ ਬਲਜਿੰਦਰ ਕੌਰ ਮਾਂਗਟ ਨੇ ਸਭ ਨੂੰ ਜੀ ਆਇਆਂ ਕਹਿਣ ਮਗਰੋਂ ਵੈਲੇਨਟਾਈਨ ਡੇ, ਫੈਮਿਲੀ ਡੇ ਅਤੇ ਬਲੈਕ ਹਿਸਟਰੀ ਮਹੀਨੇ ਦੀ ਅਹਿਮੀਅਤ ਬਾਰੇ ਸੰਖੇਪ ਬਿਓਰਾ ਦਿੱਤਾ। ਸਤਨਾਮ ਸਿੰਘ ਸ਼ੇਰਗਿੱਲ, ਪੈਰੀ ਮਾਹਲ, ਸੁਖਮੰਦਰ ਗਿੱਲ, ਕਿਰਨਜੋਤ ਕੌਰ, ਜਸਵੀਰ ਸਿਹੋਤਾ, ਪ੍ਰਿੰ. ਚਰਨਦੀਪ ਕੌਰ, ਸੋਹਣ ਸਿੰਘ ਭੁੱਚੋ, ਜ਼ੀਰ ਸਿੰਘ ਬਰਾੜ, ਬਲਵਿੰਦਰ ਸਿੰਘ ਮਾਨ, ਬਲਦੇਵ ਸਿੰਘ ਦੁੱਲਟ, ਹਰਮਿੰਦਰਪਾਲ ਸਿੰਘ, ਸੁਖਵਿੰਦਰ ਤੂਰ, ਤਰਲੋਕ ਚੁੱਘ ਨੇ ਆਪਣੀਆਂ ਕਵਿਤਾਵਾਂ 'ਤੇ ਵਿਚਾਰ ਪ੍ਰਗਟ ਕੀਤੇ।

ਚਰਨਜੀਤ ਸਿੰਘ ਦਿੱਲੀ, ਬਾਜਵਾ ਚੰਡੀਗੜ੍ਹ, ਪ੍ਰਮਿੰਦਰ ਮਾਂਗਟ ਅਤੇ ਹੋਰਾਂ ਨੇ ਵਿਚਾਰ-ਚਰਚਾ ਵਿਚ ਹਿੱਸਾ ਲਿਆ।ਜਗਦੇਵ ਸਿੱਧੂ ਨੇ ਉਦਾਹਰਣਾਂ ਦੇ ਕੇ ਪੇਸ਼ਕਾਰੀਆਂ ਦੇ ਮਿਆਰ ਨੂੰ ਸਲਾਹਿਆ ਅਤੇ ਮੈਂਬਰਾਂ ਦਾ ਭਰਵੀਂ ਹਾਜ਼ਰੀ ਲਈ ਧੰਨਵਾਦ ਕੀਤਾ। ਬਲਜਿੰਦਰ ਕੌਰ ਮਾਂਗਟ ਨੇ ਬੁਲਾਰਿਆਂ ਬਾਰੇ ਸੰਖੇਪ ਜਾਣਕਾਰੀ ਅਤੇ ਪੇਸ਼ਕਾਰੀਆਂ ਬਾਰੇ ਉਸਾਰੂ ਟਿੱਪਣੀਆਂ ਕਰਦਿਆਂ ਸ਼ਲਾਘਾਪੂਰਨ ਤਰਤੀਬ ਅਤੇ ਮੁਹਾਰਤ ਨਾਲ ਕਾਰਵਾਈ ਚਲਾਈ। ਉਸ ਨੇ ਸਾਰਿਆਂ ਨੂੰ ਅਗਲੀ 14 ਮਾਰਚ ਨੂੰ ਹੋਣ ਵਾਲੀ ਮੀਟਿੰਗ ਵਿਚ ਸ਼ਾਮਲ ਹੋਣ ਲਈ ਖੁੱਲ੍ਹਾ ਸੱਦਾ ਦਿੱਤਾ।

# 'ਪਾਠਕ ਪੁਰਸਕਾਰ' ਤੇ 'ਪ੍ਰੇਮ ਪ੍ਰਕਾਸ਼ ਪੁਰਸਕਾਰ' ਦੇਣ ਦਾ ਐਲਾਨ



**ਜਲੰਧਰ** : ਪੰਜਾਬੀ ਸਾਹਿਤਕ, ਸੱਭਿਆਚਾਰਕ ਵਿਚਾਰ ਮੰਚ, ਸਰੀ, ਬੀ.ਸੀ. ਤੇ ਅਦਾਰਾ 'ਕਹਾਣੀ ਧਾਰਾ' ਵੱਲੋਂ ਦਿੱਤੇ ਜਾਣ ਵਾਲੇ ਦੂਜੇ 'ਪਾਠਕ ਪੁਰਸਕਾਰ' ਦਾ ਐਲਾਨ ਕਰ ਦਿੱਤਾ ਗਿਆ ਹੈ । ਸਾਲ 2026 ਦੇ ਲਈ ਸਾਹਿਤ ਦੇ ਦੋ ਪਾਠਕ ਨਵਨੀਤ ਸਿੰਘ ਤੇ ਬੂਟਾ ਰਾਮ ਮਸਾਣੀ ਦੀ ਚੋਣ ਕੀਤੀ ਗਈ ਹੈ । ਇਹ ਪੁਰਸਕਾਰ ਨਿਰੋਲ ਪਾਠਕਾਂ ਨੂੰ ਦਿੱਤਾ ਜਾ ਰਿਹਾ ਹੈ, ਲੇਖਕ-ਪਾਠਕ ਨੂੰ ਨਹੀਂ । ਪੁਰਸਕਾਰ ਦੇ ਕਨਵੀਨਰ ਭਗਵੰਤ ਰਸੂਲਪੁਰੀ ਨੇ ਦੱਸਿਆ ਕਿ ਪਿਛਲੇ ਸਾਲ ਤੋਂ ਇਹ 'ਪਾਠਕ ਪੁਰਸਕਾਰ' ਦੇਣੇ ਸ਼ੁਰੂ ਕੀਤੇ ਹਨ । ਇਸ ਪੁਰਸਕਾਰ ਵਿੱਚ ਨਗਦ ਰਾਸ਼ੀ, ਸਨਮਾਨ ਪੱਤਰ ਤੇ ਕਿਤਾਬਾਂ ਦਾ ਇਕ ਸੈੱਟ ਦਿੱਤਾ ਜਾਵੇਗਾ । ਇਹ ਪੁਰਸਕਾਰ ਸਮਾਗਮ ਪੰਜਾਬ ਕਲਾ ਪਰਿਸ਼ਦ, ਚੰਡੀਗੜ੍ਹ ਵਿਖੇ ਮਿਤੀ 2 ਮਾਰਚ, 2026, ਦਿਨ ਸੋਮਵਾਰ ਨੂੰ 12 ਵਜੇ ਆਰੰਭ ਹੋਣ ਜਾ ਰਹੇ ਸਮਾਗਮ ਵਿੱਚ ਦਿੱਤੇ ਜਾਣਗੇ । ਇਸ ਸਮਾਗਮ ਵਿੱਚ 'ਪੁਸਤਕ ਸੱਭਿਆਚਾਰ ਤੇ ਪੜ੍ਹਨ ਰੁਚੀ ਦਾ ਰੁਝਾਨ' ਵਿਸ਼ੇ 'ਤੇ ਦੋ ਵਿਦਵਾਨ ਹਰੀਸ਼ ਜੈਨ ਤੇ ਡਾ. ਸਰਬਜੀਤ ਸਿੰਘ ਦੇ ਲੈਕਚਰ ਰੱਖੇ ਗਏ ਹਨ। ਇਸ ਦੇ ਨਾਲ ਅਦਾਰਾ 'ਕਹਾਣੀ ਧਾਰਾ' ਵੱਲੋਂ ਪਲੇਠਾ 'ਪ੍ਰੇਮ ਪ੍ਰਕਾਸ਼ ਪੁਰਸਕਾਰ' ਪਿਛਲੇ ਤਿੰਨ ਦਹਾਕਿਆਂ ਤੋਂ ਕਹਾਣੀ ਲਿਖਦੇ ਆ ਰਹੇ ਪ੍ਰਸਿੱਧ ਕਥਾਕਾਰ ਬਲੀਜੀਤ ਨੂੰ ਦਿੱਤਾ ਜਾਵੇਗਾ ।

'ਪਾਠਕ ਪੁਰਸਕਾਰ' ਲਈ ਪਾਠਕਾਂ ਦੀ ਪਛਾਣ ਕਰਨ ਲਈ ਉਨ੍ਹਾਂ ਕੋਲੋਂ ਪਾਠਕ ਹੋਣ ਦੇ ਵੇਰਵੇ ਨਿਯਮ ਤੇ ਸ਼ਰਤਾਂ ਤਹਿਤ ਮੰਗੇ ਗਏ ਸਨ। ਤਕਰੀਬਨ ਦੋ ਦਰਜਨ ਪਾਠਕਾਂ ਨੇ ਆਪਣੇ ਵੇਰਵੇ ਲਿਖ ਕੇ ਭੇਜੇ । ਉਨ੍ਹਾਂ ਵਿੱਚੋਂ ਦੋ ਗੰਭੀਰ ਕਿਸਮ ਦੇ ਪਾਠਕਾਂ ਦੀ ਚੋਣ ਕੀਤੀ ਗਈ । ਪਹਿਲਾ ਪਾਠਕ ਨਾਭਾ (ਪਟਿਆਲਾ) ਦੇ ਨਵਨੀਤ ਸਿੰਘ ਪਿਛਲੇ ਤਿੰਨ ਦਹਾਕਿਆਂ ਤੋਂ ਪੁਸਤਕਾਂ ਤੇ ਰਸਾਲੇ ਪੜ੍ਹਦੇ ਆ ਰਹੇ ਹਨ ਤੇ ਉਨ੍ਹਾਂ ਦੀ ਨਿੱਜੀ ਲਾਇਬਰੇਰੀ ਵਿੱਚ 5000 ਤੋਂ ਵੱਧ ਕਿਤਾਬਾਂ ਹਨ । ਉਹ ਨਵੀਆਂ ਛਪ ਰਹੀਆਂ ਪੁਸਤਕਾਂ ਤੇ ਸਮਕਾਲੀ ਰਸਾਲਿਆਂ ਨਾਲ ਨਿਰੰਤਰ ਜੁੜੇ ਹੋਏ ਹਨ। ਦੂਜੇ ਪਾਠਕ ਫਿਲੌਰ ਦੇ ਨਜ਼ਦੀਕ ਇਕ ਪਿੰਡ ਮਸਾਣੀ ਦੇ ਬੂਟਾ ਰਾਮ ਮਸਾਣੀ ਪਿਛਲੇ ਕੁਝ ਸਾਲਾਂ ਤੋਂ ਪੁਸਤਕਾਂ ਪੜ੍ਹਦੇ ਆ ਰਹੇ ਹਨ ਤੇ ਉਨ੍ਹਾਂ ਦੀ ਨਿੱਜੀ ਲਾਇਬਰੇਰੀ ਵਿੱਚ 2000 ਤੋਂ ਵੱਧ ਕਿਤਾਬਾਂ ਹਨ। ਉਹ ਮੁੱਖ ਤੌਰ 'ਤੇ ਨਾਵਲ ਖਰੀਦ ਕੇ ਪੜ੍ਹਦੇ ਆ ਰਹੇ ਹਨ । ਪੁਰਸਕਾਰ ਦੇ ਸੰਚਾਲਕ ਅਮਰਜੀਤ ਚਾਹਲ ਤੇ ਸਰਬਜੀਤ ਹੁੰਦਲ ਦਾ ਕਹਿਣਾ ਹੈ ਕਿ ਜਦੋਂ ਅਜੋਕੇ ਸਮੇਂ ਵਿੱਚ ਲੇਖਕ ਵਧ ਰਹੇ ਤੇ ਪਾਠਕ ਘਟ ਰਹੇ ਹੋਣ, ਉਦੋਂ ਅਜਿਹੇ ਪੁਰਸਕਾਰਾਂ ਦੀ ਸਾਰਥਿਕਤਾ ਹੋਰ ਵੀ ਵਧ ਜਾਂਦੀ ਹੈ। ਨਵੇਂ ਪਾਠਕ ਪੈਦਾ ਕਰਨ ਲਈ ਇਹ ਪੁਰਸਕਾਰ ਅਸੀਂ ਆਰੰਭ ਕੀਤਾ ਹੈ। ਪੁਰਸਕਾਰ ਕਨਵੀਨਰ ਭਗਵੰਤ ਰਸੂਲਪੁਰੀ ਦਾ ਕਹਿਣਾ ਹੈ ਕਿ ਅੱਜ ਦੇ ਸਮੇਂ ਲੇਖਕਾਂ ਨਾਲੋਂ ਪਾਠਕਾਂ ਨੂੰ ਉਤਸ਼ਾਹ ਦੇਣ ਦਾ ਸਮਾਂ ਹੈ ।

# ਪਾਠਕਾਂ ਦੇ ਝਰੋਖੇ 'ਚੋਂ

## ਰਾਇ ਅਜ਼ੀਜ਼ਉਲਾ ਖਾਨ ਨਾਲ ਮੁਲਾਕਾਤ

15 ਫਰਵਰੀ ਦੇ ਅੰਕ ਵਿੱਚ ਹਰਿਆਣਾ ਵਾਸੀ ਮੀਨਾ ਨਵੀਨ ਦੀਆ ਮਿੰਨੀ ਕਹਾਣੀਆ ਬਹੁਤ ਵਧੀਆ ਰਚਨਾਵਾਂ ਹਨ। ਸਹਿਮ ਕਹਾਣੀ 'ਚ ਇਕ ਚੌਥਾਂ ਦਰਜਾ ਕਰਮਚਾਰੀ ਸਕੂਲ ਮੈਦਾਨ 'ਚੋਂ ਘਾਹ ਕੱਟਣ ਲਈ ਸਕੂਲ ਮੁਖੀ ਨਾਲ ਬੇਲੋੜੀ ਬਹਿਸ ਕਰਦਾ ਹੈ।ਲੇਖਿਕਾ ਨੇ ਸਮੇਂ ਦਾ ਸਚ ਲਿਖਿਆ ਹੈ।ਖੇਦ ਹੈ ਕਿ ਇਹ ਆਮ ਵਰਤਾਰਾ ਹੈ ਖਾਸ ਕਰਕੇ ਸਰਕਾਰੀ ਮੁਲਾਜ਼ਮਾ ਦਾ।ਬਾਕੀ ਰਚਨਾਵਾਂ ਵੀ ਪ੍ਰਭਾਵਸ਼ਾਲੀ ਹਨ।ਸੁਰਜੀਤ ਸੁਮਨ ਨੇ ਦਲ ਬਦਲੀ ਦੇ ਰੁਝਾਨ ਦੀ ਚਰਚਾ ਕੀਤੀ ਹੈ ।ਇਹ ਕੰਮ ਸਵਾਰਥੀ ਲੋਕਾਂ ਦੇ ਹਨ।ਕੁਰਸੀ ਲਈ ਕਈ ਸਿਆਸਤਦਾਨ ਗਿਰਗਟ ਨੂੰ ਵੀ ਮਾਤ ਪਾ ਜਾਂਦੇ ਹਨ। ਦ੍ਰਿਸ਼ਟੀਕੋਣ ਨੇ ਬਹੁਕੌਮੀ ਦੇਸ਼ ਵਿਚ ਇਕੋ ਧਰਮ ਦੇ ਦਬਦਬੇ ਦੀ ਗਲ ਕੀਤੀ ਹੈ।ਇਹ ਦੇਸ਼ ਦੀਆਂ ਘੱਟ ਗਿਣਤੀ ਲੋਕਾਂ ਲਈ ਖਤਰੇ ਦਾ ਸਬੱਬ ਬਣ ਸਕਦੈ।ਰਾਇ ਅਜ਼ੀਜ਼ਉਲਾ ਖਾਨ ਨਾਲ ਕੀਤੀ ਮੁਲਾਕਾਤ ਚੰਗੀ ਲੱਗੀ, ਉਨ੍ਹਾ ਨੇ ਗੁਰੂ ਸਾਹਿਬ ਨਾਲ ਸੰਬੰਧਾਂ ਦੀ ਗੱਲ ਵੀ ਕੀਤੀ ਹੈ।ਹੋਰ ਵਸਾਏ ਨਗਰਾਂ ਦੀ ਜਾਣਕਾਰੀ ਮੁਲਕਾਤ ਪੜ੍ਹ ਕੇ ਮਿਲੀ ਇਸ ਦੇ ਨਾਲ ਇਸ ਅੰਕ ਵਿੱਚ ਕੂਕਾ ਲਹਿਰ ਦੇ ਸ਼ਹੀਦ ਹਜ਼ਾਰਾ ਸਿੰਘ ਰਾਈਆਂ, ਬਾਬਾ ਰੂੜ ਸਿੰਘ ਚੂਹੜ ਚੱਕ ਦੀ ਸ਼ਹਾਦਤ ਬਾਰੇ ਪੜ੍ਹ ਕੇ ਇਤਿਹਾਸਕ ਜਾਣਕਾਰੀ ਮਿਲੀ।

- ਪ੍ਰਿੰ. ਗੁਰਮੀਤ ਸਿੰਘ ਫ਼ਾਜ਼ਿਲਕਾ

## ਪਾਠਕਾਂ ਲਈ

ਤੁਹਾਡੇ ਖ਼ਤਾਂ ਦਾ ਸਵਾਗਤ ਹੈ। ਖ਼ਤ ਤੇ ਮੈਟਰ ਸਾਨੂੰ ਹੇਠ ਲਿਖੀ ਈਮੇਲ 'ਤੇ ਭੇਜ ਸਕਦੇ ਹੋ।

atwartazamana@gmail.com

- ਸੰਪਾਦਕ

## ਆਉਂਦੇ ਐਤਵਾਰਤਾ 'ਚ ਵਿਸ਼ੇਸ਼

ਭਗਤ ਪੂਰਨ ਸਿੰਘ, ਗੁਰਪ੍ਰੀਤ ਤੇ ਰੌਲ਼ਿਆਂ ਵੇਲੇ : ਬਲਬੀਰ ਪਰਵਾਨਾ

ਲੋਲਿਤ ਐੱਕਸਪ੍ਰੈੱਸ 'ਤੇ ਸਵਾਰ ਐਪਸਟੀਨ : ਡਾ. ਕੁਲਦੀਪ ਸਿੰਘ ਦੀਪ

'ਤੂੰ ਇੱਕ ਦੀਵਾ ਬਣ' : ਲਾਭ ਸਿੰਘ ਉਗੋਕੇ (ਫੋਕਸ) ਡਾ. ਰਾਮਪਾਲ ਸ਼ਾਹਪੁਰੀ

ਪ੍ਰਸ਼ੋਤਮ ਪੱਤੋ ਦੀਆਂ ਕਵਿਤਾਵਾਂ ਤੇ ਹੋਰ ਬਹੁਤ ਕੁਝ

# ਸਮਕਾਲ

---- ਭਗਵੰਤ ਰਸੂਲਪੁਰੀ ----

## ਸਮਾਂਤਰ ਨਜ਼ਰੀਆ : ਜਨਵਰੀ-ਮਾਰਚ, 2026



'ਸਮਾਂਤਰ ਨਜ਼ਰੀਆ' ਦੇ ਨਵੇਂ ਅੰਕ ਦੀ ਸੰਪਾਦਕੀ ਵਿੱਚ ਸਾਹਿਤ ਅਕਾਦਮੀ ਦਿੱਲੀ ਦੇ ਸੰਦਰਭ ਵਿੱਚ ਖ਼ੁਦਮੁਖ਼ਤਿਆਰ ਸੰਸਥਾਵਾਂ ਦੇ ਅਸਤਿੱਤਵ ਦੀ ਗੱਲ ਕੀਤੀ ਗਈ ਹੈ। ਕਰਮ ਸਿੰਘ ਮਾਨ 'ਕੰਬਲ', ਤੇਜਿੰਦਰ ਮਾਰਕੰਡਾ 'ਗਰੀਬ ਦਾ ਦੇਵਤਾ' ਦੇ ਕਹਾਣੀਆਂ ਸਮੇਤ ਜਿੰਦਰ ਦੀ ਕਹਾਣੀ 'ਤੁਸੀਂ ਨਹੀਂ ਸਮਝ ਸਕਦੇ' ਕਹਾਣੀ ਤੇ ਉਸ ਦੀ 'ਸਿਰਜਣ ਪ੍ਰਕਿਰਿਆ' ਪ੍ਰਕਾਸ਼ਤ ਕੀਤੀ ਗਈ ਹੈ। ਜਗਜੀਤ ਕੌਰ ਢਿੱਲਵਾਂ ਦੀਆਂ ਇਸ ਅੰਕ ਦੀ ਸ਼ਾਇਰਾ ਤਹਿਤ ਗ਼ਜ਼ਲਾਂ, ਸਰਬਜੀਤ ਔਲਖ, ਸੰਧੂ ਗਗਨ, ਐਮ. ਕੇ. ਆਜ਼ਾਦ ਦੀ ਸ਼ਾਇਰੀ ਪੜ੍ਹਨ ਨੂੰ ਮਿਲ ਜਾਂਦੀ ਹੈ। ਜੋਗਿੰਦਰ ਸਿੰਘ ਨਿਰਾਲਾ ਦਾ ਸਵੈ ਜੀਵਨੀ ਅੰਸ਼ ਪ੍ਰਕਾਸ਼ਤ ਕੀਤਾ ਗਿਆ ਹੈ। ਜਰਨੈਲ ਸਿੰਘ ਅੱਚਰਵਾਲ ਨੇ 'ਗ਼ਦਰ ਪਾਰਟੀ ਦੀ ਬੰਬ ਫੈਕਟਰੀ ਵਾਲਾ ਪਿੰਡ ਲੋਹਟਬੱਦੀ' ਦਾ ਇਤਿਹਾਸ ਲਿਖਿਆ ਹੈ। ਭੋਲਾ ਸਿੰਘ ਸੰਘੇੜਾ ਨੇ ਕਲਾਕਾਰ ਲਾਲੀ ਦੀ ਮੁਲਾਕਾਤਾ ਕੀਤੀ ਹੈ। ਡਾ. ਰਮਨਦੀਪ ਕੌਰ (ਯੁੱਗ ਵੇਦਨਾ), ਭਗਵਾਨ ਢਿੱਲੋਂ (ਤੇਰੇ ਕਰਕੇ), ਜਸਬੀਰ ਕਲਸੀ (ਲਹੂ ਭਿੱਜੀਆਂ ਦਾਸਤਾਂ-ਖ਼ਾਲਸ), ਡਾ. ਕੁਲਦੀਪ ਸਿੰਘ ਦੀਪ (ਕਲਿਆਣੀ) ਤੇ ਡਾ. ਲਾਭ ਸਿੰਘ ਖੀਵਾ ਨੇ ਖੋਜ ਪੇਰ-ਪੁਸਤਕਾਂ ਦੇ ਰੀਵਿਊ ਕੀਤੇ ਹਨ। 'ਸਮਾਂਤਰ ਨਜ਼ਰੀਆ' ਦੇ ਸੰਪਾਦਕ ਡਾ. ਗੁਲਜ਼ਾਰ ਸਿੰਘ ਪੰਧੇਰ (70099-66188) ਹਨ। ਪਰਚੇ ਦਾ ਮੁੱਲ 100 ਰੁਪਏ ਤੇ ਪੰਨੇ 96 ਹਨ। ਰਚਨਾਵਾਂ ਭੇਜਣ ਲਈ email: gulzarpandher@gmail.com

## ਆਪਣੀ ਆਵਾਜ਼ : ਫਰਵਰੀ, 2026



ਡਾ. ਰਾਮ ਮੂਰਤੀ ਨੇ 'ਲੇਖਕ ਦਾ ਧਰਮ' 'ਚ ਸਰਕਾਰੀ-ਦਰਬਾਰੀ ਲੇਖਕਾਂ ਦਾ ਜ਼ਿਕਰ ਕੀਤਾ ਹੈ। ਅੰਕ ਵਿੱਚ ਸੁਰਿੰਦਰ ਸੁੰਨੜ ਦੀ ਦੇਸ਼ ਯਾਤਰਾ, ਨੱਕਾਸ਼ ਚਿੱਤੇਵਾਣੀ ਦੀ 'ਣ' ਲੰਮੀ ਕਵਿਤਾ, ਰਮਿੰਦਰ ਰੰਮੀ, ਮਿੱਤਰ ਮਨਜੀਤ, ਕੁਲਦੀਪ ਦੁਸਾਂਝ, ਬਲਵਿੰਦਰ ਬਾਲਮ, ਪਰਮਿੰਦਰ ਅਜੀਜ਼, ਡਾ. ਹਰਭਜਨ ਸਿੰਘ ਦੀਆਂ ਕਵਿਤਾਵਾਂ ਤੇ ਜਸਵੰਤ ਨੇਕੀ ਬਾਰੇ ਸੁਹਿੰਦਰ ਬੀਰ ਦਾ ਲੇਖ, ਭੁਪਿੰਦਰ ਉਸਤਾਦ ਦਾ ਸਫ਼ਰਨਾਮਾ, ਡਾ. ਹਰੀਸ਼ ਮਲਹੋਤਰਾ (ਮਾਈਕਲ ਫੈਰਾਡੇ), 20 ਜੂਨ 1977 ਦਾ ਯਾਦਗਾਰੀ ਦਿਨ (ਚੇਤਨ ਸਿੰਘ) ਲਿਖਤਾਂ ਪੜ੍ਹਨਯੋਗ ਹਨ। ਜਗਦੀਸ਼ ਰਾਏ ਕੁਲਰੀਆਂ ਨੇ ਭਾਰਤੀ ਭਾਸ਼ਾਵਾਂ ਦੀਆਂ ਮਿੰਨੀ ਕਹਾਣੀਆਂ ਪੇਸ਼ ਕੀਤੀਆਂ ਹਨ। ਪਰਚੇ ਵਿੱਚ ਕੁਝ ਕਿਤਾਬਾਂ ਬਾਰੇ ਤੇ ਕਿਤਾਬਾਂ ਵਿੱਚੋਂ ਚੰਗਾ ਮੈਟਰ ਵੀ ਪ੍ਰਕਾਸ਼ਤ ਕੀਤਾ ਗਿਆ ਹੈ। 'ਆਪਣੀ ਆਵਾਜ਼' ਦੇ ਮੁੱਖ ਸੰਪਾਦਕ : ਸੁਰਿੰਦਰ ਸਿੰਘ ਸੁੰਨੜ, ਸੰਪਾਦਕ : ਡਾ. ਰਾਮ ਮੂਰਤੀ, (94174-49665), ਰਚਨਾਵਾਂ ਭੇਜਣ ਲਈ email: apniaawaazjal@gmail.com

## ਲਾਲ ਪਰਚਮ : ਜਨਵਰੀ,2026



ਪਰਚਾ ਸੱਤਾ ਤੋਂ ਨਾਬਰੀ ਦੀ ਸੁਰ ਵਾਲੀਆਂ ਲਿਖਤਾਂ ਪ੍ਰਮੁੱਖਤਾ ਨਾਲ ਛਾਪਦਾ ਹੈ।ਐਸਆਈ ਆਰ ਤੇ ਮੋਦੀ ਸਰਕਾਰ, ਬਿਹਾਰ ਚੋਣਾਂ, ਵੰਦੇ ਮਾਤਰਮ ਫਿਰਕੂ ਏਜੰਡੇ ਦੇ ਵਿਸਥਾਰ, ਪੰਜਾਬ ਯੂਨੀਵਰਸਿਟੀ ਵਿਦਿਆਰਥੀ ਸੰਘਰਸ਼, ਟਿੱਬੀ ਈਥਾਨੋਲ ਪਲਾਂਟ ਵਿਰੋਧੀ ਸੰਘਰਸ਼, ਬੀਜ ਬਿੱਲ 2025, ਜੀ ਰਾਮ ਜੀ ਰੁਜ਼ਗਾਰ ਗਰੰਟੀ ਨੂੰ ਬੇਦਾਵਾ, ਭਾਰਤੀ ਆਰਥਿਕਤਾ, ਆਦਿਵਾਸੀ ਖੇਤਰਾਂ ਅੰਦਰ ਵਿਕਾਸ ਦੀ ਹਕੀਕਤ, ਇੰਡੀਗੋ ਤੇ ਸਰਕਾਰ ਦੀ ਮੁਲਾਹਜੇਦਾਰੀ, ਮਾਰੂ ਹਥਿਆਰਾਂ, ਐਪਸਟੀਨ ਫਾਈਲਾਂ, ਕੈਨੇਡਾ ਦੇ ਕੱਚੇ ਨੌਜਵਾਨ ਕਾਮੇ ਆਦਿ ਮੁੱਦਿਆ 'ਤੇ ਲੇਖ, ਰਿਪੋਟਿੰਗ, ਖੋਜ ਸਟੋਰੀਆਂ ਪ੍ਰਕਾਸ਼ਤ ਕੀਤੀਆਂ ਗਈਆਂ ਹਨ। ਸੱਤਾਂ ਦੀਆਂ ਲੁਕਵੀਆਂ ਚਾਲਾਂ ਨੂੰ ਅੰਕ ਦੀਆਂ ਲਿਖਤਾਂ ਨੰਗਿਆ ਕਰਦੀਆਂ ਹਨ। ਮੁੱਖ ਧਾਰਾ ਮੀਡੀਆ ਦੇ ਬਦਲ ਵਜੋਂ ਪਰਚਾ ਛਪਦਾ ਹੈ। ਪਰਚੇ ਦੇ ਪੰਨੇ : 64, ਮੁੱਲ : 30 ਰੁਪਏ, ਸੰਪਰਕ: ਸੰਪਾਦਕ: ਮੁਖਤਿਆਰ ਪੂਹਲਾ, ਪੋਸਟ ਬਾਕਸ ਨੰ. 27, ਰਾਮਪੁਰਫੂਲ, ਮੁਬਾਇਲ : 99883-83608

## ਸੰਗਰਾਮੀ ਲਹਿਰ : ਫਰਵਰੀ, 2026



ਹੱਥਲੇ ਅੰਕ 'ਚ ਮੰਗਤ ਰਾਮ ਪਾਸਲਾ ਨੇ 'ਅਮਰੀਕੀ ਸਾਮਰਾਜ' ਤੇ ਸੰਪਾਦਕੀ ਲਿਖੀ ਹੈ। ਫੈਲਿਕਸ ਪਾਲ ਵੱਲੋਂ ਲਿਖਿਆ 'ਆਰ ਐੱਸ ਐੱਸ ਦੇ ਘਾਤਰ ਏਜੰਡੇ' ਤੇ ਵਿਸ਼ੇਸ਼ ਲੇਖ ਹੈ। ਟਰੰਪ ਦਾ ਪਸਾਰਵਾਦੀ ਹੱਲਾ (ਰਵੀ ਕੰਵਰ), ਸੋਮਨਾਥ ਮੰਦਰ, ਬੋਧੀ ਤੇ ਜੈਨ ਤੀਰਥ ਸਥਾਨਾਂ ਦੀ ਤਬਾਹੀ ਦਾ ਹਿੰਦੂਤਵੀ ਬਿਰਤਾਂਤ (ਸ਼ਮਸ਼ੁਲ ਇਸਲਾਮ), ਸਵਿੱਤਰੀ ਬਾਈ ਫੂਲੇ (ਡਾ. ਜਸਵੰਤ ਰਾਏ), ਕਿਊਬਾ ਤੋਂ ਸਿੱਖਦਿਆਂ (ਰੇਮੀ ਹੇਰੇਰਾ), ਕੁਪੋਸ਼ਣ ਤੇ ਲੋਕਤੰਤਰ (ਵਿਕਾਸ ਪਰਸਰਾਮ ਮੇਸ਼ਰਾਮ) ਨਾਬਰੀ ਦੀ ਸੁਰ ਵਾਲੀਆਂ ਲਿਖਤਾਂ ਹਨ। ਜਿਲਾਨੀ ਬਾਨੋ ਦੀ ਕਹਾਣੀ 'ਨੈਕਸਟ' ਸਮੇਤ ਕੌਮਾਂਤਰੀ ਪਿੜ ਤਹਿਤ ਸੂਡਾਨ, ਗ੍ਰੀਨ ਲੈਂਡ, ਇਰਾਨ ਦੇ ਲੋਕਾਂ ਦੇ ਘਾਣ ਦਾ ਬਿਰਤਾਂਤ ਪੜ੍ਹਨ ਨੂੰ ਮਿਲਦਾ ਹੈ। ਸੰਗਰਾਮੀ ਲਹਿਰ, ਸੰਪਾਦਕ : ਮੰਗਤ ਰਾਮ ਪਾਸਲਾ, ਰਚਨਾਵਾਂ ਭੇਜਣ ਲਈ email: mahipal-sathi806@gmail.com (99153-12806)

## ਪ੍ਰਾਇਮਰੀ ਸਿੱਖਿਆ : ਫ਼ਰਵਰੀ, 2026



ਪ੍ਰਾਇਮਰੀ ਸਿੱਖਿਆ ਦੇ ਨਵੇਂ ਅੰਕ ਦੀ ਸੰਪਾਦਕੀ ਵਿੱਚ ਵਿਦਿਆਰਥੀਆਂ ਨੂੰ ਇਮਤਿਹਾਨ ਵੱਲ ਧਿਆਨ ਦੇਣ ਲਈ ਕਿਹਾ ਗਿਆ ਹੈ। ਬਲਜਿੰਦਰ ਮਾਨ (ਕਨੇਡਾ ਦੀ ਸੈਰ), ਮਾ. ਸੰਜੀਵ ਧਰਮਾਣੀ (ਗ਼ਲਤੀ ਦਾ ਅਹਿਸਾਸ), ਕੁਲਵਿੰਦਰ ਕੌਰ ਮਹਿਕ (ਮਿਹਨਤ ਦਾ ਫ਼ਲ), ਰਘੁਵੀਰ ਸਿੰਘ ਕਲੋਆ (ਜਿੱਥੇ ਚਾਹ ਉੱਥੇ ਰਾਹ), ਸਾਧੂ ਰਾਮ ਲੰਗੇਆਣਾ (ਮਿੱਠੂ ਰਾਮ ਦੀ ਪਾਰਟੀ), ਰਾਜੇਸ਼ ਗੁਪਤਾ (ਡੋਰ), ਮਨਦੀਪ ਰਿੰਪੀ (ਤੇਰੀ ਗੁੱਲਕ ਮੇਰੀ ਗੁੱਲਕ), ਵਿਵੇਕ (ਕਲਾਕਾਰ) ਦੀਆਂ ਬਾਲ ਕਹਾਣੀਆਂ ਪ੍ਰਕਾਸ਼ਤ ਕੀਤੀਆਂ ਗਈਆਂ ਹਨ। ਮਨਦੀਪ ਕੌਰ, ਵਿਜੈ ਕੁਮਾਰ, ਮਨਮੋਹਨ ਸਿੰਘ ਦਾਊਂ ਦੇ ਲੇਖ ਅਤੇ ਲਖਵਿੰਦਰ ਸਿੰਘ, ਮਨਜੀਤ ਸਿੰਘ ਘੜੈਲੀ, ਅਮਰੀਕ ਤਲਵੰਡੀ, ਹਰਪ੍ਰੀਤ ਪੱਤੋ, ਕਾਰਤਿਕ, ਪਰਮਜੀਤ ਸਿੰਘ, ਮਨਜੀਤ ਸਿੰਘ ਅੰਬਾਲਵੀ, ਜਗਜੀਤ ਸਿੰਘ ਲੰਡਾ, ਭਪਿੰਦਰ ਸਿੰਘ ਆਸ਼ਟ, ਦੇਸ ਰਾਜ ਬਾਲੀ ਤੇ ਆਤਮਾ ਸਿੰਘ ਚਿੱਟੀ ਦੀਆਂ ਕਵਿਤਾਵਾਂ ਛਪੀਆਂ ਹਨ। ਪੇਪਰ ਸੁੰਦਰ ਰੰਗੀਨ ਤਸਵੀਰਾਂ ਨਾਲ ਪ੍ਰਕਾਸ਼ਤ ਹੁੰਦਾ ਹੈ।

ਇਸ ਅੰਕ ਦੇ ਸਫ਼ੇ : 36, ਮੁੱਲ: 20 ਰੁਪਏ ਹੈ। 'ਪ੍ਰਾਇਮਰੀ ਸਿੱਖਿਆ' ਦੇ ਸੰਪਾਦਕ : ਪਰਮਿੰਦਰ ਕੌਰ, ਸੰਪਰਕ-0172-5227395, ਪਤਾ-ਪ੍ਰਾਇਮਰੀ ਸਿੱਖਿਆ, ਮੈਗਜ਼ੀਨ ਸੈੱਲ, ਪੰਜਾਬ ਸਕੂਲ ਸਿੱਖਿਆ ਬੋਰਡ, ਵਿੱਦਿਆ ਭਵਨ, ਫੇਜ਼-8, ਸਾਹਿਬਜ਼ਾਦਾ ਅਜੀਤ ਸਿੰਘ ਨਗਰ, ਮੁਹਾਲੀ-160062, ਰਚਨਾਵਾਂ ਭੇਜਣ ਲਈ email: pankhrianpseb@gmail.com

## Voices After the shout:Harish Jain




ਹਰੀਸ਼ ਜੈਨ ਵੱਲੋਂ ਅੰਗਰੇਜ਼ੀ ਵਿੱਚ ਲਿਖੇ ਨਾਟ ਸੰਗ੍ਰਹਿ..."Voices After the shout:Harish Jain" ਉੱਤੇ ਚੰਡੀਗੜ੍ਹ ਸਹਿਤ ਅਕੈਡਮੀ ਨੇ ਸਾਲ 2024 ਦੀ ਉੱਤਮ ਕਿਤਾਬ ਦਾ ਐਵਾਰਡ ਦੇਣ ਦਾ ਐਲਾਨ ਕੀਤਾ ਹੈ।

ਹਰੀਸ਼ ਜੈਨ ਨੇ ਪਹਿਲਾਂ ਇੱਕ ਪ੍ਰਕਾਸ਼ਕ ਦੇ ਤੌਰ 'ਤੇ ਆਪਣਾ ਨਾਂ ਸਥਾਪਿਤ ਕੀਤਾ, ਅੱਜ ਕੱਲ ਉਹ ਗਦਰ ਲਹਿਰ ਦੇ ਖੋਜੀ ਅਤੇ ਨਾਟਕਕਾਰ ਦੇ ਤੌਰ 'ਤੇ ਸਥਾਪਤ ਹੋ ਰਹੇ ਹਨ। ਉਨ੍ਹਾਂ ਨੇ ਗਦਰ ਲਹਿਰ ਅਤੇ ਭਗਤ ਸਿੰਘ ਦੀਆਂ ਲਿਖਤਾਂ ਉੱਤੇ ਮੁੱਲਵਾਨ ਕਾਰਜ ਕੀਤਾ ਹੈ। ਅੰਗਰੇਜ਼ੀ ਵਿੱਚ ਪ੍ਰਕਾਸ਼ਿਤ ਇਸ ਨਾਟ ਸੰਗ੍ਰਹਿ 'ਚ ਉਹਨਾਂ ਦੇ ਲਿਖੇ ਹੋਏ ਚਾਰ ਨਾਟਕ ਹਨ ਜੋ ਸ਼ਹੀਦ ਭਗਤ ਸਿੰਘ ਦੀ ਵਿਚਾਰਧਾਰਾ ਚਿੰਤਨ ਅਤੇ ਸ਼ਹਾਦਤ ਨੂੰ ਨਾਟਕੀ ਅੰਦਾਜ਼ ਵਿੱਚ ਪੇਸ਼ ਕਰਦੇ ਹਨ। ਕਿਤਾਬ ਦੇ 134 ਪੇਜ਼, ਮੁੱਲ 495 ਹਨ।



ਰਾਮਪਾਲ ਸ਼ਾਹਪੁਰੀ ਪੰਜਾਬੀ ਮਨ ਦਾ ਸੰਜੀਦਾ ਸ਼ਾਇਰ ਹੈ। ਸੂਖ਼ਮ ਅਹਿਸਾਸ ਉਹਦੀ ਕਵਿਤਾ ਦਾ ਮੀਰੀ ਗੁਣ ਹੈ। ਉਹ ਨਿੱਕੇ-ਨਿੱਕੇ ਅਹਿਸਾਸਾਂ ਨੂੰ ਆਪਣੀ ਕਵਿਤਾ 'ਚ ਬੜੀ ਸੂਖ਼ਮਤਾ ਨਾਲ ਪੇਸ਼ ਕਰਦਾ ਹੈ। 'ਬੀਜ ਅੰਦਰਲਾ ਜੰਗਲ' ਕਵਿਤਾ ਦੀ ਕਿਤਾਬ 'ਚ ਉਨ੍ਹਾਂ ਅਨੇਕਾਂ ਜਾਨਦਾਰ ਕਵਿਤਾਵਾਂ ਕਹੀਆਂ ਨੇ। ਉਹ ਕਵਿਤਾ ਦੀ ਸਮੀਖਿਆ ਵੀ ਓਨੀ ਸ਼ਿੱਦਤ ਨਾਲ ਕਰਦਾ ਹੈ, ਜਿੰਨੀ ਸ਼ਿੱਦਤ ਨਾਲ ਉਹ ਕਵਿਤਾ ਲਿਖਦਾ ਹੈ। ਸਮਕਾਲੀ ਪੰਜਾਬ ਦੇ ਸਰੋਕਾਰ ਉਹਦੀ ਕਵਿਤਾ 'ਚ ਸਹਿਜਤਾ ਨਾਲ ਆਉਂਦੇ ਹਨ। ਮਨੁੱਖੀ ਸਰੋਕਾਰ ਉਹਦੀ ਕਵਿਤਾ 'ਚ ਭਰਵੇਂ ਰੂਪ 'ਚ ਆਉਂਦੇ ਹਨ। ਸੂਖ਼ਮ ਅਹਿਸਾਸਾਂ ਨੂੰ ਪੇਸ਼ ਕਰਦੀਆਂ ਰਾਮਪਾਲ ਸ਼ਾਹਪੁਰੀ ਦੀਆਂ ਕਵਿਤਾਵਾਂ ਪੇਸ਼ ਹਨ।

-ਸਾਹਿਤ ਸੰਪਾਦਕ

# ਰਾਮਪਾਲ ਸ਼ਾਹਪੁਰੀ ਦੀਆਂ ਕਵਿਤਾਵਾਂ

## ਮੁਰੀਦ

ਇੱਕ ਦਿਨ
ਤੂੰ ਆਖਿਆ ਸੀ
ਮੇਰੀ ਗੱਲ ਸੁਣ!
ਜਦੋਂ ਤੂੰ
ਅਰਜਨ ਵਾਂਗ
ਰਿਸ਼ਤਿਆਂ ਦਾ ਮੋਹ ਤਿਆਗ
ਸਾਰਥੀ ਦੀਆਂ ਅੱਖਾਂ ਦਾ
ਸੰਕੇਤ ਸਮਝਣ ਲੱਗ ਪਿਆ
ਤਾਂ ਤੈਨੂੰ
ਤੇਰੇ ਜਿਉਂਣ ਦੇ
ਅਰਥ ਸਮਝ ਆ ਜਾਣਗੇ
ਸੱਚ ਜਾਣੀਂ
ਮੈਂ
ਉਸੇ ਦਿਨ ਤੋਂ
ਤੇਰੀਆਂ ਅੱਖਾਂ ਦਾ
ਮੁਰੀਦ ਹੋ ਗਿਆ ਸੀ ।

## ਹੁਣ ਉਹ

ਮੈਂ ਵੇਖਿਆ
ਹੁਣ ਉਹ ਤੈਰਦਾ ਨਹੀਂ
ਸਿਰਫ਼ ਵਹਿੰਦਾ ਹੈ
ਜਿਸ ਪਾਸੇ ਨੂੰ
ਮੁਹਾਣ ਹੋਵੇ
ਉਸੇ ਨੂੰ
ਰਾਹ ਮੰਨ ਲੈਂਦਾ ਹੈ
ਤੁਰਦਾ-ਤੁਰਦਾ
ਜਿੱਥੇ ਰੁਕ ਜਾਵੇ
ਉਹੀ ਥਾਂ
ਉਸ ਲਈ ਮੰਜ਼ਲ
ਤੇ
ਜਿੱਥੇ ਜਾ ਡੁੱਬਣ ਲੱਗੇ
ਉਹ ਥਾਂ
ਮੁਕਤੀ ਸਥਾਨ ਬਣ ਜਾਂਦਾ ਹੈ
ਮੈਂ ਵੇਖਿਆ
ਹੁਣ ਉਹ ਤੈਰਦਾ ਨਹੀਂ
ਸਿਰਫ਼ ਵਹਿੰਦਾ ਹੈ।

## ਬੁਝਾਰਤ

ਤੂੰ ਕਦੇ
ਪਿਆਰ ਨਾਲ
ਮੈਥੋਂ ਮੇਰਾ ਸਾਥ ਨਹੀਂ ਮੰਗਿਆ
ਸਦਾ
ਗ਼ੁਲਾਮਾਂ ਵਾਂਗ
ਆਪਣੇ ਨਾਲ ਰੱਖਿਆ ਹੈ
ਬੇਲਿਹਾਜਿਆ!
ਜੇ ਤੂੰ
ਮੇਰੇ ਮਨ ਦੀ ਵੀਣਾ 'ਤੇ
ਆਪਣੇ ਮੋਹ ਦੀ ਮਿਜ਼ਰਾਬ ਫੇਰੀ ਹੁੰਦੀ
ਤਾਂ ਮੈਂ
ਤੇਰੇ ਲਈ
ਬੁਝਾਰਤ ਨਹੀਂ ਬਣਨਾ ਸੀ।

## ਭੇਦ ਪ੍ਰਕਿਰਿਆ

ਮੈਂ
ਜਦੋਂ ਵੀ
ਉਸ ਵੱਲ ਨੀਝ ਨਾਲ ਵੇਖਿਆ
ਬਸ ਉਹ
ਖਾਲੀ ਹੀ ਦਿਖਿਆ
ਪਰ
ਪਤਾ ਨਹੀਂ ਉਸ ਅੰਦਰ
ਕਿੱਥੋਂ ਆ ਜਾਂਦੇ ਨੇ
ਲਿਸ਼ਕਦੀ ਬਿਜਲੀ
ਨੀਲੋਫ਼ਰਾਂ ਦੇ ਫੁੱਲਾਂ ਦੀ ਝੋਲਵੀ ਸਾਖ਼
ਸਤਰੰਗੀ ਪੀਂਘ ਦਾ ਖੁਮਾਰ
ਦੁੱਧ ਦਾ ਦੁੱਧੀਆਪਣ
ਕਾਲਖ ਦੀ ਚਾਦਰ
ਚਾਨਣੀਆਂ ਰਿਸ਼ਮਾਂ
ਤਾਰਿਆਂ ਦੀ ਟਿਮਟਿਮਾਹਟ
ਮੈਂ ਦੇਖਦਾ ਹਾਂ
ਉਹ ਆਪਣੇ ਆਪ ਨੂੰ ਖਾਲੀ ਰੱਖਦਾ
ਸ਼ਾਇਦ!
ਉਹ ਜਾਣਦਾ ਹੈ
ਖਾਲੀ ਹੋ ਕੇ ਭਰਨ ਦੀ ਭੇਦ ਪ੍ਰਕਿਰਿਆ
ਉਸ ਅੰਦਰ
ਕਦੇ ਕੁੱਝ ਵੀ ਨਹੀਂ ਹੁੰਦਾ
ਤੇ ਕਦੇ ਬਹੁਤ ਕੁਝ
ਅਸੀਮ ਹੁੰਦਾ ਹੈ
ਜੋ ਦਿਖਦਾ ਹੈ
ਉਸ ਦੇ ਖਾਲੀ ਹੋਣ ਵਿੱਚੋਂ ।

## ਤਕਦੀਰ

ਮੇਰੇ
ਪਿੰਡ ਦੀ ਬੀਬੋ
ਗ਼ੁਰਬਤ ਦੀ ਪਰਾਤ 'ਚ
ਧੁੰਦਲੇ ਭਵਿੱਖ ਦਾ ਪਾਣੀ ਪਾ
ਆਪਣੇ ਹੀ ਦੋਵੇਂ ਹੱਥਾਂ ਨਾਲ ਕੰਗਣਾ ਖੇਡ
ਸੁੱਕੀ ਢੀਮ ਵਾਂਗ ਪਾਣੀ 'ਚ ਖੁਰਦਿਆਂ
ਕਿੰਨੇ ਚਿਰ ਤੋਂ
ਔਖੇ ਸਾਹ ਲੈ ਰਹੀ ਏ
ਮੈਨੂੰ
ਆਪਣੇ ਨੇੜੇ ਆਉਂਦਿਆਂ ਵੇਖ
ਉਸ ਦੀਆਂ ਅੱਖਾਂ
ਸਤਲੁਜ ਦੇ ਪੁਲ ਵਾਂਗੂੰ
ਰੋਕ ਨਾ ਸਕੀਆਂ
ਉਸ ਦੇ ਅੰਦਰੋਂ ਉੱਠੇ ਹੜ੍ਹ ਦੀਆਂ ਛੱਲਾਂ ਨੂੰ
ਆਪਣੀ ਬੁੱਕਲ 'ਚ ਲੈ
ਮੈਨੂੰ ਆਖਣ ਲੱਗੀ
ਵੇਖ ਪਾਲਿਆ!
ਕਦੇ ਹੀਰ ਨੂੰ
ਕਿਸੇ ਰਾਂਝੇ ਨਾਲ ਵਿਆਹਿਆ ਏ?
ਅਜ਼ਲਾਂ ਤੋਂ ਤਕਦੀਰ
ਸਾਡੇ ਨਾਲ ਨਰਾਜ਼ ਏ।

## ਜੀਵਨ

ਦਰਖ਼ਤ ਦੀ
ਗੂੜ੍ਹੀ ਛਾਂ ਹੇਠ
ਪੂੰਗ ਜੇਹਾ ਬੂਟਾ
ਮੈਨੂੰ ਵੇਖ ਆਖਣ ਲੱਗਾ
ਤੂੰ ਮੇਰੇ ਵਾਂਗ
ਤਪਸ਼ਾਂ ਤੋਂ ਬਚਣ ਲਈ
ਛਾਂਵਾਂ ਨੂੰ ਸਕੂਨ ਨਾ ਮੰਨ ਲਵੀਂ
ਛਾਂਵਾਂ ਪਿੰਡਾ ਹੀ ਠਾਰਦੀਆਂ ਨੇ
ਕੁਝ ਖਾਣ ਲਈ ਨਹੀਂ ਦਿੰਦੀਆਂ
ਜੀਵਨ
ਕੁਝ ਖਾਣ ਲਈ ਮੰਗਦਾ ਹੈ।

## ਦਿਲ ਦੇ ਅਲਫ਼ਾਜ਼

ਧਰਤ 'ਤੇ
ਕੋਈ ਪ੍ਰੇਮ ਪੱਤਰ
ਅੱਜ ਤੱਕ
ਸਾਂਭਿਆ ਕਿਸੇ?
ਤੂੰ ਵੀ
ਨਹੀਂ ਸਾਂਭਣਾ
ਦਿਲ ਦੇ ਅਲਫ਼ਾਜ਼ ਤਾਂ
ਅਕਾਸ਼ ਦਾ ਖਲਾਅ ਹੀ
ਸੰਜੋ-ਸਹੇਜ ਕੇ ਰੱਖ ਸਕਦਾ
ਤੂੰ ਕਦੇ
ਵੱਡਾ ਜੇਰਾ ਕਰਕੇ
ਅਕਾਸ਼ ਵੱਲ ਵੇਖੀਂ
ਅਕਾਸ਼ ਦੇ
ਖਲਾਅ 'ਚੋਂ
ਮੇਰੇ ਬਿਨ ਲਿਖੇ
ਪਿਆਰ ਦੇ ਅੱਖਰ
ਤੂੰ
ਆਪਣੇ ਆਪ ਪੜ੍ਹ ਲਵੇਂਗਾ
ਉਸ ਨੇ
ਜਾਂਦੇ ਜਾਂਦੇ ਕਿਹਾ ਸੀ ।

ਮੋਬਾ. 99148-86310

# ਸੰਕਟਾਂ ਨਾਲ ਦਸਤਪੰਜਾ ਲੈਂਦੀ ਮਾਤ-ਭਾਸ਼ਾ

ਦਰਸ਼ਨ ਸਿੰਘ 'ਆਸ਼ਟ' (ਡਾ.)

ਮਨੁੱਖੀ ਸਮਾਜ ਵਿਚ ਭਾਸ਼ਾ ਦੁਆਰਾ ਆਪਸੀ ਵਿਚਾਰਾਂ ਅਤੇ ਭਾਵਨਾਵਾਂ ਦਾ ਸੰਚਾਰ ਕੀਤਾ ਜਾਂਦਾ ਹੈ। ਭਾਸ਼ਾ ਦੇ ਜ਼ਰੀਏ ਹੀ ਕਿਸੇ ਕੌਮ ਦੀ ਸਭਿਆਚਾਰਕ, ਸਮਾਜਿਕ, ਰਾਜਨੀਤਕ, ਆਰਥਿਕ, ਧਾਰਮਿਕ, ਸਾਹਿਤਕ ਅਤੇ ਵਿਦਿਅਕ ਸਥਿਤੀ ਉਭਰ ਕੇ ਸਾਹਮਣੇ ਆਉਂਦੀ ਹੈ। ਜਿਹੜੇ ਲੋਕ ਆਪਣੀ ਮਾਦਰੀ-ਜ਼ੁਬਾਨ ਬੋਲਣ ਵਿਚ ਹੀਣ-ਭਾਵਨਾ ਮਹਿਸੂਸ ਕਰਦੇ ਹਨ ਅਤੇ ਉਸ ਨਾਲੋਂ ਮੋਹ ਭੰਗ ਕਰਕੇ ਓਪਰੀਆਂ ਬੋਲੀਆਂ ਬੋਲਣ ਦੀ ਚਕਾਚੌਂਧ ਵਿਚ ਗੁਆਚਣ ਲੱਗਦੇ ਹਨ, ਉਹ ਲਾਭ ਦੀ ਥਾਂ ਹਾਨੀ ਹੀ ਉਠਾਉਂਦੇ ਹਨ। ਇਹ ਅਖਾਣ ਇਸੇ ਹਕੀਕਤ-ਬਿਆਨੀ ਦੀ ਸਪੱਸ਼ਟ ਉਦਾਹਰਣ ਹੈ: "ਆਬ-ਆਬ ਕਰ ਮੋਇਉਂ ਬੱਚਾ, ਫ਼ਾਰਸੀਆਂ ਘਰ ਗਾਲੇ।"

ਭਾਸ਼ਾਵਾਂ ਦਾ ਇਤਿਹਾਸ ਇਸ ਗੱਲ ਦੀ ਸ਼ਾਹਦੀ ਭਰਦਾ ਹੈ ਕਿ ਜਦੋਂ ਯੂਰਪ ਦੀਆਂ ਅਨੇਕ ਕਬਾਇਲੀ ਭਾਸ਼ਾਵਾਂ ਨੂੰ ਬੋਲਣ ਵਾਲੇ ਹੀ ਨਾ ਰਹੇ ਤਾਂ ਉਨ੍ਹਾਂ ਦਾ ਅਸਤਿੱਤਵ ਖ਼ਤਮ ਹੋ ਗਿਆ। ਹਿੰਦੁਸਤਾਨ ਦੀਆਂ ਕਈ ਪ੍ਰਾਚੀਨ ਭਾਸ਼ਾਵਾਂ ਨਾਲ ਵੀ ਅਜਿਹਾ ਹੀ ਵਾਪਰਿਆ।ਗੁਜਰਾਤ ਦੇ ਵਡੋਦਰਾ ਸਥਿਤ ਭਾਸ਼ਾ, ਖੋਜ ਅਤੇ ਪ੍ਰਕਾਸ਼ਨ ਕੇਂਦਰ ਵੱਲੋਂ ਜਾਰੀ ਅੰਕੜਿਆਂ ਅਨੁਸਾਰ ਪਿਛਲੇ ਲਗਭਗ ਛੇ ਦਹਾਕਿਆਂ ਦੌਰਾਨ 220 ਭਾਸ਼ਾਵਾਂ ਅਜਿਹੀਆਂ ਹੀ ਪ੍ਰਸਥਿਤੀਆਂ ਕਾਰਨ ਹੀ ਆਪਣਾ ਵਜੂਦ ਖੋ ਬੈਠੀਆਂ। ਇਸ ਦੇ ਬਾਵਜੂਦ ਜਪਾਨ, ਜਰਮਨੀ, ਰੂਸ ਅਤੇ ਚੀਨ ਵਰਗੇ ਅਗਾਂਹਵਧੂ ਮੁਲਕਾਂ ਨੇ ਅੰਗ੍ਰੇਜ਼ੀ ਦੀ ਥਾਂ ਆਪ ਆਪਣੀ ਮਾਤ-ਭਾਸ਼ਾ ਦੇ ਬਲਬੂਤੇ ਹੀ ਗਿਆਨ-ਵਿਗਿਆਨ ਅਤੇ ਵਪਾਰਕ ਖੇਤਰਾਂ ਵਿਚ ਲਾਮਿਸਾਲ ਉਪਲਬਧੀਆਂ ਹਾਸਲ ਕਰਕੇ ਆਪਣੀ ਸ਼ਨਾਖ਼ਤ ਕਾਇਮ ਕੀਤੀ ਹੈ। ਇਹ ਅਮਲ ਦੱਸਦਾ ਹੈ ਕਿ ਮਨੁੱਖੀ ਵਿਕਾਸ ਵਿਚ ਮਾਤ-ਭਾਸ਼ਾ ਦੀ ਬੇਹੱਦ ਅਹਿਮੀਅਤ ਹੈ।

ਮਨੁੱਖੀ ਭਾਸ਼ਾ ਦੇ ਇਤਿਹਾਸ ਉਪਰ ਪਿੱਛਲਝਾਤ ਮਾਰੀ ਜਾਵੇ ਤਾਂ ਸਦੀਆਂ ਤੋਂ ਹੀ ਰਾਜਨੀਤੀ, ਭਾਸ਼ਾ ਦੇ ਨਾਂ 'ਤੇ ਵੰਡੀਆਂ ਪਾ ਕੇ ਆਪਣਾ ਦਬਦਬਾ ਕਾਇਮ ਰੱਖਦੀ ਆਈ ਹੈ। ਇਸੇ ਸੌੜੀ ਮਾਨਸਿਕਤਾ ਕਾਰਨ ਹੀ ਭਾਸ਼ਾਵਾਂ ਦਾ ਘਾਣ ਹੁੰਦਾ ਆਇਆ ਹੈ। ਸ਼ਕਤੀਸ਼ਾਲੀ ਭਾਸ਼ਾਵਾਂ ਆਪਣੀਆਂ ਰਾਜਨੀਤਕ ਪੈਂਤੜੇਬਾਜ਼ੀਆਂ ਕਾਰਨ ਹੀ ਨਿਤਾਣੀਆਂ ਅਤੇ ਘੱਟ ਗਿਣਤੀ ਫਿਰਕਿਆਂ ਦੀਆਂ ਭਾਸ਼ਾਵਾਂ ਨੂੰ ਦਬਾਉਂਦੀਆਂ ਆਈਆਂ ਹਨ। 1971 ਵਿਚ ਪਾਕਿਸਤਾਨ ਨਾਲੋਂ ਟੁੱਟ ਕੇ ਬੰਗਲਾ ਦੇਸ ਹੋਂਦ ਵਿਚ ਆਉਣ ਦੀ ਘਟਨਾ ਨੂੰ ਦੁਨੀਆ ਵਿਚ 'ਭਾਸ਼ਾ ਅੰਦੋਲਨ' ਵਜੋਂ ਜਾਣਿਆ ਜਾਂਦਾ ਹੈ। ਭਾਸ਼ਾਈ ਅਤੇ ਸਭਿਆਚਾਰਕ ਪਰਿਪੇਖ ਤੋਂ ਬੰਗਲਾ-ਦੇਸੀ ਜਨਤਾ ਦੀ ਬੁਨਿਆਦੀ ਮੰਗ ਇਹੀ ਸੀ ਕਿ ਉਹਨਾਂ ਦੀ ਮਾਂ ਬੋਲੀ ਬੰਗਲਾ ਨੂੰ ਵੀ ਦਫ਼ਤਰੀ ਭਾਸ਼ਾ ਵਜੋਂ ਸਨਮਾਨਯੋਗ ਰੁਤਬਾ ਪ੍ਰਦਾਨ ਕੀਤਾ ਜਾਵੇ। ਇਸ ਭਾਸ਼ਾ ਨੂੰ ਬੰਗਲਾ ਲਿਪੀ ਵਿਚ ਹੀ ਲਿਖਣ ਦੀ ਸਵੀਕ੍ਰਿਤੀ ਨਾ ਮਿਲਣ 'ਤੇ 21 ਫਰਵਰੀ,1952 ਨੂੰ ਢਾਕਾ ਵਿਚ ਅੰਦੋਲਨ ਵਿੱਢਿਆ ਗਿਆ। ਪੁਲਿਸ ਵੱਲੋਂ ਆਪਣੀ ਬੋਲੀ ਵਾਸਤੇ ਹੱਕਾਂ ਲਈ ਜੁਝਾਰੂ ਘੋਲ ਵਿਚ ਕੁੱਦੇ ਬੰਗਲਾ-ਭਾਸ਼ੀ ਪ੍ਰੇਮੀਆਂ ਉਪਰ ਉਪਰ ਗੋਲੀ ਚਲਾਉਣ ਦਾ ਆਦੇਸ਼ ਦਿੱਤਾ ਗਿਆ। ਸਿੱਟੇ ਵਜੋਂ ਚਾਰ ਵਿਦਿਆਰਥੀ ਆਪਣੀ ਮਾਤ-ਭਾਸ਼ਾ ਦੀ ਹਿਫ਼ਾਜ਼ਤ ਲਈ ਸ਼ਹਾਦਤ ਦਾ ਜਾਮ ਪੀ ਗਏ। ਬੰਗਲਾ ਦੇਸੀ ਆਵਾਮ ਦੇ ਲਾਮਿਸਾਲ ਸੰਘਰਸ਼ ਦੇ ਨਤੀਜੇ ਵਜੋਂ ਸਾਲ 1999 ਵਿਚ ਬੰਗਲਾ ਦੇਸੀ ਸਰਕਾਰ ਨੂੰ 21 ਫ਼ਰਵਰੀ ਦੇ ਦਿਨ ਨੂੰ ਕੌਮਾਂਤਰੀ ਮਾਤ-ਭਾਸ਼ਾ ਦਿਵਸ ਵਜੋਂ ਸਵੀਕ੍ਰਿਤੀ ਦੇਣ ਲਈ ਮਜ਼ਬੂਰ ਹੋਣ ਪਿਆ।

ਕੌਮਾਂਤਰੀ ਭਾਸ਼ਾਵਾਂ ਦੇ ਸਿਲਸਿਲੇ ਵਿਚ ਪੰਜਾਬੀ ਭਾਸ਼ਾ ਦੀ ਸਥਿਤੀ ਦਾ ਮੁਲਾਂਕਣ ਕਰਨਾ ਵੀ ਜ਼ਰੂਰੀ ਬਣ ਜਾਂਦਾ ਹੈ। ਲਹਿੰਦੇ ਪੰਜਾਬ ਵਿਚ ਪੰਜਾਬੀ ਭਾਸ਼ਾ ਨੂੰ ਅਨਪੜ੍ਹ ਲੋਕਾਂ ਦੀ ਜ਼ੁਬਾਨ ਸਮਝਿਆ ਜਾਂਦਾ ਹੈ। ਵੱਖ-ਵੱਖ ਭਾਸ਼ਾਵਾਂ ਨੂੰ ਧਰਮਾ ਨਾਲ ਜੋੜ ਕੇ ਦੇਖਣ ਦੀ ਖ਼ਤਰਨਾਕ ਪ੍ਰਵਿਰਤੀ ਦੀ ਮਿਸਾਲ ਲਹਿੰਦੇ ਪੰਜਾਬ ਤੋਂ ਹੀ ਪ੍ਰੋ. ਸਈਦ ਫ਼ਾਰਾਨੀ ਰਚਿਤ ਪੁਸਤਕ 'ਪੰਜਾਬੀ ਜ਼ੁਬਾਨ ਨਹੀਂ ਮਰੇਗੀ' (ਲਿਪੀਅੰਤਰ ਡਾ. ਰਾਜਵੰਤ ਕੌਰ ਪੰਜਾਬੀ) ਵਿੱਚ ਮਿਲਦੀ ਹੈ। ਕੁਝ ਸਾਜ਼ਿਸ਼ਾਂ ਅਤੇ ਜ਼ਨੂੰਨੀ ਧਿਰਾਂ ਵੱਲੋਂ ਪੰਜਾਬੀ ਅਤੇ ਹਿੰਦੀ ਆਦਿ ਭਾਸ਼ਾਵਾਂ ਨੂੰ ਵੱਖ-ਵੱਖ ਧਰਮਾ ਨਾਲ ਜੋੜਨ ਦੀ ਕੋਸ਼ਿਸ਼ ਕੀਤੀ ਜਾਂਦੀ ਰਹੀ ਹੈ। ਮਸਲਨ ਹਿੰਦੀ ਕੇਵਲ ਹਿੰਦੂ ਭਾਈਚਾਰੇ ਦੀ ਹੀ ਭਾਸ਼ਾ ਹੈ। ਕੁਝ ਹੋਰ 'ਭਾਸ਼ਾ ਮਾਹਿਰਾਂ' ਨੇ ਵੀ ਅਜਿਹੇ ਮੌਕੇ ਦਾ ਲਾਭ ਉਠਾਉਂਦੇ ਹੋਏ ਭਾਰਤੀ ਪੰਜਾਬ ਵਿਚ ਬੋਲੀ ਜਾ ਰਹੀ ਪੰਜਾਬੀ ਨੂੰ 'ਸਿੱਖੀ ਪੰਜਾਬੀ' ਅਤੇ ਪਾਕਿਸਤਾਨ ਵਿਚ ਬੋਲੀ ਜਾਣ ਪੰਜਾਬੀ ਭਾਸ਼ਾ ਨੂੰ 'ਮੁਸਲਮਾਨੀ ਪੰਜਾਬੀ' ਦਾ ਨਾਂ ਦੇ ਕੇ ਬਾਲ- ਮਨਾਂ ਵਿਚ ਕੱਟੜਤਾ ਦੇ ਬੀਜ ਬੀਜਣ ਦੀ ਕੋਸ਼ਿਸ਼ ਕੀਤੀ ਹੈ। ਪੰਜਾਬੀ ਭਾਸ਼ਾ ਦੀ ਲਿੱਪੀ ਦਾ ਮਾਧਿਅਮ ਭਾਵੇਂ ਗੁਰਮੁਖੀ ਹੋਵੇ ਭਾਵੇਂ ਸ਼ਾਹਮੁਖੀ, ਉਹ ਪੰਜਾਬੀ ਹੀ ਹੈ। ਇਸ ਦੀ ਅਹਿਮੀਅਤ ਨੂੰ ਵੰਡੀਆਂ ਪਾ ਕੇ ਵੇਖਣਾ ਅਣਉਚਿਤ ਹੈ। ਇਕ ਹੋਰ ਪਾਠ-ਪੁਸਤਕ ਵਿੱਚ ਬਣੇ ਚਿੱਤਰ ਸਾਹਮਣੇ ਲਿਖਿਆ ਹੈ, ਇਹ ਗੁਰਦੁਆਰਾ ਹੈ, ਇੱਥੇ ਸਿੱਖ ਜਾਂਦੇ ਹਨ। ਇਹ ਮਸਜਿਦ ਹੈ, ਇੱਥੇ ਮੁਸਲਮਾਨ ਜਾਂਦੇ ਹਨ। ਇਹ ਮੰਦਰ ਹੈ, ਇੱਥੇ ਹਿੰਦੂ ਜਾਂਦੇ ਹਨ ਅਤੇ ਇਹ ਚਰਚ ਹੈ, ਇੱਥੇ ......ਵਗੈਰਾ ਵਗੈਰਾ। ਪੁਸਤਕ ਵਿੱਚ ਦਰਸਾਇਆ ਗਿਆ ਅਜਿਹਾ ਅਮਲ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੀ ਸਾਂਝੀਵਾਲਤਾ ਅਤੇ ਵਿਸ਼ਾਲਤਾ ਪ੍ਰਤੀ ਉਤਸ਼ਾਹ ਪੈਦਾ ਨਹੀਂ ਕਰਦਾ, ਸਗੋਂ ਨਫ਼ਰਤੀ ਬੀਜ ਬੀਜਦਾ ਹੈ।

ਲਹਿੰਦੇ ਪੰਜਾਬ ਵਿੱਚ ਉਰਦੂ ਜ਼ੁਬਾਨ ਨੂੰ ਕੌਮੀ ਮਰਤਬਾ ਤਾਂ ਹਾਸਲ ਹੈ ਪ੍ਰੰਤੂ ਪੰਜਾਬੀ ਭਾਸ਼ਾ ਦੀ ਸਥਿਤੀ ਤਰਸਯੋਗ ਅਵਸਥਾ ਵਿੱਚੋਂ ਗੁਜ਼ਰ ਰਹੀ ਹੈ ਜਿਸ ਕਰਕੇ ਉੱਥੇ ਪੰਜਾਬੀ ਜ਼ੁਬਾਨ-ਓ-ਅਦਬ ਨਾਲ ਜੁੜੀਆਂ ਤਨਜ਼ੀਮਾਂ ਆਪਣੀ ਮਾਦਰੀ ਜ਼ੁਬਾਨ ਦੇ ਹੱਕ ਵਿਚ ਅੰਦੋਲਨ ਕਰ ਰਹੀਆਂ ਹਨ। ਲਹਿੰਦੇ ਪੰਜਾਬ ਦੀ ਵਿਧਾਨ ਸਭਾ ਵਿਚ ਇਹ ਮਤਾ ਪੇਸ਼ ਕੀਤਾ ਗਿਆ ਕਿ ਪੰਜਾਬੀ ਜ਼ੁਬਾਨ ਨੂੰ ਲਹਿੰਦੇ ਪੰਜਾਬ ਦੇ ਸਮੂਹ ਸਕੂਲਾਂ ਵਿਚ ਪੜ੍ਹਾਇਆ ਜਾਵੇ। ਪਾਕਿਸਤਾਨ ਮੁਸਲਿਮ ਲੀਗ ਦੀ ਐੱਮ ਪੀ ਏ ਸੁਲਤਾਨਾ ਕੌਸਰ, ਅਮਜ਼ਦ ਅਲੀ ਜ਼ਾਵੇਦ ਤੋਂ ਇਲਾਵਾ ਪੰਜਾਬੀ ਪ੍ਰਚਾਰ ਸੰਸਥਾ ਦੇ ਸਦਰ ਅਹਿਮਦ ਰਜ਼ਾ ਪੰਜਾਬੀ ਨੇ ਪੰਜਾਬੀ ਜ਼ੁਬਾਨ ਦੇ ਹੱਕ ਵਿਚ ਮਤੇ ਪੇਸ਼ ਕਰਦਿਆਂ ਬੁਲੰਦ ਆਵਾਜ਼ ਵਿਚ ਮੰਗ ਕੀਤੀ ਸੀ ਕਿ ਵਿਸ਼ਵ ਵਿਚ ਕਿਉਂਕਿ ਸਭ ਤੋਂ ਵੱਧ ਪੰਜਾਬੀ ਬੋਲਣ ਵਾਲੇ ਲੋਕ ਪਾਕਿਸਤਾਨ ਵਿਚ ਵਸਦੇ ਹਨ, ਇਸ ਲਈ ਉਨ੍ਹਾਂ ਦੀ ਆਪਣੀ ਜ਼ੁਬਾਨ ਪੰਜਾਬੀ ਨੂੰ ਉਰਦੂ ਜ਼ੁਬਾਨ ਦੇ ਗ਼ਲਬੇ ਤੋਂ ਮੁਕਤ ਕਰਕੇ ਇਸ ਨੂੰ ਨਾ ਕੇਵਲ ਸਮੂਹ ਸਰਕਾਰੀ ਅਤੇ ਪ੍ਰਾਈਵੇਟ ਸਕੂਲਾਂ ਵਿਚ ਹੀ ਲਾਗੂ ਕੀਤਾ ਜਾਵੇ ਸਗੋਂ ਸਭ ਅਦਾਰਿਆਂ ਦੇ ਸੂਚਨਾ ਬੋਰਡ ਵੀ ਪੰਜਾਬੀ ਜ਼ੁਬਾਨ ਵਿਚ ਹੀ ਲਿਖੇ ਜਾਣ। ਹਾਲਾਂਕਿ ਲਹਿੰਦੇ ਪੰਜਾਬ ਦੀਆਂ ਕੁਝ ਯੂਨੀਵਰਸਿਟੀਆਂ ਅਤੇ ਕਾਲਜਾਂ ਵਿਚ ਐੱਮ ਫਿਲ ਅਤੇ ਪੀਐੱਚ ਡੀ ਪੱਧਰ ਤੇ ਖੋਜ ਕਾਰਜ ਕਰਵਾਏ ਜਾ ਰਹੇ ਹਨ ਪਰੰਤੂ ਸਕੂਲਾਂ ਵਿੱਚ ਪੰਜਾਬੀ ਭਾਸ਼ਾ ਨੂੰ ਲਾਜ਼ਮੀ ਵਿਸ਼ੇ ਵਜੋਂ ਲਾਗੂ ਕਰਨ ਵਿਚ ਆਨਾਕਾਨੀ ਤੇ ਬਹਾਨੇਬਾਜ਼ੀਆਂ ਦਾ ਦੌਰ ਨਿਰੰਤਰ ਜਾਰੀ ਹੈ। ਲਹਿੰਦੇ ਅਤੇ ਚੜ੍ਹਦੇ ਪੰਜਾਬ ਦੀਆਂ ਪੰਜਾਬੀ ਪ੍ਰਚਾਰ-ਪ੍ਰਸਾਰ ਨਾਲ ਸਬੰਧਿਤ ਲਹਿਰਾਂ ਵੱਲੋਂ ਵਿਸ਼ੇਸ਼ ਕਰਕੇ ਲਾਹੌਰ, ਗੁੱਜਰਾਂਵਾਲਾ ਅਤੇ ਸਿਆਲਕੋਟ ਆਦਿ ਸ਼ਹਿਰਾਂ ਵਿੱਚ ਕੌਮਾਂਤਰੀ ਪੰਜਾਬੀ ਕਾਨਫ਼ਰੰਸਾਂ ਦਾ ਆਯੋਜਨ ਹੁੰਦਾ ਰਹਿੰਦਾ ਹੈ ਜਿਨ੍ਹਾਂ ਵਿਚ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੀ ਅਹਿਮੀਅਤ ਬਾਰੇ ਅਕਸਰ ਚਰਚਾ ਹੁੰਦੀ ਰਹਿੰਦੀ ਹੈ ਪ੍ਰੰਤੂ ਮਤੇ ਪਾਉਣ ਦੇ ਬਾਵਜੂਦ ਪਰਨਾਲਾ ਉੱਥੇ ਦਾ ਉੱਥੇ ਹੀ ਹੈ। ਹੁਣ ਦੇਸ਼ ਵੰਡ ਤੋਂ ਬਾਅਦ ਪੰਜਾਬ ਯੂਨੀਵਰਸਿਟੀ ਲਾਹੌਰ ਦੇ ਸੈਂਟਰ ਫਾਰ ਲੈਂਗੁਏਜਿਜ਼ ਐਂਡ ਕਲਚਰ ਨੇ ਵਿਸ਼ਵ ਦੀਆਂ ਪੁਰਾਣੀਆਂ ਜ਼ੁਬਾਨਾਂ ਵਿਚੋਂ ਇੱਕ ਮੰਨੀ ਜਾਣ ਵਾਲੀ ਜ਼ੁਬਾਨ ਸੰਸਕ੍ਰਿਤ ਦੀ ਪੜ੍ਹਾਈ ਸ਼ੁਰੂ ਕੀਤੀ ਹੈ ਜਿਸ ਨਾਲ ਵਿਸ਼ਵ ਦੀਆਂ ਕਲਾਸੀਕਲ ਜ਼ੁਬਾਨਾਂ ਦੀ ਪੁਨਰ-ਸੁਰਜੀਤੀ ਅਤੇ ਵਿਕਾਸ ਦਾ ਰਾਹ ਪੱਧਰਾ ਹੋਣ ਦੀਆਂ ਸੰਭਾਵਨਾਵਾਂ ਪੈਦਾ ਹੋਣ ਲੱਗ ਪਈਆਂ ਹਨ।

ਭਾਰਤ ਦੇ ਹਵਾਲੇ ਨਾਲ ਵੀ ਪਿੱਛੇ ਜਿਹੇ ਅਜਿਹਾ ਭਾਸ਼ਾਈ-ਵਿਵਾਦ ਛਿੜਿਆ ਕਿ ਕਿਸੇ 'ਵਿਸ਼ੇਸ਼' ਭਾਸ਼ਾ ਨੂੰ ਹੀ ਸਥਾਨਿਕ ਖੇਤਰਾਂ ਦੀਆਂ ਸਰਕਾਰੀ ਜਾਂ ਅਰਧ-ਸਰਕਾਰੀ ਸੰਸਥਾਵਾਂ ਉੱਪਰ ਕਿਉ ਥੋਪਿਆ ਜਾਵੇ? ਇਸ ਸੰਦਰਭ ਵਿਚ ਲੋਕ-ਵਿਦਰੋਹ ਦੇ ਨਤੀਜੇ ਵਜੋਂ ਕੇਂਦਰੀ ਗ੍ਰਹਿ ਮੰਤਰਾਲੇ ਦਾ ਇਹ ਬਿਆਨ ਸਾਹਮਣੇ ਆਇਆ ਕਿ ਹੋਰਨਾਂ ਭਾਰਤੀ ਸੂਬਿਆਂ ਨਾਲ ਸੰਵਾਦ ਉਨ੍ਹਾਂ ਦੀ ਆਪਣੀ ਮਾਤ-ਭਾਸ਼ਾ ਵਿਚ ਹੀ ਹੋਵੇਗਾ ਅਤੇ ਹਰ ਇਲਾਕਾਈ-ਭਾਸ਼ਾ ਦੀ ਸੁਤੰਤਰ ਹਸਤੀ ਨੂੰ ਕੋਈ ਆਂਚ ਨਹੀਂ ਆਉਣ ਦਿੱਤੀ ਜਾਵੇਗੀ। ਇੱਥੇ ਖੇਤਰੀ ਭਾਸ਼ਾਵਾਂ ਪ੍ਰਤੀ ਸੱਤਾਧਾਰੀ ਧਿਰਾਂ ਦੇ ਹਵਾਲੇ ਨਾਲ ਸੈਂਟਰਲ ਬੋਰਡ ਆਫ ਸੈਕੰਡਰੀ ਐਜੂਕੇਸ਼ਨ (ਸੀ ਬੀ ਐੱਸ ਈ) ਦੇ ਤੁਗ਼ਲਕੀ ਫ਼ਰਮਾਨ ਦਾ ਜ਼ਿਕਰ ਕਰਨਾ ਜ਼ਰੂਰੀ ਬਣ ਜਾਂਦਾ ਹੈ ਜਿਸ ਨੇ ਦਸਵੀਂ ਜਮਾਤ ਦੀ ਪ੍ਰੀਖਿਆ ਦੀ ਨਵੀਂ ਘੜੀ ਗਈ ਨਿਯਮਾਂਵਲੀ ਦੇ ਖਰੜੇ ਵਿਚ ਤਾਂ ਪੰਜਾਬੀ ਭਾਸ਼ਾ ਨੂੰ ਆਪਣੀ ਉਸ ਪੂਰਵ-ਪ੍ਰਵਾਨਿਤ ਭਾਸ਼ਾ-ਸੂਚੀ ਵਿਚੋਂ ਹੀ ਦਰਕਿਨਾਰ ਕਰ ਦਿੱਤਾ ਸੀ ਜਿਨ੍ਹਾਂ ਭਾਸ਼ਾਵਾਂ ਦੇ ਭਵਿੱਖ ਵਿਚ ਇਮਤਿਹਾਨ ਲਏ ਜਾਣੇ ਸਨ। ਆਖ਼ਿਰ ਪੰਜਾਬੀ ਸਮੇਤ ਵੱਖ-ਵੱਖ ਖੇਤਰੀ ਭਾਸ਼ਾਵਾਂ ਬੋਲਣ ਵਾਲਿਆਂ ਦੇ ਸਖ਼ਤ ਵਿਦਰੋਹ ਅਤੇ ਮੁਖ਼ਾਲਫ਼ਤ ਅੱਗੇ ਕੇਂਦਰੀ ਬੋਰਡ ਨੂੰ ਇਹ ਨਿਰਣਾ ਵਾਪਿਸ ਲੈਣ ਲਈ ਮਜ਼ਬੂਰ ਹੋਣਾ ਪਿਆ। ਅਜਿਹੀ ਗੁੰਝਲਦਾਰ ਸਥਿਤੀ ਵਿਚ ਕੁਮਾਰ ਵਿਸ਼ਵਾਸ ਦਾ ਇਹ ਸ਼ਿਅਰ ਮੇਰੇ ਜ਼ਿਹਨ ਵਿਚ ਆ ਰਿਹਾ ਹੈ:

ਗ਼ੈਰ-ਮੁਮਕਿਨ ਹੈ ਕਿ ਹਾਲਾਤ ਕੀ ਗੁੱਥੀ ਸੁਲਝੇ,
ਅਹਿਲ-ਇ-ਦਾਨਿਸ਼ ਨੇ ਬਹੁਤ ਸੋਚ ਕੇ ਉਲਝਾਈ ਹੈ।

ਪੰਜਾਬੀ ਭਾਸ਼ਾ ਪ੍ਰਤੀ ਨਜ਼ਰਅੰਦਾਜ਼ੀ ਦੀਆਂ ਅਨੇਕ ਮਿਸਾਲਾਂ ਸਾਡੇ ਸਨਮੁੱਖ ਹਨ। ਪਿੱਛੇ ਜਿਹੇ ਇਸ ਚਰਚਾ ਨੇ ਵੀ ਧਿਆਨ ਖਿੱਚਿਆ ਕਿ ਪੰਜਾਬ ਸੂਬੇ ਦੇ ਨਵੰਬਰ 1966 ਵਿਚ ਹੋਂਦ ਵਿਚ




ਆਉਣ ਦੇ ਸਮੇਂ ਤੋਂ ਲੈ ਕੇ ਸਾਲ 2025 ਤੱਕ ਦੇ ਪੰਜਾਬ ਦਿਵਸ ਦੇ ਅਹਿਮ ਰਾਜ ਪੱਧਰੀ ਸਮਾਗਮਾਂ ਵਿਚ ਪੰਜਾਬ ਦੇ ਮੁੱਖ ਮੰਤਰੀਆਂ ਨੇ ਕੇਵਲ ਪੰਜ ਵਾਰ ਹੀ ਸ਼ਿਰਕਤ ਕੀਤੀ ਹੈ।ਆਪਣੇ ਹੀ ਖਿੱਤੇ ਦੇ ਲੋਕਾਂ,ਜਿਨ੍ਹਾਂ ਦੀ ਬਦੌਲਤ ਉਨ੍ਹਾਂਨੂੰ ਸਰਬ-ਉੱਚ ਰੁਤਬੇ ਹਾਸਲ ਹੋਏ,ਪ੍ਰਤੀ ਅਜਿਹੇ ਵਿਵਹਾਰ ਤੋਂ ਸਹਿਜੇ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਉੱਚ ਕੋਟੀ ਦੇ ਰਾਜਨੀਤਿਕ ਅਹੁਦਿਆਂ ਵਾਲੇ ਵਿਅਕਤੀਆਂ ਕੋਲ ਆਪਣੀ ਮਾਤ-ਭਾਸ਼ਾ ਦੀ ਨਿਸ਼ਕਾਮ ਸੇਵਾ ਕਰ ਰਹੇ ਸਾਹਿਤਕਾਰਾਂ, ਫ਼ਨਕਾਰਾਂਅਤੇ ਵਿਦਵਾਨਾਂ ਪ੍ਰਤੀ ਕਿੰਨਾ ਕੁ ਆਦਰ-ਭਾਵ,ਸਮਾਂ ਅਤੇ ਦਿਲਚਸਪੀ ਹੈ ਪੰਜਾਬ ਵਿਚ ਪੰਜਾਬ ਰਾਜ ਭਾਸ਼ਾ (ਤਰਮੀਮ) ਐਕਟ 2008 ਦੀ ਧਾਰਾ 8-ਸੀ ਦੀ ਬਣਤਰ ਅਨੁਸਾਰ ਪੰਜਾਬੀ ਦੇ ਬਹੁਪੱਖੀ ਵਿਕਾਸ ਲਈ ਜ਼ਿਲ੍ਹਾ ਅਧਿਕਾਰਿਤ ਕਮੇਟੀਆਂ ਵੀ ਪਿਛਲੇ ਲੰਮੇ ਸਮੇਂ ਤੋਂ ਆਪਣੇ ਪੁਨਰ-ਗਠਨ ਦੇ ਇੰਤਜ਼ਾਰ ਵਿਚ ਹਨ। ਪੰਜਾਬ ਦੀ ਸਰਜ਼ਮੀਨ ਤੇ ਸਥਾਪਿਤ ਅਨੇਕ ਮਾਡਲ,ਕਾਨਵੈਂਟ ਅਤੇ ਕੇਂਦਰੀ ਵਿਦਿਆਲਿਆਂ ਵੱਲੋਂ ਪੰਜਾਬੀ ਭਾਸ਼ਾ ਨੂੰ ਪਾਠਕ੍ਰਮ ਦੇ ਹਿੱਸੇ ਵਜੋਂ ਸਵੀਕਾਰ ਕਰਨ ਵਿਚ ਦਿਖਾਈ ਜਾਂਦੀ ਹਿਚਕਚਾਹਟ ਵੀ ਚਰਚਾ ਦਾ ਸਬੱਬ ਬਣਦੀ ਰਹਿੰਦੀ ਹੈ।

ਇੱਥੇ ਸਭਿਆਚਾਰਕ ਪੱਖ ਤੋਂ ਵੀ ਪੰਜਾਬ ਦੀ ਨਵੀਂ ਪੀੜ੍ਹੀ ਵਿਚ ਪੰਜਾਬੀ ਭਾਸ਼ਾ ਦੇ ਰੁਝਾਨ ਦੀ ਗੱਲ ਵੀ ਕਰਨੀ ਬਣਦੀ ਹੈ।ਵਰਤਮਾਨ ਦੌਰ ਵਿੱਚ ਬੱਚਿਆਂ ਦੀ ਮਾਨਸਿਕਤਾ ਨੂੰ ਸੋਸ਼ਲ ਮੀਡੀਆ ਨੇ ਬੇਹੱਦ ਪ੍ਰਭਾਵਿਤ ਕੀਤਾ ਹੈ ਜਿਸ ਕਰਕੇ ਨਵੀਂ ਪੀੜ੍ਹੀ ਆਪਣੀ ਭਾਸ਼ਾ, ਸਾਹਿਤ, ਸੱਭਿਆਚਾਰ ਅਤੇ ਜੀਵਨ-ਮੁੱਲਾਂ ਨੂੰ ਤਿਲਾਜਲੀ ਦਿੰਦੀ ਜਾ ਰਹੀ ਹੈ। ਉਗਾਲੀ, ਉਛਾੜ, ਉੜਦ, ਓਹੜ-ਪੋਹੜ, ਓਡ, ਅੱਟੀ, ਅਟੇਰਨ, ਅਧਿਆਨੀ, ਅਮਰਾ, ਅਰਘ, ਅਰਲ, ਐਲੂ, ਸ਼ਟੱਲੀ, ਸਨਦ, ਸੰਲਘਾ, ਸੀਧਾ, ਸੁੱਬ, ਹਥੌਲਾ, ਕਸੁੰਬੜਾ, ਕੰਡੀ, ਕਧੂੰਈ, ਖੰਨੀ, ਖੜਪਾੜ, ਗਦੌੜਾ, ਗਾਰਡੂ, ਦਦਿਅਹੁਰਾ, ਦਦੇਹਸ, ਨਨੇਹਸ, ਨਨਿਅਹੁਰਾ ਆਦਿ ਪੇਂਡੂ ਧਰਾਤਲ ਵਾਲੇ ਠੇਠ ਪੰਜਾਬੀ ਸ਼ਬਦਾਂ ਦੇ ਅਰਥਾਂ ਤੋਂ ਨਾਵਾਕਿਫ਼ ਹੋ ਚੁੱਕੀ ਹੈ। 'ਸਮੋਸਾ' ਉਨ੍ਹਾਂ ਲਈ ਖਾਣ ਵਾਲੀ ਵਸਤੂ ਹੀ ਹੈ, ਇਸ ਦੇ ਹੋਰ ਕੀ ਅਰਥ ਹਨ? ਨਾਮਾਤਰ ਪਤਾ ਹੈ। ਅਜਿਹੇ ਕਿੰਨੇ ਹੀ ਰਵਾਇਤੀ ਬੋਲਚਾਲ ਦੇ ਸ਼ਬਦ ਪੇਂਡੂ ਸੱਭਿਆਚਾਰ ਦੇ ਜ਼ਖ਼ੀਰੇ ਵਿਚੋਂ ਮਨਫ਼ੀ ਹੋ ਚੁੱਕੇ ਹਨ।

ਵਰਤਮਾਨ ਦੌਰ ਵਿਚ ਆਰਟੀਫੀਸ਼ੀਅਲ ਇੰਟੈਲੀਜੈਂਸ ਅਤੇ ਮਸ਼ੀਨ ਲਰਨਿੰਗ ਦਾ ਬੋਲਬਾਲਾ ਹੈ ਪਰ ਭਾਸ਼ਾ ਦੇ ਹਵਾਲੇ ਨਾਲ ਇਸ ਖੇਤਰ ਦੀਆਂ ਆਪਣੀਆਂ ਚੁਣੌਤੀਆਂ ਵੀ ਹਨ। ਪੰਜਾਬੀ ਦੇ ਵਿਕਾਸ ਲਈਕੁਝ ਸੰਤੁਸ਼ਟੀ ਵਾਲੀ ਗੱਲ ਹੈ ਕਿ ਅੱਜਕਲ੍ਹ ਵੱਡੇ-ਵੱਡੇ ਬਰਾਂਡਿਡ ਸ਼ੋਅ-ਰੂਮਾਂ, ਸ਼ਾਪਿੰਗ-ਮਾਲ, ਕੰਪਨੀਆਂ, ਨਿੱਜੀ ਹੋਟਲਾਂ ਅਤੇ ਬੈਂਕਾਂ ਦੇ ਸਾਈਨ-ਬੋਰਡਾਂ ਉੱਪਰ ਰੋਮਨ ਲਿਪੀ ਦੇ ਨਾਲ-ਨਾਲ ਗੁਰਮੁਖੀ ਲਿਪੀ ਦਾ ਇਸਤੇਮਾਲ ਵੀ ਕੀਤਾ ਜਾਣ ਲੱਗ ਪਿਆ ਹੈ। ਉਨ੍ਹਾਂ ਵਿਚ ਕੁਝ ਸ਼ਾਬਦਿਕ-ਗ਼ਲਤੀਆਂ ਵੀ ਹੁੰਦੀਆਂ ਹਨ ਜਿਸ ਵੀ ਪੰਜਾਬੀ-ਭਾਸ਼ਾ ਹਿਤੈਸ਼ੀ ਦੀ ਨਜ਼ਰ ਵਿਚ ਅਜਿਹੀਆਂ ਸ਼ਾਬਦਿਕ ਗ਼ਲਤੀਆਂ ਨਜ਼ਰ ਆਉਣ,ਉਨ੍ਹਾਂ ਬਾਰੇ ਸਬੰਧਿਤ ਅਦਾਰੇ/ਵਿਅਕਤੀ ਨੂੰ ਦਰੁਸਤ ਸ਼ਬਦ ਜੋੜ ਦੱਸ ਕੇ ਜ਼ਰੂਰ ਜਾਣੂ ਕਰਵਾ ਦੇਣਾ ਚਾਹੀਦਾ ਹੈ।ਇਉਂ ਪੰਜਾਬੀ ਦੇ ਰੁਤਬੇ ਨੂੰ ਹੋਰ ਪ੍ਰਚਾਰਿਆ-ਪ੍ਰਸਾਰਿਆ ਜਾ ਸਕਦਾ ਹੈ। ਰਾਜ ਭਾਸ਼ਾ ਕਮਿਸ਼ਨ ਦੀ ਸਥਾਪਨਾ ਅਤੇ ਅਕਾਦਮਿਕ ਪੱਧਰ ਤੇ ਪੰਜਾਬੀ ਭਾਸ਼ਾ ਦੇ ਵਿਕਾਸ ਲਈ ਸਕੂਲਾਂ,ਕਾਲਜਾਂ ਅਤੇ ਯੂਨੀਵਰਸਿਟੀਆਂ ਵਿਚ ਪੰਜਾਬੀ ਅਧਿਆਪਕਾਂ ਦੀਆਂ ਅਸਾਮੀਆਂ ਭਰਨ ਦੀ ਫੌਰੀ ਲੋੜ ਹੈ।

ਸੋ ਕੌਮਾਂਤਰੀ ਮਾਤ-ਭਾਸ਼ਾ ਦਿਵਸ ਤੇ ਤੰਗਦਿਲ ਮਾਨਸਿਕਤਾ ਦਾ ਤਿਆਗ ਕਰਕੇ ਸਾਰੇ ਵਰਗਾਂ ਨੂੰ ਖੇਤਰੀ ਭਾਸ਼ਾਵਾਂ ਨੂੰ ਦਰਪੇਸ਼ ਚੁਣੌਤੀਆਂ ਅਤੇ ਸਰੋਕਾਰਾਂ ਦੇ ਹੱਲ ਲੱਭਣ ਦੀ ਜ਼ਰੂਰਤ ਹੈ ਤਾਂ ਜੋ ਹਰ ਇੱਕ ਭਾਸ਼ਾ ਨੂੰ ਉਸ ਦਾ ਸਨਮਾਨਜਨਕ ਸਥਾਨ ਹਾਸਿਲ ਹੋ ਸਕੇ ਅਤੇ ਭਾਈਚਾਰਕ ਸਾਂਝ ਦੀਆਂ ਤੰਦਾਂ ਹੋਰ ਮਜ਼ਬੂਤ ਹੋ ਸਕਣ।

*ਮੋਬਾਈਲ 98144-23703*

# ਤੇਲਗੂ ਲੇਖਕਾ ਮਰਸੀ ਮਾਰਗਰੇਟ ਦਾ ਖੁਦ ਨੂੰ ਲਿਖਿਆ ਖ਼ਤ

ਮੇਰੇ ਪਿਆਰੇ,

ਇਹ ਫਰਵਰੀ ਸਿਰਫ਼ ਪ੍ਰੇਮੀਆਂ ਦਾ ਮਹੀਨਾ ਨਹੀਂ ਹੈ, ਸਗੋਂ ਬਜਟ ਦਾ ਮਹੀਨਾ ਵੀ ਹੈ... ਇਹ ਵਿਰੋਧਾਭਾਸਾਂ ਦਾ ਮਹੀਨਾ ਹੈ।

ਇੱਕ ਪਾਸੇ ਗੁਲਾਬ ਦੀ ਖ਼ੁਸ਼ਬੂ ਹੈ, ਦੂਜੇ ਪਾਸੇ ਬਜਟ ਦੇ ਅੰਕੜਿਆਂ ਦੀ ਉਲਝਣ। ਇੱਕ ਪਾਸੇ ਵੈਲੇਨਟਾਈਨ ਦਿਲਾਂ ਨੂੰ ਜੋੜ ਰਿਹਾ ਹੈ, ਦੂਜੇ ਪਾਸੇ ਵਿੱਤ ਮੰਤਰੀ ਦੇਸ਼ ਦੇ ਹਿਸਾਬ-ਕਿਤਾਬ ਨੂੰ ਵੱਖ ਕਰ ਰਹੇ ਹਨ। ਇਸ ਅਜੀਬ ਸੰਧੀ ਦੇ ਦੌਰ ਵਿੱਚ ਇੱਕ ਹੱਥ ਵਿੱਚ ਲਾਲ ਗੁਲਾਬ ਅਤੇ ਦੂਜੇ ਹੱਥ ਵਿੱਚ ਦੇਸ਼ ਦਾ ਆਰਥਿਕ ਖਰੜਾ ਫੜ ਕੇ ਮੈਂ ਤੈਨੂੰ ਇਹ ਚਿੱਠੀ ਲਿਖ ਰਹੀ ਹਾਂ।

ਸੱਚ ਤਾਂ ਇਹ ਹੈ ਕਿ ਤੈਨੂੰ ਪਿਆਰ ਕਰਨਾ ਮੇਰੀ ਜ਼ਿੰਦਗੀ ਦਾ ਸਭ ਤੋਂ ਵੱਡਾ 'ਲਾਂਗ ਟਰਮ ਇਨਵੈਸਟਮੈਂਟ' (ਲੰਬੇ ਸਮੇਂ ਦਾ ਨਿਵੇਸ਼) ਹੈ। ਭਾਵੇਂ ਲਾਭਅੰਸ਼ (dividends) ਨਾ ਵੀ ਮਿਲੇ, ਪਰ ਤੇਰੀ ਇੱਕ ਮੁਸਕਰਾਹਟ ਨਾਲ ਮੇਰੇ ਦਿਲ ਵਿੱਚ ਜੋ ਮਹਿੰਗਾਈ ਪੈਦਾ ਹੁੰਦੀ ਹੈ, ਉਸ ਅੱਗੇ ਦੁਨੀਆ ਦੇ ਸਾਰੇ ਬਾਜ਼ਾਰ ਫਿੱਕੇ ਪੈ ਜਾਂਦੇ ਹਨ।

ਜਦੋਂ ਦੇਸ਼ ਆਪਣਾ ਘਾਟਾ ਪੂਰਾ ਕਰਨ ਲਈ ਕਰਜ਼ੇ ਦੀ ਭਾਲ ਕਰ ਰਿਹਾ ਹੁੰਦਾ ਹੈ, ਮੈਂ ਆਪਣੀ ਜ਼ਿੰਦਗੀ ਵਿੱਚ ਤੇਰੇ ਰੂਪ ਵਿੱਚ ਮੌਜੂਦ 'ਸਰਪਲੱਸ' (ਵਾਧੂ ਪੂੰਜੀ) ਨੂੰ ਦੇਖ ਕੇ ਖ਼ੁਸ਼ ਹੁੰਦੀ ਹਾਂ।

ਪਿਆਰੇ, ਇਹ ਉਹ ਮਹੀਨਾ ਹੈ, ਜਿੱਥੇ ਫਰਵਰੀ ਦੇ ਪਿਆਰ ਦੇ ਨਾਲ-ਨਾਲ ਬਜਟ ਵੀ ਸਾਹਮਣੇ ਖੜ੍ਹਾ ਹੈ। ਇਹ ਮਹੀਨਾ ਸਾਨੂੰ ਦੋ ਕਦਰਾਂ-ਕੀਮਤਾਂ ਦੇ ਵਿਚਕਾਰ ਖੜ੍ਹਾ ਕਰਦਾ ਹੈ।

ਇੱਕ ਪਾਸੇ ਲਾਲ ਗੁਲਾਬ, ਦੂਜੇ ਪਾਸੇ ਬਜਟ ਦੇ ਚਿੱਟੇ ਕਾਗਜ਼। ਜਦੋਂ ਇਹ ਦੇਸ਼ ਅੰਕੜਿਆਂ ਨਾਲ ਆਪਣੇ ਭਵਿੱਖ ਦਾ ਅੰਦਾਜ਼ਾ ਲਗਾ ਰਿਹਾ ਹੈ, ਮੈਂ ਤੇਰੀਆਂ ਯਾਦਾਂ ਨਾਲ ਆਪਣੇ ਸਾਹਾਂ ਦੀ ਗਿਣਤੀ ਕਰ ਰਹੀ ਹਾਂ।

ਜਿਵੇਂ ਪਾਬਲੋ ਨੇਰੂਦਾ ਨੇ ਕਿਹਾ ਸੀ, ਪਿਆਰ ਇੱਕ ਗੁਪਤ ਭਾਸ਼ਾ ਹੈ। ਪਰ ਜਿਸ ਹੁਨਰ ਨਾਲ ਇਹ ਦੇਸ਼ ਆਪਣੀ ਗਰੀਬੀ ਨੂੰ ਬਜਟ ਦੇ 'ਫੁਟਨੋਟਸ' ਵਿੱਚ ਛੁਪਾਉਂਦਾ ਹੈ, ਅਸੀਂ ਵੀ ਆਪਣੇ ਪਿਆਰ ਨੂੰ ਦੁਨੀਆ ਤੋਂ ਓਨੀ ਹੀ ਕੁਸ਼ਲਤਾ ਨਾਲ ਛੁਪਾ ਕੇ ਰੱਖਿਆ ਹੋਇਆ ਹੈ।

ਸਰਕਾਰੀ ਦਸਤਾਵੇਜ਼ਾਂ ਵਿੱਚ ਪਿਆਰ ਲਈ ਕੋਈ ਵਿਸ਼ੇਸ਼ 'ਐਲੋਕੇਸ਼ਨ' (ਰਾਸ਼ੀ) ਨਹੀਂ ਹੈ। ਸਿਹਤ ਲਈ ਹਸਪਤਾਲ ਹਨ, ਪਰ ਮੁਹੱਬਤ ਲਈ ਕੋਈ ਆਸਰਾ ਨਹੀਂ। ਭੁੱਖ ਲਈ ਅੰਕੜੇ ਹਨ, ਪਰ ਅਪਣੱਤ ਲਈ ਕੋਈ ਸਬੂਤ ਨਹੀਂ। ਸ਼ਾਇਦ ਇਸੇ ਲਈ ਸਰਕਾਰ ਪਿਆਰ ਨੂੰ ਸਬਸਿਡੀ ਵਜੋਂ ਨਹੀਂ ਸਗੋਂ ਇੱਕ 'ਲਗਜ਼ਰੀ' ਵਜੋਂ ਦੇਖਦੀ ਹੈ।

ਤੈਨੂੰ ਪਿਆਰ ਕਰਨਾ ਇਸ ਮਸ਼ੀਨੀ ਦੁਨੀਆ ਵਿੱਚ ਇੱਕ ਅਣਐਲਾਨੀ ਬਗਾਵਤ ਹੈ। ਦੇਸ਼ ਦੀਆਂ ਅਕਾਊਂਟ ਬੁੱਕਸ ਵਿੱਚ ਪਿਆਰ ਲਈ ਕੋਈ ਥਾਂ ਨਹੀਂ ਹੈ। ਉੱਥੇ ਭੁੱਖ ਇੱਕ ਡੇਟਾ ਹੈ ਅਤੇ ਉਮੀਦ ਇੱਕ ਪ੍ਰਤੀਸ਼ਤ, ਪਰ ਜਦੋਂ ਤੇਰਾ ਨਾਂਅ ਮੇਰੀ ਜ਼ੁਬਾਨ 'ਤੇ ਆਉਂਦਾ ਹੈ, ਮੇਰੇ ਦਿਲ ਵਿੱਚ ਇੱਕ ਨਵੀਂ ਆਰਥਿਕ ਪ੍ਰਣਾਲੀ ਸ਼ੁਰੂ ਹੋ ਜਾਂਦੀ ਹੈ। ਉੱਥੇ ਕੋਈ ਘਾਟਾ ਨਹੀਂ ਹੈ, ਸਿਰਫ਼ ਤੇਰੀ ਅਸੀਮ ਮੌਜੂਦਗੀ ਹੈ।

ਜਦੋਂ ਤੂੰ ਮੇਰੇ ਕੋਲ ਬੈਠਦਾ ਹੈਂ, ਤਾਂ ਮੈਂ ਇੱਕ ਅਜਿਹੀ ਆਜ਼ਾਦ ਦੁਨੀਆ ਵਿੱਚ ਚਲੀ ਜਾਂਦੀ ਹਾਂ, ਜਿੱਥੇ ਲੱਗਦਾ ਹੈ ਕਿ ਦੇਸ਼ ਦੇ ਸਾਰੇ ਕਰਜ਼ੇ ਇੱਕ ਪਲ ਵਿੱਚ ਚੁੱਕ ਦਿੱਤੇ ਗਏ ਹਨ। ਜਦੋਂ ਤੂੰ ਮੇਰਾ ਹੱਥ ਫੜਦਾ ਹੈਂ ਤਾਂ ਇਸ ਦੇਸ਼ ਦੇ ਸਖ਼ਤ ਕਾਨੂੰਨ, ਵਧੇ ਹੋਏ ਟੈਕਸ ਅਤੇ ਟੁੱਟੇ ਹੋਏ ਵਾਅਦੇ ਸਭ ਮੈਨੂੰ ਛੱਡ ਕੇ ਚਲੇ ਜਾਂਦੇ ਹਨ। ਜਦੋਂ ਤੇਰਾ ਨਿੱਘਾ ਸਾਹ ਮੇਰੇ ਮੋਢੇ ਨੂੰ ਛੂੰਹਦਾ ਹੈ ਤਾਂ ਮੈਨੂੰ ਉਹ ਸੁਰੱਖਿਆ ਮਿਲਦੀ ਹੈ, ਜੋ ਕੋਈ ਵੀ ਰੱਖਿਆ ਬਜਟ ਨਹੀਂ ਦੇ ਸਕਦਾ।

ਪਾਸ਼ ਦੀ ਕਵਿਤਾ ਪੜ੍ਹਦਿਆਂ ਮੇਰਾ ਖ਼ੂਨ ਖੌਲ ਉੱਠਦਾ ਹੈ:

ਸਭ ਤੋਂ ਖ਼ਤਰਨਾਕ ਹੁੰਦਾ ਹੈ ਸੁਪਨਿਆਂ ਦਾ ਮਰ ਜਾਣਾ।

ਭਾਵੇਂ ਇਹ ਬਜਟ ਭਾਸ਼ਣ ਸਾਡੇ ਸੁਪਨਿਆਂ 'ਤੇ ਟੈਕਸ ਲਗਾ ਦੇਣ, ਪਰ ਜਦੋਂ ਮੈਂ ਤੇਰੇ ਮੋਢੇ 'ਤੇ ਸਿਰ ਰੱਖਦੀ ਹਾਂ, ਤਾਂ ਉਸ ਸਮੇਂ ਮਹਿਸੂਸ ਹੋਣ ਵਾਲੀ ਖਾਮੋਸ਼ੀ ਕਿਸੇ ਵੀ ਜੀ.ਡੀ.ਪੀ. (GDP) ਵਿਕਾਸ ਦਰ ਤੋਂ ਪਰੇ ਹੈ। ਉੱਥੇ ਸੰਖਿਆਵਾਂ ਵਧ ਰਹੀਆਂ ਹਨ, ਇੱਥੇ ਇਨਸਾਨ ਘਟ ਰਹੇ ਹਨ। ਉੱਥੇ ਝੂਠ ਵਿਕ ਰਿਹਾ ਹੈ, ਇੱਥੇ ਅਸੀਂ ਸੱਚ ਸਾਂਝਾ ਕਰ ਰਹੇ ਹਾਂ।

ਸਰਕਾਰ ਸਾਡੀ ਰੋਟੀ ਖੋਹ ਸਕਦੀ ਹੈ, ਸਾਡੀ ਗਿਣਤੀ ਘਟਾ ਸਕਦੀ ਹੈ, ਪਰ ਸਾਡੇ ਵਿਚਕਾਰ ਪਿਆਰ ਦੀ ਇਸ ਦੌਲਤ ਨੂੰ ਉਹ ਕਿਸੇ ਬੈਂਕ ਵਿੱਚ ਗਿਰਵੀ ਨਹੀਂ ਰੱਖ ਸਕਦੇ। ਇਹ ਇਕਲੌਤਾ ਵਿਆਜ-ਮੁਕਤ ਨਿਵੇਸ਼ ਹੈ, ਜੋ ਵੰਡਣ ਨਾਲ ਵਧਦਾ ਹੈ। ਜੇ ਤੂੰ ਮੇਰੇ ਨਾਲ ਹੈਂ, ਤਾਂ ਦੁਨੀਆ ਦੀ ਇਹ ਆਰਥਿਕ ਮੰਦੀ ਮੇਰਾ ਕੁਝ ਨਹੀਂ ਵਿਗਾੜ ਸਕਦੀ।

ਉਹ ਬਜਟ ਵਾਲੇ ਦਿਨ ਸੁਪਨੇ ਵੇਚਦੇ ਹਨ, ਮੈਂ ਤੇਰੀਆਂ ਅੱਖਾਂ ਵਿੱਚ ਆਪਣਾ ਵਕਤ ਲੱਭਦੀ ਹਾਂ। ਉਹ ਅੰਕੜਿਆਂ ਨਾਲ ਦੇਸ਼ ਉਸਾਰਦੇ ਹਨ, ਮੈਂ ਤੇਰੇ ਨਾਲ ਮਿਲ ਕੇ ਇੱਕ ਨਿਆਂਪੂਰਨ ਦੁਨੀਆ ਦੀ ਕਲਪਨਾ ਕਰਦੀ ਹਾਂ। ਉਹ ਰੱਖਿਆ ਖੇਤਰ ਲਈ ਹਜ਼ਾਰਾਂ ਕਰੋੜਾਂ ਅਲਾਟ ਕਰਦੇ ਹਨ, ਮੈਂ ਸਾਡੇ ਵਿਚਕਾਰ ਉਸ ਛੋਟੀ ਜਿਹੀ ਚੁੱਪ ਲਈ ਆਪਣੀ ਜ਼ਿੰਦਗੀ ਅਲਾਟ ਕਰਦੀ ਹਾਂ। ਉਹ ਵਿਦੇਸ਼ੀ ਨਿਵੇਸ਼ ਦੀ ਉਡੀਕ ਕਰਦੇ ਹਨ, ਮੈਂ ਤੇਰੇ ਇੱਕ ਛੋਟੇ ਜਿਹੇ ਸੰਦੇਸ਼ ਦੀ ਉਡੀਕ ਕਰਦੀ ਹਾਂ। ਉਹ ਕਹਿੰਦੇ ਹਨ ਕਿ ਵਿਕਾਸ ਦਾ ਗ੍ਰਾਫ ਉੱਪਰ ਜਾ ਰਿਹਾ ਹੈ, ਮੈਂ ਤੇਰੀ ਨਬਜ਼ ਦੀ ਲੈਅ ਸੁਣਦੀ ਹਾਂ।

ਮੈਨੂੰ ਪਤਾ ਹੈ ਕਿ ਤੂੰ ਇਕਨਾਮਿਕਸ ਦੀ ਕਲਾਸ ਲੈਂਦਿਆਂ ਇੱਕ ਲੰਬੀ ਚਿੱਠੀ ਲਿਖੇਂਗਾ ਕਿ ਔਸਤ ਪ੍ਰੇਮੀ ਇਹੀ ਕਰਦੇ ਹਨ।

ਵੈਲੇਨਟਾਈਨ ਡੇਅ 'ਤੇ ਗੁਲਾਬ ਦੀ ਕੀਮਤ ਵਧ ਜਾਂਦੀ ਹੈ, ਬਜਟ ਵਾਲੇ ਦਿਨ ਜ਼ਰੂਰੀ ਵਸਤਾਂ ਦੀ ਕੀਮਤ ਵਧ ਜਾਂਦੀ ਹੈ, ਪਰ ਤੈਨੂੰ ਯਾਦ ਕਰਦਿਆਂ ਮੇਰੇ ਅੰਦਰ ਜੋ ਅਹਿਸਾਸ ਜਾਗਦਾ ਹੈ, ਉਹ ਹਮੇਸ਼ਾ 'ਟੈਕਸ ਫ੍ਰੀ' ਰਹੇਗਾ।

ਵੈਲੇਨਟਾਈਨ ਡੇਅ 'ਤੇ ਕਾਰਡ ਵੇਚੇ ਜਾਂਦੇ ਹਨ, ਬਜਟ ਵਾਲੇ ਦਿਨ ਉਮੀਦਾਂ ਵੇਚੀਆਂ ਜਾਂਦੀਆਂ ਹਨ। ਦੋਵਾਂ ਵਿੱਚ ਅਸਲੀ ਇਨਸਾਨ ਕਿਧਰੇ ਨਜ਼ਰ ਨਹੀਂ ਆਉਂਦੇ, ਪਰ ਤੇਰਾ ਚਿਹਰਾ ਦੇਖ ਕੇ ਹੀ ਮੈਨੂੰ ਇਸ ਝੂਠ ਦੇ ਬਾਜ਼ਾਰ ਵਿੱਚ ਇੱਕ ਪਵਿੱਤਰ ਸੱਚ ਮਿਲ ਜਾਂਦਾ ਹੈ। ਤੇਰੀ ਮੌਜੂਦਗੀ ਦੀ ਹਿੰਮਤ ਹੀ ਮੈਨੂੰ ਇਸ ਦੇਸ਼ ਦੀਆਂ ਬੇਇਨਸਾਫ਼ੀਆਂ ਵਿਰੁੱਧ ਆਵਾਜ਼ ਉਠਾਉਣ ਦੀ ਤਾਕਤ ਦਿੰਦੀ ਹੈ।

ਬਹੁਤ ਸਾਰੇ ਚੁੰਮਣਾਂ ਨਾਲ ਭਰੀ ਇਹ ਚਿੱਠੀ ਸਿਰਫ਼ ਮੇਰੇ ਪਿਆਰ ਦਾ ਇਜ਼ਹਾਰ ਨਹੀਂ ਹੈ, ਬਲਕਿ ਉਸ ਮਸ਼ੀਨੀ ਪ੍ਰਣਾਲੀ ਵਿਰੁੱਧ ਇੱਕ ਸ਼ਾਂਤ ਬਗਾਵਤ ਹੈ, ਜੋ ਪਿਆਰ ਨੂੰ ਹਿਸਾਬ-ਕਿਤਾਬ ਵਿੱਚ ਸ਼ਾਮਲ ਨਹੀਂ ਕਰਦੀ।

ਮੇਰੇ ਨਿੱਜੀ ਬਜਟ ਵਿੱਚ ਪਹਿਲੀ ਤਰਜੀਹ ਵੀ ਤੂੰ ਹੀ ਹੈਂ ਅਤੇ ਆਖਰੀ ਖਰਚ ਵੀ ਤੂੰ ਹੀ ਹੈਂ।

ਬਾਕੀ ਸਭ ਤਾਂ ਮਹਿਜ਼ ਅੰਕੜੇ ਹਨ, ਸਿਰਫ਼ ਤੂੰ ਹੀ ਮੇਰੀ ਜ਼ਿੰਦਗੀ ਹੈਂ।

ਪਿਆਰ ਸਹਿਤ,
ਤੇਰੀ ਆਪਣੀ।
06/02/2026
ਮੂਲ ਲਿਖਤ-ਮਰਸੀ ਮਾਰਗਰੇਟ

ਸਫ਼ਾ 3 ਦੀ ਬਾਕੀ

## ਵਿੱਦਿਅਕ ਢਾਂਚੇ ਨੂੰ ਕਟਹਿਰੇ ...

ਲੌਰੈਂਜ਼ੋ ਮਿਲਾਨੀ ਨੇ ਇੱਕ ਡੋਪੋਸਕੂਲਾ (ਕੰਮ ਦੇ ਘੰਟਿਆਂ ਤੋਂ ਬਾਅਦ ਘਰ ਆਉਣ ਤੋਂ ਬਾਅਦ ਸਕੂਲ ਜਾਣ ਵਾਲੇ ਸਕੂਲ) ਦਾ ਆਰੰਭ ਕੀਤਾ ਸੀ। ਉਸੇ ਨੇ ਹੀ ਇਹਨਾਂ ਬੱਚਿਆਂ ਦੀ ਰਾਹਨੁਮਾਈ ਕਰ ਅਜਿਹੀ ਕਰਾਮਾਤੀ ਪੁਸਤਕ ਲੋਕਾਂ ਲਈ ਪੇਸ਼ ਕੀਤੀ ਹੈ ਅਤੇ ਇਹਨਾਂ 'ਚੋਂ ਹੀ ਅੱਠ ਬੱਚੇ ਇਸ ਪੁਸਤਕ ਦੇ ਰਚੇਤਾ ਬਣੇ।ਪੁਸਤਕ ਵਿਚਲੀ ਬਿਆਨੀ ਵਿਦਿਆਰਥੀਆਂ ਦੀ ਜ਼ਿੰਦਗੀ ਕੋਈ ਇਟਲੀ ਦੇ ਪੇਂਡੂ ਖੇਤਰ ਤੱਕ ਹੀ ਸੀਮਤ ਨਹੀਂ ਹੈ। ਇਹ ਦੁਨੀਆ ਦੇ ਮੁਲਕਾਂ ਦੇ ਹੱਦਾਂ-ਬੰਨੇ ਟੱਪ ਹਰ ਉਸ ਮੁਲਕ ਦੇ ਬੱਚਿਆਂ ਤੇ ਮਾਪਿਆਂ ਦੀ ਵਿੱਥਿਆ ਹੈ। ਜਿਹਨਾਂ ਅੰਦਰ ਵਿਅਕਤੀਆਂ ਦਾ ਇੱਕ ਸਮੂਹ ਜ਼ਿੰਦਗੀ ਦੇ ਸਾਰੇ ਸ਼ੋਬਿਆਂ 'ਤੇ ਕਾਬਜ਼ ਹੈ ਅਤੇ ਇਹਨੂੰ ਆਪਣੇ ਹੀ ਢੰਗਾਂ ਨਾਲ ਤੇ ਆਪਣੇ ਨਿੱਜੀ ਹਿੱਤਾਂ ਦੇ ਅਨੁਸਾਰ ਵਰਤੋਂ 'ਚ ਲਿਆਉਂਦਾ ਹੈ।

ਇਸ ਵਿਚਲੀ ਸਮੱਗਰੀ ਸਾਡੇ ਮੁਲਕ ਦੇ ਲੋਕਾਂ ਲਈ ਵੀ ਬਹੁਤ ਮਾਅਨੇ ਰੱਖਦੀ ਹੈ। ਦੁਨੀਆ ਦੇ ਹਰ ਦੱਬੇ-ਕੁਚਲੇ ਮੁਲਕ ਵਾਂਗ ਸਾਡੇ ਮੁਲਕ ਦੇ ਲੋਕ ਵੀ ਅੱਜ ਮੌਜੂਦਾ ਸਰਕਾਰ ਵੱਲੋਂ ਲੋਕਾਂ ਦੇ ਹੱਕਾਂ 'ਤੇ ਛਾਪੇ ਮਾਰਨ ਵਾਲੀ ਲਾਗੂ ਕੀਤੀ ਜਾ ਰਹੀ ਕੌਮੀ ਵਿੱਦਿਆ ਨੀਤੀ ਦੀ ਮਾਰ ਹੇਠ ਆਏ ਹੋਏ ਹਨ। ਜਿਹੜੀ ਹਰ ਪੱਧਰ ਦੀ ਸਿੱਖਿਆ ਦੇ ਨਿੱਜੀਕਰਨ ਨੂੰ ਉਤਸ਼ਾਹਤ ਤਰਕਦੀ ਹੈ ਤੇ ਵਿਦਿਆਰਥੀਆਂ ਨੂੰ ਕਾਰਪੋਰੇਟ ਘਰਾਣਿਆਂ ਲਈ ਖਾਜ਼ਾ ਬਣਾਉਂਦੀ ਹੈ। ਜਿੱਥੇ ਜਮਹੂਰੀ ਤੇ ਇਨਸਾਫ ਪਸੰਦ ਹਲਕੇ ਆਪਣੇ ਵਿੱਤ ਮੁਜ਼ਬ ਇਸ ਲੋਕ ਵਿਰੋਧੀ ਤੇ ਵਿਦਿਆਰਥੀ ਵਿਰੋਧੀ ਤੇ ਕਾਰਪੋਰੇਟ ਪੱਖੀ ਤੇ ਸਨਾਤਨੀ ਰਵਾਇਤਾਂ ਨੂੰ ਤੇ ਮਨੂੰਵਾਦੀ ਸੋਚ ਨੂੰ ਉਚਿਆਉਣ ਵਾਲੀ ਇਸ ਨੀਤੀ ਦਾ ਆਪਣੇ ਵਿੱਤ ਮੁਜ਼ਬ ਵਿਰੋਧ ਕਰ ਰਹੇ ਹਨ। ਉੱਥੇ ਇਸ ਵਿਰੋਧ ਅੰਦਰ ਉਹਨਾਂ ਲੋਕਾਂ ਹੱਥ ਇਹ ਪੁਸਤਕ ਇੱਕ ਕਾਰਗਰ ਹਥਿਆਰ ਹੈ, ਜਿਹੜਾ ਕਿ ਪੀੜਤ ਵਰਗ ਦੇ ਬੱਚਿਆਂ ਨੇ ਸਿਰਜਿਆ ਹੈ। ਇਹ ਕਿਤਾਬ ਸਿੱਖਿਆ ਸ਼ਾਸਤਰੀਆਂ, ਸਿਆਸੀ ਕਾਰਕੁੰਨਾਂ, ਮਾਪਿਆਂ, ਅਧਿਆਪਕਾਂ ਤੇ ਆਪਣੇ ਮੁਲਕ ਦੇ ਲੋਕਾਂ ਦੀ ਜ਼ਿੰਦਗੀ ਪ੍ਰਤੀ ਫਿਕਰਮੰਦ ਲੋਕਾਂ ਲਈ ਬਹੁਤ ਹੀ ਲਾਭਦਾਇਕ ਸਿੱਧ ਹੋਵੇਗੀ। ਵਿਦਿਆਰਥੀਆਂ ਦੇ ਨਾਲ-ਨਾਲ ਵਿੱਦਿਆ ਪ੍ਰਤੀ ਸਰੋਕਾਰ ਰੱਖਣ ਵਾਲੇ ਸਭਨਾਂ ਵਰਗਾਂ ਦੇ ਲੋਕਾਂ ਨੂੰ ਇਹ ਪੁਸਤਕ ਵਾਚਣੀ ਚਾਹੀਦੀ ਹੈ।

ਇਸ ਪੁਸਤਕ ਨੂੰ ਪੜ੍ਹ ਕੇ ਇੱਕ ਫ਼ਿਲਮ ਚੇਤੇ ਆਉਂਦੀ ਹੈ, ਜਿਹੜੀ ਬਹੁਤ ਹੀ ਰੌਚਕ ਢੰਗ ਨਾਲ ਅੱਜ ਦੇ ਪੜ੍ਹਾਈ ਦੇ ਢਾਂਚੇ 'ਤੇ ਤਿੱਖਾ ਵਿਅੰਗ ਕੱਸਦੀ ਹੈ ਤੇ ਨਾਲ ਹੀ ਬਹੁਤ ਹੀ ਸਪੱਸ਼ਟ ਰੂਪ 'ਚ ਇਸ ਦੀ ਪਾਜ ਉਘੜਾਈ ਕਰਦੀ ਹੈ-ਹਿੰਦੀ ਫ਼ਿਲਮ ਥਰੀ ਈਡੀਅਟਸ, ਜਿਹੜੀ ਕਰੀਬ ਪੰਦਰਾਂ ਵਰ੍ਹੇ ਪਹਿਲਾਂ ਰਿਲੀਜ਼ ਹੋਈ ਸੀ।ਇਸ ਫ਼ਿਲਮ ਦਾ ਇੱਕ ਡਾਇਲਾਗ ਇੱਥੇ ਬਹੁਤ ਹੀ ਢੁੱਕਵਾਂ ਹੈ-ਪੜ੍ਹਾਉਣ ਦੀ ਤਰਕੀਬ 'ਤੇ ਬਹਿਸ ਦੌਰਾਨ ਫ਼ਿਲਮ ਦਾ ਇੱਕ ਅਹਿਮ ਕਿਰਦਾਰ ਕਹਿੰਦਾ ਹੈ ਕਿ ਅੱਜ ਮੈਂ ਤੁਹਾਨੂੰ ਇੰਜੀਨੀਅਰਿੰਗ ਨਹੀਂ ਪੜ੍ਹਾਵਾਂਗਾ (ਆਪਣੇ ਅਧਿਆਪਕ ਨੂੰ ਸੰਬੋਧਨ ਹੁੰਦਾ ਕਹਿੰਦਾ ਹੈ), ਉਹ ਤਾਂ ਤੁਸੀਂ ਮੇਰੇ ਨਾਲੋਂ ਕਿਤੇ ਬਿਹਤਰ ਪੜ੍ਹਾ ਸਕਦੇ ਹੋ। ਪਰ ਮੈਂ ਅੱਜ ਤੁਹਾਨੂੰ ਇਹ ਪੜ੍ਹਾਵਾਂਗਾ ਕਿ ਪੜ੍ਹਾਇਆ ਕਿਵੇਂ ਜਾਂਦਾ ਹੈ।

ਹਿੰਦੀ ਭਾਸ਼ਾ 'ਚ ਇਹ 2006 'ਚ ਗ੍ਰੰਥ ਸ਼ਿਲਪੀ ਵੱਲੋਂ ਛਾਪੀ ਗਈ ਸੀ ਜਿਹੜੀ ਕਿ ਮਿਲ ਜਾਂਦੀ ਹੈ। ਅੰਗਰੇਜ਼ੀ 'ਚ ਏ ਲੈਟਰ ਟੂ ਟੀਚਰ ਦੇ ਨਾਂਅ 'ਤੇ ਪੀ ਡੀ ਐੱਫ ਦੇ ਰੂਪ 'ਚ ਇੰਟਰਨੈੱਟ ਤੋਂ ਮਿਲ ਜਾਂਦੀ ਹੈ।

ਅੰਤ 'ਚ ਇਸ ਖ਼ਤ ਵਿਚਲੇ ਹੀ ਇੱਕ ਵਾਕ ਨਾਲ ਇਸ ਚਰਚਾ ਨੂੰ ਸਿਰੇ ਲਾਉਂਦੇ ਹਾਂ-

ਗਿਆਨ ਦਾ ਉਦੇਸ਼ ਹੀ ਇਹ ਹੈ ਕਿ ਅਸੀਂ ਇਸ ਨੂੰ ਹੋਰਾਂ ਨਾਲ ਸਾਂਝਾ ਕਰੀਏ।

ਸੰਪਰਕ-94170-79720

# ਗੁਰੂ ਗੋਬਿੰਦ ਜੀ ਸਿੰਘ ਦੀਆਂ ਤਿੰਨ ਨਿਸ਼ਾਨੀਆਂ ਸਾਡੇ ਪੁਰਖਿਆਂ ਕੋਲ ਸਨ

# ਰਾਇ ਅਜ਼ੀਜ਼ਉੱਲ੍ਹਾ ਖਾਨ

ਦੂਜੀ ਤੇ ਆਖਰੀ ਕ਼ਿਸ਼ਤ

**ਮੁਲਾਕਾਤੀ : ਭਗਵੰਤ ਰਸੂਲਪੁਰੀ**



ਰਾਇ ਕੱਲ੍ਹਾ (ਤੀਜਾ)

**? ਜਦੋਂ ਤੁਸੀਂ ਗੰਗਾ ਸਾਗਰ ਗੁਰੂ ਸਾਹਿਬ ਦੀ ਨਿਸ਼ਾਨੀ ਭਾਰਤ, ਪੰਜਾਬ ਲੈ ਕੇ ਜਾਂਦੇ ਹੋ, ਉਥੇ ਜਾਣ ਦਾ ਪ੍ਰਸੰਗ ਕਿਵੇਂ ਜੁੜਿਆ।**

—ਜਦੋਂ ਲੰਡਨ 'ਗੰਗਾ ਸਾਗਰ' ਪਹਿਲੀ ਵਾਰ ਲੋਕਾਂ ਦੇ ਦਰਸ਼ਨ ਕੀਤੇ ਤਾਂ ਇਸ ਦਾ ਪਤਾ ਪੂਰੀ ਦੁਨੀਆ ਵਿੱਚ ਲੱਗ ਗਿਆ। ਮਲੇਸ਼ੀਆ, ਹਾਂਗਕਾਂਗ, ਸਿੰਘਾਪੁਰ ਦੇ ਗੁਰਦੁਆਰਿਆਂ ਵਿੱਚ ਮੈਂ ਇਹ ਨਿਸ਼ਾਨੀ ਲੈ ਕੇ ਗਿਆ। ਫਿਰ 2004 ਵਿੱਚ ਮੈਂ ਫਰੀਦਕੋਟ ਗਿਆ। ਬਾਬਾ ਫਰੀਦ ਦੇ ਆਗਮਨ ਉੱਤੇ। ਉੱਥੇ ਮੈਂ ਚੀਫ ਗੈਸਟ ਦੇ ਤੌਰ 'ਤੇ ਸੱਦਿਆ ਗਿਆ ਸੀ। ਉੱਥੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਮੈਨੂੰ ਨਿੱਜੀ ਤੌਰ 'ਤੇ ਮਿਲੇ। ਅਸੀਂ ਜਲੰਧਰ ਦੀ 'ਹਵੇਲੀ' ਵਿੱਚ ਲੰਚ ਕੀਤਾ। ਫਿਰ 1996-97 ਵਿੱਚ ਪੰਜਾਬ ਦੀਆਂ ਅਖਬਾਰਾਂ ਅਜੀਤ, ਟਾਈਮ ਆਫ਼ ਇੰਡੀਆ, ਹਿੰਦੋਸਤਾਨ ਟਾਇਮਜ਼ ਵਗੈਰਾ ਵਿੱਚ ਲੇਖ ਪ੍ਰਕਾਸ਼ਤ ਹੋਏ। ਉਨ੍ਹਾਂ 2004 ਵਿੱਚ ਮੈਨੂੰ ਪੰਜਾਬ ਵਿੱਚ 'ਗੰਗਾ ਸਾਗਰ' ਲੈ ਕੇ ਆਉਣ ਲਈ ਸੱਦਾ ਦਿੱਤਾ। ਮੈਂ ਉਨ੍ਹਾਂ ਕੋਲ ਇਸ ਸੰਬੰਧੀ ਸਮਾਂ ਮੰਗ ਲਿਆ। ਇਸ ਗੱਲ ਬਾਰੇ ਮੈਂ ਸੋਚਣ ਲੱਗ ਪਿਆ ਕਿ ਮੈਂ ਜਾਵਾਂ ਕਿ ਨਾ, ਕਿਉਂਕਿ ਉਸ ਵੇਲੇ ਕੈਪਟਨ ਅਮਰਿੰਦਰ ਸਿੰਘ ਪੰਜਾਬ ਦੇ ਮੁੱਖ ਮੰਤਰੀ ਬਣ ਗਏ ਸਨ। ਉਨ੍ਹਾਂ ਦਾ ਤੇ ਬਾਦਲਾਂ ਦੀ ਆਪਸ ਵਿੱਚ ਬਣਦੀ ਨਹੀਂ ਸੀ। ਮੈਨੂੰ ਲੱਗਦਾ ਸੀ ਕਿ ਮੈਂ 57 ਸਾਲਾਂ ਬਾਅਦ ਪੰਜਾਬ, ਇੰਡੀਆ ਜਾਣਾ ਏ। ਸਾਡਾ ਲੋਕਾਂ ਦਾ ਰਿਸ਼ਤਾ ਤਾਂ ਪਿਆਰ ਔਰ ਸਤਿਕਾਰ ਦਾ ਹੈ, ਪਰ ਰਾਜਨੀਤਕ ਲੋਕਾਂ ਦੀ ਆਪਸ ਵਿੱਚ ਕੁੜੱਤਣ ਹੈ। ਪ੍ਰਕਾਸ਼ ਸਿੰਘ ਬਾਦਲ ਉਦੋਂ ਸੱਤਾ ਵਿੱਚ ਨਹੀਂ ਸਨ। ਇਨ੍ਹਾਂ ਗੱਲਾਂ ਨੂੰ ਸੋਚ ਕੇ ਮੈਂ ਚੁੱਪ ਹੋ ਗਿਆ। ਮੇਰੇ ਕੁਝ ਜਾਣੂ ਲੋਕ ਸਨ ਲੁਧਿਆਣਾ ਦੇ। ਉਨ੍ਹਾਂ ਨੇ ਕਿਹਾ ਕਿ ਏਥੇ ਅਖਬਾਰਾਂ ਵਿੱਚ ਆ ਰਿਹਾ ਕਿ ਤੁਸੀਂ 'ਗੰਗਾ ਸਾਗਰ' ਲੈ ਕੇ ਆਉਣ ਦੀ ਅਜੇ ਹਾਮੀ ਨਹੀਂ ਭਰੀ। ਤੁਹਾਨੂੰ ਸ਼੍ਰੋਮਣੀ ਕਮੇਟੀ 300 ਸਾਲਾਂ ਦੇ ਜਸ਼ਨਾਂ ਵਿੱਚ ਸੱਦਣਾ ਚਾਹੁੰਦੀ ਹੈ। ਮੈਂ ਕਿਹਾ ਕਿ ਸਪੱਸ਼ਟ ਗੱਲ ਹੈ ਕਿ ਮੈਂ ਪਹਿਲੀ ਵਾਰ ਜਾਣਾ ਹੈ, ਪਰ ਇਨ੍ਹਾਂ ਦੇ ਰਾਜਨੀਤਕ ਵਖਰੇਵੇਂ ਹਨ। ਮੈਂ ਨਹੀਂ ਚਾਹੁੰਦਾ ਕੋਈ ਗੜਬੜ ਹੋਵੇ, ਕਿਉਂਕਿ ਇਕ ਪਾਸੇ ਹਕੂਮਤ ਹੋਰ ਪਾਰਟੀ ਦੀ ਹੈ ਤੇ ਸੱਦਣ ਵਾਲੇ ਹੋਰ ਹਨ ਤਾਂ ਕਿਤੇ ਖਟਾਸ਼ ਪੈਦਾ ਨਾ ਹੋ ਜਾਵੇ। ਮੈਨੂੰ ਉਹ ਕਹਿਣ ਲੱਗੇ ਕਿ ਰਾਇ ਸਾਹਿਬ ਇਹ ਮੌਕਾ ਮੁੜ ਕੇ ਕਦੇ ਨਹੀਂ ਆਉਣਾ, ਕਿਉਂਕਿ 300 ਸਾਲਾ ਜਸ਼ਨ ਮਨਾਇਆ ਜਾ ਰਿਹਾ ਹੈ। ਇਹ ਬੜਾ ਢੁੱਕਵਾਂ ਮੌਕਾ ਹੈ। ਤੁਸੀਂ ਵਡਭਾਗੇ ਹੋ। ਰਾਜਨੀਤਕ ਫਰੰਟ ਉੱਤੇ ਇਹ ਜੋ ਮਰਜ਼ੀ ਕਰਨ, ਪਰ ਤੁਹਾਨੂੰ ਸਤਿਕਾਰ ਹਰ ਪਾਸਿਓਂ ਮਿਲੇਗਾ। ਫਿਰ ਮੈਂ 'ਗੰਗਾ ਸਾਗਰ' ਲੈ ਕੇ ਜਾਣ ਦਾ ਮਨ ਬਣਾ ਲਿਆ। ਤੇ ਮੈਂ ਸਹਿਮਤੀ ਭੇਜ ਦਿੱਤੀ। ਉਦੋਂ 'ਗੰਗਾ ਸਾਗਰ' ਲੰਡਨ ਰੱਖਿਆ ਹੁੰਦਾ ਸੀ, ਇਕ ਬੈਂਕ ਦੇ ਲਾਕਰ ਵਿੱਚ, ਪਰ ਮੈਂ ਉਸ ਵੇਲੇ ਰਹਿੰਦਾ ਪਾਕਿਸਤਾਨ ਸੀ।

**? ਤੁਸੀਂ 'ਗੰਗਾ ਸਾਗਰ' ਨੂੰ ਪਾਕਿਸਤਾਨ ਆਪਣੇ ਘਰ ਕਿਉਂ ਨਹੀਂ ਰੱਖਿਆ।**

-ਉਸ ਦਾ ਵੱਡਾ ਕਾਰਨ ਤਾਂ ਇਹੀ ਸੀ ਕਿ ਇੰਡੀਆ-ਪਾਕਿਸਤਾਨ ਦੇ ਸੰਬੰਧ ਬਹੁਤ ਖਰਾਬ ਚੱਲ ਰਹੇ ਸਨ। ਤਣਾਓ ਵੀ ਸੀ। ਕਿਤੇ ਆਣ-ਜਾਣ ਜਾਂ 'ਗੰਗਾ ਸਾਗਰ' ਨੂੰ ਕਿਤੇ ਲੈ ਕੇ ਜਾਣ ਦੀ ਸਰਕਾਰੀ ਡਿਪਾਰਟਮੈਂਟ ਵੱਲੋਂ ਆਗਿਆ ਬਹੁਤ ਮੁਸ਼ਕਲ ਮਿਲਦੀ ਸੀ। ਉਹ ਆਗਿਆ ਕਿਸੇ ਵੇਲੇ ਵੀ ਮਿਲ ਕੇ ਕੈਂਸਲ ਹੋ ਸਕਦੀ ਸੀ, ਕਿਉਂਕਿ ਲੰਡਨ ਵਿੱਚ ਦਰਸ਼ਨ ਕਰਵਾਉਣ ਉਪਰੰਤ ਮੈਨੂੰ ਕਈ ਥਾਵਾਂ ਤੋਂ 'ਗੰਗਾ ਸਾਗਰ' ਦੇ ਦਰਸ਼ਨ ਕਰਵਾਉਣ ਦੇ ਸੱਦੇ ਮਿਲਣ ਲੱਗ ਪਏ ਸਨ। ਮੈਂ ਲੰਡਨ ਨੂੰ ਤਰਜੀਹ ਦਿੱਤੀ। ਸਰਕਾਰਾਂ ਆਪਣੀ ਤਰ੍ਹਾਂ ਚੱਲਦੀਆਂ ਹਨ। ਉਨ੍ਹਾਂ ਇਹ ਕਹਿ ਦੇਣਾ ਕਿ ਜੀ ਤੁਸੀਂ ਇਨ੍ਹਾਂ ਦਿਨਾਂ ਵਿੱਚ ਨਾ ਜਾਓ। ਨਾ ਦਿਖਾਓ। ਅੱਗੇ ਪਾ ਦਿਓ। ਮੈਂ ਕਿਸੇ ਨਾਲ ਇਕਰਾਰ ਕਰ ਲਵਾਂ ਤੇ ਕੋਈ ਅੜਚਣ ਪੈ ਜਾਵੇ, ਸੋ ਮੈਂ ਲੰਡਨ ਨੂੰ ਤਰਜੀਹ ਦਿੱਤੀ। ਇਸ ਨਾਲ 'ਗੰਗਾ ਸਾਗਰ' ਦੀ ਸੇਫਟੀ ਵੀ ਹੈ। ਮੇਰੇ ਫੈਸਲੇ ਦੀ ਖੁੱਲ੍ਹ ਵੀ ਹੈ। ਹੁਣ ਜਦੋਂ ਮੈਂ ਕੈਨੇਡਾ ਦੀ ਇਮੀਗ੍ਰੇਸ਼ਨ ਲੈ ਲਈ ਤਾਂ ਪਰਵਾਰ ਸਮੇਤ ਏਥੇ ਸਰੀ ਆ ਗਿਆ। ਸੋ ਮੈਂ 'ਗੰਗਾ ਸਾਗਰ' ਏਥੇ ਲਿਆ ਕੇ ਇਕ ਬੈਂਕ ਦੇ ਲਾਕਰ ਵਿੱਚ ਰੱਖ ਲਿਆ। ...ਜਦੋਂ ਪੰਜਾਬ 'ਗੰਗਾ ਸਾਗਰ' ਲੈ ਕੇ ਜਾਣਾ ਸੀ, ਉਦੋਂ ਲੰਡਨ ਤੋਂ ਲੈ ਕੇ ਗਏ ਸੀ। ਪਹਿਲਾਂ ਦਿੱਲੀ ਜਹਾਜ਼ ਰਾਹੀਂ ਲੈ ਕੇ ਗਏ। ਉਥੋਂ ਸਪੈਸ਼ਲ ਚਾਰਟਡ ਜਹਾਜ਼ ਵਿੱਚ ਮੈਨੂੰ ਔਰ 'ਗੰਗਾ ਸਾਗਰ' ਨੂੰ ਰਾਜਾਸਾਂਸੀ ਏਅਰਪੋਰਟ ਅੰਮ੍ਰਿਤਸਰ ਲੈ ਕੇ ਗਏ।

**? ਉਹ ਪ੍ਰਸੰਗ ਸਾਂਝਾ ਕਰੋ ...ਜਦੋਂ 'ਗੰਗਾ ਸਾਗਰ' ਨੂੰ ਇੰਡੀਆ ਲੈ ਕੇ ਜਾਂਦੇ ਹੋ।**

-ਉਹ ਯਾਤਰਾ 12 ਦਿਨ ਦੀ ਸੀ। 17 ਦਸੰਬਰ, 2004 ਨੂੰ ਮੈਂ ਉੱਥੇ ਪੁੱਜਾ। ਏਅਰ ਪੋਰਟ 'ਤੇ ਬਹੁਤ ਸਾਰੇ ਸ਼੍ਰੋਮਣੀ ਕਮੇਟੀ ਦੇ ਮੈਂਬਰ, ਦਿੱਲੀ ਵਾਲਾ ਸਰਨਾ ਗਰੁੱਪ ਤੇ ਅਕਾਲੀ ਦਲ ਦੇ ਨੇਤਾ, ਹੋਰ ਬਹੁਤ ਸਾਰੇ ਲੋਕ ਆਏ ਹੋਏ ਸਨ। ਉਦੋਂ ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਬੀਬੀ ਜਗੀਰ ਕੌਰ ਸੀ, ਪ੍ਰਕਾਸ਼ ਸਿੰਘ ਬਾਦਲ ਤੇ ਹੋਰ ਨੇਤਾ ਲੋਕ ਆਪ ਏਅਰ ਪੋਰਟ ਤੋਂ ਮੈਨੂੰ ਲੈਣ ਆਏ। ਜਦੋਂ ਅਸੀਂ ਏਅਰ ਪੋਰਟ ਤੋਂ ਬਾਹਰ ਨਿਕਲਣ ਲੱਗੇ ਤਾਂ ਹਜ਼ਾਰਾਂ ਦੀ ਗਿਣਤੀ ਵਿੱਚ ਸੰਗਤ ਖੜੀ ਸੀ। ਉਨ੍ਹਾਂ ਨੇ ਇਕ ਗੱਡੀ ਉੱਤੇ ਸ਼ੀਸ਼ੇ ਦਾ ਬੌਕਸ ਤਿਆਰ ਕੀਤਾ ਸੀ। ਉਸ ਵਿੱਚ 'ਗੰਗਾ ਸਾਗਰ' ਨੂੰ ਰੱਖ ਦਿੱਤਾ ਤਾਂ ਕਿ ਲੋਕ ਦਰਸ਼ਨ ਕਰ ਸਕਣ। ਉਹ ਬੌਕਸ ਹਰ ਪਾਸੇ ਘੁੰਮਦਾ ਸੀ ਤਾਂ

## ਰਾਏਕੋਟ

*ਜਿਲ੍ਹਾ ਲੁਦਿਆਨਾ ਦੀ ਜਗਰਾਉਂ ਤਸੀਲ ਵਿੱਚ ਲੁਦਿਆਨੇ ਤੋਂ 27 ਮੀਲ ਦੀ ਵਿੱਥ ਪੁਰ ਇੱਕ ਨਗਰ, ਜੋ ਰਾਯ ਅਹਮਦ ਨੇ ਸਨ 1648 ਵਿੱਚ ਆਬਾਦ ਕੀਤਾ। ਅਹਮਦ ਦਾ ਵਡੇਰਾ ਤੁਲਸੀਰਾਮ ਰਾਜਪੂਤ ਮੁਸਲਮਾਨ ਹੋਗਿਆ ਸੀ, ਜਿਸ ਦਾ ਨਾਮ ਸ਼ੇਖ ਚੱਕੂ ਪ੍ਰਸਿੱਧ ਹੈ। ਅਹਮਦ ਦੇ ਭਾਈ ਰਾਯ ਕਮਾਲੁੱਦੀਨ ਨੇ ਜਗਰਾਉਂ ਆਬਾਦ ਕੀਤਾ। ਇਸ ਦੇ ਪੁਤ੍ਰ ਕਲ੍ਹਾਰਾਯ ਨੇ ਕਈ ਵਾਰ ਸ਼੍ਰੀ ਗੁਰੂ ਗੋਬਿੰਦ ਸਿੰਘ ਨੂੰ ਆਪਣੇ ਘਰ ਠਹਿਰਾ ਕੇ ਸੇਵਾ ਕੀਤੀ। ਇਸ ਦੀ ਮਾਤਾ ਗੁਰੂ ਸਾਹਿਬ ਵਿੱਚ ਭਾਰੀ ਸ਼੍ਰੱਧਾ ਰਖਦੀ ਸੀ। ਛੋਟੇ ਸਾਹਿਬਜ਼ਾਦਿਆਂ ਦੇ ਸ਼ਹੀਦ ਹੋਣ ਦਾ ਹਾਲ ਕਲ੍ਹਾਰਾਯ ਨੇ ਹੀ ਆਪਣਾ ਦੂਤ ਭੇਜਕੇ ਮਾਲੂਮ ਕੀਤਾ ਅਤੇ ਦਸਮੇਸ਼ ਨੂੰ ਦੱਸਿਆ ਸੀ।*

*ਗੁਰੂ ਸਾਹਿਬ ਨੇ ਕਲ੍ਹਾਰਾਯ ਨੂੰ ਇੱਕ ਤਲਵਾਰ ਬਖਸ਼ ਕੇ ਫਰਮਾਇਆ ਸੀ ਕਿ ਜਦ ਤਕ ਇਸ ਦਾ ਸਨਮਾਨ ਕਰੋਗੇ ਥੁਆਡਾ ਰਾਜ ਭਾਗ ਕਾਇਮ ਰਹੇਗਾ। ਕਲ੍ਹੇ ਦਾ ਪੋਤਾ ਤਲਵਾਰ ਪਹਿਨਕੇ ਸ਼ਿਕਾਰ ਗਿਆ ਅਰ ਘੋੜੇ ਤੋਂ ਡਿੱਗਕੇ ਉਸੇ ਤਲਵਾਰ ਨਾਲ ਜ਼ਖ਼ਮੀ ਹੋ ਕੇ ਮਰ ਗਿਆ, ਹੁਣ ਇਹ ਤਲਵਾਰ ਰਿਆਸਤ ਨਾਭੇ ਦੇ ਸਿਰੋਪਾਉ ਗੁਰਦੁਆਰੇ ਵਿੱਚ ਹੈ। ('ਮਹਾਨ ਕੋਸ਼' ਕ੍ਰਿਤ ਭਾਈ ਕਾਨ੍ਹ ਸਿੰਘ ਨਾਭਾ, ਪੰਨਾ-1037)*

ਫਿ ਕ 'ਗੰਗਾ ਸਾਗਰ' ਨੂੰ ਹਰ ਪਾਸੇ ਤੋਂ ਸੰਗਤਾਂ ਦੇਖ ਸਕਣ। ਅਸੀਂ ਇਸ ਤਰ੍ਹਾਂ ਹਾਲ ਬਜ਼ਾਰ ਅੰਮ੍ਰਿਤਸਰ ਵਿੱਚੋਂ ਗੁਜ਼ਰੇ। ਮੈਨੂੰ ਇਕ ਪ੍ਰਸੰਗ ਚੇਤੇ ਆ ਰਿਹਾ। ਜਦੋਂ ਯਾਤਰਾ ਜਾ ਰਹੀ ਸੀ। ਵਿੱਚੋਂ ਇਕ ਬਜ਼ੁਰਗ ਰੁਮਾਲ ਵਿੱਚ ਕੋਈ ਚੀਜ਼ ਫੜਾਉਣ ਦੀ ਕੋਸ਼ਿਸ਼ ਕਰ ਰਹੇ ਸਨ। ਜਦੋਂ ਗੰਗਾ ਸਾਗਰ ਨੂੰ ਹਰਿਮੰਦਰ ਸਾਹਿਬ ਸਜਾ ਦਿੱਤਾ ਤਾਂ ਜਦੋਂ ਉਸ ਬਜ਼ੁਰਗ ਦੀ ਨਿਸ਼ਾਨੀ ਮੈਂ ਖੋਲ੍ਹੀ ਤਾਂ ਉਸ ਵਿੱਚ ਕੁਰਾਨ ਸ਼ਰੀਫ਼ ਸਾਹਿਬ ਦੀ ਇਕ ਛੋਟੀ ਕਾਪੀ ਸੀ। ਇਸ ਸਾਂਝ ਵਾਲੀ ਗੱਲ ਨੂੰ ਲੈ ਕੇ ਮੈਨੂੰ ਬਹੁਤ ਖੁਸ਼ੀ ਮਿਲੀ ਕਿ ਮੈਨੂੰ ਇਕ ਮੁਸਲਮਾਨ ਹੋਣ 'ਤੇ ਮਾਨਤਾ ਮਿਲੀ ਹੈ। ...ਫਿਰ 'ਗੰਗਾ ਸਾਗਰ' ਲੈ ਕੇ ਤੀਜੇ ਦਿਨ ਚਮਕੌਰ ਸਾਹਿਬ ਵੱਲ ਨੂੰ ਤੁਰ ਪਏ। ਰਸਤੇ ਵਿੱਚ ਜਲੰਧਰ, ਲੁਧਿਆਣਾ ਵਿੱਚ ਵੀ ਬਹੁਤ ਸੰਗਤਾਂ ਨੇ 'ਗੰਗਾ ਸਾਗਰ' ਦੇ ਦਰਸ਼ਨ ਕੀਤੇ। ਫਿਰ ਫਤਿਹਗੜ੍ਹ ਸਾਹਿਬ ਗਏ। ਹਰ ਥਾਂ ਬਹੁਤ ਸੰਗਤ ਸੀ।

ਜਦੋਂ ਮੈਂ ਪੰਜਾਬ ਵਿੱਚ ਸਾਂ ਤਾਂ ਮੈਨੂੰ ਉਸ ਵੇਲੇ ਦੇ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦਾ ਸੁਨੇਹਾ ਆਇਆ ਕਿ ਪ੍ਰਧਾਨ ਮੰਤਰੀ 'ਗੰਗਾ ਸਾਗਰ' ਦੇ ਦਰਸ਼ਨ ਕਰਨਾ ਚਾਹੁੰਦੇ ਨੇ ਅਤੇ ਤੁਹਾਨੂੰ ਮਿਲਣਾ ਵੀ ਚਾਹੁੰਦੇ ਹਨ। ਮੇਰੇ ਕੋਲ ਸਮਾਂ ਨਹੀਂ ਸੀ। ਮੈਂ ਦਿੱਲੀ ਤੋਂ ਲੰਡਨ ਜਾਣਾ ਸੀ... ਫਿਰ ਮੈਂ ਵਾਪਸ ਲੰਡਨ ਜਾਣ ਲੱਗਾ, ਕੁਝ ਸਮਾਂ ਕੱਢ ਕੇ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੂੰ 'ਗੰਗਾ ਸਾਗਰ' ਦੇ ਦਰਸ਼ਨ ਕਰਵਾਏ ਤੇ ਉਨ੍ਹਾਂ ਨੂੰ ਮਿਲਿਆ। ਮੈਂ ਉਦੋਂ ਪਾਕਿਸਤਾਨ ਵਿੱਚ ਮੈਂਬਰ ਪਾਰਲੀਮੈਂਟ ਵੀ ਸਾਂ। ਜਦੋਂ ਅਸੀਂ 'ਗੰਗਾ ਸਾਗਰ' ਲੈ ਕੇ ਉਨ੍ਹਾਂ ਦੇ ਘਰ ਪੁੱਜੇ ਤਾਂ ਉਹ ਦੋਵੇਂ ਪ੍ਰਧਾਨ ਮੰਤਰੀ ਤੇ ਉਨ੍ਹਾਂ ਦੀ ਪਤਨੀ ਨੰਗੇ ਪੈਰੀਂ ਹੱਥ ਜੋੜ ਕੇ ਖੜੇ ਸਨ। ਇਹ ਗੱਲਾਂ ਹਮੇਸ਼ਾ ਚੇਤੇ ਰਹਿੰਦੀਆਂ ਹਨ।

**? ਜਦੋਂ ਤੁਸੀਂ ਗੰਗਾ ਸਾਗਰ ਦੇ ਦਰਸ਼ਨ ਕਰਵਾਉਣ ਪੰਜਾਬ ਘੁੰਮ ਰਹੇ ਸੀ ਤਾਂ ਤੁਹਾਡੇ ਮਨ ਵਿੱਚ ਇਹ ਗੱਲ ਆਈ ਕਿ ਜੇਕਰ ਕੋਈ ਸੰਸਥਾ ਮੇਰੇ 'ਤੇ ਦਬਾਅ ਪਾਵੇ ਕਿ ਇਹ 'ਗੰਗਾ ਸਾਗਰ' ਸਾਡੇ ਮਿਊਜ਼ੀਅਮ ਨੂੰ ਦੇ ਦਿਓ।**

—ਸੱਚੀ ਗੱਲ ਤਾਂ ਇਹ ਹੈ ਕਿ ਮੈਨੂੰ ਇਸ ਤਰ੍ਹਾਂ ਦਾ ਕੋਈ ਡਰ ਲੱਗਾ ਹੀ ਨਹੀਂ। ਮੇਰੇ ਮਨ ਵਿੱਚ ਇਸ ਤਰ੍ਹਾਂ ਦੀ ਗੱਲ ਆਈ ਹੀ ਨਹੀਂ। ਮੈਨੂੰ ਤਸੱਲੀ ਸੀ ਕਿ ਮੈਂ ਤੇ 'ਗੰਗਾ ਸਾਗਰ' ਸੁਰੱਖਿਅਤ ਹਾਂ। ਮੇਰੇ ਮਨ ਦੀ ਅਵਸਥਾ ਰਹੀ ਹੈ ਕਿ ਚਾਹੇ ਕੋਈ ਮੈਨੂੰ ਦੋ ਸੈਕਿੰਡ ਵੀ ਮਿਲਦਾ ਹੈ, ਮੈਂ ਉਹਨੂੰ ਚੰਗੇ ਤਰੀਕੇ ਨਾਲ ਮਿਲਾਂ। ਜਦੋਂ ਮੈਂ ਪੰਜਾਬ ਵਿੱਚ 'ਗੰਗਾ ਸਾਗਰ' ਨਾਲ ਜਾ ਰਿਹਾ ਸੀ ਤਾਂ ਸੰਗਤ ਮੈਨੂੰ ਪਰਚੀਆਂ ਉੱਤੇ ਕੁਝ ਨਾ ਕੁਝ ਲਿਖ ਕੇ ਦਿੰਦੀ ਰਹਿੰਦੀ ਸੀ। ਸ਼ਾਮ ਨੂੰ ਮੇਰੀਆਂ ਪਰਚੀਆਂ ਨਾਲ ਜੇਬਾਂ ਭਰ ਜਾਂਦੀਆਂ ਸਨ। ਜਦੋਂ ਮੈਂ ਸ਼ਾਮ ਨੂੰ ਪੜ੍ਹਦਾ ਤਾਂ ਸੰਗਤਾਂ ਦਾ ਪਿਆਰ ਡੁੱਲ੍ਹ-ਡੁੱਲ੍ਹ ਪੈਂਦਾ ਮਹਿਸੂਸ ਹੁੰਦਾ। ਇਕ ਨੇ ਲਿਖਿਆ ਸੀ, ਤੁਸੀਂ ਗੁਰੂ ਗੋਬਿੰਦ ਸਿੰਘ ਜੀ ਦੀ ਨਿਸ਼ਾਨੀ ਐਨੇ ਸਾਲਾਂ ਤੋਂ ਸਾਂਭ ਕੇ ਰੱਖੀ ਹੋਈ ਏ। ਇਕ ਬੇਨਤੀ ਹੈ ਕਿ ਇਹ ਨਿਸ਼ਾਨੀ ਤੁਸੀਂ ਕਿਸੇ ਨੂੰ ਦਈਓ ਨਾ। ਮੇਰੀ ਹੁਣ ਤੱਕ ਕੋਸ਼ਿਸ਼ ਰਹੀ ਹੈ ਕਿ ਇਸ ਨਿਸ਼ਾਨੀ ਨੂੰ ਸਤਿਕਾਰ ਨਾਲ ਸਾਂਭ ਕੇ ਰੱਖਾਂ। ਕੁਝ ਲੋਕਾਂ ਨੇ ਇਹ ਵੀ ਪੁੱਛਿਆ ਕਿ ਹੁਣ ਤੱਕ ਨੌਂ ਪੀੜ੍ਹੀਆਂ ਇਸ ਨਿਸ਼ਾਨੀ ਨੂੰ ਸਾਂਭ ਕੇ ਰੱਖਦੀਆਂ ਆ ਰਹੀਆਂ ਨੇ। ਗੁਰੂ ਗੋਬਿੰਦ ਸਿੰਘ ਜੀ ਦੀਆਂ ਤਿੰਨ ਨਿਸ਼ਾਨੀਆਂ ਸਾਡੇ ਪੁਰਖਿਆਂ ਕੋਲ ਸਨ।

**? ਕੱਲ੍ਹ ਨੂੰ ਜਦੋਂ ਇਹ ਨਿਸ਼ਾਨੀ ਤੁਹਾਡੇ ਬੱਚਿਆਂ ਕੋਲ ਜਾਵੇਗੀ। ਉਹ ਇਸ ਨੂੰ ਕਿਸ ਤਰ੍ਹਾਂ ਲੈਂਦੇ ਨੇ। ਇਸ ਬਾਰੇ ਵੀ ਕਦੇ ਸੋਚਿਆ।**

-ਉਹ ਇਸ ਨਿਸ਼ਾਨੀ ਨੂੰ ਕਿਸ ਤਰ੍ਹਾਂ ਲੈਂਦੇ ਨੇ। ਇਹ ਪਤਾ ਨਹੀਂ। ਮੈਂ ਤਾਂ ਇਹੀ ਬੱਚਿਆਂ ਨੂੰ ਕਹਿੰਦਾ ਹਾਂ ਕਿ ਅਸੀਂ ਵਡਭਾਗੇ ਹਾਂ ਕਿ ਗੁਰੂ ਸਾਹਿਬ ਦੀ ਹੱਥੀਂ ਦਿੱਤੀ ਨਿਸ਼ਾਨੀ ਸਾਡੇ ਕੋਲ ਹੈ, ਮੈਂ ਕਿਸੇ ਨੂੰ ਨਹੀਂ ਦੇਣੀ ਚਾਹਾਂਗਾ। ਸਾਡੇ ਪੁਰਖਿਆਂ ਵੱਲੋਂ ਇਹ ਪਰੰਪਰਾ ਚਲੀ ਆ ਰਹੀ ਹੈ, ਇਸ ਪਰੰਪਰਾ ਨੂੰ ਮੇਰੀ ਅਗਲੀ ਪੀੜ੍ਹੀ ਵੀ ਅੱਗੇ ਲੈ ਕੇ ਜਾਵੇਗੀ, ਅਜਿਹਾ ਮੈਨੂੰ ਪੱਕਾ ਯਕੀਨ ਹੈ।

**? ਜਿਵੇਂ ਕਿ ਤੁਸੀਂ ਦੱਸਿਆ ਕਿ 'ਗੰਗਾ ਸਾਗਰ' ਹੁਣ ਕੈਨੇਡਾ ਦੀ ਕਿਸੇ ਬੈਂਕ ਵਿੱਚ ਹੈ। ਤੁਸੀਂ ਹੁਣ ਇਸ ਨੂੰ ਲੋਕਾਂ ਵਿੱਚ ਲੈ ਕੇ ਜਾਂਦੇ ਹੋ।**

-ਜੀ..ਜਦੋਂ ਵੀ ਵਿਸਾਖੀ ਦਾ ਦਿਨ ਹੋਵੇ... ਗੁਰੂ ਸਾਹਿਬ ਦੇ ਜਨਮ ਦਿਨ ਹੋਣ। ਮੈਨੂੰ ਗੁਰਦੁਆਰਿਆਂ ਵੱਲੋਂ ਸੱਦਾ ਆਉਂਦਾ ਰਹਿੰਦਾ ਹੈ। ਉਸ ਵੇਲੇ ਜੇ ਮੇਰੇ ਕੋਲ ਸਮਾਂ ਹੋਵੇ। ਮੈਂ ਇਹ ਨਿਸ਼ਾਨੀ ਲੈ ਕੇ ਜਾਂਦਾ ਰਹਿੰਦਾ ਹਾਂ। ਮੇਰੀ ਮੰਗ ਇਹੀ ਹੁੰਦੀ ਹੈ ਕਿ ਬੁਲਾਉਣ ਵਾਲੇ ਸ਼ਰਧਾ ਨਾਲ ਇਹ ਨਿਸ਼ਾਨੀ ਨੂੰ ਵੇਖਣ ਤੇ ਲੈ-ਜਾ ਕੇ ਜਾਣ। ਗੁਰੂ ਘਰ ਵਿੱਚ ਪੂਰਾ ਪ੍ਰਬੰਧ ਹੋਵੇ।

**? ਭਵਿੱਖ ਵਿੱਚ ਤੁਹਾਡੇ ਮਨ ਵਿੱਚ ਇਹ ਗੱਲ ਕਦੇ ਆਈ ਕਿ ਇਹ ਨਿਸ਼ਾਨੀ ਮੈਂ ਕਿਸੇ ਅਜਾਇਬਘਰ ਵਿੱਚ ਰੱਖ ਦੇਵਾਂ, ਤਾਂ ਕਿ ਹਰ ਕੋਈ ਜਦੋਂ ਚਾਹੇ, ਇਸ ਨੂੰ ਵੇਖ ਸਕੇ।**

-ਕਈ ਦੋਸਤਾਂ ਨੇ ਇਹ ਵੀ ਸਲਾਹ ਦਿੱਤੀ ਸੀ, ਪਰ ਹਾਲੇ ਕੋਈ ਇਸ ਬਾਰੇ ਫੈਸਲਾ ਨਹੀਂ ਲਿਆ।

**? ਮੈਂ ਵਾਪਸ ਫਿਰ 1947 ਦੇ ਸਮੇਂ ਵਿੱਚ ਤੁਹਾਨੂੰ ਲੈ ਕੇ ਜਾਂਦਾ ਹਾਂ। ਜਦੋਂ ਦੇਸ਼ ਦੀ ਵੰਡ ਹੁੰਦੀ ਹੈ। ਤੁਸੀਂ ਏਧਰ ਜਾਇਦਾਦ ਛੱਡ ਕੇ ਪਾਕਿਸਤਾਨ ਚਲੇ ਜਾਂਦੇ ਹੋ। ਉਥੇ ਜਾ ਕੇ ਤੁਹਾਨੂੰ ਓਨੀ ਕੁ ਜਾਇਦਾਦ ਮਿਲੀ, ਜਿੰਨੀ ਕੁ ਤੁਸੀਂ ਓਧਰ ਪੰਜਾਬ ਵਿੱਚ ਛੱਡ ਕੇ ਆਏ ਸੀ।**

-ਪੂਰੀ ਤਾਂ ਨਹੀਂ ਮਿਲੀ। ਤੁਸੀਂ ਕਹਿ ਸਕਦੇ ਹੋ ਸਾਨੂੰ ਜਿੰਨੀ ਜਾਇਦਾਦ ਮਿਲਣੀ ਚਾਹੀਦੀ ਸੀ, ਉਹਦਾ 10 ਫੀਸਦੀ ਕੁਲ ਜਾਇਦਾਦ ਦਾ ਏਧਰ ਮਿਲੀ ਸੀ। ਤੁਹਾਨੂੰ ਪਤਾ ਏ ਕਿ ਆਪਣੇ ਮੁਲਖ਼ਾਂ ਵਿੱਚ ਕੇਸਾਂ ਦੀ ਪੈਰਵਾਈ, ਅਦਾਲਤਾਂ ਦੇ ਚੱਕਰ, ਦਫ਼ਤਰਾਂ ਦੇ ਚੱਕਰ ਲਾ-ਲਾ ਕੇ ਜੁੱਤੀਆਂ ਘਸ ਜਾਂਦੀਆਂ ਨੇ। ਉਦੋਂ ਰਸੂਖਵਾਨ ਲੋਕਾਂ ਨੇ ਆਪਣੀ ਜਾਇਦਾਦ ਤੋਂ ਦੁੱਗਣੀ ਜਾਇਦਾਦ ਦੀ ਵੀ ਅਲਾਟਮੈਂਟ ਕਰਵਾ ਲਈ ਸੀ, ਅਜਿਹਾ ਵੇਖਣ-ਸੁਣਨ ਵਿੱਚ ਆਇਆ। ਜਿਨ੍ਹਾਂ ਦੇ ਘਰ ਵਿੱਚ ਪੈਰਵਾਈ ਕਰਨ ਵਾਲਾ ਕੋਈ ਨਹੀਂ ਸੀ... ਸਾਡੇ ਘਰ ਵਿੱਚ ਤਾਂ ਇਕ ਦਾਦੀ ਹੀ ਰਹਿ ਗਈ ਸੀ। ਹਰ ਛੋਟੀ ਗੱਲ ਲਈ ਲੋਕਾਂ ਦੀ ਮੁਹਤਾਜ ਰਹਿਣ ਵਾਲੇ ਨੂੰ ਹੱਕ ਮਿਲਣਾ ਮੁਸ਼ਕਲ ਸੀ। ਸਾਨੂੰ ਓਨੀ ਜ਼ਮੀਨ ਤਾਂ ਨਹੀਂ ਮਿਲੀ, ਪਰ ਸਾਡੀ ਪਾਕਿਸਤਾਨ ਵਿੱਚ ਸੰਤਾਲੀ ਤੋਂ ਪਹਿਲਾਂ ਜ਼ਮੀਨ ਹੈਗੀ ਸੀ। ਮਿੰਟਗੁਮਰੀ ਵਿੱਚ ਦਸ ਮਰੱਬੇ ਸੀ। ਜੋ 250 ਏਕੜ ਬਣਦੀ ਹੈ। ਮੇਰੇ ਦਾਦਾ ਜੀ ਜੂਨ, 1947 ਵਿੱਚ ਮਿੰਟਗੁਮਰੀ ਆਪਣੀ ਜ਼ਮੀਨ 'ਤੇ ਆ ਗਏ ਸਨ। ਉਦੋਂ ਵੰਡ ਬਾਰੇ, ਜੋ ਆਜ਼ਾਦੀ ਬਾਰੇ ਟੈਨਸ਼ਨ ਚੱਲਦੀ ਸੀ। ਉਨ੍ਹਾਂ ਨੇ ਆਪਣੀ ਸੇਫਟੀ ਲਈ 'ਗੰਗਾ ਸਾਗਰ' ਨੂੰ ਲੈ ਕੇ ਪਾਕਿਸਤਾਨ ਵੱਲ ਆ ਗਏ। ਉਦੋਂ ਤਾਂ ਇਹ ਸੀ ਕਿ ਅਸੀਂ ਮੁੜ ਕੇ ਆ ਜਾਣਾ ਹੈ। ਕਈ ਤਾਂ ਇਹ ਵੀ ਕਹਿੰਦੇ ਸਨ ਕਿ ਗੱਡੇ ਜੋੜੋ ਤੇ ਆਓ ਵਾਪਸ ਚੱਲੀਏ। ਮੇਰੀ ਦਾਦੀ ਨੇ ਮੈਨੂੰ ਲਾਹੌਰ ਦੇ ਵਧੀਆ ਸਕੂਲ ਵਿੱਚ ਪੜ੍ਹਨੇ ਪਾਇਆ। ਮੇਰੇ ਪਿਤਾ ਜੀ ਸੰਤਾਲੀ ਤੋਂ ਪਹਿਲਾਂ ਰਾਏਕੋਟ ਤੋਂ ਲਾਹੌਰ ਕਾਲਜ ਪੜ੍ਹਨ ਆਏ ਸਨ।

**? ਰਾਜਨੀਤੀ ਵੱਲ ਤੁਹਾਡਾ ਰੁਝਾਨ ਕਿਵੇਂ ਹੋਇਆ।**

-ਮੇਰਾ ਸਹੁਰਾ ਪਰਵਾਰ ਤਲਵੰਡੀ ਰਾਇ ਦੇ ਸਨ। ਨਾਨਕੇ ਮੇਰੇ ਤਲਵਣ ਜਲੰਧਰ ਦੇ ਸਨ। ਉਨ੍ਹਾਂ ਨੂੰ ਕਿਲ੍ਹੇ ਵਾਲੇ ਵੀ ਕਹਿੰਦੇ ਸਨ। ਉਦੋਂ ਤਲਵਣ ਵਿੱਚ ਇਕ ਕਿਲ੍ਹਾ ਹੁੰਦਾ ਸੀ। ਮੇਰੇ ਨਾਨਾ ਜੀ ਦਾ ਨਾਂਅ ਐਡਵੋਕੇਟ ਰਾਇ ਉੱਲਾ ਖਾਨ ਸੀ। ਮੁਸਲਮਾਨਾਂ ਦਾ ਕਾਫੀ ਤਕੜਾ ਪਿੰਡ ਸੀ ਤਲਵਣ। ਮੈਂ ਨਾਨਕੇ ਪਿੰਡ 1984 ਤੇ 1993 ਵਿੱਚ ਵੀ ਗਿਆ ਸੀ। ਮੇਰੇ ਨਾਨਾ ਦੇ ਵੱਡੇ ਬੇਟੇ ਸਨ ਹਬੀਬਉੱਲਾ। ਉਹ ਫੌਜ ਵਿੱਚ ਰਹੇ। ਫਿਰ ਉਨ੍ਹਾਂ ਨੌਕਰੀ ਛੱਡ ਦਿੱਤੀ। ਫਿਰ ਅਜ਼ਾਦੀ ਸੰਗਰਾਮ ਵਿੱਚ ਕੁੱਦ ਪਏ। ਉਨ੍ਹਾਂ ਸੰਤਾਲੀ ਤੋਂ ਦੋ ਸਾਲ ਪਹਿਲਾਂ ਬਣੀ ਕੋਠੀ ਦੇਖੀ ਸੀ। ਉਹ ਲਾਲ ਰੰਗ ਦੀ ਕੋਠੀ ਸੀ। ਉਹ ਕੋਠੀ ਮੈਂ 1983 ਵਿੱਚ ਜਾ ਕੇ ਦੇਖੀ ਸੀ। ਬਾਅਦ ਵਿੱਚ ਉਹ ਕੋਠੀ ਵਿੱਚ ਕਈ ਪਰਵਾਰਾਂ ਵਿੱਚ ਅਲਾਟ ਹੋ ਗਈ ਤੇ ਉਹ ਉੱਥੇ ਰਹਿਣ ਲੱਗ ਪਏ।

ਰਾਏਕੋਟ ਵਿੱਚ ਸਾਡੀ ਹਵੇਲੀ ਅੱਜ ਵੀ ਹੈਗੀ ਹੈ। ਜਿਹੜੀ ਹਵੇਲੀ ਮੇਰੇ ਦਾਦਾ ਜੀ ਛੱਡ ਕੇ ਆਏ ਸਨ, ਉੱਥੇ ਸਰਦਾਰ ਫੈਮਲੀ ਰਹਿੰਦੀ ਹੈ, ਉਨ੍ਹਾਂ ਨੇ ਬੜੇ ਅੱਛੇ ਤਰੀਕੇ ਨਾਲ ਉਹ ਸਾਂਭੀ ਹੋਈ ਹੈ। ਮੈਨੂੰ ਪਤਾ ਸੀ ਮੇਰੇ ਦਾਦਾ ਜੀ ਹਵੇਲੀ ਦੇ ਚੁਬਾਰੇ ਵਿੱਚ 'ਗੰਗਾ ਸਾਗਰ' ਰੱਖਦੇ ਹੁੰਦੇ ਸਨ। ਉੱਥੇ ਜਦੋਂ ਮੈਨੂੰ ਲੈ ਕੇ ਗਏ। ਮੈਂ ਉਹ ਕਮਰਾ ਵੀ ਵੇਖਿਆ। ਜਿਸ ਕਮਰੇ ਵਿੱਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਹੈ।

..ਮੇਰੇ ਜਿਹੜੇ ਸਹੁਰੇ ਸਨ, ਉਨ੍ਹਾਂ ਦੇ ਪਰਵਾਰ ਦੇ ਲੋਕ ਤਲਵੰਡੀ ਰਾਇ ਤੇ ਲੁਧਿਆਣਾ ਦੇ ਐੱਮ.ਐੱਲ.ਏ. ਵੀ ਰਹੇ ਸਨ। ਰਾਇ ਇਕਬਾਲ...1946 ਵਿੱਚ। ਉਹ ਸਮਾਂ ਅੰਗਰੇਜ਼ਾਂ ਦਾ ਸੀ। ਇਹ ਪਰਵਾਰ ਰਾਜਨੀਤੀ ਵਿੱਚ ਸਰਗਰਮ ਸੀ। ਫਿਰ ਏਧਰ ਆ ਕੇ ਰਾਜਨੀਤੀ ਵਿੱਚ ਪੈ ਗਏ। ਪਾਕਿਸਤਾਨ ਵਿੱਚ ਐੱਮ.ਪੀ ਵੀ ਬਣੇ। ਫਿਰ ਉਨ੍ਹਾਂ ਦੇ ਬੇਟੇ ਵੀ ਐੱਮ.ਪੀ. ਰਹੇ। ਉਨ੍ਹਾਂ ਦੀ ਅਚਾਨਕ ਡੈੱਥ ਹੋ ਗਈ। ਦੂਜੇ ਬੱਚੇ ਛੋਟੇ ਸਨ। ਫਿਰ ਮੈਨੂੰ ਉਨ੍ਹਾਂ ਨੇ ਮਜਬੂਰ ਕੀਤਾ ਕਿ ਤੁਸੀਂ ਚੋਣਾਂ ਲੜੋ। ਚੀਚਾਵਤਨੀ ਤੋਂ। ਚੀਚਾਵਤਨੀ ਉਨ੍ਹਾਂ ਦੀ ਜ਼ਮੀਨ ਸੀ। ਅਸੀਂ ਕਮਾਲੀਏ ਬੈਠੇ ਸੀ ਜਾ ਕੇ। ਏਧਰਲੀ ਜ਼ਮੀਨ ਬਦਲੇ ਅਲਾਟਮੈਂਟ ਕਮਾਲੀਆ, ਤਹਿਸੀਲ ਟੋਬਾ ਟੇਕ ਸਿੰਘ ਹੋਈ ਸੀ। ਓਧਰੋਂ ਰਾਏਕੋਟ ਕਮਾਲੀਏ ਵਿੱਚ ਬਹੁਤ ਜ਼ਿਆਦਾ ਜਾ ਕੇ ਵੱਸਿਆ, ਕਿਉਂਕਿ ਮੇਰੇ ਨਾਨੇ ਦੀ ਜ਼ਮੀਨ ਕਮਾਲੀਏ ਸੀ। ਉਸੇ ਵੇਲੇ ਏਧਰੋਂ ਲੋਕ ਉਧਰ ਨੂੰ ਤੁਰੇ, ਜਿੱਥੇ ਉਨ੍ਹਾਂ ਦੇ ਥੋੜ੍ਹੇ-ਬਹੁਤੇ ਸੰਬੰਧ ਸਨ। ਉਦੋਂ ਫਿਰ ਮੈਂ ਮੁਸਲਿਮ ਲੀਗ ਪਾਰਟੀ ਵੱਲੋਂ ਅਲੈਕਸ਼ਨ ਲੜਿਆ 2002 ਵਿੱਚ। ਜਿੱਤ ਵੀ ਗਿਆ। ਉਸ ਤੋਂ ਬਾਅਦ ਉਨ੍ਹਾਂ ਦੇ ਬੱਚੇ ਜਵਾਨ ਹੋ ਗਏ। ਉਹ ਰਾਜਨੀਤੀ ਵਿੱਚ ਆ ਗਏ। ਹੁਣ ਵੀ ਉਸ ਪਰਵਾਰ ਵਿੱਚੋਂ ਇਕ ਐੱਮ.ਪੀ. ਹਨ ਤੇ ਇਕ ਐੱਮ.ਐੱਲ.ਏ. ਹੈ। ਹੁਣ ਉਹ ਇਮਰਾਨ ਖਾਨ ਦੀ ਪਾਰਟੀ ਵਿੱਚ ਹਨ। ਸਾਡਾ ਚੀਚਾਵਤਨੀ ਦਾ ਰੇਲਵੇ ਸਟੇਸ਼ਨ ਰਾਵੀ ਵਾਲੇ ਪਾਸਾ ਹੁੰਦਾ ਸੀ। ਮੈਂ ਉਹਨੂੰ ਤਬਦੀਲ ਕਰਵਾਇਆ। ਉਹ ਵੱਡਾ ਪ੍ਰੋਜੈਕਟ ਸੀ। ਲੋਕਾਂ ਦੇ ਹਰ ਫੋਨ ਮੈਂ ਆਪ ਸੁਣਦਾ ਸੀ। ਹਰ ਬੰਦਾ ਅੱਜ ਵੀ ਉਹ ਸਮਾਂ ਚੇਤੇ ਕਰਦਾ ਹੈ।

**? ਤੁਸੀਂ ਪਾਕਿਸਤਾਨ ਦੀ ਸਮਾਜਿਕ, ਰਾਜਨੀਤਕ ਸਥਿਤੀ ਕਿਸ ਤਰ੍ਹਾਂ ਦੀ ਵੇਖਦੇ ਹੋ।**

-ਵੇਖੋ ਪਾਕਿਸਤਾਨ ਦੇ ਰਾਜਨੀਤਿਕ ਹਾਲਾਤ ਕੋਈ ਅੱਛੇ ਨਹੀਂ ਹੈਗੇ। ਸਾਡੇ ਵੱਲ ਲੋਕਤੰਤਰ ਐਨੀ ਮਜ਼ਬੂਤ ਨਹੀਂ, ਜਿੰਨੀ ਹੋਣੀ ਚਾਹੀਦੀ ਸੀ। ਅੱਜ-ਕੱਲ੍ਹ ਸਥਿਤੀ ਹੋਰ ਨਾਜ਼ੁਕ ਹੋਈ ਪਈ ਹੈ। ਅਸੀਂ ਆਸ ਕਰਦੇ ਹਾਂ ਕਿ ਸਿਸਟਮ ਠੀਕ ਹੋ ਜਾਵੇ।

**? ਥੱਲੇ ਵਾਲੇ ਤਬਕੇ ਦੀ ਸਥਿਤੀ ਕਿਸ ਤਰ੍ਹਾਂ ਦੀ ਹੈ।**

-ਜਿਵੇਂ ਕਹਿੰਦੇ ਹੁੰਦੇ ਨੇ ਕਿ ਭੁੱਖ ਨਾਲ ਤਾਂ ਕੋਈ ਮਰਦਾ ਨਹੀਂ। ਪਰ ਅਮੀਰ-ਗਰੀਬ ਵਿੱਚ ਪਾੜਾ ਬਹੁਤ ਪਈ ਜਾ ਰਿਹਾ ਹੈ। ਇਹ ਗੱਲ ਭਵਿੱਖ ਲਈ ਚੰਗੀ ਨਹੀਂ ਹੈ, ਜੇ ਇਹਦੇ ਵਿੱਚ ਕੋਈ ਤਬਦੀਲੀ ਨਾ ਆਵੇ। ਇਹਦੇ ਵਿੱਚ ਤਬਦੀਲੀ ਆਉਣੀ ਚਾਹੀਦੀ ਹੈ। ਅਦਾਲਤਾਂ ਵਿੱਚ ਲੋਕਾਂ ਨੂੰ ਇਨਸਾਫ਼ ਮਿਲੇ, ਲੋਕਾਂ ਨੂੰ ਨੌਕਰੀਆਂ ਮਿਲਣ। ਜੋ ਗਰੀਬ ਬੱਚਾ ਪੜ੍ਹਦਾ ਹੈ ਤਾਂ ਉਹਦਾ ਹੱਕ ਉਹਨੂੰ ਮਿਲੇ। ਇਹ ਚੀਜ਼ਾਂ ਬੇਸਿਕ ਹਨ।

**? ਤੁਸੀਂ ਜਦੋਂ ਹੁਣ ਪਾਕਿਸਤਾਨ ਜਾਂਦੇ ਹੋ। ਤੁਸੀਂ ਕੋਈ ਸਮਾਜਿਕ ਕੰਮ ਵੀ ਕਰਦੇ ਹੋ।**

-ਜੋ ਚੀਚਾਵਤਨੀ ਸਾਡਾ ਘਰ ਹੈ। ਉਥੇ ਇਕ ਹਸਪਤਾਲ ਬਣਾਇਆ ਹੋਇਆ ਹੈ। ਜਿੱਥੇ ਲੋਕਾਂ ਦਾ ਫ੍ਰੀ ਇਲਾਜ ਹੁੰਦਾ ਹੈ। ਰਾਇ ਅਲੀ ਨਿਵਾਜ਼ ਉਸ ਹਸਪਤਾਲ ਦਾ ਨਾਂਅ ਹੈ। ਇਹ ਪਬਲਿਕ ਦੀ ਸੇਵਾ ਲਈ ਕੰਮ ਹੈ। ਫਿਰ ਵੀ ਸਮਾਜਿਕ ਕੰਮ ਜਿੰਨਾ ਕੁ ਹੋ ਸਕੇ, ਉਹ ਕਰਨ ਦੀ ਕੋਸ਼ਿਸ਼ ਕਰਦੇ ਰਹੀਦਾ ਹੈ। ਇਕ ਗੱਲ ਹੋਰ... ਆਪਣੇ ਪੁਰਖਿਆਂ ਦੇ ਇਤਿਹਾਸ ਨਾਲ ਸੰਬੰਧਤ ਇਕ ਕਿਤਾਬ ਤਿਆਰ ਕੀਤੀ ਹੈ ਡਾ. ਗੁਰਦੇਵ ਸਿੰਘ ਸਿੱਧੂ ਜੀ ਨੇ। ਇਹ ਗੁਰਮੁਖੀ ਵਿੱਚ ਹੁਣ ਛਪ ਗਈ ਹੈ। ਸਾਰੇ ਇਤਿਹਾਸ ਹਵਾਲਿਆਂ ਦੇ ਨਾਲ ਲਿਖਿਆ ਗਿਆ ਹੈ।

**ਸੰਪਰਕ 94170-64350**





ਰਾਇ ਅਜ਼ੀਜ਼ਉੱਲ੍ਹਾ ਖਾਨ ਤੇ ਗੁਰਟੇਕ ਸ਼ੋਕਰ



ਸਰੀ ਸਥਿਤ ਰਾਇ ਅਜ਼ੀਜ਼ਉੱਲ੍ਹਾ ਖਾਨ ਦੇ ਘਰ ਮੁਲਾਕਾਤ ਦੌਰਾਨ ਭਗਵੰਤ ਰਸੂਲਪੁਰੀ

# ਬਾਲ ਕੋਨਾ

## ਬਦਲ ਰਿਹਾ ਮਨੁੱਖ

ਸ਼ਾਮੀਂ ਜਦ ਦਾ ਕਾਲੂ ਬਲੂੰਗੜਾ ਘਰ ਵੜਿਆ, ਸਾਰੀ ਰਾਤ ਦਰਦ ਨਾਲ ਕਰਾਹੁੰਦਾ ਰਿਹਾ।ਡੱਬੋ ਤੇ ਹਰਖੋ ਬਿੱਲੀਆਂ ਉਸ ਦੇ ਸਿਰ੍ਹਾਣੇ ਬੈਠੀਆਂ ਚਿੰਤਾ ਵਿੱਚ ਡੁੱਬੀਆਂ ਰਹੀਆਂ।ਡੱਬੋ ਬੋਲੀ, "ਪਤਾ ਨਹੀਂ ਇਸ ਨੇ ਅਜਿਹਾ ਕੀ ਖਾ ਲਿਆ ਕਿ ਦਰਦ ਨਾਲ ਲੋਟ ਪੋਟਣੀਆਂ ਖਾਈ ਜਾਂਦਾ।"

"ਭੈਣੇ ਅੱਜਕਲ੍ਹ ਲੋਕ ਕੂੜੇ ਵਿੱਚ ਜਿਹੜਾ ਗੰਦ-ਮੰਦ ਸੁੱਟਦੇ ਹਨ, ਸਾਡੇ ਜੁਆਕ ਉਸ ਕੂੜੇ ਨੂੰ ਮੂੰਹ ਮਾਰਨ ਲੱਗ ਪੈਂਦੇ ਹਨ।"

"ਕਾਲੂ ਨੇ ਸਵੇਰੇ ਪਲਾਸਟਿਕ ਦਾ ਪੂਰਾ ਲਿਫ਼ਾਫ਼ਾ ਚੱਬ ਕੇ ਅੰਦਰ ਲੰਘਾ ਲਿਆ ਸੀ।ਪਰਸੋਂ ਕੀੜੇ ਮਾਰ ਦਵਾਈ ਦਾ ਖਾਲ਼ੀ ਡੱਬਾ ਦੰਦਾ ਨਾਲ ਕੁਤਰਨ ਲੱਗਾ ਹੋਇਆ ਸੀ।" ਚੰਦ ਚਾਚੇ ਨੇ ਦੱਸਿਆ।

"ਹਾਏ ਨੀਂ! ਇਹ ਤਾਂ ਮੂੰਹ ਵੀ ਨਹੀਂ ਖੋਲ੍ਹਦਾ, ਡੱਬੋ ਕੋਈ ਚਮਚਾ ਨਹੀਂ ਐਥੇ, ਦੇਖ ਤਾਂ ਇਸਦੇ ਤਾਂ ਦੰਦ ਵੀ ਜੁੜੇ ਪਏ ਨੇ।" ਹਰਖੋ ਬੋਲੀ।

ਡੱਬੋ ਰੋਣ ਲੱਗੀ, "ਇਹਦੇ ਨਾਲ਼ੋਂ ਤਾਂ ਤੂੰ ਬਾਕੀਆਂ ਵਾਂਗੂ ਪਹਿਲਾਂ ਹੀ ਮਰ ਮੁੱਕ ਜਾਂਦਾ।ਆਹ ਦਿਨ ਦਿਖਾਉਣਾ ਸੀ ਤੂੰ ਮੈਨੂੰ?"

"ਸ਼ੁਭ ਸ਼ੁਭ ਬੋਲ, ਕਾਲੂ ਨੂੰ ਕੁਝ ਨਹੀਂ ਹੁੰਦਾ।" ਹਰਖ਼ੋ ਨੇ ਡੱਬੋ ਨੂੰ ਵਰਜਿਆ।ਹਰਖ਼ੋ ਨੇ ਪੌਂਚੇ ਨਾਲ ਉਸ ਦੇ ਦੰਦ ਖੋਲ੍ਹਣ ਦੀ ਕੋਸ਼ਿਸ਼ ਕੀਤੀ।ਬਲੂੰਗੜਾ ਚਿੰਗਮ ਚੱਬ ਗਿਆ ਸੀ।ਚਿੰਗਮ ਉਸ ਦੇ ਦੰਦਾਂ ਨੂੰ ਚਿਪਕ ਗਈ ਸੀ।ਅੱਜ ਸਾਰਾ ਦਿਨ ਉਸ ਨੇ ਦੁੱਧ ਵੀ ਨਹੀਂ ਸੀ ਪੀਤਾ।ਡੱਬੋ ਚੰਦ ਚਾਚੇ ਕੋਲ ਗਈ, ਇਸ਼ਾਰੇ ਨਾਲ ਉਸ ਨੂੰ ਆਪਣੇ ਨਾਲ ਲੈ ਆਈ।ਚੰਦ ਚਾਚੇ ਨੇ ਜਦ ਕਾਲੂ ਦੀ ਮਾੜੀ ਹਾਲਤ ਦੇਖੀ ਤਾਂ ਉਹ ਝੱਟ ਸਮਝ ਗਿਆ, ਇਹ ਸਭ ਪਲਾਸਟਿਕ ਚੱਬਣ ਕਰਕੇ ਹੋਇਆ ਹੈ।

"ਚਾਚਾ ਇਸ ਦਾ ਤਾਂ ਮੂੰਹ ਵੀ ਨਹੀਂ ਖੁੱਲ੍ਹਦਾ।" ਡੱਬੋ ਨੇ ਇਸ਼ਾਰੇ ਨਾਲ ਤਰਲਾ ਕੀਤਾ।ਚੰਦ ਚਾਚੇ ਨੇ ਕੋਸ਼ਿਸ਼ ਕਰਕੇ ਉਸ ਦੇ ਮੂੰਹ ਖੋਲ੍ਹਿਆ।ਦੁੱਧ ਪਿਆਇਆ, ਉਸ ਨੇ ਝੱਟ ਉਲਟੀ ਕਰ ਦਿੱਤੀ। ਚੰਦ ਚਾਚੇ ਨੇ ਡਾਕਟਰ ਨੂੰ ਫ਼ੋਨ ਮਿਲਾਇਆ। ਡਾਕਟਰ ਨੇ ਕਿਹਾ, "ਇਸ ਨੂੰ ਤਰਲ ਪਦਾਰਥ ਪਿਲਾਈ ਜਾਓ।ਉਲਟੀ ਕਰੀ ਜਾਊ, ਪਲਾਸਟਿਕ ਬਾਹਰ ਨਿਕਲ ਜਾਵੇਗਾ। ਜੇ ਅੰਦਰ ਰਹਿ ਗਿਆ ਤਾਂ ਪਲਾਸਟਿਕ ਇਸ ਦੀ ਮੌਤ ਦਾ ਕਾਰਨ ਵੀ ਬਣ ਸਕਦਾ।" ਚੰਦ ਚਾਚੇ ਨੇ ਦੁੱਧ ਦਾ ਡੋਲੂ ਕੋਲ ਰੱਖ ਲਿਆ।ਉਹ ਕਾਲੂ ਨੂੰ ਦੁੱਧ ਪਿਲਾਈ ਗਿਆ। ਦੁੱਧ ਪੀਕੇ ਬਲੂੰਗੜਾ ਝੱਟ ਉਲਟੀ ਕਰ ਦੇਂਦਾ। ਹੌਲੀ ਹੌਲੀ ਚੱਬਿਆ ਪਲਾਸਟਿਕ ਬਾਹਰ ਨਿਕਲ ਗਿਆ।ਪੇਟ ਸਾਫ਼ ਹੋਣ ਨਾਲ ਕਾਲੂ ਨੌਂ ਬਰ ਨੌਂ ਹੋ ਗਿਆ।ਡੱਬੋ ਅਤੇ ਹਰਖੋ ਦੇ ਸਾਹ ਵਿਚ ਸਾਹ ਆਏ।ਚੰਦ ਚਾਚੇ ਨੇ ਚਿਹਰੇ ਦਾ ਪਸੀਨਾ ਪਰਨੇ ਨਾਲ ਪੂੰਝਿਆ।ਬੋਲਿਆ, "ਧਰਤੀ ਤੇ ਮਨੁੱਖਾਂ ਨੇ ਜਨੌਰਾਂ ਤੋਂ ਵੀ ਵੱਧ ਗੰਦ ਪਾਇਆ ਹੋਇਆ ਹੈ।ਜਾਨਵਰ ਇਨਸਾਨਾਂ ਦਾ ਬਚਿਆ ਖੁਚਿਆ ਰੋਟੀ ਟੁੱਕ ਚਿਰ ਤੋਂ ਖਾਂਦੇ ਆਏ ਹਨ।ਪਰ ਆਉਣ ਵਾਲਾ ਸਮਾਂ ਖ਼ਤਰੇ ਦੀ ਘੰਟੀ ਵਜਾ ਰਿਹਾ ਹੈ,ਜਨੌਰੋ ! ਹੁਣ ਮਨੁੱਖ ਦਾ ਬਚਿਆ ਖੁਚਿਆ ਖਾਣਾ ਛੱਡ ਦਿਉ। ਜੇ ਤੁਸੀ ਮੇਰੀ ਗੱਲ ਤੇ ਅਮਲ ਨਾਂ ਕੀਤਾ ਤਾਂ ਤੁਹਾਨੂੰ ਮੌਤ ਦੇ ਮੂੰਹ ਵਿੱਚ ਜਾਣ ਤੋਂ ਕੋਈ ਨਹੀਂ ਰੋਕ ਸਕਦਾ।"

ਚੰਦ ਚਾਚੇ ਦੇ ਜੇਬ ਵਿੱਚ ਰੱਖੇ ਜੇਬੀ ਰੇਡੀਓ ਤੇ ਖ਼ਬਰ ਆ ਰਹੀ ਸੀ- ਇਕ ਵੇਲ੍ਹ ਮੱਛੀ ਦੇ ਪੇਟ ਵਿੱਚੋਂ ਦੱਸ ਕਿੱਲੋ ਪਲਾਸਟਿਕ ਦੀਆਂ ਬੋਤਲਾਂ ਅਤੇ ਹੋਰ ਨਿੱਕ ਸੁੱਕ ਨਿਕਲਿਆ ਹੈ।ਸਮੁੰਦਰ ਦੇ ਤੱਟ ਤੇ ਵਿਚਾਰੀ ਤੜਪਦੀ ਰਹੀ। ਆਖਰ ਵੇਲ੍ਹ ਮਰ ਗਈ ਸੀ।ਤੁਹਾਨੂੰ ਚੇਤੇ ਹੋਵੇਗਾ ਕਿ ਪਿਛਲੇ ਦਿਨਾਂ ਵਿੱਚ ਇਕ ਗਾਂ ਦੇ ਢਿੱਡ ਵਿੱਚੋਂ ਕਈ ਕਿੱਲੋ ਪਲਾਸਟਿਕ ਦੇ ਲਿਫ਼ਾਫ਼ੇ ਅਤੇ ਹੋਰ ਕੂੜਾ ਚੀਰ-ਫਾੜ ਦੌਰਾਨ ਡਾਕਟਰਾਂ ਨੇ ਕੱਢਿਆ ਸੀ।

"ਆਹ ਕੁਝ ਕਰ ਰਿਹੈ ਬੰਦਾ,ਮੈਨੂੰ ਤਾਂ ਆਪਣੇ ਮਨੁੱਖ ਹੋਣ ਤੇ ਹੀ ਸ਼ਰਮ ਆ ਰਹੀ ਹੈ।" ਚੰਦ ਚਾਚੇ ਨੇ ਰੇਡੀਓ ਦੀ ਖ਼ਬਰ ਤੇ ਆਪਣੀ ਪ੍ਰਤੀਕ੍ਰਿਆ ਜਤਾਈ।ਚੰਦ ਚਾਚੇ ਦੇ ਪੀਲੇ ਪਏ ਮੂੰਹ ਨੂੰ ਦੇਖ ਕੇ ਹਰਖੋ, ਡੱਬੋ ਅਤੇ ਕਾਲੂ ਤਿੰਨੇ ਹੀ ਉਸ ਦੀਆਂ ਲੱਤਾਂ ਨੂੰ ਚਿੰਬੜ ਗਏ। ਤਿੰਨੇ 'ਮਿਆਊ.. ਮਿਆਊ' ਕਰਨ ਲੱਗੇ।ਚੰਦ ਚਾਚੇ ਦਾ ਮਨ ਪਿਘਲ ਗਿਆ। ਕਾਲੂ ਨੂੰ ਬੁੱਕਲ਼ ਵਿੱਚ ਲੈਂਦਾ ਬੋਲਿਆ, "ਓਏ ਕਾਲੇ ਬਦਮਾਸ਼ਾ।ਤੂੰ ਬਾਹਰ ਕੂੜੇ ਨੂੰ ਘੱਟ ਮੂੰਹ ਮਾਰਿਆ ਕਰ।ਘਰੇ ਦੁੱਧ ਪੀਆ ਕਰ, ਮਾਂ ਨਾਲ ਖੇਤਾਂ ਵਿੱਚ ਜਾਕੇ ਸ਼ਿਕਾਰ ਮਾਰ ਲਿਆਇਆ ਕਰ।ਕੂੜੇ ਵਿੱਚ ਜ਼ਹਿਰਾਂ ਖਿੱਲਰੀਆਂ ਹੁੰਦੀਆਂ ਹਨ।ਇਨਸਾਨ ਕਬਰਾਂ ਦੇ ਰਾਹ ਤੁਰ ਪਿਆ। ਬੰਦਿਆਂ ਆਪ ਵੀ ਮਰਨਾ, ਜੀਵ ਜੰਤੂਆਂ ਨੂੰ ਵੀ ਮਾਰ ਮੁਕਾ ਦੇਣਾ। ਧਰਤੀ ਨੂੰ ਉਜਾੜਨ ਲੱਗਿਆ ਹੋਇਆ।"

"ਚੰਦ ਚਾਚਾ ਤਾਂ ਉੱਥੋਂ ਉੱਠ ਕੇ ਚਲਾ ਗਿਆ, ਪਰ ਡੱਬੋ ਤੇ ਹਰਖੋ ਡੂੰਘੀ ਚਿੰਤਾ ਵਿੱਚ ਡੁੱਬ ਗਈਆ।ਡੱਬੋ ਬੋਲੀ, ਚੰਦ ਚਾਚਾ ਐਨਾ ਨਿਰਾਸ਼ ਤਾਂ ਕਦੀ ਵੀ ਨਹੀਂ ਸੀ ਦੇਖਿਆ! ਉਹ ਤਾਂ ਮਜ਼ਬੂਤ ਇਨਸਾਨ ਹੈ।"

"ਜਿੱਥੇ ਅਸੀਂ ਸੁਰੱਖਿਅਤ ਨਹੀਂ।ਚੰਦ ਚਾਚਾ ਵੀ ਫਿਕਰ ਕਰਨ ਲੱਗਾ ਹੈ।ਸਾਨੂੰ ਇਹ ਗਲ਼ੀ ਛੱਡ ਦੇਣੀ ਚਾਹੀਦੀ ਹੈ।" ਹਰਖੋ ਸੋਚਦੀ ਹੋਈ ਬੋਲੀ।ਡੱਬੋ ਅਤੇ ਕਾਲੂ ਉਸਦੇ ਮੂੰਹ ਵੱਲ ਦੇਖ ਰਹੇ ਸਨ।

"ਗਲ਼ੀਆਂ ਤਾਂ ਸਾਰੀਆਂ ਹੀ ਇੱਕੋ ਜੇਹੀਆ ਹਨ।" ਚੰਦ ਚਾਚੇ ਦੀ ਦੂਰੋਂ ਆਵਾਜ਼ ਆਈ।

"ਕਿੱਥੇ ਜਾਵਾਂਗੇ ਆਪਾਂ?" ਕਾਲੂ ਬੋਲਿਆ।

"ਬਸਤੀ ਤੇਰੀ ਨਾਨੀ ਕੋਲ਼।" ਹਰਖੋ ਬੋਲੀ।

ਉਹ ਤਾਂ ਉਸੇ ਦਿਨ ਬਥੇਰਾ ਜ਼ੋਰ ਪਾਉਂਦੀ ਸੀ ਕਿ ਬੇਵਕੂਫੋ! ਮਨੁੱਖ ਹੁਣ ਪਹਿਲਾਂ ਵਾਲਾ ਮਨੁੱਖ ਨਹੀਂ ਰਿਹਾ।

**- ਹਰੀ ਕ੍ਰਿਸ਼ਨ ਮਾਇਰ**

## ਧਰਮ ਅਤੇ ਵਿਗਿਆਨ

ਸਦੀਆਂ ਤੋਂ ਮਨੁੱਖ ਇਹ ਸੋਚਦਾ ਰਿਹਾ ਕਿ ਜਿਸ ਬ੍ਰਹਿਮੰਡ ਵਿਚ ਉਹ ਰਹਿ ਰਿਹਾ ਹੈ, ਉਸ ਦੀ ਉਤਪਤੀ ਕਿਵੇਂ ਅਤੇ ਕਦੋਂ ਹੋਈ। ਉਹ ਜੀਵ ਜੰਤੂਆ ਦੀ ਉਤਪਤੀ ਬਾਰੇ ਵੀ ਇੰਝ ਹੀ ਸੋਚਦਾ ਸੀ। ਸਾਰੀ ਦੁਨੀਆ ਤੇ ਰਾਜਿਆਂ ਦਾ ਰਾਜ ਸੀ। ਉਹਨਾਂ ਨੂੰ ਆਪਣੇ ਰਾਜ ਦੇ ਵਿਸਥਾਰ ਅਤੇ ਆਯਾਸੀ ਤੋਂ ਬਿਨਾਂ ਹੋਰ ਕੁਝ ਨਹੀਂ ਸੁਝਦਾ ਸੀ। ਪੁਜਾਰੀਆ ਅਤੇ ਰਾਜਿਆਂ ਨੇ ਲੋਕਾਂ ਨੂੰ ਇਹ ਵਿਸਵਾਸ਼ ਪੱਕਾ ਕੀਤਾ ਹੋਇਆ ਸੀ ਕੇ ਧਰਮ ਹੀ ਸੱਚ ਹੈ, ਇਸ ਲਈ ਉਸ ਸਮੇਂ ਦੇ ਲੋਕ ਧਾਰਮਿਕ ਗ੍ਰੰਥਾ ਦੀ ਗੱਲ ਨੂੰ ਹੀ ਠੀਕ ਮੰਨਦੇ ਸਨ।ਬਾਅਦ 'ਚ ਭਾਵੇਂ ਵਿਗਿਆਨੀਆਂ ਨੇ ਧਰਮ ਗ੍ਰੰਥਾ ਵਿੱਚ ਲਿਖੀਆਂ ਕਈਂ ਗੱਲਾਂ ਨੂੰ ਗਲਤ ਸਿੱਧ ਕਰ ਦਿੱਤਾ ਪਰ ਇਹ ਗੱਲ ਆਮ ਲੋਕਾਂ ਤੱਕ ਪਹੁੰਚਣ ਤੱਕ ਬਹੁਤ ਸਮਾਂ ਲੱਗ ਗਿਆ।ਵਿਗਿਆਨ ਦਾ ਪ੍ਰਚਾਰ ਪਸਾਰ ਪਹਿਲਾ ਪੱਛਮ 'ਚ ਹੋਇਆ, ਫਿਰ ਇਹ ਪੂਰਬ ਤੱਕ ਪਹੁੰਚਿਆ।

ਪੱਛਮੀ ਗਿਆਨ ਵਿਗਿਆਨ ਦਾ ਪ੍ਰਚਾਰ ਪਸਾਰ ਪਹਿਲਾ ਹੋਣ ਕਰਕੇ ਉਹਨਾਂ ਸੰਨਅਤ ਦੀ ਤਰੱਕੀ ਵੀ ਪਹਿਲਾ ਹੋਈ।ਉਹ ਆਪਣਾ ਵਪਾਰ ਵਧਾਉਣ ਲਈ ਹੋਰ ਧਰਤੀਆਂ ਲੱਭਣ ਤੁਰ ਪਏ ਵਪਾਰ ਵਧਾਉਣ ਦੀ ਅੰਨੀ ਦੌੜ ਵਿਚ ਉਹਨਾਂ ਆਪਸ ਵਿਚ ਵੀ ਕਈ ਲੜਾਈਆਂ ਲੜੀਆਂ ਅਤੇ ਬਹੁਤੇ ਦੇਸਾਂ 'ਤੇ ਆਪਣਾ ਰਾਜ ਥੋਪ ਕੇ ਉਹਨਾਂ ਨੂੰ ਆਪਣੇ ਗੁਲਾਮ ਬਣਾ ਲਿਆ। ਪੱਛਮੀ ਲੋਕਾਂ ਦਾ ਧਰਮ ਈਸਾਈ ਮਤ ਸੀ ਅਤੇ ਉਹਨਾਂ ਦਾ ਧਾਰਮਿਕ ਗਰੰਥ ਬਾਈਬਲ ਸੀ। ਪੱਛਮੀ ਲੋਕਾਂ ਵਿਚ ਵਿਗਿਆਨ ਦਾ ਪਸਾਰ ਪਹਿਲਾ ਹੋਣ ਕਰਕੇ ਵਿਗਿਆਨੀਆਂ ਦਾ ਬਾਈਬਲ ਨਾਲ ਟੱਕਰ ਹੋਣੀ ਸੁਭਾਵਕ ਸੀ।

ਬਾਈਬਲ ਵਿਚ ਦਰਜ ਸੀ ਕੇ ਬ੍ਰਹਿਮੰਡ ਦਾ ਕੇਂਦਰ ਧਰਤੀ ਹੈ। ਵਿਗਿਆਨੀਆਂ ਦਾ ਵਿਚਾਰ ਸੀ ਕੇ ਬ੍ਰਹਿਮੰਡ ਦਾ ਕੇਂਦਰ ਸੂਰਜ ਹੈ। ਧਰਤੀ ਸੂਰਜ ਦੁਆਲੇ ਘੁੰਮਦੀ ਹੈ। ਇਸ ਦਾ ਸਭ ਤੋਂ ਪਹਿਲਾ ਪ੍ਰਗਟਾਵਾ ਕਾਪਰਨੀਕਸ ਨੇ ਕੀਤਾ ਪਰ ਇਸ ਬਹੁਤਾ ਪ੍ਰਚਾਰ ਪਸਾਰ ਨਹੀ ਕੀਤਾ।ਉਸ ਨੂੰ ਪਤਾ ਸੀ ਬਰੋਨੋ ਵਿਗਿਆਨੀ ਜਿਸ ਨੇ ਇਸ ਪ੍ਰਚਾਰ ਕੀਤਾ, ਪੁਜਾਰੀਆਂ ਅਤੇ ਰਾਜਿਆਂ ਦੀ ਮਿਲੀਭੁਗਤ ਕਰਕੇ, ਉਸ ਨੂੰ ਜਿਉਂਦਿਆਂ ਹੀ ਸਾੜ ਦਿੱਤਾ ਗਿਆ।ਗਲੈਲੀਓ ਇਸ ਗੱਲ ਦੀ ਪੁਸ਼ਟੀ ਕੀਤੀ ਤਾਂ ਉਸ ਨੂੰ ਉਮਰ ਭਰ ਆਪਣੇ ਘਰ ਵਿੱਚ ਕੈਦ ਰੱਖਿਆ ਗਿਆ, ਜਿਥੇ ਉਹ ਅੰਨਾ ਬੋਲਾ ਹੋ ਕੇ ਮਰ ਗਿਆ।ਭਾਵੇਂ ਹੋਰ ਬਹੁਤ ਵਿਗਿਆਨੀਆਂ ਵੱਲੋਂ ਲਿਖਣ ਅਤੇ ਖੋਜਣ ਤੋਂ ਦੋ ਸੋ ਸਾਲ ਬਾਅਦ ਈਸਾਈਆਂ ਦੇ ਪੋਪ ਨੇ ਮੁਆਫੀ ਮੰਗ ਲਈ ਅਤੇ ਵਿਗਿਆਨ ਦਾ ਹੱਥ ਉੱਚਾ ਹੋ ਗਿਆ।

**- ਹਰਬੰਸ ਸਿੰਘ ਸੰਧੂ**